Mann Insurance Brokers, Inc.
Auto Home Business Worker Comp
COVERED CALIFORNIA
Free Enrollment
Easy Appointment
Deadline: Feb 15, 2015
-Travelers
-Progressive
-Fidelity Access
-Safeco-Victoria
-Fidelity Access
-Mapfre -GMAC
-Kemper Preferred
Gurdawar Singh Mann
Phone: 510-487-1000 Email: mann@ggiausa.com
License # 0D74334 Certified Agent

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
www.011india.com
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrications & Additional Fees Apply.
800-914-1013 408-659-9400

COVERED CALIFORNIA
ਓਬਾਮਾ ਕੇਅਰ
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
15 ਨਵੰਬਰ ਤੋਂ 15 ਫਰਵਰੀ ਤੱਕ
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com
License# OC70672 Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ

Sixteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼

Punjab Times, Vol 16, Issue 03, January 17, 2015
20451 N Plum Grove Rd., Palatine, IL 60074
Ph:847-359-0746, Fax:847-705-9388

# ਬੰਦੀ ਸਿੱਖਾਂ ਦੀ ਰਿਹਾਈ ਦਾ ਮੁੱਦਾ ਉਲਝਿਆ

## ਪਹਿਲਾਂ ਹਮਾਇਤ ਲਈ ਅੱਗੇ ਆਉਣ ਵਾਲੇ ਪਿੱਛੇ ਹਟੇ, ਸੰਘਰਸ਼ ਵੀ ਹੋਇਆ ਡਾਵਾਂਡੋਲ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਸਜ਼ਾ ਪੂਰੀ ਕਰਨ ਦੇ ਬਾਵਜੂਦ ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਦਾ ਮਸਲਾ ਕਿਸੇ ਤਣ-ਪੱਤਣ ਲੱਗਣ ਦੀ ਥਾਂ ਹੋਰ ਉਲਝ ਗਿਆ ਹੈ। ਇਸ ਮਸਲੇ 'ਤੇ ਭਾਜਪਾ ਦੀ ਯੂ-ਟਰਨ ਪਿੱਛੋਂ ਰਿਹਾਈ ਲਈ ਵਿੱਢਿਆ ਸੰਘਰਸ਼ ਵੀ ਹੌਲਾ ਪੈਂਦਾ ਨਜ਼ਰ ਆ ਰਿਹਾ ਹੈ। ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਵੀ ਕਾਨੂੰਨੀ ਅੜਿੱਕਿਆਂ ਵਿਚ ਉਲਝ ਗਈ ਹੈ। ਹਰਿਆਣਾ ਵਿਚ ਭਾਜਪਾ ਦੀ ਸਰਕਾਰ ਹੈ ਅਤੇ ਹਾਈਕਮਾਨ ਦੀ ਘੁਰਕੀ ਪਿੱਛੋਂ ਸਿਹਤ ਖਰਾਬ ਦੱਸ ਕੇ ਭਾਈ ਗੁਰਬਖਸ਼ ਸਿੰਘ ਨੂੰ ਹਸਪਤਾਲ ਭੇਜ ਦਿੱਤਾ ਗਿਆ। ਉਨ੍ਹਾਂ ਦੀ ਥਾਂ ਜੰਤਰ ਮੰਤਰ ਵਿਖੇ ਭੁੱਖ ਹੜਤਾਲ ਉਤੇ ਬੈਠੇ ਗੁਰਪਿਆਰ ਸਿੰਘ ਤੇ ਸਾਥੀਆਂ ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ ਅਤੇ ਚੱਲ ਰਿਹਾ ਘੋਲ ਠੁੱਸ ਕਰਨ ਦਾ ਯਤਨ ਕੀਤਾ। ਬੰਦੀ ਸਿੰਘਾਂ ਦੀ ਰਿਹਾਈ ਲਈ ਤਕਰੀਬਨ ਦੋ ਮਹੀਨੇ ਪਹਿਲਾਂ ਭਾਈ ਗੁਰਬਖਸ਼



ਸਿੰਘ ਨੇ ਭੁੱਖ ਹੜਤਾਲ ਸ਼ੁਰੂ ਕੀਤੀ ਸੀ। ਉਸ ਵੇਲੇ ਭਾਜਪਾ ਨੇ ਸੰਘਰਸ਼ ਦੀ ਖੁੱਲ੍ਹ ਕੇ ਹਮਾਇਤ ਕੀਤੀ ਸੀ, ਜਦ ਕਿ ਸ਼੍ਰੋਮਣੀ ਕਮੇਟੀ ਤੇ ਪੰਜਾਬ ਸਰਕਾਰ ਨੇ ਭਾਈ ਗੁਰਬਖਸ਼ ਸਿੰਘ ਨੂੰ ਭੁੱਖ ਹੜਤਾਲ ਲਈ ਜਗ੍ਹਾ ਦੇਣ ਤੋਂ ਵੀ ਨਾਂਹ ਕਰ ਦਿੱਤੀ ਸੀ। ਉਸ ਸਮੇਂ ਹਰਿਆਣੇ ਵਿਚ ਭਾਜਪਾ ਸਰਕਾਰ ਨੇ ਸੰਘਰਸ਼ ਨੂੰ ਹਮਾਇਤ ਦਿੰਦੇ ਹੋਏ ਗੁਰਦੁਆਰਾ ਲਖਨੌਰ ਸਾਹਿਬ ਵਿਚੋਂ ਭੁੱਖ ਹੜਤਾਲ ਦੀ ਇਜਾਜ਼ਤ ਦਿੱਤੀ ਸੀ ਜਿਸ ਪਿੱਛੋਂ ਵੱਡੀ ਗਿਣਤੀ ਸਿੱਖ ਜਥੇਬੰਦੀਆਂ ਹਮਾਇਤ ਵਿਚ ਨਿੱਤਰ ਆਈਆਂ। ਸਮੇਂ ਦੀ ਨਜ਼ਾਕਤ ਨੂੰ ਭਾਂਪਦੇ ਹੋਏ ਸ਼੍ਰੋਮਣੀ ਕਮੇਟੀ ਅਤੇ ਸੱਤਾਧਾਰੀ ਅਕਾਲੀ ਦਲ ਨੇ ਵੀ ਪਾਸਾ ਬਦਲ ਲਿਆ, ਪਰ ਹੁਣ ਭਾਜਪਾ ਹਾਈਕਮਾਨ ਵਲੋਂ ਇਸ ਮੁੱਦੇ ਤੋਂ ਪਿੱਛੇ ਹਟਣ ਕਾਰਨ ਸਥਿਤੀ ਬਿੱਲਕੁਲ ਬਦਲ ਗਈ ਹੈ।

ਜ਼ਿਕਰਯੋਗ ਹੈ ਕਿ ਜਿਸ ਦਿਨ ਭਾਈ ਗੁਰਬਖਸ਼ ਸਿੰਘ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ, ਉਸ ਤੋਂ ਇਕ ਦਿਨ ਪਹਿਲਾਂ ਉਨ੍ਹਾਂ ਵਲੋਂ ਗੁਰਦੁਆਰਾ ਲਖਨੌਰ ਸਾਹਿਬ ਤੋਂ ਸ੍ਰੀ ਹਰਿਮੰਦਰ ਸਾਹਿਬ ਤੱਕ ਕੀਤਾ ਜਾਣ ਵਾਲਾ 'ਅੰਤਿਮ ਇੱਛਾ ਮਾਰਚ' ਹਰਿਆਣਾ ਪੁਲਿਸ ਨੇ ਰੋਕ ਦਿੱਤਾ ਸੀ। ਅਸਲ ਵਿਚ ਭਾਜਪਾ ਇਸ ਮਾਮਲੇ ਵਿਚ ਕਾਨੂੰਨੀ ਅੜਿੱਕੇ ਬਾਰੇ ਪਹਿਲਾਂ ਹੀ ਜਾਣਦੀ ਸੀ ਤੇ ਮੰਨਿਆ ਜਾ ਰਿਹਾ ਹੈ ਕਿ ਇਹ ਸਭ ਸਿਆਸੀ ਖੇਡ ਸੀ ਜੋ ਹੁਣ ਪੁੱਠੀ ਪੈਂਦੀ ਨਜ਼ਰ ਆ ਰਹੀ ਸੀ। ਯਾਦ ਰਹੇ ਕਿ ਭਾਜਪਾ ਦੀ ਹੱਲਾਸ਼ੇਰੀ ਪਿੱਛੋਂ ਵੱਡੀ ਗਿਣਤੀ ਵਿਚ ਸਿੱਖ ਜਥੇਬੰਦੀਆਂ, ਬੰਦੀ ਸਿੱਖਾਂ ਦੀ ਰਿਹਾਈ ਦੇ ਹੱਕ ਵਿਚ ਖੜ੍ਹੀਆਂ ਹੋ ਗਈਆਂ ਸਨ। ਇਥੋਂ ਤੱਕ ਕਿ ਵਿਦੇਸ਼ਾਂ ਵਿਚ ਵੀ ਵੱਡੇ ਪੱਧਰ 'ਤੇ ਸੰਘਰਸ਼ ਛਿੜ ਗਿਆ ਸੀ। ਇਸ ਪਿੱਛੋਂ ਹੀ ਅਕਾਲੀ ਦਲ ਨੇ ਆਪਣੀ ਭਾਈਵਾਲੀ ਵਾਲੀ ਕੇਂਦਰ ਸਰਕਾਰ ਕੋਲ ਇਹ ਮੁੱਦਾ ਖੁੱਲ੍ਹ ਕੇ ਉਠਾਉਣ ਤੋਂ ਇਲਾਵਾ ਵੱਖ-ਵੱਖ ਸੂਬਾ ਸਰਕਾਰਾਂ ਨੂੰ ਪੱਤਰ ਲਿਖ ਕੇ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਦੀ ਮੰਗ ਕੀਤੀ ਸੀ। ਹੁਣ ਕੇਂਦਰ ਸਰਕਾਰ ਵਲੋਂ ਕੋਰਾ ਜਵਾਬ ਮਿਲਣ ਪਿੱਛੋਂ ਪੰਜਾਬ ਸਰਕਾਰ ਨੇ ਇਸ ਮਸਲੇ ਲਈ ਸੁਪਰੀਮ ਕੋਰਟ ਪਹੁੰਚ ਕੀਤੀ ਹੈ। ਅਕਾਲੀ ਦਲ ਨੇ ਕੇਂਦਰ

(ਬਾਕੀ ਸਫਾ 6 'ਤੇ)

### ਪੰਜਾਬ ਸਰਕਾਰ ਦੀ ਘੌਲ ਨਾਲ ਵਿਗੜੀ ਬਾਤ

**ਚੰਡੀਗੜ੍ਹ:** ਸੁਪਰੀਮ ਕੋਰਟ ਨੇ 9 ਜੁਲਾਈ 2014 ਨੂੰ ਉਮਰ ਕੈਦੀਆਂ ਦੀ ਰਿਹਾਈ ਵਿਚ ਛੋਟ ਬਾਰੇ ਦੇਸ਼ ਦੀਆਂ ਸਮੂਹ ਰਾਜ ਸਰਕਾਰਾਂ ਨੂੰ ਹਾਸਲ ਸੰਵਿਧਾਨਿਕ ਸ਼ਕਤੀਆਂ ਦੀ ਵਰਤੋਂ ਕਰਨ 'ਤੇ ਰੋਕ ਬਾਬਤ ਅੰਤ੍ਰਿਮ ਫ਼ੈਸਲਾ ਸੁਣਾਇਆ ਹੋਇਆ ਹੈ ਪਰ ਇਸ ਰੋਕ ਤੋਂ ਪਹਿਲਾਂ ਇਸ ਮਸਲੇ ਬਾਰੇ ਵੱਡੇ ਪੱਧਰ 'ਤੇ ਮੰਗ ਉੱਠਣ ਉਤੇ ਵੀ ਸੂਬਾ ਸਰਕਾਰ ਨੇ ਘੇਸ ਵੱਟੀ ਰੱਖੀ। ਭਾਈ ਗੁਰਬਖਸ਼ ਸਿੰਘ ਵੱਲੋਂ ਤਕਰੀਬਨ ਸਾਲ ਪਹਿਲਾਂ ਵੀ ਬੰਦੀ ਸਿੰਘਾਂ ਦੀ ਰਿਹਾਈ ਲਈ ਭੁੱਖ ਹੜਤਾਲ ਕੀਤੀ ਤੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਮਸਲੇ ਦੇ ਹੱਲ ਦਾ ਭਰੋਸਾ ਦਿੰਦੇ ਹੋਏ ਪੰਜਾਬ ਸਰਕਾਰ ਨੂੰ ਇਸ ਪਾਸੇ ਕਾਰਵਾਈ ਕਰਨ ਲਈ ਕਿਹਾ ਸੀ। ਉਸ ਸਮੇਂ ਬਾਦਲ ਸਰਕਾਰ ਕੋਲ ਇਹ ਕਾਨੂੰਨੀ ਹੱਕ ਸੀ ਕਿ ਉਹ ਪੰਜਾਬ ਤੇ ਹੋਰ ਸੂਬਾ ਸਰਕਾਰ ਨੂੰ ਕਹਿ ਕੇ ਬੰਦੀਆਂ ਦੀ ਰਿਹਾਈ ਕਰਵਾ ਸਕਦੀ ਸੀ ਪਰ ਇਸ ਮਸਲੇ ਨੂੰ ਅਣਗੌਲਿਆਂ ਕਰ ਦਿੱਤਾ ਗਿਆ।

### ਪੰਜਾਬ ਸਰਕਾਰ ਤੇ ਜਥੇਦਾਰ ਵੱਲ ਉਠੀ ਉਂਗਲ

**ਅੰਮ੍ਰਿਤਸਰ:** ਸਿੱਖ ਬੰਦੀਆਂ ਦੀ ਰਿਹਾਈ ਦੀ ਮੰਗ ਬਾਰੇ ਭੁੱਖ ਹੜਤਾਲ 'ਤੇ ਬੈਠੇ ਗੁਰਬਖ਼ਸ਼ ਸਿੰਘ ਖ਼ਾਲਸਾ ਦੇ ਪਰਿਵਾਰਕ ਮੈਂਬਰਾਂ ਨੇ ਦੋਸ਼ ਲਾਇਆ ਕਿ ਬੰਦੀ ਸਿੱਖਾਂ ਦੀ ਰਿਹਾਈ ਲਈ ਪੰਜਾਬ ਸਰਕਾਰ, ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਕੋਈ ਸਹਿਯੋਗ ਨਹੀਂ ਦਿੱਤਾ ਗਿਆ। ਭਾਈ ਖ਼ਾਲਸਾ ਦੀ ਪਤਨੀ ਜਸਬੀਰ ਕੌਰ ਅਤੇ ਬੇਟੇ ਜੁਝਾਰ ਸਿੰਘ ਨੇ ਆਖਿਆ ਕਿ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਪਿਛਲੀ ਵਾਰ ਭੁੱਖ ਹੜਤਾਲ ਖ਼ਤਮ ਕਰਾਉਣ ਸਮੇਂ ਜੋ ਭਰੋਸਾ ਦਿੱਤਾ ਸੀ, ਉਹ ਵਾਅਦਾ ਪੂਰਾ ਨਹੀਂ ਹੋਇਆ। ਬੰਦੀ ਸਿੱਖਾਂ ਦੀ ਰਿਹਾਈ ਲਈ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਵਲੋਂ ਕੇਂਦਰੀ ਗ੍ਰਹਿ ਮੰਤਰੀ ਨਾਲ ਕੀਤੀ ਮੁਲਾਕਾਤ ਬਾਰੇ ਉਨ੍ਹਾਂ ਆਖਿਆ ਕਿ ਇਹ ਸਿਰਫ਼ ਮਗਰਮੱਛ ਵਾਲੇ ਅੱਥਰੂ ਵਹਾਉਣ ਵਾਲੀ ਗੱਲ ਹੈ ਤੇ ਹਕੀਕਤ ਵਿਚ ਕੁਝ ਨਹੀਂ ਹੋ ਰਿਹਾ।

# ਜਥੇਦਾਰ ਨੰਦਗੜ੍ਹ ਦੇ ਹੱਕ ਵਿਚ ਲਾਮਬੰਦੀ

**ਅੰਮ੍ਰਿਤਸਰ:** ਸਿੱਖ ਜਥੇਬੰਦੀਆਂ ਦੇ ਵਿਰੋਧ ਦੇ ਬਾਵਜੂਦ ਨਾਨਕਸ਼ਾਹੀ ਕੈਲੰਡਰ ਨੂੰ ਬਿਕਰਮੀ ਕੈਲੰਡਰ ਵਿਚ ਤਬਦੀਲ ਕਰਨ ਵਿਰੁੱਧ ਡਟੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੂੰ ਅਹੁਦੇ ਤੋਂ ਲਾਂਭੇ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਆਪਣੇ ਫੈਸਲੇ 'ਤੇ ਅਟੱਲ ਹੈ। ਸ਼੍ਰੋਮਣੀ ਕਮੇਟੀ ਵੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਹੁਕਮਾਂ ਅੱਗੇ ਬੇਵੱਸ ਨਜ਼ਰ



ਆ ਰਹੀ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੇ ਅਗਾਊਂ ਹੀ ਦਸਤਖ਼ਤ ਹਾਸਲ ਕਰਨ ਲਈ ਮੁਹਿੰਮ ਵੀ ਚਲਾਈ ਗਈ ਹੈ ਪਰ ਕਮੇਟੀ ਦੇ ਦੋ ਮੈਂਬਰਾਂ ਨੇ ਇਹ ਫ਼ਾਰਮ ਭਰਨ ਤੋਂ ਨਾਂਹ ਕਰ ਦਿੱਤੀ ਗਈ ਹੈ ਜਿਸ ਪਿੱਛੋਂ ਸਿੱਖ ਜਥੇਬੰਦੀਆਂ ਵਿਚ ਹਾਕਮ ਧਿਰ ਦੀ ਇਸ ਪ੍ਰਸਤਾਵਿਤ ਯੋਜਨਾ ਖ਼ਿਲਾਫ਼ ਰੋਹ ਭੜਕ ਪਿਆ ਹੈ। ਇਸ ਬਾਰੇ ਕਾਰਵਾਈ ਕਰਨ ਲਈ ਸ਼੍ਰੋਮਣੀ ਕਮੇਟੀ ਨੇ ਆਪਣੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ 17 ਜਨਵਰੀ ਨੂੰ ਸੱਦੀ ਹੈ।

ਸਿੱਖ ਜਥੇਬੰਦੀਆਂ ਦਾ ਦੋਸ਼ ਹੈ ਕਿ ਇਹ ਸਭ ਨਾਨਕਸਰ ਸੰਪਰਦਾ ਤੇ ਸੰਤ ਸਮਾਜ ਨੂੰ ਖੁਸ਼ ਕਰਨ ਲਈ ਹੋ ਰਿਹਾ ਹੈ ਕਿਉਂਕਿ ਜਥੇਦਾਰ ਨੰਦਗੜ੍ਹ ਨੇ ਸੰਤ ਸਮਾਜ ਵਲੋਂ ਨਾਨਕਸ਼ਾਹੀ ਕੈਲੰਡਰ ਨੂੰ ਮੁੜ ਬਿਕਰਮੀ ਵਿਚ ਬਦਲਣ ਦੇ ਫ਼ੈਸਲੇ ਦਾ ਨਾ ਸਿਰਫ ਸਖ਼ਤ ਵਿਰੋਧ ਕੀਤਾ, ਸਗੋਂ

(ਬਾਕੀ ਸਫਾ 6 'ਤੇ)

REAL ESTATE & HOME LOANS
Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ।
AMAN HUNDAL
Broker / Associate
Century 21 M&M and Associates
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com


GROW YOUR BUSINESS
WITH NEW TREND
FULL COLOR
LED
Digital Display
&
Message Board
LICENSED Contractor
GAS SIGNS
HOTEL/MOTEL SIGNS
DIESEL
CREDIT
We install anywhere in california
RF Remote
LCD Remote
ELECTRIC
SIGN
COMPANY
for more info: Call Sukhpal
1-661-586-1106
email: esigncompany@gmail.com


HIGH DEFINITION
Surveillance
SYSTEMS
By
FOR COMMERCIAL &RESIDENTIAL
2 YEAR WARRANTY
1080P
VISTA HD SOLUTION
WE INSTALL ANYWHERE IN CALIFORNIA
HD QUALITY & ECONOMICAL PRICE
17 YEAR SURVEILLANCE BUSINESS
TRAINED & PROFESSIONAL TECH. SUPPORT
Call Sukhpal
1-661-586-5080
commvision@sbcglobal.net


TRAVELOPOD.COM
Happy New Year '2015'
Lowest fares to INDIA 'GUARANTEED'
SUBSCRIBE TO WIN
FREE AIR TICKET
BOOK BY PHONE
& SAVE UPTO
$100
WE BEAT ANY QUOTE
(T&C APPLY)
CALL FOR THE BEST UNPUBLISHED DEALS 1-855-436-0728
Fly to INDIA with fares starting from :
FROM NYC : $690
FROM LAX : $720
FROM SFO : $720
FROM CHICAGO : $690
Domestic & International Special Deals available from ALL CITIES.
WHY BOOK WITH TRAVELOPOD?
Customer Satisfaction
Best Fare Guarantee on Dom & Inl Flights
Excellent Service
24x7 Live Support
LUXURY HOLIDAY TOURS
Golden Triangle with Rajasthan : $500
Enchanting Kerala from : $650
African Tours with Safari from : $750
Europe Tours from : $790
Travelopod- Where Service Matters
CST # 2112418-40

# ਦਿੱਲੀ 'ਚ ਵਿਧਾਨ ਸਭਾ ਚੋਣਾਂ 7 ਫਰਵਰੀ ਨੂੰ

**ਨਵੀਂ ਦਿੱਲੀ:** ਭਾਰਤੀ ਚੋਣ ਕਮਿਸ਼ਨ ਨੇ ਦਿੱਲੀ ਵਿਧਾਨ ਸਭਾ ਚੋਣਾਂ ਦਾ ਐਲਾਨ ਕਰ ਦਿੱਤਾ ਹੈ। ਦਿੱਲੀ ਵਿਚ ਵੋਟਾਂ 7 ਫਰਵਰੀ ਨੂੰ ਪੈਣਗੀਆਂ ਅਤੇ ਗਿਣਤੀ 10 ਨੂੰ ਕੀਤੀ ਜਾਵੇਗੀ। ਦਿੱਲੀ ਵਿਚ ਪਿਛਲੇ ਸਾਲ 15 ਫਰਵਰੀ ਨੂੰ ਰਾਸ਼ਟਰਪਤੀ ਰਾਜ ਲਾਗੂ ਕੀਤਾ ਗਿਆ ਸੀ।

ਚੋਣ ਪ੍ਰੋਗਰਾਮ ਲਾਗੂ ਹੋਣ ਨਾਲ ਚੋਣ ਜ਼ਾਬਤਾ ਫੌਰੀ ਤੌਰ 'ਤੇ ਲਾਗੂ ਹੋ ਗਿਆ ਹੈ। ਇਸ ਵਾਰ ਆਮ ਆਦਮੀ ਪਾਰਟੀ (ਆਪ) ਅਤੇ ਭਾਜਪਾ ਵਿਚਕਾਰ ਸਿੱਧੀ ਟੱਕਰ ਹੋਣ ਦੇ ਆਸਾਰ ਹਨ। ਚੋਣ ਨਾਮਜ਼ਦਗੀਆਂ ਦਾਖਲ ਕਰਵਾਉਣ ਦੀ ਅੰਤਿਮ ਤਰੀਕ 21 ਜਨਵਰੀ, ਨਾਮਜ਼ਦਗੀ ਕਾਗਜ਼ਾਂ ਦੀ ਪੜਤਾਲ 22 ਜਨਵਰੀ ਨੂੰ, ਕਾਗਜ਼ ਵਾਪਸ ਲੈਣ ਦੀ ਅੰਤਿਮ ਤਰੀਕ 24 ਜਨਵਰੀ ਹੈ।

ਮੁੱਖ ਚੋਣ ਕਮਿਸ਼ਨਰ ਵੀ.ਐਸ. ਸੰਪਤ ਅਤੇ ਚੋਣ ਕਮਿਸ਼ਨਰ ਐਚ.ਐਸ. ਬ੍ਰਹਮਾ ਤੇ ਨਸੀਮ ਜ਼ੈਦੀ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦਿੱਲੀ ਵਿਧਾਨ ਸਭਾ ਲਈ 1.30 ਕਰੋੜ ਵੋਟਰ ਵੋਟ ਪਾਉਣ ਦੇ ਯੋਗ ਹੋਣਗੇ। ਸ੍ਰੀ ਸੰਪਤ ਨੇ ਦੱਸਿਆ ਕਿ ਰਾਸ਼ਟਰਪਤੀ ਵੱਲੋਂ ਦਿੱਲੀ ਵਿਧਾਨ ਸਭਾ ਭੰਗ ਕਰਨ ਦੇ ਫਰਮਾਨ ਦੀ ਮਿਆਦ 15 ਫਰਵਰੀ ਨੂੰ ਪੂਰੀ ਹੋਣੀ ਹੈ ਅਤੇ 12 ਫਰਵਰੀ ਤੱਕ ਚੋਣ ਪ੍ਰਕਿਰਿਆ ਮੁਕੰਮਲ ਕਰ ਲਈ ਜਾਵੇਗੀ। ਦਿੱਲੀ ਵਿਧਾਨ ਸਭਾ ਚੋਣ ਲਈ ਗਹਿਗੱਚ ਸਿਆਸੀ ਮੁਹਿੰਮ ਦੇਖਣ ਨੂੰ ਮਿਲ ਸਕਦੀ ਹੈ ਕਿਉਂਕਿ ਇਸ ਦੌਰਾਨ ਦੇਸ਼ ਦੇ ਕਿਸੇ ਹੋਰ ਖਿੱਤੇ ਵਿਚ ਚੋਣ ਨਹੀਂ ਕਰਵਾਈ ਜਾ ਰਹੀ ਅਤੇ ਸਾਰੀਆਂ ਸਿਆਸੀ ਪਾਰਟੀਆਂ ਆਪੋ-ਆਪਣਾ ਜ਼ੋਰ ਵਰਤਣਗੀਆਂ।

ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਨੇ ਸਾਫ ਸੁਥਰੇ ਅਤੇ ਨਿਰਪੱਖ ਢੰਗ ਨਾਲ ਚੋਣਾਂ ਕਰਵਾਉਣ ਦਾ ਪ੍ਰਬੰਧ ਸਿਰਜਿਆ ਹੈ ਅਤੇ ਧਨ ਬਲ ਦੀ ਵਰਤੋਂ 'ਤੇ ਕੁੰਡਾ ਲਾਉਣ ਦੇ ਪੁਖਤਾ ਪ੍ਰਬੰਧ ਕੀਤੇ ਜਾ ਰਹੇ ਹਨ। ਚੋਣ ਪ੍ਰੋਗਰਾਮ ਦੇ ਐਲਾਨ ਅਤੇ ਨਾਮਜ਼ਦਗੀਆਂ ਦਾਖਲ ਕਰਨ ਵਿਚਕਾਰ 30 ਦਿਨਾਂ ਦਾ ਸਮਾਂ ਨਾ ਦੇਣ ਸਬੰਧੀ ਉਨ੍ਹਾਂ ਕਿਹਾ ਕਿ ਵੱਧ ਤੋਂ ਵੱਧ ਸਮਾਂ ਤਿੰਨ ਹਫਤਿਆਂ ਦਾ ਹੈ ਪਰ ਇਸ ਨੂੰ ਦੋ ਜਾਂ ਇਕ ਹਫਤੇ ਤੱਕ ਘਟਾਇਆ ਵੀ ਜਾ ਸਕਦਾ ਹੈ।

# ਨੈਸ਼ਨਲ ਕਾਨਫਰੰਸ ਵਲੋਂ ਪੀ.ਡੀ.ਪੀ. ਨੂੰ ਸਮਰਥਨ

**ਸ੍ਰੀਨਗਰ:** ਨੈਸ਼ਨਲ ਕਾਨਫਰੰਸ ਨੇ ਰਿਆਸਤ ਦੇ ਗਵਰਨਰ ਐਨ.ਐਨ. ਵੋਹਰਾ ਨੂੰ ਚਿੱਠੀ ਦੇ ਕੇ ਦੱਸਿਆ ਹੈ ਕਿ ਸਰਕਾਰ ਬਣਾਉਣ ਦੇ ਮਾਮਲੇ 'ਤੇ ਉਨ੍ਹਾਂ ਦੀ ਪਾਰਟੀ ਪੀ.ਡੀ.ਪੀ. ਦੀ ਹਮਾਇਤ ਕਰਦੀ ਹੈ। ਇਸ ਲਈ ਸਰਕਾਰ ਬਣਾਉਣ ਬਾਰੇ ਕੋਈ ਵੀ ਫੈਸਲਾ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਰਾਇ ਜ਼ਰੂਰ ਲਈ ਜਾਵੇ।

ਇਸੇ ਦੌਰਾਨ ਇਸ ਨਵੇਂ ਸਿਆਸੀ ਹਾਲਾਤ ਬਾਰੇ ਪੀ.ਡੀ.ਪੀ. ਨੇ ਸਹਿੰਦੀ-ਸਹਿੰਦੀ ਪ੍ਰਤੀਕਿਰਿਆ ਦਿੱਤੀ ਹੈ ਅਤੇ ਇਸ ਦੇ ਆਗੂਆਂ ਨੇ ਕਿਹਾ ਹੈ ਕਿ ਨਵੇਂ ਹਾਲਾਤ ਨੂੰ ਬਾਕਾਇਦਾ ਧਿਆਨ ਵਿਚ ਰੱਖਿਆ ਜਾਵੇਗਾ। ਗੌਰਤਲਬ ਹੈ ਕਿ 87 ਮੈਂਬਰੀ ਵਿਧਾਨ ਸਭਾ ਵਿਚ 28 ਸੀਟਾਂ ਜਿੱਤ ਕੇ ਪੀ.ਡੀ.ਪੀ. ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰੀ। ਭਾਜਪਾ ਨੂੰ 25, ਨੈਸ਼ਨਲ ਕਾਨਫਰੰਸ ਨੂੰ 15 ਅਤੇ ਕਾਂਗਰਸ ਨੂੰ 12 ਸੀਟਾਂ ਉੱਤੇ ਜਿੱਤ ਹਾਸਲ ਹੋਈ ਸੀ। ਗਵਰਨਰ ਨੂੰ ਲਿਖੀ ਚਿੱਠੀ ਵਿਚ ਨੈਸ਼ਨਲ ਕਾਨਫਰੰਸ ਦੇ ਕਾਰਜਕਾਰੀ ਪ੍ਰਧਾਨ ਉਮਰ ਅਬਦੁੱਲਾ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਪੀ.ਡੀ.ਪੀ. ਨੂੰ ਸਮਰਥਨ ਦੀ ਪੇਸ਼ਕਸ਼ ਕਰ ਰਹੀ ਹੈ ਕਿਉਂਕਿ ਹਾਲ ਹੀ ਵਿਚ ਹੋਈਆਂ ਚੋਣਾਂ ਵਿਚ ਇਹੀ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰੀ ਹੈ।

# ਨਸ਼ਿਆਂ ਦੇ ਕੇਸਾਂ ਨਾਲ ਜੁੜੇ ਪੁਲਿਸ ਮੁਲਾਜ਼ਮਾਂ ਦੀ ਛੁੱਟੀ

ਚੰਡੀਗੜ੍ਹ: ਪੰਜਾਬ ਵਿਚ ਚੱਲ ਰਹੇ ਡਰੱਗ ਦੇ ਧੰਦੇ 'ਚ ਜਿਥੇ ਪੰਜਾਬ ਪੁਲਿਸ ਦੇ ਅਧਿਕਾਰੀ ਸ਼ਾਮਲ ਹਨ, ਉਥੇ ਹਾਲੇ ਵੀ ਸਿੰਥੈਟਿਕ ਡਰੱਗ ਬਣਾਉਣ ਵਾਲਿਆਂ ਦੇ ਰਾਜ ਵਿਚ ਸਰਗਰਮ ਹੋਣ ਦੇ ਸੰਕੇਤ ਮਿਲੇ ਹਨ। ਹੁਣ ਤੱਕ ਡਰੱਗ ਮਾਫੀਆ ਨਾਲ ਮਿਲੀਭੁਗਤ ਹੋਣ ਦੇ ਦੋਸ਼ਾਂ ਤਹਿਤ 67 ਪੁਲਿਸ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਕੇ ਸੀਖਾਂ ਪਿਛੇ ਬੰਦ ਕੀਤਾ ਜਾ ਚੁੱਕਾ ਹੈ।

ਪੰਜਾਬ ਪੁਲਿਸ ਹੈਡਕੁਆਰਟਰ ਤੋਂ ਹਾਸਲ ਅੰਕੜਿਆਂ ਅਨੁਸਾਰ ਨੌਕਰੀ ਤੋਂ ਬਰਖਾਸਤ ਕੀਤੇ 48 ਪੁਲਿਸ ਮੁਲਾਜ਼ਮਾਂ ਅਤੇ ਅਧਿਕਾਰੀਆਂ ਵਿਚੋਂ 32 ਨੂੰ ਗ੍ਰਿਫਤਾਰ ਵੀ ਕੀਤਾ ਗਿਆ ਹੈ। ਇਸ ਤੋਂ ਇਲਾਵਾ ਅਪਰਾਧਕ ਕੇਸਾਂ ਤਹਿਤ 51 ਪੁਲਿਸ ਮੁਲਾਜ਼ਮ ਗ੍ਰਿਫਤਾਰ ਕੀਤੇ ਗਏ ਹਨ। ਇਨ੍ਹਾਂ ਵਿਚ 32 ਉਹ ਮੁਲਾਜ਼ਮ ਹਨ ਜਿਹੜੇ ਨੌਕਰੀਆਂ ਤੋਂ ਬਰਖਾਸਤ ਵੀ ਕੀਤੇ ਗਏ ਹਨ ਅਤੇ 19 ਹੋਰ ਮੁਲਾਜ਼ਮਾਂ ਵਿਰੁੱਧ ਵੱਖ-ਵੱਖ ਕੇਸਾਂ ਅਧੀਨ ਇਹ ਕਾਰਵਾਈ ਕੀਤੀ ਗਈ ਹੈ। ਇਸ ਤਰ੍ਹਾਂ 32 ਪੁਲਿਸ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਨੌਕਰੀਆਂ ਤੋਂ ਬਰਖਾਸਤ ਕਰਨ ਦੇ ਨਾਲ ਗ੍ਰਿਫਤਾਰ ਵੀ ਕੀਤਾ ਜਾ ਚੁੱਕਾ ਹੈ। ਗ੍ਰਿਫਤਾਰ ਕੀਤੇ 19 ਮੁਲਾਜ਼ਮ ਅਤੇ ਅਧਿਕਾਰੀ ਅਜਿਹੇ ਹਨ, ਜਿਨ੍ਹਾਂ ਨੂੰ ਫਿਲਹਾਲ ਨੌਕਰੀਆਂ ਤੋਂ ਬਰਖਾਸਤ ਨਹੀਂ ਕੀਤਾ ਗਿਆ। ਉਨ੍ਹਾਂ ਦੇ ਮਾਮਲਿਆਂ ਉਪਰ ਵਿਭਾਗੀ ਪੜਤਾਲਾਂ ਚੱਲ ਰਹੀਆਂ ਹਨ।

ਡੀ.ਐਸ.ਪੀ. ਦਿਨੇਸ਼ ਸਿੰਘ ਨੂੰ ਇਸ ਮਾਮਲੇ ਵਿਚ ਪਹਿਲਾਂ ਮੁਅੱਤਲ ਕੀਤਾ ਸੀ ਅਤੇ ਬਾਅਦ ਵਿਚ ਉਸ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਹੈ। ਉਸ ਨੂੰ ਆਪਣੀ ਸਰਕਾਰੀ ਹੈਸੀਅਤ ਦੀ ਦੁਰਵਰਤੋਂ ਕਰ ਕੇ ਡਰੱਗ ਸਮੱਗਲਿੰਗ ਦੇ ਧੰਦੇ ਨੂੰ ਪ੍ਰਫੁੱਲਤ ਕਰਨ ਅਤੇ ਡਰੱਗ ਮਾਫੀਏ ਨਾਲ ਮਿਲੀਭੁਗਤ ਦੇ ਦੋਸ਼ਾਂ ਅਧੀਨ ਬਰਖਾਸਤ ਕੀਤਾ ਹੈ। ਥਾਣਾ ਕਾਹਨੂੰਵਾਨ ਦੇ ਐਸ.ਐਚ.ਓ. ਸਬ ਇੰਸਪੈਕਟਰ ਕੁਲਵੰਤ ਸਿੰਘ ਨੂੰ ਵੀ ਬਰਖਾਸਤ ਕੀਤਾ ਹੈ। ਉਸ ਉਪਰ ਆਪਣੇ ਖੇਤਰ ਵਿਚਲੇ ਡਰੱਗ ਮਾਫੀਆ ਨਾਲ ਮਿਲੇ ਹੋਣ ਦੇ ਦੋਸ਼ ਲਾਏ ਹਨ। ਜਲੰਧਰ ਪੁਲਿਸ ਕਮਿਸ਼ਨਰ ਦਫਤਰ ਵਿਖੇ ਤਾਇਨਾਤ ਸਬ ਇੰਸਪੈਕਟਰ ਗੁਰਵਿੰਦਰ ਸਿੰਘ ਨੂੰ ਵੀ ਡਰੱਗ ਮਾਫੀਆ ਨਾਲ ਮਿਲੇ ਹੋਣ ਦੇ ਦੋਸ਼ਾਂ ਤਹਿਤ ਨੌਕਰੀ ਤੋਂ ਮੁਅੱਤਲ ਕੀਤਾ ਗਿਆ ਹੈ। ਉਸ ਨੂੰ ਖਿਲਚੀਆਂ (ਅੰਮ੍ਰਿਤਸਰ) ਤੋਂ ਡਰੱਗ ਦੀ ਸਮੱਗਲਿੰਗ ਕਰਦਿਆਂ ਗ੍ਰਿਫਤਾਰ ਕੀਤਾ ਗਿਆ ਸੀ। ਇਸ ਤੋਂ ਇਲਾਵਾ ਥਾਣਾ ਸਦਰ ਪਠਾਨਕੋਟ ਦੇ ਐਸ.ਐਚ.ਓ. ਸਬ ਇੰਸਪੈਕਟਰ ਲਲਿਤ ਕੁਮਾਰ ਵਿਰੁੱਧ ਵੀ ਕੁਰੱਪਸ਼ਨ ਐਕਟ-1988 ਤਹਿਤ ਐਫ.ਆਈ.ਆਰ. ਦਰਜ ਕੀਤੀ ਗਈ ਹੈ। ਇਹ ਸਾਰੇ ਪੁਲਿਸ ਅਧਿਕਾਰੀ ਸਰਕਾਰ ਵਲੋਂ ਡਰੱਗ ਵਿਰੁੱਧ ਚਲਾਈ ਮੁਹਿੰਮ ਦੌਰਾਨ ਛਾਂਗੇ ਗਏ ਹਨ।

# ਗੋਆ ਵਿਚ ਵੀ ਸ਼ੁਰੂ ਹੋਈ ਨਸ਼ਿਆਂ 'ਤੇ ਸਿਆਸਤ

**ਪਣਜੀ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਨਸ਼ਿਆਂ ਦੇ ਮੁੱਦੇ 'ਤੇ ਸਿਆਸੀ ਪਾਰਟੀਆਂ ਆਪਣੇ ਨੰਬਰ ਬਣਾਉਣ ਵਿਚ ਰੁਝੀਆਂ ਹੋਈਆਂ ਹਨ। ਕੁਝ ਇਹੋ ਜਿਹੀ ਜੰਗ ਗੋਆ ਵਿਚ ਵੀ ਲੜੀ ਜਾ ਰਹੀ ਹੈ। ਗੋਆ ਦੀ ਭਾਜਪਾ ਸਰਕਾਰ ਨੂੰ ਵਿਰੋਧੀ ਧਿਰ ਦੇ ਹਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਹੁਕਮਰਾਨ ਧਿਰ ਦੀ ਸਖਤੀ ਦਿਖਾਉਣ ਦੀ ਵਾਅਦੇ ਉਸ ਸਮੇਂ ਠੁੱਸ ਹੋ ਜਾਂਦੇ ਹਨ ਜਦੋਂ ਵਿਰੋਧੀ ਧਿਰ ਉਨ੍ਹਾਂ ਨੂੰ ਘੇਰ ਲੈਂਦੀ ਹੈ। ਸੈਰ-ਸਪਾਟਾ ਮੰਤਰੀ ਦਿਲੀਪ ਪਾਰੁਲੇਕਰ ਨੇ ਕਿਹਾ ਸੀ ਕਿ ਜੇਕਰ ਵੱਡੀਆਂ ਪਾਰਟੀਆਂ ਵਿਚ ਨਸ਼ਿਆਂ ਜਾਂ ਹੋਰ ਕੋਈ ਸਰਗਰਮੀ ਨਜ਼ਰ ਆਈ ਤਾਂ ਉਹ ਅਜਿਹੇ ਤਿਉਹਾਰਾਂ ਜਾਂ ਪ੍ਰੋਗਰਾਮਾਂ 'ਤੇ ਪਾਬੰਦੀ ਲਾ ਦੇਣਗੇ ਪਰ ਈਸ਼ਾ ਮੰਤਰੀ ਦੀ ਮੌਤ ਸਵਾਲਾਂ ਦੇ ਘੇਰੇ ਵਿਚ ਆ ਗਈ ਹੈ।

ਪੁਸ਼ਾਕ ਡਿਜ਼ਾਈਨਰ ਈਸ਼ਾ 'ਤੇ ਹੱਦੋਂ ਵੱਧ ਦਾਰੂ ਪੀਣ ਦਾ ਇਲਜ਼ਾਮ ਲੱਗਿਆ ਹੈ। ਪਾਰੁਲੇਕਰ ਨੇ ਕਿਹਾ ਹੈ ਕਿ ਉਹ ਰਾਤ 11 ਵਜੇ ਤੱਕ ਸ਼ਰਾਬ ਪੀ ਰਹੀ ਸੀ ਤੇ ਉਸ ਦੀ ਮੌਤ ਵੱਧ ਨਸ਼ਾ ਲੈਣ ਕਰਕੇ ਨਹੀਂ ਹੋਈ।

ਮੁੱਖ ਮੰਤਰੀ ਲਕਸ਼ਮੀਕਾਂਤ ਪਾਰਸੇਕਰ ਤੇ ਸਿਵਲ ਸਪਲਾਈਜ਼ ਮੰਤਰੀ ਦਯਾਨੰਦ ਮਾਂਡਰੇਕਰ 'ਤੇ ਵੀ ਉਂਗਲ ਉਠ ਰਹੀ ਹੈ।

ਕਾਂਗਰਸ ਤਰਜਮਾਨ ਸੁਨੀਲ ਕਾਵਥੰਕਰ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਦੇ ਹਲਕਿਆਂ ਵਿਚ ਨਸ਼ਿਆਂ ਦਾ ਕਾਰੋਬਾਰ ਵਧ-ਫੁਲ ਰਿਹਾ ਹੈ। ਇਸ 'ਤੇ ਮੁੱਖ ਮੰਤਰੀ ਨੇ ਪੁਲਿਸ ਨੂੰ ਦੋਸ਼ਾਂ ਦੀ ਜਾਂਚ ਕਰਨ ਲਈ ਆਖ ਦਿੱਤਾ ਹੈ। ਕਾਂਗਰਸ ਆਗੂ ਤੋਂ ਵੀ ਪੁਲਿਸ ਨੇ ਪੁਛਗਿੱਛ ਕੀਤੀ ਹੈ।

# ਦਲੀਪ ਕੁਮਾਰ ਦਾ ਘਰ ਅਜਾਇਬਘਰ ਬਣੇਗਾ

**ਪਿਸ਼ਾਵਰ (ਬਿਊਰੋ):** ਪਾਕਿਸਤਾਨ ਦੀ ਸਰਕਾਰ ਮਸ਼ਹੂਰ ਅਦਾਕਾਰ ਦਲੀਪ ਕੁਮਾਰ ਦੇ ਪਿਸ਼ਾਵਰ ਵਿਚ ਸਥਿਤ ਜੱਦੀ ਘਰ ਦੀ ਮੁਰੰਮਤ ਕਰਵਾ ਕੇ ਇਸ ਨੂੰ ਅਜਾਇਬਘਰ ਵਿਚ ਤਬਦੀਲ ਕਰ ਕੇ ਇਸ ਨੂੰ ਕੌਮੀ ਵਿਰਾਸਤ ਦਾ ਦਰਜਾ ਦੇਵੇਗੀ।

ਪਿਸ਼ਾਵਰ ਮਿਊਜ਼ੀਅਮ ਦੇ ਡਾਇਰੈਕਟਰ ਅਤੇ ਖੋਜ ਅਫਸਰ ਬਖਤ ਮੁਹੰਮਦ ਨੇ ਦੱਸਿਆ ਕਿ ਪਹਿਲੇ ਪੜਾਅ ਵਿਚ ਪਿਸ਼ਾਵਰ ਦੇ ਖੁਦਾਦਾਦ ਮੁਹੱਲੇ ਵਿਚ ਸਥਿਤ ਘਰ ਦੇ ਟੁੱਟੇ ਹੋਏ ਹਿੱਸੇ ਦੀ ਮੁਰੰਮਤ ਕਰਵਾਈ ਜਾਵੇਗੀ ਅਤੇ ਇਸ ਤੋਂ ਬਾਅਦ ਇਸ ਨੂੰ ਅਜਾਇਬਘਰ ਵਿਚ ਤਬਦੀਲ ਕਰ ਦਿੱਤਾ ਜਾਵੇਗਾ। ਇਸ ਘਰ ਨੂੰ ਪਾਕਿਸਤਾਨ ਦੀ ਕੌਮੀ ਵਿਰਾਸਤ ਦਾ ਦਰਜਾ ਦਿੱਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਦਲੀਪ ਕੁਮਾਰ ਦਾ ਜਨਮ 1922 ਨੂੰ ਪਿਸ਼ਾਵਰ ਵਿਚ ਹੋਇਆ ਸੀ ਅਤੇ ਉਹ ਜਿੰਨੇ ਭਾਰਤ ਵਿਚ ਮਕਬੂਲ ਹਨ, ਉਨੇ ਹੀ ਪਾਕਿਸਤਾਨ ਵਿਚ ਵੀ। ਪਾਕਿਸਤਾਨ ਸਰਕਾਰ ਨੇ 1988 ਵਿਚ ਉਨ੍ਹਾਂ ਨੂੰ ਸਰਬੋਤਮ ਨਾਗਰਿਕ ਸਨਮਾਨ 'ਨਿਸ਼ਾਨ-ਏ-ਇਮਤਿਆਜ਼' ਦੇ ਨਾਲ ਨਵਾਜਿਆ ਸੀ। ਇਹੀ ਨਹੀਂ, ਉਨ੍ਹਾਂ ਦੇ ਪਾਕਿਸਤਾਨ ਵਿਚਲੇ ਪ੍ਰਸ਼ੰਸਕ ਲੰਮੇ ਸਮੇਂ ਤੋਂ ਉਨ੍ਹਾਂ ਦੇ ਜੱਦੀ ਘਰ ਦੀ ਸਾਂਭ ਸੰਭਾਲ ਲਈ ਸਰਕਾਰ ਤੋਂ ਮੰਗ ਕਰ ਰਹੇ ਸਨ।

COVERED CALIFORNIA™

ਬਹੁਤ ਵਾਜਬ ਭਾਅ 'ਤੇ ਵਧੀਆ ਹੈਲਥ ਇੰਸ਼ੋਰੈਂਸ

ਬੇਅ ਏਰੀਆ ਅਤੇ ਸੈਂਟਰ ਵੈਲੀ ਦੇ ਸ਼ਹਿਰਾਂ ਵਿਚ

ਅਸੀਂ ਓਬਾਮਾ ਕੇਅਰ ਅਤੇ ਮੈਡੀ-ਕੈਲ ਦੀਆਂ ਰੀਨਿਊਲ ਅਤੇ ਨਵੀਆਂ ਅਰਜੀਆਂ ਮੁਫਤ ਭਰਦੇ ਹਾਂ

ਓਪਨ ਇਨਰੋਲਮੈਂਟ 15 ਨਵੰਬਰ 2014 ਤੋਂ 15 ਫਰਵਰੀ 2015 ਤੱਕ ਹੈ

ਆਪਣੇ ਸਰਟੀਫਾਈਡ ਇੰਸ਼ਰੈਂਸ ਏਜੈਂਟ ਨਾਲ ਸੰਪਰਕ ਕਰੋ

Jarnail Singh Lallria (License # 0C19939)

Phone: (408) 728-0795

Fax: (209) 216-5502

E-mail: Jarnail_lallria@yahoo.com

Upgrade your Security Cameras to High Definition at very reasonable prices




For more Details, Contact:

Balbir S Sidhu

209-495-3905 (Cell)

www.dvrunlimited.com

Toll Free (888) 233-4566

DVRunlimited Inc. Fax: 209-665-7067

ਭਾਰਤੀ ਰੈਸਟੋਰੈਂਟ ਵਿਕਾਊ ਹੈ

ਇੰਡੀਅਨਐਪੋਲਿਸ, ਇੰਡੀਆਨਾ ਵਿਚ ਵਧੀਆ ਲੋਕੇਸ਼ਨ 'ਤੇ ਸਥਿਤ 80 ਸੀਟਾਂ ਵਾਲਾ ਭਾਰਤੀ ਰੈਸਟੋਰੈਂਟ ਵਿਕਾਊ ਹੈ

Indian Restaurant For Sale

■80 Seats ■Cater Large/Small Parties

■Liquor Licenses ■Free Parking For Customers

ਸੰਪਰਕ ਕਰੋ: 317-313-9651

3-4

ਤੰਦੂਰੀਏ ਕੁੱਕ ਤੇ ਡਿਸਵਾਸ਼ਰ ਦੀ

ਲੋੜ ਹੈ

ਫਲੋਰਿਡਾ ਵਿਚ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਕੁੱਕ ਅਤੇ ਡਿਸਵਾਸ਼ਰ ਦੀ ਲੋੜ ਹੈ



ਚੰਗੀ ਤਨਖਾਹ ਅਤੇ ਹੋਰ ਸਹੂਲਤਾਂ

ਸੰਪਰਕ ਕਰੋ

ਫੋਨ: 850-510-3466

3-4

# ਸਿੱਖ ਬੰਦੀਆਂ ਦੀ ਰਿਹਾਈ ਸਮੇਂ ਤੋਂ ਪਹਿਲਾਂ ਸੰਭਵ ਨਹੀਂ

**ਨਵੀਂ ਦਿੱਲੀ:** ਪੰਜਾਬ ਸਰਕਾਰ ਭਾਵੇਂ ਕੇਂਦਰ ਕੋਲ ਬੰਦੀ ਸਿੰਘ ਦੀ ਰਿਹਾਈ ਲਈ ਵਾਰ-ਵਾਰ ਪਹੁੰਚ ਕਰ ਰਹੀ ਹੈ ਪਰ ਜਾਣਕਾਰ ਮਾਹਿਰਾਂ ਦਾ ਮੰਨਣਾ ਹੈ ਕਿ ਕੈਦੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਨਾ ਸਿਰਫ਼ ਮੁਸ਼ਕਿਲ ਸਗੋਂ ਅਸੰਭਵ ਹੈ। ਗ੍ਰਹਿ ਮੰਤਰਾਲੇ ਨੇ ਦਲੀਲ ਦਿੰਦਿਆਂ ਕਿਹਾ ਕਿ ਦੋਸ਼ੀ ਪਾਏ ਗਏ ਮੁਜਰਮਾਂ ਦੀ ਰਿਹਾਈ ਕਿਸੇ ਵੀ ਕੀਮਤ 'ਤੇ ਸੰਭਵ ਨਹੀਂ ਹੈ। ਅਜਿਹਾ ਹੋਣ ਦੀ ਸੂਰਤ ਵਿਚ ਜਨਤਾ ਵਿਚ ਸਰਕਾਰ ਪ੍ਰਤੀ ਗ਼ਲਤ ਸੰਦੇਸ਼ ਜਾਵੇਗਾ।

ਜ਼ਿਕਰਯੋਗ ਹੈ ਕਿ ਉਮਰ ਕੈਦ ਦੇ ਦੋਸ਼ੀ ਨੂੰ ਮੁਆਫ਼ੀ ਦੇਣ ਲਈ ਰਾਜਪਾਲ ਤੇ ਪੰਜਾਬ ਸਰਕਾਰ ਕੋਲ ਭਾਰਤੀ ਸੰਵਿਧਾਨ ਤੇ ਕੋਡ ਆਫ ਕਰੀਮੀਨਲ ਪ੍ਰੋਸੀਜਰ ਅਨੁਸਾਰ ਸ਼ਕਤੀਆਂ ਮੌਜੂਦ ਹਨ, ਪਰ ਸੁਪਰੀਮ ਕੋਰਟ ਨੇ ਇਨ੍ਹਾਂ ਦੀ ਵਰਤੋਂ ਉਪਰ ਰੋਕ ਲਾਈ ਹੋਈ ਹੈ। ਸੂਬਾ ਸਰਕਾਰ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਵੱਲੋਂ 9 ਜੁਲਾਈ 2014 ਨੂੰ ਦਿੱਤੇ ਹੁਕਮ ਦੀ ਰੋਸ਼ਨੀ ਵਿਚ ਵਕੀਲ ਨੇ ਅਰਜ਼ੀ ਦਾਇਰ ਕੀਤੀ ਹੈ ਜਿਸ ਅਨੁਸਾਰ ਰਾਜ ਸਰਕਾਰ ਨੂੰ ਉਮਰ ਕੈਦੀਆਂ ਨੂੰ ਮੁਆਫ਼ੀ ਦੇਣ ਦੀ ਸ਼ਕਤੀ ਦੀ ਵਰਤੋਂ ਕਰਨ ਤੋਂ ਰੋਕਿਆ ਗਿਆ ਹੈ। ਸਰਕਾਰ ਦਾ ਦਾਅਵਾ ਹੈ ਕਿ ਕਾਨੂੰਨ ਦੀ ਰੋਸ਼ਨੀ ਵਿਚ ਅਜਿਹੇ ਬਹੁਤ ਸਾਰੇ ਮਾਮਲੇ ਹਨ ਜਿਨ੍ਹਾਂ ਵਿਚ ਉਮਰ ਕੈਦੀ ਮੁਆਫ਼ੀ ਦੇ ਯੋਗ ਹਨ।

ਅਦਾਲਤੀ ਹੁਕਮ ਕਾਰਨ ਰਾਜ ਸਰਕਾਰ ਨੇ ਮੁਆਫ਼ੀ ਦਾ ਕੇਸ ਨਹੀਂ ਵਿਚਾਰਿਆ ਜਾਂ ਰਾਜਪਾਲ ਨੂੰ ਅੱਗੇ ਨਹੀਂ ਭੇਜਿਆ। ਪੰਜਾਬ ਸਰਕਾਰ ਨੇ ਆਪਣਾ ਪੱਖ ਰੱਖਦੇ ਹੋਏ ਇਹ ਵੀ ਕਿਹਾ ਹੈ ਕਿ ਸਬੰਧਤ ਕੇਸ ਜੁਲਾਈ 2014 ਤੋਂ ਸੁਣਵਾਈ ਲਈ ਸੁਪਰੀਮ ਕੋਰਟ ਦੇ ਕੋਲ ਲੰਬਿਤ ਪਿਆ ਹੈ ਤੇ ਉਮਰ ਕੈਦੀਆਂ ਦੀਆਂ ਮੁਆਫ਼ੀ ਬਾਰੇ ਤੇ ਅਗਾਊਂ ਰਿਹਾਈ ਸਬੰਧੀ ਅਰਜ਼ੀਆਂ ਪੰਜਾਬ ਸਰਕਾਰ ਵੱਲੋਂ ਅਦਾਲਤ ਦੇ ਨਿਰਦੇਸ਼ਾਂ ਕਾਰਨ ਵਿਚਾਰੀਆਂ ਨਹੀਂ ਗਈਆਂ। ਇਨ੍ਹਾਂ ਹਾਲਾਤ ਦੇ ਮੱਦੇਨਜ਼ਰ ਵਕੀਲ ਨੇ ਕਿਹਾ ਹੈ ਕਿ ਅਦਾਲਤ ਪੰਜਾਬ ਸਰਕਾਰ ਨੂੰ ਉਮਰ ਕੈਦੀਆਂ ਦੀਆਂ ਇਨ੍ਹਾਂ ਅਰਜ਼ੀਆਂ 'ਤੇ ਵਿਚਾਰ ਕਰਨ ਤੇ ਫ਼ੈਸਲਾ ਲੈਣ ਦੀ ਆਗਿਆ ਦੇਵੇ ਜੋ ਨਿਆਂ ਦੇ ਮੱਦੇਨਜ਼ਰ ਅਗਾਊਂ ਰਿਹਾਈ ਪ੍ਰਾਪਤ ਕਰਨਾ ਚਾਹੁੰਦੇ ਹਨ।

ਇਸ ਤੋਂ ਪਹਿਲਾਂ ਪੰਜਾਬ ਦੇ ਡੀ.ਜੀ.ਪੀ. ਸੁਮੇਧ ਸੈਣੀ ਨੇ ਵੀ ਪ੍ਰੈੱਸ ਕਾਨਫ਼ਰੰਸ ਕਰਕੇ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਨਾ ਤਾਂ ਸਰਕਾਰ ਵੱਲੋਂ ਸਮੇਂ ਤੋਂ ਪਹਿਲਾਂ ਕੈਦੀਆਂ ਦੀ ਰਿਹਾਈ ਸੰਭਵ ਹੈ ਤੇ ਨਾ ਹੀ ਪੰਜਾਬ ਵਿਚ ਕੋਈ ਅਜਿਹਾ ਕੈਦੀ ਹੈ ਜੋ ਸਜ਼ਾ ਪੂਰੀ ਹੋਣ ਤੋਂ ਬਾਅਦ ਵੀ ਜੇਲ੍ਹਾਂ ਵਿਚ ਕੈਦ ਹੋਵੇ। ਸੱਤ ਸਿੱਖ ਕੈਦੀਆਂ ਦੀ ਰਿਹਾਈ ਨੂੰ ਲੈ ਕੇ ਭੁੱਖ-ਹੜਤਾਲ 'ਤੇ ਬੈਠੇ ਭਾਈ ਗੁਰਬਖਸ਼ ਸਿੰਘ ਖ਼ਾਲਸਾ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਇਸ ਨੂੰ ਵਿਸਤਰਿਤ ਰੂਪ ਦਿੰਦਿਆਂ 13 ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਕੀਤੀ ਜੋ ਕਿ ਦੇਸ਼ ਦੇ ਵੱਖ-ਵੱਖ ਰਾਜਾਂ ਦੀਆਂ ਜੇਲ੍ਹਾਂ ਵਿਚ ਬੰਦ ਹਨ। ਡੇਢ ਮਹੀਨਾ ਪਹਿਲਾਂ ਲਿਖੀ ਇਸ ਚਿੱਠੀ ਤੋਂ ਬਾਅਦ ਇਕ ਵਾਰ ਫਿਰ ਮੰਗ ਦੁਹਰਾਉਂਦਿਆਂ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਅਕਾਲੀ ਦਲ ਦੇ ਸੀਨੀਅਰ ਨੇਤਾ ਸੁਖਦੇਵ ਸਿੰਘ ਢੀਂਡਸਾ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਇਸ ਬਾਰੇ ਗ੍ਰਹਿ ਮੰਤਰੀ ਨੂੰ ਮੰਗ-ਪੱਤਰ ਸੌਂਪਿਆ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਬਾਰੇ ਉੱਤਰ ਪ੍ਰਦੇਸ਼, ਰਾਜਸਥਾਨ, ਪੱਛਮੀ ਬੰਗਾਲ, ਕਰਨਾਟਕ ਤੇ ਗੁਜਰਾਤ ਦੇ ਮੁੱਖ ਮੰਤਰੀ ਤੋਂ ਇਲਾਵਾ ਚੰਡੀਗੜ੍ਹ ਪ੍ਰਸ਼ਾਸਨ ਨੂੰ ਵੀ ਚਿੱਠੀ ਲਿਖੀ ਹੈ। ਉਨ੍ਹਾਂ ਨੇ ਕੈਦੀਆਂ ਵਿਚ ਕੁਝ ਦੀ ਵੱਧ ਉਮਰ ਤੇ ਅੱਖਾਂ ਦੀ ਰੌਸ਼ਨੀ ਖੁੰਝਣ ਨੂੰ ਰਿਹਾਈ ਦੀ ਦਲੀਲ ਵੀ ਦੱਸਿਆ।

ਗ੍ਰਹਿ ਮੰਤਰਾਲੇ ਦੇ ਸੂਤਰਾਂ ਨੇ ਨਾਂ ਨਾ ਦੱਸਣ ਦੀ ਸੂਰਤ 'ਤੇ ਜਾਣਕਾਰੀ ਦਿੰਦਿਆਂ ਕਿਹਾ ਕਿ ਬੀ.ਐਸ.ਐਫ. ਆਪਣੀਆਂ ਖੁਫ਼ੀਆ ਸੂਹਾਂ ਦੇ ਆਧਾਰ 'ਤੇ ਪਿਛਲੇ ਕੁਝ ਸਮੇਂ ਤੋਂ ਸੁਰੱਖਿਆ ਏਜੰਸੀਆਂ ਨੂੰ ਪੰਜਾਬ ਵਿਚ ਅਤਿਵਾਦ ਦਾ ਦੌਰ ਮੁੜ ਸ਼ੁਰੂ ਹੋਣ ਦੀਆਂ ਚਿਤਾਵਨੀਆਂ ਦੇ ਰਹੀ ਹੈ, ਇਸ ਬਾਰੇ ਇੰਗਲੈਂਡ ਵਿਚ ਅਜਿਹੇ ਕੁਝ ਖਾਤੇ ਹੋਣ ਦਾ ਵੀ ਪਤਾ ਲੱਗਾ ਹੈ ਜਿਨ੍ਹਾਂ ਵਿਚ ਸੂਬੇ ਵਿਚ ਅਤਿਵਾਦੀ ਕਾਰਵਾਈਆਂ ਨੂੰ ਉਤਸ਼ਾਹਿਤ ਕਰਨ ਲਈ ਪੈਸੇ ਦਾ ਲੈਣ-ਦੇਣ ਜ਼ਿਆਦਾ ਵਧ ਗਿਆ ਹੈ। ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਵਲ, ਜੋ ਪੰਜਾਬ ਵਿਚ ਅਤਿਵਾਦ ਖ਼ਿਲਾਫ਼ ਸ਼ਾਮਲ ਕਾਰਵਾਈਆਂ ਨਾਲ ਵੀ ਜੁੜੇ ਰਹੇ ਹਨ, ਇਸ ਬਾਰੇ ਛੇਤੀ ਹੀ ਇੰਗਲੈਂਡ ਵਿਚ ਉੱਚ ਪੱਧਰੀ ਬੈਠਕ ਵੀ ਕਰਨ ਜਾ ਰਹੇ ਹਨ। ਮਾਹਿਰਾਂ ਮੁਤਾਬਕ ਸਰਕਾਰ ਜਿਸ ਨੇ ਅਤਿਵਾਦ ਪ੍ਰਤੀ ਸਖ਼ਤ ਰਵੱਈਆ ਅਖ਼ਤਿਆਰ ਕੀਤਾ ਹੋਇਆ ਹੈ, ਅਜਿਹੇ ਵਿਚ ਸਿੱਖ ਬੰਦੀਆਂ ਨੂੰ ਛੱਡਣ ਦੀ ਸੰਭਾਵਨਾ ਨਹੀਂ ਹੈ। ਰਿਹਾਈ ਖ਼ਿਲਾਫ਼ ਉੱਠ ਰਹੀਆਂ ਆਵਾਜ਼ਾਂ ਦੇ ਪ੍ਰਤੀਕਰਮ ਵਜੋਂ ਇਸ ਮੁਲਾਕਾਤ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਨੇ ਇਹ ਕਹਿਣ ਤੋਂ ਗੁਰੇਜ਼ ਨਹੀਂ ਕੀਤਾ ਕਿ ਉਨ੍ਹਾਂ ਦੀ ਪਾਰਟੀ ਸਿਰਫ਼ ਪੰਜਾਬੀਆਂ ਦੇ ਜਜ਼ਬਾਤਾਂ ਦੀ ਆਵਾਜ਼ ਨੂੰ ਹੀ ਅੱਗੇ ਤੱਕ ਪਹੁੰਚਾ ਰਹੀ ਹੈ ਤੇ ਕਿਸੇ ਨੂੰ ਵੀ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਰਾਸ਼ਟਰ ਵਿਰੋਧੀ ਕਹਿਣ ਦਾ ਕੋਈ ਹੱਕ ਨਹੀਂ ਹੈ।

### ਕੇਂਦਰ ਨੇ ਕਾਨੂੰਨੀ ਅੜਿੱਕਿਆਂ ਅੱਗੇ ਜਤਾਈ ਬੇਵੱਸੀ



### ਪੰਜਾਬ ਸਰਕਾਰ ਵਲੋਂ ਸੁਪਰੀਮ ਕੋਰਟ ਕੋਲ ਪਹੁੰਚ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਬੰਦੀਆਂ ਦੀ ਰਿਹਾਈ ਲਈ ਸੁਪਰੀਮ ਕੋਰਟ ਵਿਚ ਅਰਜ਼ੀ ਦਾਇਰ ਕੀਤੀ ਹੈ ਤੇ ਉਮਰ ਕੈਦੀਆਂ ਦੀ ਸਜ਼ਾ ਮੁਆਫ਼ੀ ਤੇ ਹੋਰ ਕਈ ਬੰਦੀਆਂ ਦੀਆਂ ਸਜ਼ਾਵਾਂ ਘਟਾਉਣ ਬਾਰੇ ਅਰਜ਼ੀਆਂ 'ਤੇ ਵਿਚਾਰ ਕਰਨ ਤੇ ਫ਼ੈਸਲਾ ਲੈਣ ਦੀ ਆਗਿਆ ਮੰਗੀ ਹੈ। ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਸੂਬਾ ਸਰਕਾਰ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਹਦਾਇਤ 'ਤੇ ਆਪਣੇ ਵਕੀਲ ਜਗਜੀਤ ਸਿੰਘ ਛਾਬੜਾ ਰਾਹੀਂ ਸੁਪਰੀਮ ਕੋਰਟ ਵਿਚ ਇਹ ਅਰਜ਼ੀ ਦਾਇਰ ਕੀਤੀ ਹੈ। ਰਸਮੀ ਤੌਰ 'ਤੇ ਇਹ ਅਰਜ਼ੀ ਪੰਜਾਬ ਦੇ ਰਾਜਪਾਲ ਵੱਲੋਂ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸੰਵਿਧਾਨ ਦੀ ਧਾਰਾ 161 ਤਹਿਤ ਅਦਾਲਤ ਵਿਚ ਪੇਸ਼ ਕੀਤੀ ਗਈ ਹੈ।

# ਪੰਜਾਬ ਬੰਦ ਦੇ ਸੱਦੇ ਨੂੰ ਮੱਠਾ ਹੁੰਗਾਰਾ



**ਚੰਡੀਗੜ੍ਹ:** ਸਿੱਖ ਜਥੇਬੰਦੀਆਂ ਵੱਲੋਂ ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਨਾ ਹੋਣ ਦੇ ਰੋਸ ਵਜੋਂ ਦਿੱਤੇ ਪੰਜਾਬ ਬੰਦ ਦੇ ਸੱਦੇ ਨੂੰ ਮੱਠਾ ਹੁੰਗਾਰਾ ਮਿਲਿਆ। ਮਾਝੇ ਤੇ ਮਾਲਵੇ ਦੇ ਕੁਝ ਖੇਤਰਾਂ ਵਿਚ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸੜਕ ਆਵਾਜਾਈ ਰੋਕ ਕੇ ਰੋਸ ਪ੍ਰਦਰਸ਼ਨ ਕੀਤਾ ਜਦੋਂ ਕਿ ਦੁਆਬੇ ਵਿਚ ਬੰਦ ਦੇ ਸੱਦੇ ਦਾ ਕੋਈ ਖਾਸ ਅਸਰ ਨਹੀਂ ਦੇਖਿਆ ਗਿਆ। ਕਈ ਜਗ੍ਹਾ ਪੁਲਿਸ ਤੇ ਸਿੱਖ ਜਥੇਬੰਦੀਆਂ ਵਿਚ ਝੜਪਾਂ ਵੀ ਹੋਈਆਂ ਜਿਸ ਕਾਰਨ ਕਈ ਵਿਅਕਤੀ ਜ਼ਖਮੀ ਹੋ ਗਏ। ਬੰਦ ਦਾ ਸੱਦਾ ਭਾਈ ਗੁਰਬਖ਼ਸ਼ ਸਿੰਘ ਵੱਲੋਂ ਵਿੱਢੇ ਸੰਘਰਸ਼ ਦੀ ਹਮਾਇਤ ਵਿਚ ਦਿੱਤਾ ਗਿਆ। ਸਰਕਾਰ ਵੱਲੋਂ ਬੰਦ ਦੇ ਸੱਦੇ ਨੂੰ ਦੇਖਦਿਆਂ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕੀਤੇ ਗਏ ਸਨ।

ਸਰਕਾਰ ਦੀ ਇਸ ਮਾਮਲੇ 'ਤੇ ਹਾਲਤ ਪੇਚੀਦਾ ਬਣੀ ਹੋਈ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪਾਰਟੀ ਦੇ ਵਫ਼ਦ ਨੇ ਇਸ ਮੁੱਦੇ 'ਤੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਵੀ ਮੁਲਾਕਾਤ ਕੀਤੀ ਸੀ। ਕੇਂਦਰ ਵੱਲੋਂ ਅਕਾਲੀ ਦਲ ਦੀ ਇਸ ਮੰਗ ਦਾ ਕੋਈ ਠੋਸ ਹੁੰਗਾਰਾ ਨਹੀਂ ਭਰਿਆ ਗਿਆ। ਮਿਲੀ ਜਾਣਕਾਰੀ ਮੁਤਾਬਕ ਗੁਰਦਾਸਪੁਰ ਜ਼ਿਲ੍ਹੇ ਵਿਚ ਸਿੱਖ ਜਥੇਬੰਦੀਆਂ ਤੇ ਸਿੱਖਾਂ ਦਰਮਿਆਨ ਤਕਰਾਰ ਤੋਂ ਬਾਅਦ ਪੁਲਿਸ ਨੇ ਲਾਠੀਚਾਰਜ ਕੀਤਾ ਪਰ ਸਥਿਤੀ ਕਾਬੂ ਹੇਠ ਦੱਸੀ ਗਈ ਹੈ। ਅੰਮ੍ਰਿਤਸਰ ਤੇ ਤਰਨਤਾਰਨ ਦੇ ਸਰਹੱਦੀ ਕਸਬਿਆਂ ਵਿਚ ਵੀ ਬੰਦ ਦਾ ਅਸਰ ਦੇਖਣ ਨੂੰ ਮਿਲਿਆ। ਇਨ੍ਹਾਂ ਜ਼ਿਲ੍ਹਿਆਂ ਵਿਚ ਦਮਦਮੀ ਟਕਸਾਲ ਨੇ ਵੀ ਬੰਦ ਦੀ ਹਮਾਇਤ ਕੀਤੀ ਸੀ ਤੇ ਲੋਕਾਂ ਨੂੰ ਰੋਸ ਵਜੋਂ ਆਪਣੇ ਕਾਰੋਬਾਰ ਬੰਦ ਰੱਖਣ ਲਈ ਕਿਹਾ ਸੀ। ਮਾਲਵੇ ਦੇ ਜ਼ਿਆਦਾਤਰ ਹਿੱਸਿਆਂ ਵਿਚ ਬੰਦ ਦਾ ਖਾਸ ਅਸਰ ਨਹੀਂ ਹੋਇਆ।

ਮੋਗਾ ਵਿਚ ਜ਼ਰੂਰ ਦੁਕਾਨਾਂ ਤੇ ਕਾਰੋਬਾਰ ਬੰਦ ਰਹੇ। ਮੋਗਾ-ਬਰਨਾਲਾ ਸੜਕ 'ਤੇ ਵੀ ਕਈ ਘੰਟੇ ਚੱਕਾ ਜਾਮ ਰਿਹਾ। ਮਾਨਸਾ ਜ਼ਿਲ੍ਹੇ ਦੇ ਕਈ ਕਸਬਿਆਂ ਵਿਚ ਰੋਸ ਮਾਰਚ ਕੱਢੇ ਗਏ ਤੇ ਲੋਕਾਂ ਨੂੰ ਜ਼ਬਰਦਸਤੀ ਦੁਕਾਨਾਂ ਬੰਦ ਕਰਾਉਣ ਦੀ ਕੋਸ਼ਿਸ਼ ਕੀਤੀ ਗਈ। ਪੁਲਿਸ ਨੇ ਦੁਕਾਨਾਂ ਬੰਦ ਨਾ ਕਰਾਉਣ ਦਿੱਤੀਆਂ।

### ਹਰਿਆਣਾ ਦੇ ਆਗੂ ਬਾਦਲ ਨੂੰ ਮਿਲੇ

**ਚੰਡੀਗੜ੍ਹ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਪੰਜਾਬ ਦੇ ਰਾਜਪਾਲ ਸ਼ਿਵ ਰਾਜ ਪਾਟਿਲ ਕੋਲੋਂ ਮੰਗ ਕੀਤੀ ਹੈ ਕਿ ਸਜ਼ਾ ਪੂਰੀ ਕਰ ਚੁੱਕੇ ਤੇ ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਨੂੰ ਰਿਹਾਅ ਕੀਤਾ ਜਾਵੇ। ਇਸ ਬਾਰੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜ ਮੈਂਬਰੀ ਵਫ਼ਦ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਤੇ ਜਨਰਲ ਸਕੱਤਰ ਜੋਗਾ ਸਿੰਘ ਦੀ ਅਗਵਾਈ ਹੇਠ ਸ. ਬਾਦਲ ਨੂੰ ਮਿਲਿਆ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਉਮਰ ਕੈਦ ਦੀ ਸਜ਼ਾ ਭੁਗਤ ਚੁੱਕੇ ਕੈਦੀਆਂ ਨੂੰ ਰਿਹਾਅ ਕਰਨ ਦਾ ਅਧਿਕਾਰ ਕੇਂਦਰ ਸਰਕਾਰ ਕੋਲ ਹੈ ਤੇ ਇਸ ਮਾਮਲੇ ਵਿਚ ਉਹ ਕੁਝ ਨਹੀਂ ਕਰ ਸਕਦੇ। ਵਫ਼ਦ ਵੱਲੋਂ ਮੁੱਖ ਮੰਤਰੀ ਨੂੰ ਇਸ ਤੋਂ ਘੱਟ ਸਜ਼ਾ ਵਾਲੇ ਕੈਦੀਆਂ ਨੂੰ ਰਿਹਾਅ ਕਰਨ ਵਿਚ ਮਦਦ ਬਾਰੇ ਕਹਿਣ 'ਤੇ ਉਨ੍ਹਾਂ ਕਿਹਾ ਕਿ ਉਹ ਪੈਰੋਲ ਲਈ ਅਰਜ਼ੀਆਂ ਦੇਣ ਤਾਂ ਸਰਕਾਰ ਉਨਾਂ 'ਤੇ ਗ਼ੌਰ ਕਰੇਗੀ। ਮੁੱਖ ਮੰਤਰੀ ਨੇ ਵਫ਼ਦ ਨੂੰ ਕਿਹਾ ਕਿ ਉਹ ਪੰਜਾਬ ਪੁਲਿਸ ਦੇ ਮੁਖੀ ਨੂੰ ਮਿਲ ਕੇ ਸਾਰੀ ਸਥਿਤੀ ਉਨ੍ਹਾਂ ਦੇ ਧਿਆਨ ਵਿਚ ਲਿਆਉਣ।

# 'ਮੈਸੰਜਰ ਆਫ ਗੌਡ' ਵਿਚ ਡੇਰਾ ਮੁਖੀ ਨੂੰ ਰੱਬ ਦੱਸਣ ਉਤੇ ਇਤਰਾਜ਼

**ਨਵੀਂ ਦਿੱਲੀ:** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੀ ਫਿਲਮ 'ਮੈਸੰਜਰ ਆਫ ਗਾਡ' ਨੂੰ ਸੈਂਸਰ ਬੋਰਡ ਨੇ ਫਿਲਹਾਲ ਸਸਰਟੀਫਿਕੇਟ ਦੇਣ ਤੋਂ ਇਨਕਾਰ ਕਰ ਦਿੱਤਾ ਹੈ ਤੇ ਇਸ ਨੂੰ ਫਿਲਮ ਸਰਟੀਫਿਕੇਸ਼ਨ ਸਮੀਖਿਆ ਟ੍ਰਿਬਿਊਨ ਕੋਲ ਭੇਜਿਆ ਹੈ। ਸੈਂਸਰ ਬੋਰਡ ਦੇ ਅਧਿਕਾਰੀਆਂ ਨੇ ਦੱਸਿਆ ਕਿ ਸੈਂਸਰ ਬੋਰਡ ਦੀ ਕਮੇਟੀ ਨੇ ਸਰਬਸੰਮਤੀ ਨਾਲ ਫੈਸਲਾ ਲੈਂਦਿਆਂ ਫਿਲਮ ਨੂੰ ਸਮੀਖਿਆ ਕਮੇਟੀ ਨੂੰ ਭੇਜਣ ਦਾ ਫੈਸਲਾ ਲਿਆ ਗਿਆ ਤੇ ਕਮੇਟੀ ਦੀ ਰਿਪੋਰਟ ਤੋਂ ਬਾਅਦ ਹੀ ਫਿਲਮ ਨੂੰ ਸਰਟੀਫਿਕੇਟ ਦੇਣ ਬਾਰੇ ਫੈਸਲਾ ਲਿਆ ਜਾਵੇਗਾ।

ਸੈਂਸਰ ਬੋਰਡ ਦਾ ਕਹਿਣਾ ਹੈ ਕਿ ਡੇਰਾ ਮੁਖੀ ਨੇ ਫ਼ਿਲਮ ਵਿਚ ਆਪਣੇ ਆਪ ਨੂੰ ਰੱਬ ਵਾਂਗ ਪੇਸ਼ ਕੀਤਾ ਹੈ ਤੇ ਬੋਰਡ ਦੀ ਟੀਮ ਵਿਚ ਜ਼ਿਆਦਾਤਰ ਮੈਂਬਰ ਫ਼ਿਲਮ ਦੇ ਖ਼ਿਲਾਫ਼ ਹਨ। ਹੁਣ ਫ਼ਿਲਮ ਨੂੰ ਬੋਰਡ ਦੀ ਸਮੀਖਿਆ ਕਮੇਟੀ ਕੋਲ ਭੇਜਿਆ ਗਿਆ ਹੈ ਤੇ ਫ਼ਿਲਮ ਬਾਰੇ ਆਖਰੀ ਫੈਸਲਾ ਸਮੀਖਿਆ ਕਮੇਟੀ ਨੇ ਹੀ ਕਰਨਾ ਹੈ। ਸੂਤਰਾਂ ਨੇ ਦੱਸਿਆ ਕਿ ਡੇਰਾ ਮੁਖੀ ਨੇ ਭਾਵੇਂ ਫ਼ਿਲਮ ਵਿਚ ਕਿਸੇ ਧਰਮ ਦੀ ਆਲੋਚਨਾ ਨਹੀਂ ਕੀਤੀ ਪਰ ਉਹ ਇਸ ਵਿਚ ਜਾਦੂ ਤੇ ਜਾਨਲੇਵਾ ਬਿਮਾਰੀਆਂ ਦਾ ਇਲਾਜ ਕਰਦੇ ਦਿਖ ਰਹੇ ਹਨ। ਬੋਰਡ ਦੇ ਇਕ ਮੈਂਬਰ ਨੇ ਕਿਹਾ ਕਿ ਉਨ੍ਹਾਂ ਨੇ ਖੁਦ ਨੂੰ ਰੱਬ ਵਾਂਗ ਪੇਸ਼ ਕੀਤਾ ਹੈ ਤੇ ਫ਼ਿਲਮ ਇਸ਼ਤਿਹਾਰੀ ਜ਼ਿਆਦਾ ਲੱਗ ਰਹੀ ਹੈ। ਇਸ ਤੋਂ ਇਲਾਵਾ ਕੁਝ ਦ੍ਰਿਸ਼ਾਂ ਵਿਚ ਜਾਦੂਗਰੀ ਵੀ ਵਿਖਾਈ ਗਈ ਹੈ ਜੋ ਬੇਤੁਕੀ ਹੈ, ਇਸ ਲਈ ਫਿਲਮ ਨੂੰ ਸਮੀਖਿਆ ਕਮੇਟੀ ਕੋਲ ਭੇਜੀ ਗਿਆ ਹੈ ਤੇ ਸਮੀਖਿਆ ਕਮੇਟੀ ਦੇ ਫੈਸਲੇ ਤੋਂ ਬਾਅਦ ਹੀ ਫਿਲਮ ਨੂੰ ਸਰਟੀਫਿਕੇਟ ਦਿੱਤਾ ਜਾਵੇਗਾ। ਇਸੇ ਦੌਰਾਨ ਕੇਂਦਰੀ ਗ੍ਰਹਿ ਮੰਤਰਾਲੇ ਨੇ ਖਦਸ਼ਾ ਪ੍ਰਗਟ ਕੀਤਾ ਹੈ ਕਿ ਫਿਲਮ ਕਾਰਨ ਫਿਰਕੂ ਤਣਾਅ ਪੈਦਾ ਹੋ ਸਕਦਾ ਹੈ ਤੇ ਗ੍ਰਹਿ ਮੰਤਰਾਲਾ ਫਿਲਮ ਨੂੰ ਰਿਲੀਜ਼ ਹੋਣ ਤੋਂ ਰੁਕਵਾਉਣ ਲਈ ਸੈਂਸਰ ਬੋਰਡ ਤੱਕ ਪਹੁੰਚ ਕਰ ਰਿਹਾ ਹੈ।

ਸਮਝਿਆ ਜਾ ਰਿਹਾ ਹੈ ਕਿ ਕਈ ਸਿੱਖ ਸੰਗਠਨਾਂ ਨੇ ਇਸ ਫਿਲਮ ਦੇ ਰਿਲੀਜ਼ ਹੋਣ ਨੂੰ ਲੈ ਕੇ ਕੇਂਦਰੀ ਗ੍ਰਹਿ ਮੰਤਰਾਲੇ ਤੱਕ ਪਹੁੰਚ ਕੀਤੀ ਤੇ ਇਸੇ ਆਧਾਰ 'ਤੇ ਹੀ ਸਰਕਾਰ ਨੇ ਸੈਂਸਰ ਬੋਰਡ ਤੱਕ ਪਹੁੰਚ ਕੀਤੀ ਹੈ। ਗ੍ਰਹਿ ਮੰਤਰਾਲੇ ਦਾ ਕਹਿਣਾ ਹੈ ਕਿ ਉਹ ਸਿੱਖ ਸੰਗਤਾਂ ਤੇ ਡੇਰਾ ਸਮਰਥਕਾਂ ਵਿਚਾਲੇ ਇਸ ਫਿਲਮ ਨੂੰ ਲੈ ਕੇ ਪੈਦਾ ਹੋਣ ਵਾਲੇ ਤਣਾਅ ਤੋਂ ਸੁਚੇਤ ਹੈ ਤੇ ਲੋੜੀਂਦੇ ਕਦਮ ਚੁੱਕੇ ਜਾਣਗੇ। ਜ਼ਿਕਰਯੋਗ ਹੈ ਕਿ ਹਰਿਆਣਾ ਵਿਧਾਨ ਸਭਾ ਚੋਣਾਂ ਦੌਰਾਨ ਡੇਰਾ ਮੁਖੀ ਨੇ ਭਾਜਪਾ ਦੀ ਮਦਦ ਕੀਤੀ ਸੀ ਤੇ ਹਰਿਆਣਾ ਵਿਚ ਇੰਡੀਅਨ ਨੈਸ਼ਨਲ ਲੋਕ ਦਲ ਫਿਲਮ ਦਾ ਵਿਰੋਧ ਕਰ ਰਿਹਾ ਹੈ, ਜਦਕਿ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੈ ਤੇ ਇਥੇ ਸਿੱਖ ਜਥੇਬੰਦੀਆਂ ਫਿਲਮ ਦਾ ਜ਼ਬਰਦਸਤ ਵਿਰੋਧ ਕਰ ਰਹੀਆਂ ਹਨ। ਉਧਰ ਕੇਂਦਰ ਸਰਕਾਰ ਨੇ ਪੰਜਾਬ ਹਰਿਆਣਾ, ਦਿੱਲੀ ਤੇ ਚੰਡੀਗੜ੍ਹ ਪ੍ਰਸ਼ਾਸਨ ਨਾਲ ਰਾਬਤਾ ਕਾਇਮ ਕੀਤਾ ਹੋਇਆ ਹੈ। ਸੂਤਰਾਂ ਦਾ ਕਹਿਣਾ ਹੈ ਕਿ ਸਰਕਾਰ ਸੈਂਸਰ ਬੋਰਡ ਰਾਹੀਂ ਹੀ ਫਿਲਮ ਨੂੰ ਰਿਲੀਜ਼ ਹੋਣ ਤੋਂ ਰੋਕਣ ਦੀ ਕੋਸ਼ਿਸ਼ ਕਰ ਰਹੀ ਹੈ।

### ਸੈਂਸਰ ਬੋਰਡ ਵਲੋਂ ਸਰਟੀਫਿਕੇਟ ਦੇਣ ਤੋਂ ਇਨਕਾਰ




### ਫਿਲਮ ਵਿਚੋਂ ਲੋੜ ਮੁਤਾਬਕ ਕੱਟੇ ਜਾ ਸਕਦੇ ਨੇ ਦ੍ਰਿਸ਼: ਡੇਰਾ ਮੁਖੀ

**ਜੈਪੁਰ:** ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੇ ਕਿਹਾ ਕਿ ਉਹ ਸੈਂਸਰ ਬੋਰਡ ਦੇ ਖ਼ਿਲਾਫ਼ ਨਹੀਂ ਹਨ ਤੇ ਉਹ ਕੁਝ ਦ੍ਰਿਸ਼ ਫਿਲਮ ਵਿਚੋਂ ਕੱਟਣ ਲਈ ਸਹਿਮਤ ਹਨ। ਰਾਮ ਰਹੀਮ ਜੋ ਇਸ ਫਿਲਮ ਦੇ ਨਿਰਮਾਤਾ ਤੇ ਨਿਰਦੇਸ਼ਕ ਖੁਦ ਹੀ ਹਨ, ਨੇ ਕਿਹਾ ਕਿ ਉਹ ਆਪਣੀ ਇਸ ਫਿਲਮ ਨਾਲ ਨਵੀਂ ਪੀੜੀ ਨਾਲ ਜੁੜਣਾ ਚਾਹੁੰਦੇ ਹਨ ਤੇ ਉਨ੍ਹਾਂ ਦੀ ਫਿਲਮ ਵਿਚ ਕੁਝ ਵੀ ਇਤਰਾਜ਼ਯੋਗ ਨਹੀਂ ਹੈ। ਡੇਰਾ ਮੁਖੀ ਨੇ ਕਿਹਾ ਕਿ ਫਿਲਮ ਵਿਚ ਮੈਨੂੰ ਰੱਬ ਨਹੀਂ ਸਗੋਂ ਇਕ ਵਿਅਕਤੀ ਦੇ ਰੂਪ ਪੇਸ਼ ਕੀਤਾ ਤੇ ਫਿਲਮ ਵਿਚ ਮੈਂ ਕਿਸੇ ਧਰਮ ਦਾ ਨਿਰਾਦਰ ਨਹੀਂ ਕੀਤਾ।

# ਗੁਰਦੁਆਰੇ ਦੀਆਂ ਕੰਧਾਂ 'ਤੇ ਲਿਖੀਆਂ ਨਸਲੀ ਟਿੱਪਣੀਆਂ

**ਐਡਮਿੰਟਨ:** ਕੈਨੇਡਾ ਦੇ ਐਡਮਿੰਟਨ ਸ਼ਹਿਰ ਵਿਚ ਕੁਝ ਸ਼ਰਾਰਤੀ ਲੋਕਾਂ ਵੱਲੋਂ ਇਕ ਗੁਰਦੁਆਰਾ ਸਾਹਿਬ ਦੀ ਕੰਧ 'ਤੇ ਨਸਲੀ ਟਿੱਪਣੀਆਂ ਲਿਖੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਐਡਮਿੰਟਨ ਦੇ ਗੁਰਦੁਆਰਾ ਸ੍ਰੀ ਸਿੰਘ ਸਭਾ ਐਡਵਾਈਜ਼ਰੀ ਕਮੇਟੀ ਦੇ ਚੇਅਰਮੈਨ ਹਰਮਨ ਸਿੰਘ ਕੰਦੋਲਾ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੀ ਕੰਧ ਦੇ ਬਾਹਰਲੇ ਪਾਸੇ ਕੁਝ ਸ਼ਰਾਰਤੀਆਂ ਨੇ ਨਸਲੀ ਟਿੱਪਣੀਆਂ ਲਿਖ ਦਿੱਤੀਆਂ ਜਿਸ ਨਾਲ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਸ਼ਰਾਰਤੀਆਂ ਨੇ ਕੰਧਾਂ ਉਪਰ ਅਸ਼ਲੀਲ ਸ਼ਬਦਾਵਲੀ ਲਿਖੀ ਹੋਈ ਸੀ, ਤੇ ਸਪਰੇਅ ਪੇਂਟ ਛਿੜਕਿਆ ਹੋਇਆ ਸੀ। ਕੰਦੋਲਾ ਦਾ ਕਹਿਣਾ ਹੈ ਕਿ ਮਿਲ ਵੂਡਜ਼ ਵਿਚ ਪੈਂਦੇ ਗੁਰਦੁਵਾਰਾ ਸ੍ਰੀ ਗੁਰੂ ਸਿੰਘ ਸਭਾ ਦੀ ਕੰਧ 'ਤੇ ਪਹਿਲਾਂ ਵੀ ਸਪਰੇਅ ਨਾਲ ਅਜਿਹੀਆਂ ਨਸਲੀ ਟਿੱਪਣੀਆਂ ਲਿਖੀਆਂ ਗਈਆਂ ਸਨ। ਸ. ਕੰਧੋਲਾ ਨੇ ਕਿਹਾ ਕਿ ਗੁਰਦੁਵਾਰੇ ਵਿਚ ਕੈਮਰੇ ਵੀ ਲੱਗੇ ਹੋਏ ਹਨ ਜਿਨ੍ਹਾਂ ਤੋਂ ਦੋਸ਼ੀ ਦਾ ਪਤਾ ਲੱਗ ਜਾਵੇਗਾ। ਉਨ੍ਹਾਂ ਕਿਹਾ ਕਿ ਫ਼ਿਲਹਾਲ ਉਹ ਪੁਲਿਸ ਕੋਲ ਇਹ ਮਾਮਲਾ ਨਹੀਂ ਲਿਜਾਣਾ ਚਾਹੁੰਦੇ।

# ਕਾਂਗਰਸੀ ਵਿਧਾਇਕਾਂ ਦਾ ਵਫ਼ਦ ਰਾਸ਼ਟਰਪਤੀ ਨੂੰ ਮਿਲਿਆ

**ਚੰਡੀਗੜ੍ਹ:** ਪੰਜਾਬ ਕਾਂਗਰਸ ਵਿਧਾਇਕ ਦਲ ਦੇ ਵਫ਼ਦ ਨੇ ਰਾਸ਼ਟਰਪਤੀ ਭਵਨ ਵਿਚ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਮੈਮੋਰੰਡਮ ਦੇ ਕੇ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਨੂੰ ਬਰਖ਼ਾਸਤ ਕਰਨ ਦੀ ਮੰਗ ਕੀਤੀ।

ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਨੇ ਮੈਮੋਰੰਡਮ ਦਿੰਦਿਆਂ ਕਿਹਾ ਕਿ ਪੰਜਾਬ ਨਸ਼ਿਆਂ ਵਿਚ ਡੁੱਬਿਆ ਪਿਆ ਹੈ। ਡਰੱਗ ਮਾਫੀਏ ਨਾਲ ਕੁਝ ਮੰਤਰੀਆਂ ਅਤੇ ਵਿਧਾਇਕਾਂ ਦੀ ਮਿਲੀਭੁਗਤ ਦੇ ਵੀ ਖੁਲਾਸੇ ਹੋਏ ਹਨ ਪਰ ਸਰਕਾਰ ਦੀ ਸ਼ਹਿ 'ਤੇ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਹੋ ਰਹੀ। ਉਨ੍ਹਾਂ ਰਾਸ਼ਟਰਪਤੀ ਦੇ ਧਿਆਨ ਵਿਚ ਲਿਆਂਦਾ ਕਿ ਤਿੰਨ ਮੰਤਰੀਆਂ ਨੂੰ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਡਰੱਗ ਮਾਮਲੇ ਸਬੰਧੀ ਸੰਮਨ ਕਰ ਚੁੱਕੀ ਹੈ।

ਪੰਜਾਬ ਦੇ ਮਾਲ ਮੰਤਰੀ ਬਿਕਰਮ ਮਜੀਠੀਆ ਨੂੰ ਵੀ ਈ.ਡੀ. ਵੱਲੋਂ ਸੰਮਨ ਕੀਤਾ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬਿਕਰਮ ਮਜੀਠੀਆ ਨੂੰ ਬਚਾ ਰਹੇ ਹਨ। ਪੰਜਾਬ ਵਿਧਾਨ ਸਭਾ ਸੈਸ਼ਨ ਦੌਰਾਨ ਅਕਾਲੀ ਦਲ ਦੇ ਵਿਧਾਇਕ ਅਤੇ ਮੁੱਖ ਪਾਰਲੀਮਾਨੀ ਸਕੱਤਰ ਵਿਰਸਾ ਸਿੰਘ ਵਲਟੋਹਾ ਨੇ ਅਤਿਵਾਦ ਸਬੰਧੀ ਗੰਭੀਰ ਟਿੱਪਣੀਆਂ ਕੀਤੀਆਂ ਜਿਸ ਨਾਲ ਪੰਜਾਬ ਵਿਚ ਕਥਿਤ ਤੌਰ 'ਤੇ ਅਤਿਵਾਦ ਨੂੰ ਸ਼ਹਿ ਦੇਣ ਦੇ ਸੰਕੇਤ ਮਿਲਦੇ ਹਨ। ਇਸ ਵਿਧਾਇਕ ਵਿਰੁੱਧ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ।

ਆਗੂਆਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਭਾਰਤ-ਪਾਕਿਸਤਾਨ ਸਰਹੱਦ ਨੇੜੇ ਬੀ.ਐਸ.ਐਫ. ਵਿਰੁੱਧ ਧਰਨੇ ਦੇ ਕੇ ਰਾਸ਼ਟਰ ਵਿਰੋਧੀ ਕਾਰਵਾਈ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਹੁਣ ਬਾਦਲ ਸਰਕਾਰ ਅਤਿਵਾਦ ਦੇ ਦੌਰ ਨਾਲ ਸਬੰਧਤ ਏਜੰਡਿਆਂ ਨਾਲ ਪੰਜਾਬੀਆਂ ਨੂੰ ਗੁੰਮਰਾਹ ਕਰ ਰਹੀ ਹੈ। ਵਫ਼ਦ ਵਿਚ ਵਿਧਾਇਕ ਬਲਬੀਰ ਸਿੰਘ ਸਿੱਧੂ, ਚਰਨਜੀਤ ਸਿੰਘ ਚੰਨੀ, ਪ੍ਰਨੀਤ ਕੌਰ, ਕੁਲਜੀਤ ਸਿੰਘ ਨਾਗਰਾ, ਮੁਹੰਮਦ ਸਦੀਕ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸਾਧੂ ਸਿੰਘ ਧਰਮਸੋਤ, ਤਰਲੋਚਨ ਸਿੰਘ, ਹਰਚੰਦ ਕੌਰ, ਗੁਰਇਕਬਾਲ ਕੌਰ ਆਦਿ ਸ਼ਾਮਲ ਸਨ।

# ਕਾਨੂੰਨ ਅਧਿਕਾਰੀਆਂ ਤੋਂ 'ਮੁਫਤ' ਕੰਮ ਕਰਵਾਉਣ 'ਤੇ ਹਾਈਕੋਰਟ ਨਾਰਾਜ਼

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਪੰਜਾਬ ਸਰਕਾਰ ਵੱਲੋਂ ਆਪਣੇ ਕਾਨੂੰਨ ਅਧਿਕਾਰੀਆਂ ਨੂੰ ਤਨਖਾਹਾਂ ਦਾ ਭੁਗਤਾਨ ਨਾ ਕਰਨ 'ਤੇ ਨਾਰਾਜ਼ ਹੋ ਗਈ ਹੈ ਤੇ ਉਸ ਨੇ ਸੂਬੇ ਦੇ ਮੁੱਖ ਸਕੱਤਰ ਨੂੰ ਇਸ ਮਾਮਲੇ ਵਿਚ ਨੋਟਿਸ ਜਾਰੀ ਕਰ ਦਿੱਤਾ ਹੈ।

ਅਦਾਲਤ ਨੇ ਮੁੱਖ ਸਕੱਤਰ ਨੂੰ ਕਿਹਾ ਹੈ ਕਿ ਉਹ ਤਨਖਾਹਾਂ ਨਾ ਦੇਣ ਬਾਰੇ ਸਪਸ਼ਟੀਕਰਨ ਇਕ ਹਲਫਨਾਮੇ ਰਾਹੀਂ ਦੇਣ। ਜਸਟਿਸ ਰਾਜੀਵ ਨਰਾਇਣ ਰੈਨਾ ਨੇ ਕਿਹਾ ਕਿ ਇਹ ਦੇਖ ਕੇ ਬੜੀ ਹੈਰਾਨੀ ਹੋ ਰਹੀ ਹੈ ਕਿ ਸੂਬੇ ਦੇ ਕੁਝ ਕਾਨੂੰਨ ਅਧਿਕਾਰੀਆਂ ਤੋਂ 'ਮੁਫਤ' ਵਿਚ ਕੰਮ ਲਿਆ ਜਾ ਰਿਹਾ ਹੈ। ਅਦਾਲਤ ਸਾਹਮਣੇ ਇਹ ਮਾਮਲਾ ਬਲਬੀਰ ਸਿੰਘ ਕਾਹਲੋਂ ਨੇ ਆਪਣੇ ਵਕੀਲ ਰਾਹੀਂ ਪਟੀਸ਼ਨ ਪਾ ਕੇ ਲਿਆਂਦਾ। ਇਸ ਮਾਮਲੇ ਵਿਚ ਪੰਜਾਬ ਦੇ ਅਡੀਸ਼ਨਲ ਐਡਵੋਕੇਟ ਜਨਰਲ ਏ.ਪੀ.ਐਸ. ਮਾਨ ਨੇ ਮੰਨਿਆ ਕਿ ਕੁਝ ਕਾਨੂੰਨ ਅਧਿਕਾਰੀ, ਜੋ ਪੰਜਾਬ ਐਡਵੋਕੇਟ ਜਨਰਲ ਦੇ ਦਫਤਰ ਵਿਚ ਤਾਇਨਾਤ ਹਨ, ਨੂੰ ਲੰਮੇ ਸਮੇਂ ਤੋਂ ਤਨਖਾਹਾਂ ਨਹੀਂ ਮਿਲੀਆਂ।






# ਕੈਪਟਨ ਅਮਰਿੰਦਰ ਸਿੰਘ ਵਲੋਂ ਹਾਈ ਕਮਾਨ ਨੂੰ ਸਿੱਧੀ ਚੁਣੌਤੀ

**ਨਵੀਂ ਦਿੱਲੀ:** ਪੰਜਾਬ ਵਿਚ ਕਾਂਗਰਸ ਲੀਡਰਸ਼ਿਪ ਵਿਚ ਤਬਦੀਲੀ ਦੀ ਮੰਗ 'ਤੇ ਅੜੇ ਹੋਏ ਕੈਪਟਨ ਅਮਰਿੰਦਰ ਸਿੰਘ ਪਾਰਟੀ 'ਤੇ ਆਪਣਾ ਦਬਾਅ ਪਾਉਣ ਦੇ ਮਕਸਦ ਨਾਲ ਕਾਂਗਰਸ ਕਾਰਜਕਾਰਨੀ ਕਮੇਟੀ ਦੀ ਅਹਿਮ ਮੀਟਿੰਗ ਵਿਚੋਂ ਗੈਰ-ਹਾਜ਼ਰ ਰਹੇ। ਕੈਪਟਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਹਟਾਉਣ ਦੀ ਖੁੱਲ੍ਹ ਕੇ ਮੰਗ ਕਰ ਚੁੱਕੇ ਹਨ। ਦੂਜੇ ਪਾਸੇ ਪਾਰਟੀ ਦੇ ਜਨਰਲ ਸਕੱਤਰ ਜਨਾਰਦਨ ਦਿਵੇਦੀ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਦੇ ਮੀਟਿੰਗ ਵਿਚੋਂ ਗੈਰ-ਹਾਜ਼ਰ ਰਹਿਣ ਨੂੰ 'ਵੱਡਾ ਮਾਮਲਾ' ਕਰਾਰ ਨਾ ਦਿੰਦਿਆਂ ਕਿਹਾ ਹੈ ਕਿ ਕਾਂਗਰਸ ਕਾਰਜਕਾਰਨੀ ਕਮੇਟੀ ਦੇ 34 ਵਿਚੋਂ 4 ਮੈਂਬਰ ਦਿੱਲੀ ਵਿਚੋਂ ਬਾਹਰ ਹੋਣ ਕਾਰਨ ਮੀਟਿੰਗ 'ਚ ਨਹੀਂ ਆਏ। ਉਂਜ, ਸੂਤਰਾਂ ਦਾ ਕਹਿਣਾ ਹੈ ਕਿ ਸਾਬਕਾ ਮੁੱਖ ਮੰਤਰੀ ਦੀ ਗੈਰ-ਹਾਜ਼ਰੀ ਮੀਟਿੰਗ ਵਿਚ ਖਾਸੀ ਰੜਕੀ ਤੇ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨੇ ਆਪਣੇ ਸਿਆਸੀ ਸਕੱਤਰ ਅਹਿਮਦ ਪਟੇਲ ਦੀ ਡਿਊਟੀ ਕੈਪਟਨ ਨੂੰ ਮਨਾਉਣ ਲਈ ਲਗਾ ਦਿੱਤੀ ਹੈ।



ਪਾਰਟੀ ਸੂਤਰਾਂ ਦਾ ਕਹਿਣਾ ਹੈ ਕਿ ਕੈਪਟਨ ਨੇ 22 ਜਨਵਰੀ ਦੀ ਅੰਮ੍ਰਿਤਸਰ ਰੈਲੀ ਬਾਰੇ ਸ. ਬਾਜਵਾ ਸਬੰਧੀ ਆਪਣਾ ਰੁਖ਼ ਨਰਮ ਕਰ ਲਿਆ ਸੀ, ਪਰ ਕਾਰਜਕਾਰਨੀ ਦੀ ਮੀਟਿੰਗ ਵਿਚ ਸ਼ਾਮਲ ਨਾ ਹੋ ਕੇ ਉਨ੍ਹਾਂ ਆਪਣਾ ਰੁਖ਼ ਮੁੜ ਸਖ਼ਤ ਕਰ ਲਿਆ ਹੈ। ਇਸ ਕਾਰਨ ਲੀਡਰਸ਼ਿਪ ਨੂੰ ਉਨ੍ਹਾਂ ਨਾਲ ਤਾਲਮੇਲ ਕਰਨ ਵਿਚ ਮੁਸ਼ਕਲ ਆ ਰਹੀ ਹੈ। ਬੀਤੇ ਦਿਨ ਉਨ੍ਹਾਂ ਕਿਹਾ ਸੀ ਕਿ ਜੇ ਸ. ਬਾਜਵਾ ਰੈਲੀ ਵਿਚ ਸ਼ਾਮਲ ਹੋਣਾ ਚਾਹੁੰਦੇ ਹਨ ਤਾਂ ਉਨ੍ਹਾਂ ਦਾ ਸੁਆਗਤ ਹੈ, ਉਹ (ਸ. ਬਾਜਵਾ) ਰੈਲੀ ਵਿਚ ਸ਼ਮੂਲੀਅਤ ਬਾਰੇ ਕੋਆਰਡੀਨੇਟਰ ਰਾਣਾ ਗੁਰਜੀਤ ਨਾਲ ਸੰਪਰਕ ਕਰ ਸਕਦੇ ਹਨ।

ਯਾਦ ਰਹੇ ਕਿ ਪੰਜਾਬ ਕਾਂਗਰਸ ਦੇ ਕੈਪਟਨ ਅਤੇ ਬਾਜਵਾ ਵਿਚਲੇ ਝਗੜੇ ਵਿਚ ਰਾਹੁਲ ਗਾਂਧੀ, ਸ. ਬਾਜਵਾ ਦੀ ਪਿੱਠ ਥਾਪੜ ਰਹੇ ਹਨ। ਸੂਤਰਾਂ ਮੁਤਾਬਕ, ਕੈਪਟਨ ਅਤੇ ਬਾਜਵਾ ਤੋਂ ਇਲਾਵਾ ਪਾਰਟੀ ਕਿਸੇ ਤੀਜੇ ਆਗੂ ਨੂੰ ਸੂਬੇ ਦਾ ਪ੍ਰਧਾਨ ਬਣਾ ਸਕਦੀ ਹੈ ਅਤੇ ਕੈਪਟਨ ਦਾ ਨਾਮ ਬਾਅਦ ਵਿਚ ਚੋਣ ਪ੍ਰਚਾਰ ਕਮੇਟੀ ਦੇ ਚੇਅਰਮੈਨ ਵਜੋਂ ਪੇਸ਼ ਕੀਤਾ ਜਾ ਸਕਦਾ ਹੈ।

# ਪਾਕਿਸਤਾਨ 'ਚ ਸੱਤ ਅਤਿਵਾਦੀ ਫਾਹੇ ਲਾਏ

**ਇਸਲਾਮਾਬਾਦ:** ਪਾਕਿਸਤਾਨ ਵਿਚ ਦੋਸ਼ੀ ਕਰਾਰ ਦਿੱਤੇ ਗਏ 7 ਅਤਿਵਾਦੀਆਂ ਨੂੰ ਵੱਖ-ਵੱਖ ਜੇਲ੍ਹਾਂ ਵਿਚ ਫਾਂਸੀ ਦੇ ਦਿੱਤੀ ਗਈ। ਇਨ੍ਹਾਂ ਵਿਚ ਸਾਬਕਾ ਫੌਜੀ ਤਾਨਾਸ਼ਾਹ ਜਨਰਲ ਪਰਵੇਜ਼ ਮੁਸ਼ੱਰਫ ਉਪਰ ਹਮਲਾ ਕਰਨ ਵਿਚ ਸ਼ਾਮਲ ਰਿਹਾ ਪਾਕਿਸਤਾਨੀ ਹਵਾਈ ਫੌਜ ਦਾ ਇਕ ਤਕਨੀਸ਼ੀਅਨ ਵੀ ਸ਼ਾਮਲ ਹੈ।

ਹਵਾਈ ਫੌਜ ਦੇ ਸਾਬਕਾ ਜੂਨੀਅਰ ਤਕਨੀਸ਼ੀਅਨ ਨਵਾਜ਼ਿਸ਼ ਅਲੀ ਤੇ ਮੁਸ਼ਤਾਕ ਅਹਿਮਦ ਨੂੰ ਕੇਂਦਰੀ ਜੇਲ੍ਹ ਫੈਸਲਾਬਾਦ ਵਿਚ ਫਾਹੇ ਲਾਇਆ ਗਿਆ। ਅਹਿਮਦ ਵੀ ਮੁਸ਼ੱਰਫ ਉਤੇ ਹਮਲੇ ਵਿਚ ਸ਼ਾਮਲ ਸੀ। ਸੁਕੂਰ ਕੇਂਦਰੀ ਜੇਲ੍ਹ ਵਿਚ ਤਿੰਨ ਅਤਿਵਾਦੀਆਂ ਮੁਹੰਮਦ ਤੱਲ੍ਹਾ, ਖਲੀਲ ਅਹਿਮਦ ਤੇ ਸ਼ਾਹਿਦ ਨਸੀਫ ਨੂੰ ਫਾਂਸੀ ਦਿੱਤੀ ਗਈ। ਇਨ੍ਹਾਂ ਨੂੰ ਸਾਲ 2001 ਵਿਚ ਰੱਖਿਆ ਮੰਤਰਾਲੇ ਦੇ ਡਾਇਰੈਕਟਰ ਸਈਦ ਜ਼ਫਰ ਅਲੀ ਸ਼ਾਹ ਨੂੰ ਮਾਰਨ ਦਾ ਦੋਸ਼ ਸੀ। ਕਰਾਚੀ ਜੇਲ੍ਹ ਵਿਚ ਬਹਿਰਮ ਖਾਨ ਨੂੰ ਫਾਹੇ ਟੰਗਿਆ ਗਿਆ। ਉਸ ਉਪਰ ਸਾਲ 2003 ਵਿਚ ਸਿੰਧ ਹਾਈ ਕੋਰਟ ਦੇ ਕੋਰਟ ਰੂਮ ਵਿਚ ਵਕੀਲ ਮੁਹੰਮਦ ਅਸ਼ਰਫ ਨੂੰ ਮਾਰਨ ਦਾ ਦੋਸ਼ ਸੀ। ਰਾਵਲ ਪਿੰਡੀ ਦੀ ਅਡਿਆਲਾ ਜੇਲ੍ਹ ਵਿਚ ਜ਼ੁਲਫਿਕਾਰ ਅਲੀ ਨੂੰ ਫਾਂਸੀ ਦਿੱਤੀ ਗਈ।

# ਪੰਜਾਬ ਸਿਵਲ ਸਕੱਤਰੇਤ 'ਚੋਂ ਰਿਕਾਰਡ ਗਾਇਬ

**ਚੰਡੀਗੜ੍ਹ:** ਪੰਜਾਬ ਸਿਵਲ ਸਕੱਤਰੇਤ-2 ਵਿਚੋਂ ਅਧਿਆਪਕਾਂ ਦੀਆਂ ਤਰੱਕੀਆਂ ਸਬੰਧੀ ਰਿਕਾਰਡ ਗਾਇਬ ਹੋ ਗਿਆ ਹੈ। ਇਹ ਰਿਕਾਰਡ ਸਾਲ 2008 ਅਤੇ 2010 ਦੌਰਾਨ ਮਾਸਟਰ ਕੇਡਰ ਅਧਿਆਪਕਾਂ ਦੀਆਂ ਹਿਸਟਰੀ ਲੈਕਚਰਾਰਾਂ ਵਜੋਂ ਹੋਈਆਂ ਤਰੱਕੀਆਂ ਨਾਲ ਸੰਬੰਧਿਤ ਸੀ ਜੋ ਸਕੱਤਰੇਤ ਵਿਖੇ ਸਕੱਤਰ ਸਕੂਲ ਸਿੱਖਿਆ ਦਫ਼ਤਰ ਵਿਚ ਮੌਜੂਦ ਸੀ। ਸਿੱਖਿਆ ਵਿਭਾਗ ਨੇ ਇਸ ਬਾਰੇ ਚੰਡੀਗੜ੍ਹ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ।

ਪੰਚਕੂਲਾ ਵਾਸੀ ਐਮ.ਕੇ.ਅਗਰਵਾਲ ਨੇ ਆਰ.ਟੀ.ਆਈ. ਤਹਿਤ ਸਿੱਖਿਆ ਵਿਭਾਗ ਤੋਂ ਇਨ੍ਹਾਂ ਅਧਿਆਪਕਾਂ ਦੀਆਂ ਤਰੱਕੀਆਂ ਦੇ ਹੁਕਮਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਅਤੇ ਹੋਰ ਰਿਕਾਰਡ ਮੰਗਿਆ ਸੀ। ਮਹਿਕਮੇ ਵੱਲੋਂ ਰਿਕਾਰਡ ਨਾ ਦਿੱਤੇ ਜਾਣ 'ਤੇ ਇਸ ਵਿਅਕਤੀ ਨੇ ਇਸ ਦੀ ਸ਼ਿਕਾਇਤ ਸੂਚਨਾ ਕਮਿਸ਼ਨ ਨੂੰ ਕੀਤੀ, ਜਿੱਥੇ ਸਿੱਖਿਆ ਮਹਿਕਮੇ ਵੱਲੋਂ ਪੇਸ਼ ਅਧਿਕਾਰੀ ਨੇ ਹਲਫ਼ਨਾਮਾ ਪੇਸ਼ ਕਰਦਿਆਂ ਦੱਸਿਆ ਕਿ ਅਧਿਆਪਕਾਂ ਦੀਆਂ ਤਰੱਕੀਆਂ ਦੀਆਂ ਕਾਪੀਆਂ ਮੁਹੱਈਆ ਨਹੀਂ ਕਰਵਾਈਆਂ ਜਾ ਸਕਦੀਆਂ ਕਿਉਂਕਿ ਡੀ. ਪੀ. ਆਈ. ਸੈਕੰਡਰੀ ਦਫ਼ਤਰ ਦੇ ਉਸ ਵੇਲੇ ਦੇ ਸੀਨੀਅਰ ਸਹਾਇਕ ਰਾਕੇਸ਼ ਕੁਮਾਰ ਨੇ ਤਰੱਕੀਆਂ ਦੇ ਹੁਕਮਾਂ ਦੀਆਂ ਕਾਪੀਆਂ ਨਾਲ ਸੰਬੰਧਿਤ ਰਿਕਾਰਡ ਤਹਿਤ-ਨਹਿਸ ਅਤੇ ਗੁੰਮ ਕਰ ਦਿੱਤਾ ਸੀ ਜਿਸ ਕਾਰਨ ਮਹਿਕਮੇ ਵਲੋਂ ਉਸ ਨੂੰ ਟਰਮੀਨੇਟ ਕਰ ਦਿੱਤਾ ਗਿਆ ਸੀ।

# ਘਰਾਂ ਵਿਚ ਬਿਜਲੀ ਸਪਲਾਈ ਪੱਖੋਂ ਪੰਜਾਬ ਦੇਸ਼ ਦਾ ਮੋਹਰੀ ਸੂਬਾ

**ਚੰਡੀਗੜ੍ਹ:** ਵਣਜ ਮਾਮਲਿਆਂ ਸੰਬੰਧੀ ਸੰਸਥਾ 'ਦਿ ਐਸੋਸੀਏਟ ਚੈਂਬਰ ਆਫ਼ ਕਾਮਰਸ ਆਫ਼ ਇੰਡੀਆ' (ਐਸੋਚੈਮ) ਨੇ ਕਿਹਾ ਹੈ ਕਿ ਘਰਾਂ 'ਚ ਬਿਜਲੀ ਦੀ ਸਪਲਾਈ ਪੱਖੋਂ ਪੰਜਾਬ ਦੇਸ਼ ਦਾ ਮੋਹਰੀ ਸੂਬਾ ਹੈ। ਅੰਕੜੇ ਜਾਰੀ ਕਰਦਿਆਂ ਐਸੋਚੈਮ ਨੇ ਦੱਸਿਆ ਹੈ ਕਿ ਪੰਜਾਬ ਦੇ ਲੱਗਭਗ 97% ਘਰਾਂ 'ਚ ਬਿਜਲੀ ਦੀ ਸਹੂਲਤ ਮੌਜੂਦ ਹੈ। ਸੰਸਥਾ ਅਨੁਸਾਰ ਸੂਬੇ 'ਚ ਸਾਲ 2001 ਤੋਂ 2011 ਤੱਕ ਬਿਜਲੀ ਸਹੂਲਤ ਮੁਹੱਈਆ ਕਰਾਉਣ ਪੱਖੋਂ ਸੁਧਾਰ ਹੋਇਆ ਹੈ। ਜਿੱਥੇ ਸਾਲ 2001 'ਚ ਪੰਜਾਬ 'ਚ ਬਿਜਲੀ ਦੀ ਕਵਰੇਜ ਦਰ 91.1% ਸੀ, ਉਹ ਦਰ ਸਾਲ 2011 ਵਿਚ 5% ਵਾਧੇ ਨਾਲ 96.6% 'ਤੇ ਪਹੁੰਚ ਗਈ ਹੈ।


ਰੈਸਟੋਰੈਂਟ ਸਟਾਫ ਦੀ ਲੋੜ ਹੈ

ਸਿਨਸਿਨੈਟੀ (ਓਹਾਇਓ) ਵਿਚ ਇੰਡੀਅਨ ਰੈਸਟੋਰੈਂਟ ਵਾਸਤੇ ਸਰਵਰ, ਕਿਚਨ ਹੈਲਪਰ, ਕੁਕ ਅਤੇ ਤੰਦੂਰੀਏ ਦੀ ਲੋੜ ਹੈ

ਫਰੀ ਰਿਹਾਇਸ਼, ਫਰੀ ਖਾਣਾ

ਸੰਪਰਕ ਕਰੋ

ਫੋਨ: 513-203-6315



ਟਰੱਕਿੰਗ ਦੀ ਦੁਨੀਆਂ ਵਿਚ ਇਕ ਨਵਾਂ ਉਪਰਾਲਾ



ਟਰੱਕਿੰਗ ਵਿਚ ਛਾਏ ਹੋਏ ਓਨਰ ਅਪਰੇਟਰਾਂ ਲਈ ਖੁਸ਼ਖਬਰੀ!

ਹੁਣ ਤੁਹਾਨੂੰ ਆਪਣੇ ਟਰੱਕ ਕਿਸੇ ਕੰਪਨੀ ਨੂੰ ਲੀਜ਼ ਕਰਨ ਦੀ ਜ਼ਰੂਰਤ ਨਹੀਂ।

ਅਸੀਂ ਤੁਹਾਡੇ ਵਾਸਤੇ ਤੁਹਾਡੇ ਪਰਮਿਟਾਂ ਉਤੇ ਲੋਡ ਲੱਭ ਕੇ ਦਿਆਂਗੇ।

- ਤੁਹਾਡੇ ਲੋਡ ਦਾ ਚੈਕ ਤੁਹਾਡੇ ਹੀ ਨਾਂ ਉਤੇ ਹੋਵੇਗਾ।
- ਡਿਸਪੈਚ ਦੇ ਨਾਂ 'ਤੇ ਹੁੰਦੀ ਲੁੱਟ ਤੋਂ ਛੁਟਕਾਰਾ।
- ਧੱਕੇ ਨਾਲ ਚੁਕਾਏ ਜਾਂਦੇ ਲੋਡਾਂ ਤੋਂ ਬਚਾਅ।
- ਅਸੀਂ ਤੁਹਾਡੇ ਲਈ ਕੰਮ ਕਰਾਂਗੇ, ਨਾ ਕਿ ਤੁਸੀਂ ਸਾਡੇ ਲਈ।
- ਇਕ ਜਾਂ ਦੋ ਟਰੱਕਾਂ ਦੇ ਮਾਲਕਾਂ ਲਈ ਪੈਸੇ ਕਮਾਉਣ ਦਾ ਸੁਨਹਿਰੀ ਮੌਕਾ।

ਹਰ ਤਰ੍ਹਾਂ ਦੀ ਜਾਣਕਾਰੀ ਲਈ ਕਾਲ ਕਰੋ ਫੋਨ: 209-910-9731

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**


The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪਰਵਾਸੀਆਂ ਨੂੰ ਵੋਟ ਦਾ ਹੱਕ ਦੇਣ ਦਾ ਹੁਕਮ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਆਦੇਸ਼ ਦਿੱਤਾ ਹੈ ਕਿ ਪਰਵਾਸੀ ਭਾਰਤੀਆਂ ਨੂੰ ਅੱਠ ਹਫਤਿਆਂ ਦੇ ਅੰਦਰ ਈ-ਵੋਟਿੰਗ ਦਾ ਅਧਿਕਾਰ ਦਿੱਤਾ ਜਾਵੇ। ਦੇਸ਼ ਦੀ ਚੋਟੀ ਅਦਾਲਤ ਵਿਚ ਦਾਇਰ ਰਿਪੋਰਟ ਵਿਚ ਕੇਂਦਰ ਸਰਕਾਰ ਨੇ ਕਿਹਾ ਹੈ ਕਿ ਚੋਣ ਕਮਿਸ਼ਨ ਵੱਲੋਂ ਕੀਤੀ ਗਈ ਸਿਫਾਰਿਸ਼ ਅਨੁਸਾਰ ਉਸ ਨੇ ਵਿਦੇਸ਼ਾਂ ਵਿਚ ਰਹਿੰਦੇ ਭਾਰਤੀ ਪਾਸਪੋਰਟ ਧਾਰਕਾਂ ਨੂੰ ਈ-ਵੋਟਿੰਗ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ 'ਤੇ ਸੁਪਰੀਮ ਕੋਰਟ ਨੇ ਕਿਹਾ ਕਿ ਜਿੰਨੀ ਵੀ ਛੇਤੀ ਸੰਭਵ ਹੋ ਸਕੇ ਪਰਵਾਸੀ ਭਾਰਤੀਆਂ ਨੂੰ ਈ-ਬੈਲਟ ਵੋਟਿੰਗ ਦੀ ਇਜਾਜ਼ਤ ਦਿੱਤੀ ਜਾਵੇ।




ਇਸ ਨਾਲ ਤਕਰੀਬਨ ਇਕ ਕਰੋੜ 10 ਲੱਖ ਪਰਵਾਸੀ ਭਾਰਤੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਮਿਲ ਜਾਵੇਗਾ। ਈ-ਵੋਟਿੰਗ ਲਈ ਖਾਲੀ ਵੋਟ ਪਰਚੀ ਈ ਮੇਲ ਰਾਹੀਂ ਵਿਦੇਸ਼ ਰਹਿੰਦੇ ਮੱਤਦਾਤਾਂ ਨੂੰ ਭੇਜੀ ਜਾਵੇਗੀ ਜੋ ਉਸ ਨੂੰ ਭਰਕੇ ਡਾਕ ਰਾਹੀਂ ਆਪਣੇ ਹਲਕੇ ਵਿਚ ਭੇਜੇਗਾ। ਚੋਣ ਕਮਿਸ਼ਨ ਨੇ ਕਿਹਾ ਹੈ ਕਿ ਈ ਵੋਟਿੰਗ ਰਾਹੀਂ ਹੇਰਾਫੇਰੀ ਦੀ ਸੰਭਾਵਨਾ ਬਹੁਤ ਘੱਟ ਹੈ। ਇਥੇ ਵਰਣਨਯੋਗ ਹੈ ਕਿ 2010 ਵਿਚ ਸਰਕਾਰ ਨੇ ਪਰਵਾਸੀ ਭਾਰਤੀਆਂ ਦੇ ਵੋਟ ਪਾਉਣ ਦੇ ਅਧਿਕਾਰ ਨੂੰ ਪ੍ਰਵਾਨਗੀ ਦੇ ਦਿੱਤੀ ਸੀ ਪਰ ਮੌਜੂਦ ਨਿਯਮਾਂ ਅਨੁਸਾਰ ਵੋਟ ਪਾਉਣ ਮੌਕੇ ਉਨ੍ਹਾਂ ਦਾ ਹਾਜ਼ਰ ਹੋਣਾ ਜ਼ਰੂਰੀ ਸੀ। ਇਕ ਪਟੀਸ਼ਨ ਵਿਚ ਚੁਣੌਤੀ ਦਿੱਤੀ ਗਈ ਸੀ ਕਿ ਇਹ ਬੁਨਿਆਦੀ ਤੌਰ 'ਤੇ ਬੇਇਨਸਾਫੀ ਹੈ। ਇਸ ਉਪਰੰਤ ਅਦਾਲਤ ਨੇ ਚੋਣ ਕਮਿਸ਼ਨ ਕੋਲੋਂ ਰਿਪੋਰਟ ਮੰਗੀ ਸੀ।

## ਬੰਦੀ ਸਿੱਖਾਂ ਦੀ ਰਿਹਾਈ ਦਾ ਮਸਲਾ ਉਲਝਿਆ

*(ਸਫਾ ਇਕ ਦੀ ਬਾਕੀ)*

ਸਰਕਾਰ ਨੂੰ ਉੱਤਰ ਪ੍ਰਦੇਸ਼, ਰਾਜਸਥਾਨ, ਪੱਛਮੀ ਬੰਗਾਲ, ਕਰਨਾਟਕ ਤੇ ਗੁਜਰਾਤ ਤੋਂ ਇਲਾਵਾ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ ਵਿਚ ਕੈਦ 13 ਕੈਦੀਆਂ ਦੀ ਰਿਹਾਈ ਦੇ ਮੁੱਦੇ 'ਤੇ ਜ਼ਰੂਰੀ ਨਜ਼ਰਸਾਨੀ ਕਰਨ ਲਈ ਕਿਹਾ ਸੀ। ਦਾਅਵਾ ਕੀਤਾ ਗਿਆ ਸੀ ਕਿ ਕੁਝ ਕੈਦੀ ਤਾਂ 80 ਸਾਲ ਤੋਂ ਵੀ ਵੱਧ ਦੇ ਬਜ਼ੁਰਗ ਹਨ ਤੇ ਇਕ ਦੀ ਤਾਂ ਅੱਖਾਂ ਦੀ ਰੌਸ਼ਨੀ ਵੀ ਨਹੀਂ ਰਹੀ। ਇਹ ਵੀ ਮੰਗ ਕੀਤੀ ਗਈ ਕਿ ਵੱਖ-ਵੱਖ ਜੇਲ੍ਹਾਂ ਵਿਚ 182 ਕੈਦੀ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਹਨ ਜਿਨ੍ਹਾਂ ਵਲੋਂ ਘੱਟੋ-ਘੱਟ ਲੋੜੀਂਦੀ ਸਜ਼ਾ ਭੁਗਤ ਲਈ ਗਈ ਹੈ ਤੇ ਇਨ੍ਹਾਂ ਦੇ ਮਾਮਲੇ ਨੂੰ ਸਮੇਂ ਤੋਂ ਪਹਿਲਾਂ ਰਿਹਾਈ ਦੀ ਨੀਤੀ ਤਹਿਤ ਵਿਚਾਰਿਆ ਜਾ ਸਕਦਾ ਹੈ। ਇਹ ਅੰਕੜੇ ਪੇਸ਼ ਕਰ ਕੇ ਬਾਦਲ ਸਰਕਾਰ ਆਪ ਵੀ ਵਿਵਾਦਾਂ ਦੇ ਘੇਰੇ ਵਿਚ ਆ ਗਈ ਸੀ ਕਿਉਂਕਿ ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਕੈਦੀਆਂ ਬਾਰੇ ਬਾਦਲ ਨੂੰ ਜਵਾਬ ਦੇਣਾ ਔਖਾ ਹੋ ਗਿਆ ਸੀ।

## ਜਥੇਦਾਰ ਨੰਦਗੜ੍ਹ ਦੇ ਹੱਕ ਵਿਚ ਲਾਮਬੰਦੀ

*(ਸਫਾ ਇਕ ਦੀ ਬਾਕੀ)*

ਸੰਤ ਸਮਾਜ ਉੱਤੇ ਅਜਿਹਾ ਆਰ.ਐਸ.ਐਸ. ਦੇ ਇਸ਼ਾਰੇ 'ਤੇ ਕਰਨ ਦਾ ਦੋਸ਼ ਲਾਇਆ ਹੈ। ਇਸ ਬਾਰੇ ਸੰਤ ਸਮਾਜ ਦੀਆਂ ਕਈ ਮੀਟਿੰਗ ਵੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨਾਲ ਹੋ ਚੁੱਕੀਆਂ ਹਨ ਤੇ ਸੰਤ ਸਮਾਜ ਇਸ ਕੜੀ ਤਹਿਤ ਕੈਲੰਡਰ ਨੂੰ ਬਿਕਰਮੀ ਵਿਚ ਤਬਦੀਲ ਕਰਨ ਲਈ ਰਸਮੀ ਤੌਰ 'ਤੇ ਇਕ ਮੰਗ ਪੱਤਰ ਵੀ ਅਕਾਲ ਤਖਤ ਦੇ ਜਥੇਦਾਰ ਨੂੰ ਸੌਂਪ ਚੁੱਕੀ ਹੈ। ਇਸ ਦੌਰਾਨ ਪੰਥਕ ਤਾਲਮੇਲ ਦਲ ਦੇ ਮੁਖੀ ਤੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਆਖਿਆ ਕਿ ਜਥੇਦਾਰ ਨੰਦਗੜ੍ਹ ਨੂੰ ਇਸ ਤਰੀਕੇ ਨਾਲ ਹਟਾਉਣਾ ਠੀਕ ਨਹੀਂ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਇਸ ਮਸਲੇ ਨੂੰ ਹੱਲ ਕਰਨ ਲਈ ਪੰਥਕ ਰੀਤ ਮੁਤਾਬਕ ਗੱਲਬਾਤ ਕਰਨੀ ਚਾਹੀਦੀ ਹੈ। ਦਲ ਖਾਲਸਾ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪੱਤਰ ਲਿਖ ਕੇ ਆਖਿਆ ਕਿ ਉਹ ਅਜਿਹੀ ਗੁਸਤਾਖੀ ਨਾ ਕਰਨ। ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਚਿਤਾਵਨੀ ਦਿੱਤੀ ਕਿ ਜੇ ਜਥੇਦਾਰ ਨੰਦਗੜ੍ਹ ਨੂੰ ਹਟਾਇਆ ਗਿਆ ਤਾਂ ਉਹ ਇਹ ਮਾਮਲਾ ਸੁਪਰੀਮ ਕੋਰਟ ਵਿਚ ਲੈ ਕੇ ਜਾਣਗੇ।

ਉਨ੍ਹਾਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਸਾਥੀ ਜਥੇਦਾਰ ਦੇ ਨਾਲ ਇਸ ਔਖੇ ਵੇਲੇ ਖੜ੍ਹੇ ਹੋਣ ਤੇ ਉਨ੍ਹਾਂ ਨੂੰ ਅਪਮਾਨਤ ਕਰ ਕੇ ਅਹੁਦੇ ਤੋਂ ਫਾਰਗ ਕਰਨ ਦੀ ਪਿਰਤ ਨੂੰ ਰੋਕਣ ਲਈ ਦ੍ਰਿੜ੍ਹ ਸਟੈਂਡ ਲੈਣ। ਜੇ ਸ਼੍ਰੋਮਣੀ ਕਮੇਟੀ ਜਥੇਦਾਰ ਨੂੰ ਹਟਾਉਣ ਦਾ ਆਪ-ਹੁਦਰਾ ਤੇ ਰਾਜਨੀਤੀ ਤੋਂ ਪ੍ਰੇਰਿਤ ਫੈਸਲਾ ਕਰਦੀ ਹੈ ਤਾਂ ਇਸ ਨਾਲ ਪੰਥਕ ਹਲਕਿਆਂ ਵਿਚ ਗੁੱਸੇ ਦੀ ਲਹਿਰ ਦੌੜੇਗੀ।

### ਕੈਲੰਡਰ ਵਿਵਾਦ ਨਾਲ ਆਰ.ਐਸ.ਐਸ. ਦਾ ਕੋਈ ਸਬੰਧ ਨਹੀਂ: ਸ਼ਾਸਤਰੀ

ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਤੇ ਰਾਸ਼ਟਰੀ ਸਿੱਖ ਸੰਗਤ ਦੇ ਜਨਰਲ ਸਕੱਤਰ ਡਾ. ਅਵਤਾਰ ਸਿੰਘ ਸ਼ਾਸਤਰੀ ਨੇ ਆਖਿਆ ਹੈ ਕਿ ਨਾਨਕਸ਼ਾਹੀ ਕੈਲੰਡਰ ਜਾਂ ਬਿਕਰਮੀ ਕੈਲੰਡਰ ਨਾਲ ਆਰ.ਐਸ.ਐਸ. ਦਾ ਕੋਈ ਲੈਣਾ-ਦੇਣਾ ਨਹੀਂ ਹੈ। ਸਿੱਖ ਕੌਮ ਨਾਨਕਸ਼ਾਹੀ ਕੈਲੰਡਰ ਜਾਂ ਬਿਕਰਮੀ ਕੈਲੰਡਰ ਲਾਗੂ ਕਰੇ, ਇਸ ਬਾਰੇ ਆਰ.ਐਸ.ਐਸ. ਨੂੰ ਕੋਈ ਇਤਰਾਜ਼ ਨਹੀਂ ਹੈ। ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਤੋਂ ਅਸਤੀਫਾ ਲੈਣ ਦੀ ਪ੍ਰਸਤਾਵਿਤ ਯੋਜਨਾ ਨਾਲ ਵੀ ਆਰ.ਐਸ.ਐਸ ਦਾ ਕੋਈ ਸਬੰਧ ਨਹੀਂ ਹੈ।

## 'ਸ਼ੈਰਲੀ ਐਬਦੋ' ਤੋਂ ਬਾਅਦ ਜਰਮਨ ਅਖ਼ਬਾਰ ਬਣਿਆ ਨਿਸ਼ਾਨਾ

**ਬਰਲਿਨ:** ਜਰਮਨੀ ਦੇ ਹੈਮਬਰਗ ਸ਼ਹਿਰ ਵਿਚ ਉਸ ਅਖ਼ਬਾਰ ਦੀ ਇਮਾਰਤ ਨੂੰ ਨਿਸ਼ਾਨਾ ਬਣਾਇਆ ਗਿਆ ਹੈ ਜਿਸ ਨੇ ਫਰਾਂਸ ਦੇ ਵਿਅੰਗ ਰਸਾਲੇ 'ਸ਼ੈਰਲੀ ਐਬਦੋ' ਵਿਚ ਪ੍ਰਕਾਸ਼ਤ ਪੈਗੰਬਰ ਮੁਹੰਮਦ ਦੇ ਕਾਰਟੂਨ ਛਾਪੇ ਗਏ ਸਨ। ਪੁਲਿਸ ਨੇ ਇਸ ਹਮਲੇ ਵਿਚ ਸ਼ਾਮਲ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਮੁਤਾਬਕ ਰੋਜ਼ਾਨਾ ਅਖ਼ਬਾਰ 'ਹੈਮਬਰਗਰ ਮੋਰਗਨ ਪੋਸਟ' ਦੇ ਦਫ਼ਤਰ ਉਪਰ ਪੱਥਰ ਸੁੱਟੇ ਤੇ ਖਿੜਕੀ ਰਾਹੀਂ ਅੰਦਰ ਕੋਈ ਸੜਦੀ ਹੋਈ ਵਸਤੂ ਸੁੱਟ ਦਿੱਤੀ। ਅਖ਼ਬਾਰ ਨੇ 'ਵੱਧ ਆਜ਼ਾਦੀ ਹੋਣੀ ਚਾਹੀਦੀ ਹੈ' ਸਿਰਲੇਖ ਹੇਠ ਕਾਰਟੂਨ ਪ੍ਰਕਾਸ਼ਤ ਕੀਤੇ ਸਨ।

ਯਾਦ ਰਹੇ ਕਿ ਫਿਰਕੂ ਜਨੂੰਨੀਆਂ ਨੇ ਪੈਰਿਸ (ਫਰਾਂਸ) ਵਿਚ 'ਸ਼ੈਰਲੀ ਐਬਦੋ' ਦੇ ਦਫਤਰ ਵਿਚ ਹਮਲਾ ਕਰ ਕੇ 12 ਜਣਿਆਂ ਦੀ ਹੱਤਿਆ ਕਰ ਦਿੱਤੀ ਸੀ। ਬਾਅਦ ਵਿਚ ਹਮਲਾਵਰ ਭਰਾ ਸ਼ਰੀਫ ਕੁਆਚੀ ਅਤੇ ਸਈਦ ਕੁਆਚੀ ਨੂੰ ਘੇਰਾ ਪੈ ਗਿਆ ਸੀ ਅਤੇ ਉਹ ਮਾਰੇ ਗਏ ਸਨ।

ਇਸੇ ਦੌਰਾਨ ਵਿਅੰਗ ਹਫ਼ਤਾਵਾਰੀ ਅਖ਼ਬਾਰ 'ਸ਼ੈਰਲੀ ਐਬਦੋ' ਅਤੇ ਸੁਪਰ-ਮਾਰਕਿਟ 'ਤੇ ਹੋਏ ਹਮਲੇ ਤੋਂ ਬਾਅਦ ਅਲ-ਕਾਇਦਾ ਨੇ ਫਰਾਂਸ ਉਤੇ ਹੋਰ ਹਮਲੇ ਕਰਨ ਦੀ ਧਮਕੀ ਦਿੱਤੀ ਹੈ। ਯਮਨ ਅਲ-ਕਾਇਦਾ ਦੇ ਉੱਚ ਸ਼ੀਆ ਨੇਤਾ ਦੀ ਧਮਕੀ ਵਾਲਾ ਵੀਡੀਓ ਸਾਹਮਣੇ ਆਇਆ ਹੈ ਜਿਸ ਵਿਚ ਉਸ ਨੇ ਇਸਲਾਮ ਦਾ ਵਿਰੋਧ ਕਰਨ ਵਾਲਿਆਂ ਨੂੰ ਸਬਕ ਸਿਖਾਉਣ ਦੀ ਧਮਕੀ ਦਿੱਤੀ ਹੈ।

## ਗੁਆਚੇ ਬੱਚਿਆਂ ਬਾਰੇ ਰਵੱਈਏ ਤੋਂ ਅਦਾਲਤ ਨਾਖੁਸ਼

**ਨਵੀਂ ਦਿੱਲੀ:** ਭਾਰਤ ਦੀ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਉਹ ਦੇਸ਼ ਭਰ ਵਿਚ ਲਾਪਤਾ ਇਕ ਲੱਖ ਤੋਂ ਵੱਧ ਬੱਚਿਆਂ ਨੂੰ ਲੱਭਣ ਲਈ ਚੁਸਤ ਹੋਵੇ ਤੇ ਇਨ੍ਹਾਂ ਬੱਚਿਆਂ ਦੇ ਮੁੜ-ਵਸੇਬੇ ਲਈ ਦੇਸ਼ ਦੀਆਂ ਤਿੰਨ ਅਹਿਮ ਸੰਸਥਾਵਾਂ ਦਾ ਸਹਿਯੋਗ ਲਵੇ। ਜਸਟਿਸ ਮਦਨ ਲੋਕੁਰ ਤੇ ਜਸਟਿਸ ਆਰ.ਐਫ. ਨਰੀਮਨ ਦੇ ਬੈਂਚ ਨੇ ਕੇਂਦਰ ਦੀ ਖਿਚਾਈ ਕਰਦਿਆਂ ਕਿਹਾ ਕਿ ਉਹ ਲਾਪਤਾ ਬੱਚਿਆਂ ਦੇ ਮੁੜ-ਵਸੇਬੇ ਸਬੰਧੀ ਦਿੱਲੀ ਯੂਨੀਵਰਸਿਟੀ ਦੀ ਫੈਕਲਟੀ ਮੈਨੇਜਮੈਂਟ ਸਟੱਡੀਜ਼, ਪੁਲਿਸ ਟਰੇਨਿੰਗ ਅਕੈਡਮੀ ਹੈਦਰਾਬਾਦ ਤੇ ਟਾਟਾ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਿਜ਼ ਮੁੰਬਈ ਦੀਆਂ ਸੇਵਾਵਾਂ ਲਵੇ। ਸਰਕਾਰ ਬੱਚਿਆਂ ਦੀ ਭਲਾਈ ਲਈ ਬਣੀਆਂ ਸੰਸਥਾਵਾਂ ਦੀਆਂ ਵੱਡੇ ਪੱਧਰ 'ਤੇ ਖ਼ਾਲੀ ਪਈਆਂ ਅਸਾਮੀਆਂ ਭਰੇ।

## ਕੀਰਤਪੁਰ ਸਾਹਿਬ ਵਿਚ ਵੀ ਪਿੰਨੀ ਪ੍ਰਸ਼ਾਦ ਸ਼ੁਰੂ

**ਕੀਰਤਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤਸਰ ਦੇ ਦਰਬਾਰ ਸਾਹਿਬ ਵਿਖੇ ਸੰਗਤਾਂ ਨੂੰ ਮਿਲਣ ਵਾਲਾ ਪਿੰਨੀ ਪ੍ਰਸ਼ਾਦ ਹੁਣ ਕੀਰਤਪੁਰ ਸਾਹਿਬ ਦੇ ਗੁਰਧਾਮਾਂ ਦੇ ਦਰਸ਼ਨਾਂ ਲਈ ਆਉਣ ਵਾਲੀ ਸੰਗਤ ਨੂੰ ਵੀ ਮਿਲੇਗਾ। ਇਸ ਦੀ ਸ਼ੁਰੂਆਤ ਕੀਰਤਪੁਰ ਸਾਹਿਬ ਦੇ ਇਤਿਹਾਸਕ ਗੁਰਦੁਆਰਾ ਬਾਬਾ ਗੁਰਦਿੱਤਾ ਤੋਂ ਕੀਤੀ ਗਈ ਹੈ। ਦੱਸਣਯੋਗ ਹੈ ਕਿ ਕੀਰਤਪੁਰ ਸਾਹਿਬ ਵਿਖੇ ਆਉਣ ਵਾਲੀ ਸੰਗਤ ਦੀ ਚਿਰੋਕਣੀ ਮੰਗ ਸੀ ਕਿ ਪਿੰਨੀ ਪ੍ਰਸ਼ਾਦ ਮੁਹੱਈਆ ਕਰਾਇਆ ਜਾਵੇ। ਇਸ ਮੰਗ ਮਗਰੋਂ ਹੀ ਦੇਸੀ ਘਿਓ ਨਾਲ ਤਿਆਰ ਪਿੰਨੀਆਂ ਦੇ ਪ੍ਰਸ਼ਾਦ ਦੀ ਸ਼ੁਰੂਆਤ ਕੀਰਤਪੁਰ ਸਾਹਿਬ ਦੇ ਗੁਰਦੁਆਰਾ ਪਤਾਲਪੁਰੀ, ਗੁਰਦੁਆਰਾ ਬਾਬਾ ਗੁਰਦਿੱਤਾ ਵਿਖੇ ਵਿਸ਼ੇਸ਼ ਕਾਊਂਟਰ ਲਗਾ ਕੇ ਕੀਤੀ ਗਈ ਹੈ।

## ਜਗਤਾਰ ਸਿੰਘ ਤਾਰਾ ਦੀ ਹਵਾਲਗੀ ਰੋਕਣ ਲਈ ਚਾਰਾਜੋਈ

**ਅੰਮ੍ਰਿਤਸਰ:** ਬੇਅੰਤ ਸਿੰਘ ਕਤਲ ਕਾਂਡ ਦੇ ਦੋਸ਼ੀ ਜਗਤਾਰ ਸਿੰਘ ਤਾਰਾ ਦੀ ਭਾਰਤ ਹਵਾਲਗੀ ਰੋਕਣ ਲਈ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਥਾਈਲੈਂਡ ਸਰਕਾਰ ਤੱਕ ਪਹੁੰਚ ਕਰਨੀ ਸ਼ੁਰੂ ਕਰ ਦਿੱਤੀ ਹੈ। ਇੰਗਲੈਂਡ ਵਿਚ ਦਲ ਖਾਲਸਾ ਦੇ ਆਗੂਆਂ ਵੱਲੋਂ ਥਾਈਲੈਂਡ ਸਫ਼ਾਰਤਖਾਨੇ ਨੂੰ ਇਸ ਸਬੰਧੀ ਮੰਗ ਪੱਤਰ ਵੀ ਦਿੱਤਾ ਗਿਆ ਹੈ।

ਦਲ ਖ਼ਾਲਸਾ(ਯੂ.ਕੇ.) ਦੇ ਆਗੂ ਮਨਮੋਹਨ ਸਿੰਘ ਖ਼ਾਲਸਾ ਅਤੇ ਹੋਰ ਨੁਮਾਇੰਦਿਆਂ ਨੇ ਇੰਗਲੈਂਡ ਵਿਚ ਥਾਈਲੈਂਡ ਸਫ਼ਾਰਤਖਾਨੇ ਨੂੰ ਸਿੱਖ ਭਾਈਚਾਰੇ ਵੱਲੋਂ ਮੰਗ ਪੱਤਰ ਸੌਂਪਿਆ। ਇਹ ਮੰਗ ਪੱਤਰ ਫੈਡਰੇਸ਼ਨ ਆਫ਼ ਸਿੱਖ ਆਰਗੇਨਾਈਜੇਸ਼ਨ (ਯੂ.ਕੇ) ਦੇ ਬੈਨਰ ਹੇਠ ਦਿੱਤਾ ਗਿਆ ਹੈ ਜਿਸ ਵਿਚ ਵੱਖ ਵੱਖ ਸਿੱਖ ਜਥੇਬੰਦੀਆਂ ਦੇ ਦਸਤਖ਼ਤ ਹਨ। ਉਨ੍ਹਾਂ ਨੇ ਥਾਈਲੈਂਡ ਸਰਕਾਰ ਨੂੰ ਅਪੀਲ ਕੀਤੀ ਕਿ ਜਗਤਾਰ ਸਿੰਘ ਤਾਰਾ ਨੂੰ ਭਾਰਤ ਹਵਾਲੇ ਨਾ ਕੀਤਾ ਜਾਵੇ, ਕਿਉਂਕਿ ਉਸ ਨੂੰ ਭਾਰਤੀ



ਅਦਾਲਤ ਵੱਲੋਂ ਮੌਤ ਦੀ ਸਜ਼ਾ ਸੁਣਾਈ ਜਾ ਸਕਦੀ ਹੈ। ਉਨ੍ਹਾਂ ਆਖਿਆ ਕਿ ਜੇ ਉਸ ਨੂੰ ਭਾਰਤ ਹਵਾਲੇ ਕੀਤਾ ਜਾਂਦਾ ਹੈ ਤਾਂ ਮੌਤ ਦੀ ਸਜ਼ਾ ਨੂੰ ਰੋਕਣ ਲਈ ਕੀਤੀ ਜਾ ਰਹੀ ਚਾਰਾਜੋਈ ਨੂੰ ਢਾਹ ਲੱਗੇਗੀ। ਇਸ ਮਾਮਲੇ ਵਿਚ ਭਾਰਤੀ ਜੇਲ੍ਹਾਂ 'ਚ ਬੰਦ ਸਿੱਖਾਂ ਦਾ ਹਵਾਲਾ ਵੀ ਦਿੱਤਾ ਗਿਆ ਹੈ ਜੋ ਸਜ਼ਾ ਪੂਰੀ ਕਰਨ ਤੋਂ ਬਾਅਦ ਵੀ ਜੇਲ੍ਹਾਂ ਵਿਚ ਬੰਦ ਹਨ। ਇਸ ਤੋਂ ਇਲਾਵਾ ਸਿੱਖ ਜਥੇਬੰਦੀਆਂ ਵੱਲੋਂ ਸੋਸ਼ਲ ਮੀਡੀਆ 'ਤੇ ਵੀ ਪ੍ਰਚਾਰ ਕਰ ਕੇ ਜਗਤਾਰ ਸਿੰਘ ਤਾਰਾ ਨੂੰ ਭਾਰਤ ਹਵਾਲੇ ਕੀਤੇ ਜਾਣ ਦੀ ਕਾਰਵਾਈ ਨੂੰ ਰੋਕਣ ਦਾ ਯਤਨ ਕੀਤਾ ਜਾ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਵੀ ਵੱਖ ਵੱਖ ਦੇਸ਼ਾਂ ਵਿਚਲੇ ਆਪਣੇ ਵਿੰਗਾਂ ਨੂੰ ਆਦੇਸ਼ ਦਿੱਤੇ ਗਏ ਹਨ ਕਿ ਉਹ ਉਥੋਂ ਦੇ ਸਫ਼ਾਰਤਖਾਨਿਆਂ ਨੂੰ ਮੰਗ ਪੱਤਰ ਸੌਂਪਣ। ਜਥੇਬੰਦੀ ਦੇ ਜਨਰਲ ਸਕੱਤਰ ਜਰਨੈਲ ਸਿੰਘ ਸਖੀਰਾ ਨੇ ਦੱਸਿਆ ਕਿ ਫਰਾਂਸ ਵਿਚ ਚੈਨ ਸਿੰਘ ਵੱਲੋਂ ਇਸ ਸਬੰਧੀ ਚਾਰਾਜੋਈ ਕੀਤੀ ਜਾ ਰਹੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਪੰਜਾਬ ਸਰਕਾਰ ਵਲੋਂ ਤਰੱਕੀਆਂ ਲਈ ਅੰਗਰੇਜ਼ੀ ਟਾਈਪ ਲਾਜ਼ਮੀ ਕਰਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਦਫ਼ਤਰੀ ਕੰਮਕਾਜ ਭਾਵੇਂ ਰਾਜ ਭਾਸ਼ਾ ਪੰਜਾਬੀ ਵਿਚ ਹੀ ਸਿਰੇ ਚਾੜ੍ਹਨ ਦੀਆਂ ਹਦਾਇਤਾਂ ਹਨ, ਪਰ ਹੁਣ ਤਾਜ਼ਾ ਹੁਕਮ ਜਾਰੀ ਕਰਦਿਆਂ ਸਰਕਾਰ ਨੇ ਹੇਠਲੇ ਪੱਧਰ 'ਤੇ ਤਰੱਕੀਆਂ ਲਈ ਅੰਗਰੇਜ਼ੀ ਟਾਈਪ ਲਾਜ਼ਮੀ ਕਰਾਰ ਦੇ ਦਿੱਤੀ ਹੈ। ਪੰਜਾਬ ਦੇ ਸਮੂਹ ਵਿਭਾਗੀ ਮੁਖੀਆਂ ਨੂੰ ਪੱਤਰ ਜਾਰੀ ਕਰਦਿਆਂ ਸਰਕਾਰ ਨੇ ਕਿਹਾ ਹੈ ਕਿ ਹੁਣ ਗਰੁੱਪ-ਡੀ ਦੇ ਕਰਮਚਾਰੀ ਜੋ ਗਰੁੱਪ-ਸੀ (ਕਲਰਕ) ਵਜੋਂ ਤਰੱਕੀ ਚਾਹੁੰਦੇ ਹਨ, ਨੂੰ ਪੰਜਾਬੀ ਅਤੇ ਅੰਗਰੇਜ਼ੀ ਦੋਵੇਂ ਟਾਈਪ ਟੈਸਟ 30 ਸ਼ਬਦ ਪ੍ਰਤੀ ਮਿੰਟ ਦੇ ਹਿਸਾਬ ਨਾਲ ਪਾਸ ਕਰਨੇ ਹੋਣਗੇ। ਇਹ ਟੈਸਟ ਪੰਜਾਬ ਦਾ ਸੂਚਨਾ ਤਕਨਾਲੋਜੀ ਵਿਭਾਗ ਲਿਆ ਕਰੇਗਾ। ਇਹ ਹੁਕਮ ਪਰਸੋਨਲ ਵਿਭਾਗ ਵੱਲੋਂ ਜਾਰੀ ਕੀਤੇ ਗਏ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਪਹਿਲੋਂ-ਪਹਿਲ ਗਰੁੱਪ-ਡੀ ਤੋਂ ਗਰੁੱਪ-ਸੀ 'ਚ ਬਤੌਰ ਕਲਰਕ ਤਰੱਕੀ ਲਈ ਟਾਈਪ ਟੈਸਟ ਦੀ ਲੋੜ ਨਹੀਂ ਸੀ, ਬਲਕਿ ਸੀਨੀਆਰਤਾ ਅਤੇ ਹੋਰ ਬਣਦੇ ਮਾਪਦੰਡਾਂ ਦੇ ਆਧਾਰ 'ਤੇ ਵਿਅਕਤੀ ਦੀ ਤਰੱਕੀ ਹੋ ਜਾਂਦੀ ਸੀ, ਉਸ ਤੋਂ ਬਾਅਦ ਸਰਕਾਰ ਨੇ ਟਾਈਪ ਟੈਸਟ ਪਾਸ ਕਰਨ ਦੀ ਸ਼ਰਤ ਰੱਖ ਦਿੱਤੀ ਸੀ ਅਤੇ ਨਿਰਦੇਸ਼ ਦਿੱਤੇ ਸਨ ਕਿ ਵਿਅਕਤੀ ਪੰਜਾਬੀ ਜਾਂ ਅੰਗਰੇਜ਼ੀ ਵਿਚੋਂ ਕੋਈ ਇਕ ਟੈਸਟ ਪਾਸ ਕਰ ਸਕਦਾ ਹੈ। ਉਸ ਤੋਂ ਬਾਅਦ ਦਫ਼ਤਰੀ ਕੰਮਕਾਜ ਨਿਰੋਲ ਪੰਜਾਬੀ 'ਚ ਸ਼ੁਰੂ ਕਰਾਉਣ ਨੂੰ ਲੈ ਕੇ ਪੰਜਾਬੀ ਲੇਖਕਾਂ ਦੀ ਪੁਰਜ਼ੋਰ ਮੰਗ ਤੋਂ ਬਾਅਦ ਸਰਕਾਰ ਨੇ ਜਿੱਥੇ ਪੰਜਾਬੀ 'ਚ ਸਾਰਾ ਦਫ਼ਤਰੀ ਕੰਮਕਾਜ ਕਰਨ ਦੇ ਹੁਕਮ ਜਾਰੀ ਸਨ, ਉਥੇ ਉਪਰੋਕਤ ਤਰੱਕੀਆਂ ਲਈ ਕੇਵਲ ਪੰਜਾਬੀ ਟਾਈਪ ਟੈਸਟ ਹੀ ਲਾਜ਼ਮੀ ਕਰ ਦਿੱਤਾ ਸੀ, ਪਰ ਹੁਣ ਦੋਵੇਂ ਹੀ ਟੈਸਟ ਲਾਜ਼ਮੀ ਕਰ ਦਿੱਤੇ ਗਏ ਹਨ। ਪਰਸੋਨਲ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਦਾ ਕਹਿਣਾ ਹੈ ਕਿ ਕਈ ਵਾਰ ਕਲਰਕਾਂ ਨੇ ਹਾਈਕੋਰਟ ਜਾਂ ਕੇਂਦਰ ਸਰਕਾਰ ਨਾਲ ਸੰਬੰਧਤ ਕੰਮਕਾਜ ਕਰਨਾ ਹੁੰਦਾ ਹੈ, ਪਰ ਉਸ ਵੇਲੇ ਉਹ ਅੰਗਰੇਜ਼ੀ ਟਾਈਪ ਤੋਂ ਹੱਥ ਖੜ੍ਹੇ ਕਰ ਦਿੰਦੇ ਹਨ। ਇਸੇ ਦਿੱਕਤ ਨੂੰ ਵੇਖਦਿਆਂ ਅੰਗਰੇਜ਼ੀ ਟਾਈਪ ਜ਼ਰੂਰੀ ਕੀਤੀ ਗਈ ਹੈ।

## ਅੰਬੇਦਕਰ ਦੇ ਠਹਿਰਾਓ ਵਾਲਾ ਲੰਡਨ ਮਕਾਨ ਖਰੀਦਣ ਦੀ ਅਪੀਲ

**ਮੁੰਬਈ:** ਭਾਜਪਾ ਨੇ ਸਰਕਾਰ ਨੂੰ ਕਿਹਾ ਹੈ ਕਿ ਲੰਡਨ 'ਚ 2050 ਗਜ਼ ਫੁੱਟ ਵਾਲੇ ਤਿੰਨ ਮੰਜ਼ਿਲਾ ਘਰ ਨੂੰ ਖਰੀਦਿਆ ਜਾਵੇ। ਇਸ ਘਰ 'ਚ ਡਾਕਟਰ ਬਾਬਾ ਸਾਹੇਬ ਅੰਬੇਦਕਰ ਠਹਿਰੇ ਸਨ। ਮੁੰਬਈ ਭਾਜਪਾ ਦੇ ਪ੍ਰਧਾਨ ਆਸ਼ੀਸ਼ ਸ਼ੇਲਾਰ ਨੇ ਕਿਹਾ ਕਿ ਉਨ੍ਹਾਂ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਉਹ ਮਕਾਨ ਨੂੰ ਹਾਸਲ ਕਰਨ ਲਈ ਪ੍ਰਧਾਨ ਮੰਤਰੀ ਨੂੰ ਦਖਲ ਦੇਣ ਲਈ ਆਖਣ। ਇਸ ਮਕਾਨ ਦੀ ਕੀਮਤ 40 ਕਰੋੜ ਦੱਸੀ ਗਈ ਹੈ।

## ਸਟਾਲਿਨ ਨੇ ਕਰਵਾਈ ਸੀ ਸੁਭਾਸ਼ ਚੰਦਰ ਬੋਸ ਦੀ ਹੱਤਿਆ: ਸੁਆਮੀ

**ਕੋਲਕਾਤਾ:** ਭਾਰਤੀ ਜਨਤਾ ਪਾਰਟੀ ਦੇ ਨੇਤਾ ਸੁਬਾਮਨੀਅਮ ਸੁਆਮੀ ਨੇ ਦਾਅਵਾ ਕੀਤਾ ਹੈ ਕਿ ਨੇਤਾਜੀ ਸੁਭਾਸ਼ ਚੰਦਰ ਬੋਸ ਦੀ ਮੌਤ ਹਵਾਈ ਹਾਦਸੇ ਵਿਚ ਨਹੀਂ ਸੀ ਹੋਈ, ਬਲਕਿ ਰੂਸ ਦੇ ਜੋਸੇਫ ਸਟਾਲਿਨ ਨੇ ਉਨ੍ਹਾਂ ਦੀ ਹੱਤਿਆ ਕੀਤੀ ਸੀ।

ਕੋਲਕਾਤਾ ਵਿਖੇ ਮਰਚੈਂਟ ਚੈਂਬਰ ਆਫ ਕਾਮਰਸ ਦੇ ਇਕ ਸਮਾਗਮ ਵਿਚ ਸੰਬੋਧਨ ਕਰਦਿਆਂ ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਨੇਤਾਜੀ ਦੀ ਮੌਤ ਬਾਰੇ ਕੀਤੀ ਗਈ ਜਾਂਚ ਦੀਆਂ ਗੁਪਤ ਫਾਈਲਾਂ ਨੂੰ ਜਨਤਕ ਕੀਤਾ ਜਾਵੇ। ਨੇਤਾਜੀ ਦੇ ਗੁੰਮ ਹੋਣ ਦੀ ਜਾਂਚ ਲਈ ਗਠਿਤ ਕੀਤੇ ਗਏ ਮੁਖਰਜੀ ਕਮਿਸ਼ਨ ਨੂੰ ਅਮਰੀਕੀ ਸਰਕਾਰ ਨੇ ਲਿਖਤੀ ਜਾਣਕਾਰੀ ਦਿੱਤੀ ਸੀ ਕਿ 1945 ਨੂੰ ਕਿਸੇ ਜਹਾਜ਼ ਹਾਦਸੇ ਦਾ ਕੋਈ ਰਿਕਾਰਡ ਨਹੀਂ ਤੇ ਨਾ ਹੀ ਤਾਈਵਾਨ ਦੇ ਹਸਪਤਾਲ ਵਿਚ ਕੋਈ ਝੁਲਸੀ ਹੋਈ ਲਾਸ਼ ਹੋਣ ਦਾ ਰਿਕਾਰਡ ਹੈ।

# ਪਾਕਿਸਤਾਨ ਦੀਆਂ ਅਤਿਵਾਦੀ ਜਥੇਬੰਦੀਆਂ ਸਾਰੀ ਦੁਨੀਆਂ ਲਈ ਖ਼ਤਰਾ: ਅਮਰੀਕਾ

**ਇਸਲਾਮਾਬਾਦ:** ਅਮਰੀਕੀ ਵਿਦੇਸ਼ ਮੰਤਰੀ ਜੌਹਨ ਕੈਰੀ ਨੇ ਕਿਹਾ ਹੈ ਕਿ ਲਸ਼ਕਰ-ਏ-ਤੋਇਬਾ, ਤਾਲਿਬਾਨ ਅਤੇ ਹਕਾਨੀ ਨੈਟਵਰਕ ਵਰਗੀਆਂ ਅਤਿਵਾਦੀ ਜਥੇਬੰਦੀਆਂ ਨਾ ਸਿਰਫ਼ ਪਾਕਿਸਤਾਨ ਅਤੇ ਉਸ ਦੇ ਗੁਆਂਢੀ ਦੇਸ਼ਾਂ ਲਈ, ਸਗੋਂ ਅਮਰੀਕਾ ਅਤੇ ਦੁਨੀਆਂ ਲਈ ਵੀ ਖ਼ਤਰਾ ਹਨ। ਸ੍ਰੀ ਕੈਰੀ ਨੇ ਪਾਕਿਸਤਾਨੀ ਪ੍ਰਧਾਨ ਮੰਤਰੀ ਦੇ ਵਿਦੇਸ਼ੀ ਮਾਮਲਿਆਂ ਦੇ ਸਲਾਹਕਾਰ ਸਰਤਾਜ ਅਜ਼ੀਜ਼ ਨਾਲ ਸਾਂਝੇ ਪੱਤਰਕਾਰ ਸੰਮੇਲਨ 'ਚ ਕਿਹਾ, "ਸਾਡੇ ਸਾਰਿਆਂ 'ਤੇ ਇਹ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਹੈ ਕਿ ਇਹ ਅਤਿਵਾਦੀ ਹੁਣ ਇਸ ਦੇਸ਼ ਜਾਂ ਕਿਤੇ ਵੀ ਅਪਣੇ ਪੈਰ ਪੱਕੇ ਕਰਨ ਦੇ ਕਾਬਲ ਨਾ ਰਹਿਣ। ਅਤਿਵਾਦੀ ਜਥੇਬੰਦੀਆਂ ਨਾ ਸਿਰਫ਼ ਪਾਕਿਸਤਾਨ ਅਤੇ ਉਸ ਦੇ ਗੁਆਂਢੀ ਦੇਸ਼ਾਂ ਲਈ, ਸਗੋਂ ਅਮਰੀਕਾ ਅਤੇ ਦੁਨੀਆ ਲਈ ਵੀ ਖ਼ਤਰਾ ਹਨ।"

ਯਾਦ ਰਹੇ ਕਿ ਹਕਾਨੀ ਨੈੱਟਵਰਕ 'ਤੇ 2008 ਵਿਚ ਭਾਰਤੀ ਸਫ਼ਾਰਤਖ਼ਾਨੇ 'ਤੇ ਹਮਲਾ ਕਰਨ ਦਾ ਦੋਸ਼ ਹੈ ਜਿਸ 'ਚ 58 ਲੋਕਾਂ ਦੀ ਮੌਤ ਹੋ ਗਈ ਸੀ। ਉਸ ਉਤੇ 2011 'ਚ ਅਮਰੀਕੀ ਸਫ਼ਾਰਤਖ਼ਾਨੇ 'ਤੇ ਵੀ ਹਮਲਾ ਕਰਨ ਦਾ ਦੋਸ਼ ਹੈ। ਇਸ ਤੋਂ ਇਲਾਵਾ ਕਈ ਵੱਡੇ ਟਰੱਕ ਬੰਬ ਹਮਲਿਆਂ ਦੀਆਂ ਕੋਸ਼ਿਸ਼ਾਂ 'ਚ ਉਸ ਦਾ ਹੱਥ ਰਿਹਾ ਹੈ। ਖ਼ਬਰ ਹੈ ਕਿ ਅਮਰੀਕਾ ਅਤੇ ਅਫ਼ਗਾਨ ਆਗੂਆਂ ਨੇ ਵਾਰ-ਵਾਰ ਕਿਹਾ ਹੈ ਕਿ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈ.ਐਸ.ਆਈ. ਅਫ਼ਗਾਨਿਸਤਾਨ 'ਚ ਆਪਣਾ ਰਸੂਖ ਵਧਾਉਣ ਲਈ ਖ਼ੁਫ਼ੀਆ ਤਰੀਕੇ ਨਾਲ ਹਕਾਨੀ ਨੈੱਟਵਰਕ ਦੀ ਹਮਾਇਤ ਕਰਦੀ ਹੈ। ਪਾਕਿਸਤਾਨ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕਰਦਾ ਰਿਹਾ ਹੈ।

# ਭਾਜਪਾ ਦੀ ਦਲਿਤ ਵੋਟ ਬੈਂਕ ਵਾਲੀ ਸਕੀਮ ਫਿਲਹਾਲ ਫੇਲ੍ਹ

**ਬਠਿੰਡਾ:** ਭਾਜਪਾ ਦੀ ਨਸ਼ਿਆਂ ਖ਼ਿਲਾਫ਼ ਰੱਥ ਯਾਤਰਾ ਬਹਾਨੇ ਸ਼ਹਿਰੀ ਅਤੇ ਦਲਿਤ ਵੋਟ ਬੈਂਕ ਨੂੰ ਚੋਗਾ ਪਾਉਣ ਦੀ ਸਕੀਮ ਧਰੀ ਧਰਾਈ ਰਹਿ ਗਈ ਹੈ। ਭਾਜਪਾ ਨੇ ਹੁਣ ਦਿੱਲੀ ਚੋਣਾਂ ਹੋਣ ਕਰਕੇ ਰੱਥ ਯਾਤਰਾ ਮੁਲਤਵੀ ਕਰ ਦਿੱਤੀ ਹੈ। ਇਸ ਨਾਲ ਭਾਜਪਾ ਪੰਜਾਬ ਨੂੰ ਅੰਦਰੋ-ਅੰਦਰ ਔਖ ਬਣ ਗਈ ਹੈ ਕਿਉਂਕਿ ਨਗਰ ਕੌਂਸਲ ਚੋਣਾਂ ਤੋਂ ਪਹਿਲਾਂ ਰੱਥ ਯਾਤਰਾ ਨਾਲ ਜੋ ਮਾਹੌਲ ਬਣਨਾ ਸੀ, ਉਸ ਦਾ ਮੌਕਾ ਹੁਣ ਖੁੰਝ ਗਿਆ ਹੈ। ਅੰਮ੍ਰਿਤਸਰ ਤੋਂ ਨਸ਼ਿਆਂ ਖ਼ਿਲਾਫ਼ ਰੱਥ ਯਾਤਰਾ ਸ਼ੁਰੂ ਕਰ ਕੇ ਭਾਜਪਾ ਨੇ ਦਲਿਤ ਵੋਟ ਬੈਂਕ ਨੂੰ ਸਿਆਸੀ ਕਲਾਵੇ ਵਿਚ ਲੈਣਾ ਸੀ। ਸੂਤਰਾਂ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਦੇ ਐਲਾਨ ਮਗਰੋਂ ਭਾਜਪਾ ਨੇ ਅੰਮ੍ਰਿਤਸਰ ਪ੍ਰੋਗਰਾਮ ਰੱਦ ਕਰ ਦਿੱਤਾ ਹੈ।

ਦਲਿਤ ਵੋਟ ਬੈਂਕ ਨੂੰ ਭਰਮਾਉਣ ਵਾਸਤੇ ਭਾਜਪਾ ਯੁਵਾ ਮੋਰਚਾ ਵੱਲੋਂ ਅੰਮ੍ਰਿਤਸਰ ਦੇ ਬਾਲਮੀਕੀ ਤੀਰਥ ਤੋਂ 22 ਜਨਵਰੀ ਨੂੰ ਯਾਤਰਾ ਸ਼ੁਰੂ ਕੀਤੀ ਜਾਣੀ ਸੀ ਜਿਸ ਦੀ ਸਮਾਪਤੀ ਗੁਰੂ ਰਵੀਦਾਸ ਦੇ ਪ੍ਰਕਾਸ਼ ਉਤਸਵ ਦੀ ਪੂਰਵ ਸੰਧਿਆ 'ਤੇ ਆਨੰਦਪੁਰ ਸਾਹਿਬ ਦੇ ਪਿੰਡ ਖੁਰਾਲਗੜ੍ਹ ਵਿਚ ਹੋਣੀ ਸੀ ਜਿੱਥੇ ਗੁਰੂ ਰਵੀਦਾਸ ਦਾ ਤਪ ਅਸਥਾਨ ਹੈ। ਹੁਣ ਰੱਥ ਯਾਤਰਾ ਮੁਲਤਵੀ ਹੋਣ ਕਰ ਕੇ ਇਹ ਮੌਕੇ ਹੱਥੋਂ ਖੁੱਸ ਜਾਣੇ ਹਨ। ਹੁਸ਼ਿਆਰਪੁਰ ਤੋਂ ਐਮ.ਪੀ. ਵਿਜੇ ਸਾਂਪਲਾ ਨੂੰ ਕੇਂਦਰੀ ਵਜ਼ਾਰਤ ਵਿਚ ਮੰਤਰੀ ਬਣਾ ਕੇ ਭਾਜਪਾ ਨੇ ਪੰਜਾਬ ਦੇ ਦਲਿਤ ਭਾਈਚਾਰੇ ਨੂੰ ਖ਼ੁਸ਼ ਕਰਨ ਦਾ ਯਤਨ ਕੀਤਾ ਸੀ।


Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838



Golden State Realty
Sacramento Office: 9912 Kapalua Ln., Elk Grove, CA 95624
Tel: 916-612-5773
Courtesy of Sales Manager Traci Lill, Meadows at Galt

The Poppy ~ Plan 1 — 4 Bedrooms, 2 & half Baths, Two-Car Garage

| Address | Lot# | Lot Size | Elevation | Options In Home | Price |
|---|---|---|---|---|---|
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

The Poppy ~ Plan 2 — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

The Poppy ~ Plan 3 — 4 Bedrooms, 3 Baths, Three-Car Tandem Garage

| Address | Lot# | Lot Size | Elevation | Options In Home | Price |
|---|---|---|---|---|---|
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

The Poppy ~ Plan 4 — 6 Bedrooms, 3 & half Baths, Three-Car Garage

| Address | Lot# | Lot Size | Elevation | Options In Home | Price |
|---|---|---|---|---|---|
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |


Sohanpreet (Sam) Chahal
CA Lic. 01504071
Realtor/Notary Public
email:samchahal@hotmail.com
Call: Sohanpreet 'Sam' Chahal
@916-612-5773
Serving from Bay Area to Sacramento

Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14

# ਮੋਦੀ ਵਲੋਂ ਪਰਵਾਸੀਆਂ ਨੂੰ ਖੁੱਲ੍ਹ ਕੇ ਨਿਵੇਸ਼ ਕਰਨ ਦਾ ਸੱਦਾ

**ਗਾਂਧੀਨਗਰ:** 13ਵੇਂ ਪਰਵਾਸੀ ਭਾਰਤੀ ਦਿਵਸ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪਰਵਾਸੀ ਭਾਰਤੀਆਂ ਨੂੰ ਦੇਸ਼ ਲਈ 'ਵੱਡਾ ਸਰਮਾਇਆ' ਕਰਾਰ ਦਿੰਦਿਆਂ ਕਿਹਾ ਹੈ ਕਿ ਮੌਕਿਆਂ ਭਰਪੂਰ ਭਾਰਤ ਦੀ ਕਿਸਮਤ ਬਦਲਣ ਲਈ ਉਨ੍ਹਾਂ ਦੇ ਸਹਿਯੋਗ ਦੀ ਲੋੜ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਦੇ ਲੋਕਾਂ ਨੇ ਵਿਦੇਸ਼ੀ ਧਰਤੀ ਉਪਰ ਆਪਣੀ ਮਿਹਨਤ ਤੇ ਇਮਾਨਦਾਰੀ ਨਾਲ ਜੋ ਥਾਂ ਬਣਾਈ ਹੈ, ਉਸ ਨੂੰ ਦੁਨੀਆਂ ਮੰਨਦੀ ਹੈ। ਹੁਣ ਭਾਰਤ ਨੂੰ ਮਜ਼ਬੂਤ ਕਰਨ ਲਈ ਉਨ੍ਹਾਂ ਦੀ ਲੋੜ ਹੈ।

ਦੇਸ਼ ਵਿਚ ਪਰਵਾਸੀ ਭਾਰਤੀਆਂ ਲਈ ਮੌਕਿਆਂ ਦੀ ਕੋਈ ਕਮੀ ਨਹੀਂ ਹੈ। ਅੱਜ ਭਾਰਤ ਦੀ ਧਰਤੀ ਵੱਲ ਦੁਨੀਆਂ ਦੀ ਨਜ਼ਰ ਹੈ, ਕਿਉਂਕਿ ਇਥੇ ਵਿਕਾਸ ਦੇ ਅਥਾਹ ਮੌਕੇ ਹਨ। ਦੁਨੀਆਂ ਹੁਣ ਭਾਰਤ ਨਾਲ ਦੋਸਤੀ ਦੀ ਸਾਂਝ ਪਾਉਣ ਲਈ ਉਤਾਵਲੀ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਦੁਨੀਆਂ ਭਾਰਤ ਵੱਲ ਦੋਸਤੀ ਦਾ ਹੱਥ ਵਧਾਉਣ ਲਈ ਕਾਹਲੀ ਹੈ। ਇਸ ਗੱਲ ਦਾ ਪਤਾ ਮੈਨੂੰ ਬੀਤੇ ਕੁਝ ਮਹੀਨਿਆਂ ਵਿਚ 50 ਮੁਲਕਾਂ ਦੇ ਮੁਖੀਆਂ ਨਾਲ ਮੀਟਿੰਗ ਕਰਨ ਤੋਂ ਲੱਗਿਆ ਹੈ। ਮੇਰੀ ਉਨ੍ਹਾਂ ਨਾਲ ਖੁੱਲ੍ਹੀ ਗੱਲ ਹੋਈ ਹੈ ਤੇ ਮੈਨੂੰ ਲੱਗਿਆ ਹੈ ਕਿ ਗਰੀਬ ਤੋਂ ਗਰੀਬ ਤੇ ਅਮੀਰ ਤੋਂ ਅਮੀਰ ਮੁਲਕ ਭਾਰਤ ਵੱਲ ਦੇਖ ਰਿਹਾ ਹੈ। ਦੁਨੀਆਂ ਦੇ ਭਾਰਤ ਪ੍ਰਤੀ ਨਜ਼ਰੀਏ ਵਿਚ ਆਈ ਤਬਦੀਲੀ ਦਾ ਅਸਰ ਇਹ ਹੈ ਕਿ ਉਨ੍ਹਾਂ ਨੇ ਵਿਸ਼ਵ ਯੋਗ ਦਿਵਸ ਮਨਾਉਣ ਦੀ ਤਜਵੀਜ਼ ਪੇਸ਼ ਕੀਤੀ ਸੀ, ਜੋ ਸੰਯੁਕਤ ਰਾਸ਼ਟਰ ਨੇ ਮਨਜ਼ੂਰ ਕਰ ਲਈ। ਆਮ ਕਰਕੇ ਸੰਯੁਕਤ ਰਾਸ਼ਟਰ ਵਿਚ ਤਜਵੀਜ਼ਾਂ ਦੋ-ਸਾਲਾਂ ਵਿਚ ਪਾਸ ਹੁੰਦੀਆਂ ਹਨ, ਪਰ ਉਨ੍ਹਾਂ ਵੱਲੋਂ ਰੱਖੀ ਤਜਵੀਜ਼ ਸੌ ਦਿਨਾਂ ਵਿਚ ਹੀ ਪਾਸ ਹੋ ਗਈ।

ਸ੍ਰੀ ਮੋਦੀ ਨੇ ਇਸ ਮੌਕੇ ਦੇਸ਼ ਵਿਚ ਚਲਾਈ ਜਾ ਰਹੀ ਸਵੱਛ ਤੇ ਗੰਗਾ ਸਫ਼ਾਈ ਮੁਹਿੰਮ ਦਾ ਵੀ ਵਿਸ਼ੇਸ਼ ਜ਼ਿਕਰ ਕੀਤਾ। ਉਨ੍ਹਾਂ ਪਰਵਾਸੀ ਭਾਰਤੀਆਂ ਨੂੰ ਸੱਦਾ ਦਿੱਤਾ ਕਿ ਉਨ੍ਹਾਂ ਲਈ ਭਾਰਤ ਦੇ ਦਰ ਖੁੱਲ੍ਹੇ ਹਨ ਤੇ ਉਹ ਇਥੇ ਪੂੰਜੀ ਨਿਵੇਸ਼ ਕਰਨ, ਉਨ੍ਹਾਂ ਭਰੋਸਾ ਦਿੱਤਾ ਕਿ ਅਮਰੀਕਾ ਵਿਚ ਪਰਵਾਸੀ ਭਾਰਤੀਆਂ ਨਾਲ ਜੋ ਵਾਅਦਾ ਕੀਤਾ ਸੀ, ਉਹ ਪੂਰਾ ਕਰ ਦਿੱਤਾ ਗਿਆ ਹੈ। ਹੁਣ ਭਾਰਤੀ ਮੂਲ ਦੇ ਨਾਗਰਿਕ (ਪੀਆਈਓ) ਤੇ ਪਰਵਾਸੀ ਭਾਰਤੀ (ਓਸੀਆਈ) ਨੂੰ ਉਮਰ ਭਰ ਲਈ ਭਾਰਤ ਦਾ ਵੀਜ਼ਾ ਦਿੱਤਾ ਜਾਵੇਗਾ।




## ਸਾਂਝ ਵਧਾਉਣ ਦਾ ਦੋਵਾਂ ਧਿਰਾਂ ਨੂੰ ਫਾਇਦਾ: ਸੁਸ਼ਮਾ

**ਗਾਂਧੀਨਗਰ:** ਇਥੇ ਪਰਵਾਸੀ ਭਾਰਤੀ ਦਿਵਸ ਵਿਚ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਪਰਵਾਸੀ ਭਾਰਤੀਆਂ ਨੂੰ ਕਿਹਾ ਹੈ ਕਿ ਉਹ ਦੇਸ਼ ਦੀ ਤਰੱਕੀ ਵਿਚ ਯੋਗਦਾਨ ਪਾਉਣ, ਜਿਸ ਨਾਲ ਦੋਵਾਂ ਧਿਰਾਂ ਨੂੰ ਫਾਇਦਾ ਹੋਵੇਗਾ। ਸੁਸ਼ਮਾ ਸਵਰਾਜ ਨੇ ਪਰਵਾਸੀ ਭਾਰਤੀਆਂ ਨੂੰ 'ਮੇਕ ਇਨ ਇੰਡੀਆ' ਤੇ 'ਸਵੱਛ ਭਾਰਤ' ਜਿਹੇ ਸਰਕਾਰ ਦੇ ਉੱਦਮਾਂ ਵਿਚ ਨਿਵੇਸ਼ ਰਾਹੀਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਦੇਸ਼ ਦੀ ਕਾਇਆਕਲਪ ਦੇ ਸੰਕਲਪ ਵਿਚ ਯੋਗਦਾਨ ਪਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਹ ਯਕੀਨੀ ਬਣਾਉਣ ਲਈ ਕਦਮ ਉਠਾ ਰਹੀ ਹੈ ਕਿ ਭਾਰਤ ਵਿਚ ਨਿਵੇਸ਼ ਤੇ ਕਾਰੋਬਾਰ ਕਰਨਾ ਸਰਲ ਤੇ ਆਸਾਨ ਬਣ ਸਕੇ। ਉਨ੍ਹਾਂ ਆਪਣੇ ਉਦਘਾਟਨੀ ਭਾਸ਼ਣ ਵਿਚ ਆਖਿਆ, "ਅਗਲੇ ਕੁਝ ਸਾਲਾਂ ਦੌਰਾਨ ਵਿਦੇਸ਼ੀ ਨਿਵੇਸ਼ ਜ਼ਰੂਰੀ ਹੈ। ਅਸੀਂ ਚਾਹੁੰਦੇ ਹਾਂ ਕਿ ਤੁਸੀਂ ਭਾਰਤ ਦੇ ਭਵਿੱਖ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸੰਕਲਪ ਵਿਚ ਯੋਗਦਾਨ ਦਿਓ।" ਉਨ੍ਹਾਂ ਕਿਹਾ ਕਿ ਸਰਕਾਰ ਨੇ 'ਮੇਕ ਇਨ ਇੰਡੀਆ, ਜਨ ਧਨ ਯੋਜਨਾ, ਸਵੱਛ ਗੰਗਾ ਅਭਿਆਨ, ਸਵੱਛ ਭਾਰਤ ਅਭਿਆਨ ਜਿਹੇ ਕਈ ਪ੍ਰੋਗਰਾਮ ਚਲਾਏ ਹਨ ਪਰ ਇਨ੍ਹਾਂ ਲਈ ਨਿਵੇਸ਼ ਦੀ ਲੋੜ ਪਵੇਗੀ।



# ਬਾਦਲ ਵਲੋਂ 'ਮੇਕ ਇਨ ਪੰਜਾਬ' ਦਾ ਨਾਅਰਾ

**ਗਾਂਧੀਨਗਰ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪਰਵਾਸੀਆਂ ਨੂੰ ਸੂਬੇ ਵਿਚ ਨਿਵੇਸ਼ ਕਰਨ ਦਾ ਸੱਦਾ ਦਿੰਦਿਆਂ 'ਮੇਕ ਇਨ ਪੰਜਾਬ' ਦਾ ਵਿਚਾਰ ਦਿੱਤਾ। ਇਥੇ ਪਰਵਾਸੀ ਭਾਰਤੀ ਦਿਵਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਵਿਚ ਪਰਵਾਸੀਆਂ ਲਈ ਬੇਹਿਸਾਬ ਮੌਕੇ ਹਨ ਤੇ ਅਜਿਹਾ ਕਿਸੇ ਹੋਰ ਰਾਜ ਵਿਚ ਨਹੀਂ। ਪ੍ਰਧਾਨ ਮੰਤਰੀ ਦਾ ਵਿਚਾਰ 'ਮੇਕ ਇਨ ਇੰਡੀਆ' ਬਹੁਤ ਵਧੀਆ ਹੈ। ਹੁਣ ਮੈਂ 'ਮੇਕ ਇਨ ਪੰਜਾਬ' ਦਾ ਨਾਅਰਾ ਦਿੰਦਾ ਹਾਂ। ਸ. ਬਾਦਲ ਨੇ ਪਰਵਾਸੀ ਭਾਰਤੀ ਸਮਾਗਮ ਵਿਚ ਇਹ ਉਲਾਂਭਾ ਵੀ ਦਿੱਤਾ ਕਿ ਪਹਿਲਾਂ ਪੰਜਾਬੀਆਂ ਨੂੰ 'ਅਤਿਵਾਦੀ' ਸੱਦਿਆ ਜਾਂਦਾ ਸੀ ਤੇ ਹੁਣ 'ਨਸ਼ੇੜੀ'। ਉਨ੍ਹਾਂ ਆਪਣੇ ਸੰਬੋਧਨ ਵਿਚ ਪਰਵਾਸੀ ਭਾਰਤੀਆਂ ਨੂੰ ਘੁਸਪੈਠੀਆਂ, ਦੇਸ਼ ਦੇ ਦੁਸ਼ਮਣਾਂ ਤੇ ਅਤਿਵਾਦ ਖ਼ਿਲਾਫ਼ ਲੜਨ ਵਾਲੇ ਸੂਬੇ ਵਿਚ ਨਿਵੇਸ਼ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਭਾਰਤ ਦੀ ਹਰੀ ਕ੍ਰਾਂਤੀ ਦੇ ਮੋਢੀ ਪੰਜਾਬ ਨੂੰ ਨਿਵੇਸ਼ ਦੀ ਲੋੜ ਹੈ। ਇਸ ਮੌਕੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਵੀ ਹਾਜ਼ਰ ਸਨ।

ਮੁੱਖ ਮੰਤਰੀ ਨੇ ਕਿਹਾ ਕਿ ਸਾਡੇ ਪੰਜਾਬੀਆਂ ਵਰਗਾ ਦੇਸ਼ ਭਗਤ ਕੋਈ ਹੋਰ ਨਹੀਂ ਹੋ ਸਕਦਾ। ਪੰਜਾਬ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਹਨ। ਅੱਜ ਵੀ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਲਈ ਜਾਨਾਂ ਵਾਰ ਰਹੇ ਹਨ ਪਰ ਬੜੇ ਦੁੱਖ ਦੀ ਗੱਲ ਹੈ ਕਿ ਪਹਿਲਾਂ ਸਾਡੇ ਸਿਆਸੀ ਵਿਰੋਧੀ ਪੰਜਾਬੀਆਂ ਨੂੰ ਅਤਿਵਾਦੀ ਕਹਿੰਦੇ ਸਨ ਤੇ ਹੁਣ ਨਸ਼ੇੜੀ ਸੱਦਦੇ ਹਨ। ਮੇਰਾ ਦਿਲ ਇਹ ਸੁਣ ਕੇ ਰੋ ਪੈਂਦਾ ਹੈ ਕਿ ਕੁਰਬਾਨੀਆਂ ਵਾਲੀ ਕੌਮ ਨੂੰ ਨਸ਼ੇੜੀ ਕਿਹਾ ਜਾ ਰਿਹਾ ਹੈ। ਸ. ਬਾਦਲ ਨੇ ਜਦੋਂ ਇਹ ਗੱਲ ਕਹੀ ਉਸ ਵੇਲੇ ਮੰਚ 'ਤੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਤੇ ਭਾਜਪਾ ਦੀ ਹਕੂਮਤ ਵਾਲੇ ਛੇ ਰਾਜਾਂ ਦੇ ਮੁੱਖ ਮੰਤਰੀ ਬੈਠੇ ਸਨ।

ਪੰਜਾਬ ਵਿਚ ਨਸ਼ਿਆਂ ਦੇ ਮਾਮਲੇ ਵਿਚ ਨਾ ਸਿਰਫ ਵਿਰੋਧੀ ਧਿਰ ਵੱਲੋਂ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਨੂੰ ਦੋਸ਼ੀ ਠਹਿਰਾਇਆ ਜਾ ਰਿਹਾ ਹੈ, ਸਗੋਂ ਉਸ ਦੀ ਲੰਮੇ ਸਮੇਂ ਤੋਂ ਮਿੱਤਰ ਚੱਲ ਰਹੀ ਭਾਜਪਾ ਵੀ ਉਸ ਨੂੰ ਘੇਰੇ ਵਿਚ ਲੈ ਰਹੀ ਹੈ। ਇਸ ਮਗਰੋਂ ਸ੍ਰੀ ਰਾਜਨਾਥ ਨੇ ਸ. ਬਾਦਲ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕਰਦਿਆਂ ਕਿਹਾ ਕਿ ਸਿੱਖਾਂ ਵੱਲੋਂ ਦੇਸ਼ ਲਈ ਪਾਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ ਪਰ ਉਸ ਸਮੇਂ ਤੱਕ ਮੁੱਖ ਮੰਤਰੀ ਆਪਣਾ 'ਤੀਰ' ਚਲਾ ਚੁੱਕੇ ਸਨ।

ਪੰਜਾਬ ਵਿਚ ਨਸ਼ਿਆਂ ਦੀ ਤਸਕਰੀ ਕੌਮਾਂਤਰੀ ਸਰਹੱਦ ਰਾਹੀਂ ਹੋ ਰਹੀ ਹੈ। ਪੰਜਾਬ ਵਿਚ ਕੋਈ ਨਸ਼ਾ ਤਿਆਰ ਨਹੀਂ ਹੁੰਦਾ। ਇਹ ਅਫਗਾਨਿਸਤਾਨ ਤੇ ਹੋਰ ਥਾਵਾਂ ਤੋਂ ਆਉਂਦਾ ਹੈ। ਪੰਜਾਬ ਦੇ ਗੁਆਂਢੀ ਸੂਬੇ ਰਾਜਸਥਾਨ ਵਿਚ ਭੁੱਕੀ ਤੇ ਅਫੀਮ ਦੀ ਪੈਦਾਵਾਰ ਹੁੰਦੀ ਹੈ ਤੇ ਉਹ ਉਥੋਂ ਪੰਜਾਬ ਵਿਚ ਆਉਂਦੀ ਹੈ। ਮੇਰੀ ਕੇਂਦਰ ਨੂੰ ਅਪੀਲ ਹੈ ਕਿ ਗੁਆਂਢੀ ਰਾਜਾਂ ਵਿਚ ਵੀ ਨਸ਼ਿਆਂ ਦੀ ਪੈਦਾਵਾਰ ਤੇ ਵਿਕਰੀ 'ਤੇ ਪਾਬੰਦੀ ਲਾਵੇ।

ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਬਾਰੇ ਉਨ੍ਹਾਂ ਕਿਹਾ ਕਿ ਜਦੋਂ ਤੱਕ ਦੋਸ਼ ਸਿੱਧ ਨਹੀਂ ਹੁੰਦੇ, ਕਿਸੇ ਨੂੰ ਦੋਸ਼ੀ ਨਹੀਂ ਮੰਨਿਆ ਜਾ ਸਕਦਾ। ਅਕਾਲੀ ਦਲ ਖ਼ਿਲਾਫ਼ ਗਲਤ ਪ੍ਰਚਾਰ ਹੋ ਰਿਹਾ ਹੈ ਪਰ ਉਨ੍ਹਾਂ ਨੇ 'ਪ੍ਰਚਾਰ' ਕਰਨ ਵਾਲੇ ਦਾ ਨਾਮ ਨਹੀਂ ਦੱਸਿਆ। ਪਰਵਾਸੀ ਭਾਰਤੀ ਦਿਵਸ ਦੌਰਾਨ 9 ਰਾਜਾਂ ਦੇ ਮੁੱਖ ਮੰਤਰੀ ਆਪੋ-ਆਪਣੇ ਢੰਗ ਨਾਲ ਪਰਵਾਸੀਆਂ ਨੂੰ ਨਿਵੇਸ਼ ਲਈ ਰਾਜ਼ੀ ਕਰਨ ਲੱਗੇ ਸਨ। ਕੇਰਲ ਦੇ ਮੁੱਖ ਮੰਤਰੀ ਓਮੇਨ ਚਾਂਡੀ ਨੇ ਵਿਦੇਸ਼ਾਂ ਵਿਚ ਰਹਿ ਰਹੇ ਸੂਬੇ ਦੇ ਲੋਕਾਂ ਦੀਆਂ ਸਮੱਸਿਆਵਾਂ ਦੱਸੀਆਂ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਕੌਮੀ ਰਾਜਧਾਨੀ ਖੇਤਰ ਦਾ 75 ਫੀਸਦੀ ਹਿੱਸਾ ਹਰਿਆਣਾ ਦਾ ਹੈ। ਗੁਜਰਾਤ ਦੀ ਮੁੱਖ ਮੰਤਰੀ ਅਨੰਦੀਬੇਨ ਪਟੇਲ ਨਿਵੇਸ਼ਕਾ ਨੂੰ ਬੁਨਿਆਦੀ ਢਾਂਚੇ ਤੇ ਬੰਦਰਗਾਹਾਂ ਵਿਚ ਪੈਸਾ ਲਾਉਣ ਲਈ ਕਿਹਾ।



## ਕੈਨੇਡਾ ਵਲੋਂ ਵਿਦੇਸ਼ੀ ਕਾਮਾ ਪ੍ਰੋਗਰਾਮ ਵਿਚ ਕਟੌਤੀਆਂ ਦੀ ਤਿਆਰੀ

**ਟੋਰਾਂਟੋ:** ਕੈਨੇਡਾ ਸਰਕਾਰ ਕੱਚੇ ਵਿਦੇਸ਼ੀ ਕਾਮਿਆਂ ਦੀ ਆਮਦ ਘਟਾਉਣ ਤੇ ਸਾਵਾਂ ਕਰਨ ਵਾਸਤੇ ਆਪਣੇ ਕੌਮਾਂਤਰੀ ਭਾਈਵਾਲ ਮੁਲਕਾਂ ਨਾਲ ਕਿਰਤ ਸੰਧੀਆਂ ਨੂੰ ਸੋਧਣ ਦੀਆਂ ਤਿਆਰੀਆਂ ਕਰ ਰਹੀ ਹੈ। 'ਗਲੋਬ ਐਂਡ ਮੇਲ' ਰਾਹੀਂ ਪ੍ਰਾਪਤ ਦਸਤਾਵੇਜ਼ਾਂ ਵਿਚ ਖੁਲਾਸਾ ਹੋਇਆ ਹੈ ਕਿ ਪ੍ਰਧਾਨ ਮੰਤਰੀ ਸਟੀਫ਼ਨ ਹਾਰਪਰ ਤੇ ਆਵਾਸ ਮੰਤਰੀ ਕ੍ਰਿਸ ਅਲੈਗਜ਼ਾਂਦਰ ਵਿਚ ਹੋਈ ਉੱਚ ਪੱਧਰੀ ਮੀਟਿੰਗ ਦੌਰਾਨ ਇਨ੍ਹਾਂ ਕਟੌਤੀਆਂ ਨੂੰ ਵਿਚਾਰਿਆ ਗਿਆ ਹੈ। ਬੇਸ਼ੱਕ ਮੁਲਕ ਦੇ ਕੱਚੇ ਵਿਦੇਸ਼ੀ ਕਾਮਾ ਪ੍ਰੋਗਰਾਮ ਵਿਚ ਪਿਛਲੇ ਸਾਲ ਵੱਡੀਆਂ ਸੋਧਾਂ ਕੀਤੀਆਂ ਗਈਆਂ ਸਨ ਪਰ ਨੌਜਵਾਨ ਵਰਗ ਜਿਉਂ ਦਾ ਤਿਉਂ ਰਿਹਾ।

ਇਸ ਤਹਿਤ ਵਿਦੇਸ਼ੀ ਕਾਮੇ ਮੰਗਵਾਉਣ ਵੇਲੇ ਕੈਨੇਡਿਆਈ ਕਾਮਿਆਂ ਨੂੰ ਪਹਿਲ ਦੇਣ ਵੱਲ ਬੇਧਿਆਨੀ ਚੱਲਦੀ ਰਹੀ। ਜ਼ਿਕਰਯੋਗ ਹੈ ਕਿ ਨੌਜਵਾਨ ਵਰਗ ਕੱਚੇ ਵਿਦੇਸ਼ੀ ਕਾਮਾ ਪ੍ਰੋਗਰਾਮ ਦਾ ਅਹਿਮ ਹਿੱਸਾ ਹਨ। ਸਰਕਾਰ 32 ਭਾਈਵਾਲ ਮੁਲਕਾਂ ਨਾਲ ਸੰਧੀਆਂ ਵਿਚ ਸੋਧਾਂ ਨੂੰ 2016 ਤੱਕ ਰੋਕੀ ਰੱਖੇਗੀ ਤਾਂ ਜੋ ਉਨ੍ਹਾਂ 'ਤੇ ਹੋਰ ਕੈਨੇਡਿਆਈ ਕਾਮੇ ਮੰਗਵਾਉਣ ਲਈ ਦਬਾਅ ਪਾਇਆ ਜਾ ਸਕੇ। ਸਰਕਾਰ ਦੇ ਧਿਆਨ ਵਿਚ ਆਇਆ ਹੈ ਕਿ ਕੈਨੇਡਾ ਜਿੰਨੇ ਵਿਦੇਸ਼ੀ ਨੌਜਵਾਨ ਕਾਮਿਆਂ ਨੂੰ ਇਜਾਜ਼ਤ ਦਿੰਦਾ ਹੈ, ਦੂਜੇ ਭਾਈਵਾਲ ਮੁਲਕ ਇਸ ਦੇ ਮੁਕਾਬਲੇ ਬਹੁਤ ਘੱਟ ਗਿਣਤੀ ਵਿਚ ਕੈਨੇਡਿਆਈ ਨੌਜਵਾਨਾਂ ਨੂੰ ਸਵੀਕਾਰਦੇ ਹਨ।

# ਵਿਦੇਸ਼ਾਂ 'ਚ ਰਹਿ ਰਹੇ ਭਾਰਤੀਆਂ ਨੂੰ ਮਿਲਿਆ ਤੋਹਫਾ

### ਨਾਗਰਿਕਤਾ ਤਰਮੀਮੀ ਆਰਡੀਨੈਂਸ 2015 ਨੂੰ ਮਨਜ਼ੂਰੀ

**ਨਵੀਂ ਦਿੱਲੀ:** ਭਾਰਤ ਦੀ ਨਾਗਰਕਿਤਾ ਦੇ ਨੇਮਾਂ ਨੂੰ ਹੋਰ ਸੁਖਾਲਾ ਬਣਾਉਂਦਿਆਂ ਰਾਸ਼ਟਰਪਤੀ ਨੇ ਨਾਗਰਿਕਤਾ ਤਰਮੀਮੀ ਆਰਡੀਨੈਂਸ 2015 ਨੂੰ ਆਪਣੀ ਮਨਜ਼ੂਰੀ ਦਿੰਦਿਆਂ ਫੌਰੀ ਤੌਰ 'ਤੇ ਲਾਗੂ ਕਰਨ ਦੇ ਹੁਕਮ ਦੇ ਦਿੱਤੇ ਹਨ। ਆਰਡੀਨੈਂਸ ਦੀ ਰਾਹ 'ਤੇ ਤੁਰੀ ਐਸ.ਡੀ.ਏ. ਸਰਕਾਰ ਨੇ ਭਾਰਤੀ ਮੂਲ ਦੇ ਲੋਕਾਂ ਤੇ ਜ਼ਿੰਦਗੀ ਭਰ ਲਈ ਵੀਜ਼ਾ ਲੈਣ ਬਾਰੇ ਨੇਮਾਂ ਵਿਚ ਢਿੱਲ ਦਿੱਤੀ ਹੈ। ਨਵੀਆਂ ਤਰਮੀਮਾਂ ਤਹਿਤ ਭਾਰਤ ਦੀ ਨਾਗਰਿਕਤਾ ਹਾਸਲ ਕਰਨ ਲਈ ਦੇਸ਼ ਵਿਚ ਇਕ ਸਾਲ ਤੱਕ ਰਹਿਣਾ ਹੁਣ ਜ਼ਰੂਰੀ ਨਹੀਂ ਹੈ। ਜੇਕਰ ਕੇਂਦਰ ਸਰਕਾਰ ਸੰਤੁਸ਼ਟ ਹੈ ਤਾਂ ਵਿਸ਼ੇਸ਼ ਹਾਲਤਾਂ ਤਹਿਤ ਲਿਖਤ ਰਿਕਾਰਡਾਂ ਤੋਂ ਬਾਅਦ, ਇਹ ਸਮਾਂ ਹੱਦ ਵੱਧ ਤੋਂ ਵੱਧ 30 ਦਿਨਾਂ ਲਈ ਵੱਖ-ਵੱਖ ਵਕਫੇ ਤੋਂ ਬਾਅਦ ਦਿੱਤੀ ਜਾ ਸਕਦੀ ਹੈ।

ਇਸ ਤੋਂ ਇਲਾਵਾ ਭਾਰਤੀ ਨਾਗਰਿਕਾਂ ਦੇ ਨਾਬਾਲਿਗ ਬੱਚਿਆਂ ਨੂੰ ਪਰਵਾਸੀ ਭਾਰਤੀ ਵਜੋਂ ਮਾਨਤਾ ਦਿੱਤੀ ਜਾਵੇਗੀ। ਆਰਡੀਨੈਂਸ ਦੀਆਂ ਨਵੀਆਂ ਤਰਮੀਮਾਂ ਮੁਤਾਬਕ ਰਜਿਸਟਰਡ ਪਰਵਾਸੀ ਭਾਰਤੀ ਦੇ ਪਤੀ ਜਾਂ ਪਤਨੀ ਜਾਂ ਭਾਰਤੀ ਨਾਗਰਿਕ ਦੇ ਪਤੀ ਜਾਂ ਪਤਨੀ ਨੂੰ ਪਰਵਾਸੀ ਭਾਰਤੀ ਨਾਗਰਿਕ ਦੇ ਤੌਰ 'ਤੇ ਰਜਿਸਟ੍ਰੇਸ਼ਨ ਕਰਵਾਉਣ ਦਾ ਹੱਕ ਹੋਵੇਗਾ। ਇਸ ਲਈ ਘੱਟੋ-ਘੱਟ ਦੋ ਸਾਲਾਂ ਤੱਕ ਵਿਆਹ ਦੇ ਬੰਧਨ ਵਿਚ ਰਹਿ ਚੁੱਕੇ ਜੋੜੇ ਫੌਰੀ ਤੌਰ 'ਤੇ ਆਪਣੇ ਹੱਕ ਦਾ ਇਸਤੇਮਾਲ ਕਰ ਸਕਦੇ ਹਨ। ਇਥੇ ਇਹ ਗੱਲ ਜ਼ਿਕਰਯੋਗ ਹੈ ਕਿ ਇਹ ਆਰਡੀਨੈਂਸ ਉਸ ਦਿਨ ਆਇਆ ਸੀ ਜਦ ਗੁਜਰਾਤ ਦੇ ਗਾਂਧੀਨਗਰ ਵਿਚ ਪਰਵਾਸੀ ਭਾਰਤੀ ਸਿਖਰ ਸੰਮੇਲਨ ਦੀ ਸ਼ੁਰੂਆਤ ਹੋਈ ਸੀ।

ਤਰਮੀਮਾਂ ਰਾਹੀਂ ਭਾਰਤੀ ਮੂਲ ਦੇ ਲੋਕਾਂ ਬਾਰੇ ਸਕੀਮ ਭਾਵ (ਪੀ.ਆਈ.ਓ. ਸਕੀਮ) ਤੇ ਓ.ਸੀ.ਆਈ. (ਓਵਰਸੀਜ਼ ਸਿਟੀਜ਼ਨਸ਼ਿਪ ਆਫ ਇੰਡੀਆ) ਸਕੀਮ ਦੇ ਰਲੇਂਵੇਂ ਨੂੰ ਵੀ ਮਨਜ਼ੂਰੀ ਦਿੱਤੀ ਗਈ ਹੈ, ਜਿਸ ਤਹਿਤ ਭਾਰਤੀ ਵੀਜ਼ਾ ਹਾਸਲ ਕਰ ਸਕਣਗੇ। ਪਰਵਾਸੀ ਭਾਰਤੀ ਨੂੰ ਮੇਕ ਇਨ ਇੰਡੀਆ ਮੁਹਿੰਮ ਰਾਹੀਂ ਭਾਰਤ ਵਿਚ ਨਿਵੇਸ਼ ਕਰਨ ਲਈ, ਉਤਸ਼ਾਹਿਤ ਕਰਨ ਵਾਲੇ ਮੋਦੀ ਨੇ ਸਤੰਬਰ 2014 ਵਿਚ ਅਮਰੀਕਾ ਦੇ ਮੈਡੀਸਨ ਸਕੁਐਰ ਗਾਰਡਨ ਵਿਚ ਦਿੱਤੇ ਆਪਣੇ ਭਾਸ਼ਣ ਵਿਚ ਸੁਖਾਵੀਂ ਯਾਤਰਾ ਤੇ ਵੀਜ਼ਾ ਨੇਮਾਂ ਵਿਚ ਢਿੱਲ ਦੇਣ ਦਾ ਐਲਾਨ ਕੀਤਾ ਸੀ ਤੇ ਆਰਡੀਨੈਂਸ ਰਾਹੀਂ ਉਹ ਆਪਣਾ ਵਾਅਦਾ ਕਾਫੀ ਹੱਦ ਤੱਕ ਪੂਰਾ ਕਰਦੇ ਨਜ਼ਰ ਆ ਰਹੇ ਹਨ।

# ਭਾਰਤ 'ਚ ਵਿਦੇਸ਼ੀ ਨਿਵੇਸ਼ ਤਜਵੀਜ਼ਾਂ 20 ਫੀਸਦੀ ਘਟੀਆਂ

**ਨਵੀਂ ਦਿੱਲੀ:** ਆਰਥਿਕ ਮੰਦੇ ਦੀ ਮਾਰ ਝੱਲ ਰਹੇ ਐਸੋਚੈਮ ਨੇ ਕਿਹਾ ਹੈ ਕਿ ਭਾਰਤ ਭਰ ਦੇ ਸੂਬਿਆਂ ਦੇ ਵੱਖ-ਵੱਖ ਸੈਕਟਰਾਂ ਵਿਚ ਕੁਝ ਤਜਵੀਜ਼ਸ਼ੁਦਾ ਸਨਅਤੀ ਨਿਵੇਸ਼ ਵਿਚ 20 ਫੀਸਦੀ ਦੀ ਸਿੱਧੀ ਗਿਰਾਵਟ ਆਈ ਹੈ। ਸਨਅਤੀ ਬਾਡੀ ਐਸੋਸੀਏਟਿਡ ਚੈਂਬਰਜ਼ ਆਫ ਕਾਮਰਸ ਐਂਡ ਇੰਡਸਟਰੀ ਆਫ ਇੰਡੀਆ (ਏਐਸਐਸਓ ਸੀਐਚਏਐਮ ਐਸੋਚੈਮ) ਤੋਂ ਮਿਲੇ ਅੰਕੜਿਆਂ ਮੁਤਾਬਕ ਸਤੰਬਰ 2014 ਤੱਕ ਭਾਰਤ ਨੂੰ 362,805 ਕਰੋੜ ਰੁਪਏ ਦੀਆਂ ਕੁੱਲ 1421 ਨਿਵੇਸ਼ ਤਜਵੀਜ਼ਾਂ ਮਿਲੀਆਂ ਸਨ ਜੋ ਪਿਛਲੇ ਸਾਲ ਨਾਲੋਂ ਕਾਫੀ ਘੱਟ ਹਨ। ਪਿਛਲੇ ਸਾਲ ਇਸੇ ਸਮੇਂ ਦੌਰਾਨ ਮੁਲਕ ਵਿਚ 451,643 ਕਰੋੜ ਰੁਪਏ ਦੀਆਂ 1906 ਨਿਵੇਸ਼ ਤਜਵੀਜ਼ਾਂ ਆਈਆਂ ਸਨ।

ਡਿਪਾਰਟਮੈਂਟ ਆਫ ਇੰਡਸਟਰੀਅਲ ਪਾਲਿਸੀ ਐਂਡ ਪ੍ਰਮੋਸ਼ਨ (ਡੀ.ਆਈ.ਪੀ.ਪੀ.) ਤੋਂ ਮਿਲੇ ਵੇਰਵਿਆਂ ਦੇ ਐਸੋਚੈਮ ਵੱਲੋਂ ਕੀਤੇ ਗਏ ਵਿਸ਼ਲੇਸ਼ਣ ਅਨੁਸਾਰ ਤਜਵੀਜ਼ਸ਼ੁਦਾ ਨਿਵੇਸ਼ ਦਾ 45 ਫੀਸਦੀ ਹਿੱਸਾ ਸਿਰਫ ਛੱਤੀਸਗੜ੍ਹ ਸੂਬਾ ਹੀ ਲੈ ਗਿਆ। ਇਸ ਸੂਬੇ ਨੂੰ 161,836 ਕਰੋੜ ਰੁਪਏ ਦੇ ਮੁੱਲ ਦੀਆਂ 24 ਤਜਵੀਜ਼ਾਂ ਮਿਲੀਆਂ। ਪਿਛਲੇ ਸਾਲ ਇਹ ਰਾਸ਼ੀ 31,067 ਕਰੋੜ ਰੁਪਏ ਸੀ ਤੇ ਸਾਲ ਵਿਚ ਹੀ ਇਹ ਵਾਧਾ ਦਰ 420 ਫੀਸਦੀ ਤੋਂ ਵੀ ਵੱਧ ਬਣਦੀ ਹੈ। ਤਜਵੀਜ਼ਸ਼ੁਦਾ ਨਿਵੇਸ਼ ਵਿਚ ਵਾਧਾ ਦਰਜ ਕਰਨ ਵਾਲੇ ਹੋਰ ਸੂਬਿਆਂ ਵਿਚ ਪੰਜਾਬ (184 ਫੀਸਦੀ), ਕਰਨਾਟਕ (166 ਫੀਸਦੀ), ਹਿਮਾਚਲ ਪ੍ਰਦੇਸ਼ (108 ਫੀਸਦੀ) ਤੇ ਆਸਾਮ (25 ਫੀਸਦੀ) ਹਨ। ਇਸ ਤੋਂ ਇਲਾਵਾ ਮਹਾਰਾਸ਼ਟਰ (8.9 ਫੀਸਦੀ), ਗੁਜਰਾਤ (8.8 ਫੀਸਦੀ), ਉੜੀਸਾ (5.9 ਫੀਸਦੀ), ਕਰਨਾਟਕ (5.4 ਫੀਸਦੀ) ਤੇ ਆਂਧਰਾ ਪ੍ਰਦੇਸ਼ (5.1 ਫੀਸਦੀ) ਵੀ ਨਿਵੇਸ਼ ਆਕਰਸ਼ਿਤ ਕਰਨ ਵਿਚ ਥੋੜ੍ਹੇ ਸਫਲ ਰਹੇ ਹਨ।

ਨਿਵੇਸ਼ ਤਜਵੀਜ਼ਾਂ ਵਿਚ ਹਿੱਸੇਦਾਰੀ ਪੱਖੋਂ ਮੱਧ ਪ੍ਰਦੇਸ਼ ਤੇ ਉੜੀਸਾ ਵਿਚ ਰੁਝਾਨ ਮੰਦੇ ਵਾਲਾ ਰਿਹਾ ਹੈ। ਐਸੋਚੈਮ ਦੇ ਇਕਨਾਮਿਕ ਰਿਸਰਚ ਬਿਊਰੋ (ਏਈਆਰਬੀ) ਵੱਲੋਂ ਕੀਤੇ ਗਏ ਵਿਸ਼ਲੇਸ਼ਣ ਤੋਂ ਇਹ ਤੱਥ ਸਾਹਮਣੇ ਆਏ ਹਨ।

ਸੇਵਾਵਾਂ, ਉਸਾਰੀ ਵਿਕਾਸ, ਦੂਰਸੰਚਾਰ, ਕੰਪਿਊਟਰ ਸਾਫਟਵੇਅਰ ਤੇ ਹਾਰਡਵੇਅਰ, ਡਰੱਗਜ਼ ਤੇ ਫਾਰਮਾਸਿਊਟੀਕਲਜ਼, ਆਟੋਮੋਬਾਈਲਜ਼, ਕੈਮੀਕਲਜ਼ (ਖਾਦਾਂ ਤੋਂ ਵੱਖਰੇ), ਪਾਵਰ ਮੈਟਲਰਜੀਕਲ ਇੰਡਸਟਰੀਜ਼, ਹੋਟਲ ਤੇ ਟੂਰਿਜ਼ਮ ਉਨ੍ਹਾਂ 10 ਸਿਖਰਲੇ ਸੈਕਟਰਾਂ ਵਿਚ ਸ਼ਾਮਲ ਹਨ, ਜਿਨ੍ਹਾਂ ਰਾਹੀਂ ਭਾਰਤ ਵਿਚ ਸਿੱਧਾ ਵਿਦੇਸ਼ੀ ਨਿਵੇਸ਼ ਹੋ ਰਿਹਾ ਹੈ। ਮਾਰੀਸ਼ਸ, ਸਿੰਗਾਪੁਰ, ਯੂਕੇ, ਜਪਾਨ, ਨੀਦਰਲੈਂਡਜ਼, ਅਮਰੀਕਾ, ਸਾਈਪ੍ਰਸ, ਜਰਮਨੀ, ਫਰਾਂਸ ਤੇ ਸਵਿਟਜ਼ਰਲੈਂਡ ਉਹ 10 ਅਹਿਮ ਮੁਲਕ ਹਨ, ਜੋ ਭਾਰਤ ਵਿਚ ਨਿਵੇਸ਼ ਕਰ ਰਹੇ ਹਨ। ਐਸੋਚੈਮ ਦੇ ਕੌਮੀ ਸਕੱਤਰ ਜਨਰਲ ਡੀ.ਐਸ. ਰਾਵਤ ਨੇ ਚੈਂਬਰ ਵੱਲੋਂ ਇਹ ਰਿਪੋਰਟ ਜਾਰੀ ਕਰਦਿਆਂ, ਵਿਦੇਸ਼ੀ ਨਿਵੇਸ਼ਕਾਂ ਦੇ ਭਰੋਸੇ ਦੀ ਬਹਾਲੀ ਤੇ ਬਿਹਤਰੀ ਤੇ ਹੋਰ ਨਿਵੇਸ਼ ਆਕਰਸ਼ਿਤ ਕਰਨ ਲਈ ਸਮਾਂਬੱਧ, ਸਰਲ ਤੇ ਸੁਖਾਲੇ ਪ੍ਰਬੰਧ ਕੀਤੇ ਜਾਣ ਦਾ ਸੱਦਾ ਦਿੱਤਾ।



# ਮਾਤਾ ਪ੍ਰਕਾਸ਼ ਕੌਰ ਸੁਰਗਵਾਸ

**ਜਲੰਧਰ (ਬਿਊਰੋ):** ਪੰਜਾਬ ਟਾਈਮਜ਼ ਨਾਲ ਜੁੜੇ ਸਨੇਹੀ ਅਤੇ ਯੂਨੀਅਨ ਸਿਟੀ (ਕੈਲੀਫੋਰਨੀਆ) ਰਹਿੰਦੇ ਸ. ਕੁਲਦੀਪ ਸਿੰਘ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਮਾਤਾ ਜੀ ਬੀਬੀ ਪ੍ਰਕਾਸ਼ ਕੌਰ ਲੰਘੀ 13 ਜਨਵਰੀ ਨੂੰ ਸੁਰਗਵਾਸ ਹੋ ਗਏ। ਉਹ ਕਰੀਬ 87 ਸਾਲਾਂ ਦੇ ਸਨ ਅਤੇ ਪਿਛਲੇ ਕਰੀਬ ਇਕ ਸਾਲ ਤੋਂ ਬਿਮਾਰ ਸਨ।

ਮਾਤਾ ਪ੍ਰਕਾਸ਼ ਕੌਰ ਦਾ ਵਿਆਹ 20 ਜਨਵਰੀ 1945 ਸ. ਅਜੀਤ ਸਿੰਘ (ਚੱਕ ਨੰਬਰ 69, ਚੱਬਾ, ਲਾਇਲਪੁਰ,



ਹੁਣ ਫੈਸਲਾਬਾਦ) ਨਾਲ ਹੋਇਆ ਸੀ। ਉਹ ਆਪਣੇ ਪਿਛੇ ਪੰਜ ਬੱਚੇ ਛੱਡ ਗਏ ਹਨ। ਮਾਤਾ ਪ੍ਰਕਾਸ਼ ਕੌਰ ਦਾ ਜਨਮ 25 ਦਸੰਬਰ 1927 ਨੂੰ ਦੁਆਬੇ ਦੇ ਪਿੰਡ ਚੱਕ ਦੇਸ ਰਾਜ, ਜ਼ਿਲ੍ਹਾ ਜਲੰਧਰ ਵਿਚ ਸ. ਚਰਨ ਸਿੰਘ ਸਹੋਤਾ ਅਤੇ ਮਾਂ ਕਰਤਾਰ ਕੌਰ ਦੇ ਗ੍ਰਹਿ ਵਿਖੇ ਹੋਇਆ। ਮਾਤਾ ਪ੍ਰਕਾਸ਼ ਕੌਰ ਦੇ ਚਾਚਾ ਜੀ ਕਾਮਰੇਡ ਸ. ਟਹਿਲ ਸਿੰਘ ਆਜ਼ਾਦੀ ਘੁਲਾਟੀਏ ਸਨ। ਕਾਮਰੇਡਾਂ ਦੀ ਇਸ ਧੀ ਦੇ ਨਾਨਕੇ ਵੀ ਕਾਮਰੇਡ ਸਨ। ਕਰੀਬ 16 ਸਾਲ ਦੀ ਉਮਰ ਵਿਚ ਹੀ ਉਨ੍ਹਾਂ ਹਨੇਰੇ-ਸਵੇਰੇ ਕੁੱਪਾਂ 'ਚ ਲੁਕੇ ਦੇਸ਼ ਭਗਤਾਂ ਨੂੰ ਰੋਟੀ-ਪਾਣੀ ਪਹੁੰਚਾਉਣ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ ਸੀ ਅਤੇ ਉਹ ਘੋੜ ਸਵਾਰੀ ਵੀ ਕਰ ਲੈਂਦੇ ਸਨ।

ਮਾਤਾ ਪ੍ਰਕਾਸ਼ ਕੌਰ ਅਕਸਰ ਕਿਹਾ ਕਰਦੇ ਸਨ ਕਿ ਸਾਰੇ ਮਨੁੱਖਾਂ ਨਾਲ ਇਕੋ ਜਿਹਾ ਪਿਆਰ ਕਰੋ, ਦੇਸ਼ ਸੇਵਾ ਕਰਦਿਆਂ ਕਦੇ ਕਿਸੇ ਸਰਕਾਰੀ ਇਨਾਮ ਅਤੇ ਪੈਨਸ਼ਨ ਦੀ ਝਾਕ ਨਾ ਰੱਖੋ। ਸਦਾ ਕਾਰਜਸ਼ੀਲ ਰਹੋ, ਵਿਹਲੇ ਨਾ ਬੈਠੋ।

# ਬੀਬੀ ਰਖਵੰਤ ਕੌਰ ਦਾ ਦੇਹਾਂਤ

**ਸੈਕਰਾਮੈਂਟੋ (ਬਿਊਰੋ):** ਮਿਲਾਪੜੇ ਸੁਭਾਅ ਦੇ ਮਾਲਕ ਬੀਬੀ ਰਖਵੰਤ ਕੌਰ ਭੱਟੀ ਦਾ ਲੰਘੇ ਦਿਨੀਂ ਦੇਹਾਂਤ ਹੋ ਗਿਆ। ਉਹ ਆਪਣੇ ਪਿਛੇ ਪਤੀ ਗੁਰਦੀਪ ਸਿੰਘ ਭੱਟੀ ਤੋਂ ਇਲਾਵਾ ਦੋ ਪੁੱਤਰ- ਡਾ. ਹਰਬਖਸ਼ ਸਿੰਘ ਅਤੇ ਡਾ. ਅਰਸ਼ਪਾਲ ਸਿੰਘ, ਨੂੰਹਾਂ- ਕਮਲ ਕੌਰ, ਸਿਮੀ ਕੌਰ ਅਤੇ ਇੱਕ ਬੇਟੀ ਸੁਮਿੰਦਰ ਕੌਰ ਅਤੇ ਦੋਹਤੇ-ਦੋਹਤੀਆਂ, ਪੋਤੇ-



ਪੋਤੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਬੀਬੀ ਰਖਵੰਤ ਕੌਰ ਪੰਜਾਬੀ ਭਾਈਚਾਰੇ ਵਿਚ ਜਾਣੇ-ਪਛਾਣੇ ਸ. ਰਾਣਾ ਸਿੰਘ ਕਾਹਲੋਂ ਦੇ ਸੱਸ ਸਨ।

ਬੀਬੀ ਰਖਵੰਤ ਕੌਰਨ ਦਾ ਅੰਤਿਮ ਸੰਸਕਾਰ ਸਨਸੈਟ ਲਾਅਨ ਚੈਪਲ ਆਫ ਚਾਈਮਜ਼ (4791 ਮੈਰੀਸਵਿਲ ਬੁਲੇਵਾਰਡ) ਸੈਕਰਾਮੈਂਟੋ ਵਿਚ 18 ਜਨਵਰੀ ਨੂੰ ਸਵੇਰੇ 11 ਵਜੇ ਕੀਤਾ ਜਾਵੇਗਾ। ਅੰਤਿਮ ਅਰਦਾਸ ਕੈਪੀਟਲ ਸਿੱਖ ਸੈਂਟਰ (ਪੈਲ ਡਰਾਈਵ) ਸੈਕਰਾਮੈਂਟੋ ਵਿਖੇ ਹੋਵੇਗੀ। ਪਰਿਵਾਰ ਨਾਲ ਸੰਪਰਕ ਡਾ. ਅਰਸ਼ਪਾਲ ਸਿੰਘ ਫੋਨ: 916-844-6170 ਜਾਂ ਰਾਣਾ ਕਾਹਲੋਂ ਨਾਲ ਫੋਨ 510-378-8560 ਰਾਹੀਂ ਕੀਤਾ ਜਾ ਸਕਦਾ ਹੈ।

# ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦਾ 'ਗਦਰੀ ਮੇਲਾ' 29 ਮਾਰਚ ਨੂੰ

**ਫਰਿਜ਼ਨੋ (ਬਿਊਰੋ):** ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੀ ਇਕ ਮੀਟਿੰਗ ਵਿਚ ਗਦਰੀ ਬਾਬਿਆਂ ਦੀ ਯਾਦ ਵਿਚ 15ਵਾਂ ਮੇਲਾ ਇਸ ਸਾਲ 29 ਮਾਰਚ ਨੂੰ ਕਰਵਾਉਣ ਦਾ ਫੈਸਲਾ ਲਿਆ ਗਿਆ।

ਇਸ ਸਾਲ ਦਾ ਇਹ ਮੇਲਾ ਸ਼ਹੀਦ ਮੇਵਾ ਸਿੰਘ ਲੋਪੋਕੇ, ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਨਾਲ ਸ਼ਹਾਦਤ ਪਾਉਣ ਵਾਲੇ ਸ਼ਹੀਦਾਂ- ਵਿਸ਼ਨੂ ਗਣੇਸ਼ ਪਿੰਗਲੇ (ਮਹਾਰਾਸ਼ਟਰ), ਸਰੈਣ ਸਿੰਘ ਵੱਡਾ, ਸਰੈਣ ਸਿੰਘ ਛੋਟਾ, ਬਖਸ਼ੀਸ਼ ਸਿੰਘ ਗਿਲਵਾਲੀ (ਤਿੰਨੇ ਪਿੰਡ ਗਿਲਵਾਲੀ, ਅੰਮ੍ਰਿਤਸਰ), ਹਰਨਾਮ ਸਿੰਘ ਸਿਆਲਕੋਟੀ ਅਤੇ ਜਗਤ ਸਿੰਘ (ਸੁਰਸਿੰਘ, ਅੰਮ੍ਰਿਤਸਰ) ਦੀ ਸ਼ਹੀਦੀ ਦੀ ਸੌਵੀ ਵਰ੍ਹੇਗੰਢ ਨੂੰ ਸਮਰਪਿਤ ਹੋਵੇਗਾ।

ਸੰਸਥਾ ਵਲੋਂ ਜਾਰੀ ਬਿਆਨ ਅਨੁਸਾਰ ਮੇਲਾ ਕਲੋਵਿਸ ਦੇ ਪਰੇਜ ਈਵੇਂਟ ਹਾਲ (1600 ਵਿਲੋ ਐਵੀਨਿਊ) ਵਿਚ ਹੋ ਰਿਹਾ ਹੈ। ਮੇਲਾ ਦੁਪਹਿਰ 12 ਵਜੇ ਤੋਂ ਸ਼ਾਮ ਦੇ 6 ਵਜੇ ਤੱਕ ਚਲੇਗਾ। ਮੁਖ ਮਹਿਮਾਨ ਤੇ ਬੁਲਾਰੇ ਭਾਰਤ ਤੋਂ ਪ੍ਰਸਿਧ ਪੱਤਰਕਾਰ ਜਤਿੰਦਰ ਸਿੰਘ ਪੰਨੂ ਹੋਣਗੇ। ਕੈਲੀਫੋਰਨੀਆ ਸੰਗੀਤ ਗਰੁਪ ਦੇ ਗਾਇਕ ਤਰਲੋਕ ਸਿੰਘ, ਅਨੂਪ ਸਿੰਘ ਚੀਮਾ ਅਤੇ ਅਮਰਜੀਤ ਸਿੰਘ ਦੂਲੇ ਗਦਰੀ ਸੂਰਬੀਰਾਂ ਦੇ ਕਿੱਸੇ ਅਤੇ ਦੇਸ਼ ਭਗਤੀ ਦੇ ਗੀਤ ਗਾਉਣਗੇ। ਗਿੱਧੇ-ਭੰਗੜੇ ਦੀਆਂ ਵੰਨਗੀਆਂ ਦੇ ਨਾਲ ਨਾਲ ਕਵਿਤਾਵਾਂ ਅਤੇ ਭਾਸ਼ਣ ਵੀ ਪ੍ਰੋਗਰਾਮ ਦਾ ਹਿੱਸਾ ਹੋਣਗੇ। ਮੇਲੇ ਦੌਰਾਨ 4.0 ਜਾਂ ਬਿਹਤਰ ਗ੍ਰੇਡ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਜਾਵੇਗਾ।

ਸੰਸਥਾ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹੀਦੀ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿਤੀ ਗਈ। ਜ਼ਿਕਰਯੋਗ ਹੈ ਕਿ ਭਾਈ ਲੋਪੋਕੇ ਨੂੰ ਪੁਲਿਸ ਅਫਸਰ ਹਾਪਕਿਨਸਨ ਨੂੰ ਮਾਰਨ ਦੇ ਦੋਸ਼ ਵਿਚ 11 ਜਨਵਰੀ 1915 ਨੂੰ ਵੈਸਟ ਮਨਿਸਟਰ ਕੈਨੇਡਾ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿਤਾ ਗਿਆ ਸੀ।

# ਦਿੱਲੀ 'ਚ ਅਕਾਲੀ-ਭਾਜਪਾ ਸਾਂਝ ਕਾਇਮ

**ਚੰਡੀਗੜ੍ਹ:** ਪੰਜਾਬ ਵਿਚ ਸੱਤਾਧਾਰੀ ਗੱਠਜੋੜ ਦਰਮਿਆਨ ਚੱਲ ਰਹੇ ਤਣਾਅ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਰਾਜਸੀ ਸਾਂਝ ਆਗਾਮੀ ਦਿੱਲੀ ਵਿਧਾਨ ਸਭਾ ਚੋਣਾਂ ਵਿਚ ਕਾਇਮ ਰਹੇਗੀ। ਦੋਵਾਂ ਪਾਰਟੀਆਂ ਦੇ ਆਗੂਆਂ ਦੀ ਮੀਟਿੰਗ ਦੌਰਾਨ ਭਾਰਤੀ ਜਨਤਾ ਪਾਰਟੀ ਨੇ ਅਕਾਲੀ ਦਲ ਲਈ ਚਾਰ ਵਿਧਾਨ ਸਭਾ ਸੀਟਾਂ ਛੱਡੀਆਂ ਹਨ।

ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਦੱਸਿਆ ਕਿ ਸਮਝੌਤੇ ਤਹਿਤ ਦੋ ਸੀਟਾਂ ਤੋਂ ਅਕਾਲੀ ਦਲ ਦੇ ਉਮੀਦਵਾਰ ਤੱਕੜੀ ਚੋਣ ਨਿਸ਼ਾਨ ਅਤੇ ਦੋ ਸੀਟਾਂ 'ਤੇ ਕਮਲ ਚੋਣ ਨਿਸ਼ਾਨ 'ਤੇ ਚੋਣ ਲੜਨਗੇ। ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨਾਲ ਅਕਾਲੀ ਆਗੂਆਂ ਦੀ ਮੀਟਿੰਗ ਦੌਰਾਨ ਇਹ ਸਹਿਮਤੀ ਬਣੀ ਸੀ। ਸੂਤਰਾਂ ਮੁਤਾਬਕ ਸਿੱਖ ਵੋਟਰਾਂ ਦੀ ਲੋੜ ਮਹਿਸੂਸ ਕਰਦਿਆਂ ਭਾਜਪਾ ਦਿੱਲੀ ਵਿਚ ਅਕਾਲੀ ਦਲ ਨਾਲੋਂ ਨਾਤਾ ਤੋੜਨ ਦਾ ਜੋਖਮ ਨਹੀਂ ਉਠਾਉਣਾ ਚਾਹੁੰਦੀ। ਸ. ਜੀ.ਕੇ. ਨੇ ਦੱਸਿਆ ਕਿ ਪਾਰਟੀ ਵੱਲੋਂ ਉਮੀਦਵਾਰਾਂ ਦਾ ਐਲਾਨ ਇੱਕ ਦੋ ਦਿਨਾਂ ਵਿਚ ਕਰ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਪੰਜਾਬ ਵਿਚ ਦੋਵਾਂ ਪਾਰਟੀਆਂ ਦੇ ਸਬੰਧ ਲਗਾਤਾਰ ਵਿਗੜ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਪਿਛਲੇ ਦਿਨੀਂ ਕੌਮਾਂਤਰੀ ਸਰਹੱਦ 'ਤੇ ਦਿੱਤੇ ਧਰਨੇ ਭਾਜਪਾ ਦੀ ਮੁਹਿੰਮ ਦੇ ਵਿਰੁਧ ਮੰਨੇ ਜਾ ਰਹੇ ਹਨ।

ਉਧਰ ਭਾਜਪਾ ਵੱਲੋਂ ਪੰਜਾਬ ਵਿਚ ਨਸ਼ਿਆਂ ਦੀ ਤਸਕਰੀ ਲਈ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ 'ਤੇ ਲੁਕਵੇਂ ਵਾਰ ਕੀਤੇ ਜਾ ਰਹੇ ਹਨ। ਮਾਲ ਮੰਤਰੀ ਬਿਕਰਮ ਮਜੀਠੀਆ ਨੂੰ ਕੇਂਦਰੀ ਜਾਂਚ ਏਜੰਸੀ ਐਨਫੋਰਮੈਂਟ ਡਾਇਰੈਕਟੋਰੇਟ ਵੱਲੋਂ ਤਲਬ ਕੀਤੇ ਜਾਣ ਨਾਲ ਦੋਵਾਂ ਪਾਰਟੀਆਂ ਵਿਚ ਤਣਾਅ ਹੋਰ ਵੀ ਵਧ ਗਿਆ ਸੀ।


# ਅਦਾਲਤ ਵਲੋਂ ਡੇਰਾ ਮੁਖੀ ਵਿਰੁਧ ਜਾਂਚ 'ਤੇ ਸਟੇਅ ਦੇਣ ਤੋਂ ਨਾਂਹ

**ਚੰਡੀਗੜ੍ਹ:** ਡੇਰਾ ਸਿਰਸਾ ਦੇ ਸ਼ਰਧਾਲੂਆਂ ਨੂੰ ਨਿਪੁੰਸਕ ਬਣਾਉਣ ਦੀ ਸੀ.ਬੀ.ਆਈ. ਜਾਂਚ ਦੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਇਕ ਜੱਜ ਦੇ ਹੁਕਮਾਂ ਵਿਰੁਧ ਸਟੇਅ ਦੇਣ 'ਤੇ ਡਿਵੀਜ਼ਨ ਬੈਂਚ ਨੇ ਨਾਂਹ ਕਰ ਦਿੱਤੀ। ਇਨ੍ਹਾਂ ਹੁਕਮਾਂ 'ਤੇ ਰੋਕ ਲਾਉਣ ਦੀ ਅਪੀਲ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੇ ਪਾਈ ਸੀ। ਉਂਜ ਅਦਾਲਤ ਨੇ ਡੇਰਾ ਮੁਖੀ ਦੀ ਅਪੀਲ 'ਤੇ ਸੁਣਵਾਈ ਕਰਨ ਲਈ 25 ਫਰਵਰੀ ਤੈਅ ਕੀਤੀ ਹੈ।

ਇਕ ਜੱਜ ਨੇ ਜਾਂਚ ਦੇ ਹੁਕਮ ਫਤਿਹਾਬਾਦ ਜ਼ਿਲ੍ਹੇ ਦੇ ਹੰਸ ਰਾਜ ਚੌਹਾਨ ਵਲੋਂ ਨਿਪੁੰਸਕ ਬਣਾਏ ਜਾਣ ਬਾਰੇ ਪਾਈ ਗਈ ਰਿੱਟ ਪਟੀਸ਼ਨ 'ਤੇ ਦਿੱਤੇ ਸਨ। ਚੌਹਾਨ ਨੇ ਦੋਸ਼ ਲਾਏ ਹਨ ਕਿ ਕਾਫੀ ਸਾਰੇ ਡੇਰਾ ਸ਼ਰਧਾਲੂਆਂ ਨੂੰ ਇਸ ਝੂਠੀ ਆਸ 'ਤੇ ਨਿਪੁੰਸਕ ਬਣਾਇਆ ਗਿਆ ਸੀ ਕਿ ਜਿਹੜੇ ਪੁਰਸ਼ ਨਿਪੁੰਸਕ ਬਣਾਏ ਜਾਣਗੇ, ਉਹ ਗੁਰਮੀਤ ਰਾਮ ਰਹੀਮ ਸਿੰਘ ਰਾਹੀਂ ਰੱਬ ਨੂੰ ਪ੍ਰਾਪਤ ਕਰਨ ਦੇ ਸਮਰੱਥ ਹੋ ਜਾਣਗੇ। ਡੇਰਾ ਮੁਖੀ ਨੇ ਭਾਵੇਂ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ, ਪਰ ਹੁਣ ਇਨ੍ਹਾਂ ਨੂੰ ਇਹ ਅਦਾਲਤ ਵਿਚ ਸਾਬਤ ਕਰਨਾ ਪਵੇਗਾ।

# ਬ੍ਰਿਟਿਸ਼ ਮੌਲਵੀ ਅਬੂ ਹਮਜ਼ਾ ਨੂੰ ਉਮਰ ਕੈਦ

**ਨਿਊ ਯਾਰਕ:** ਅਮਰੀਕਾ ਦੀ ਅਦਾਲਤ ਨੇ ਬ੍ਰਿਟਿਸ਼ ਮੌਲਵੀ ਅਬੂ ਹਮਜ਼ਾ ਉਰਫ਼ ਮੁਸਤਫ਼ਾ ਕਾਮਿਲ ਮੁਸਤਫ਼ਾ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਉਸ 'ਤੇ ਦਹਿਸ਼ਤਗਰਦੀ



ਨਾਲ ਸਬੰਧਤ 11 ਦੋਸ਼ ਲੱਗੇ ਹਨ। ਅਲਕਾਇਦਾ ਨੂੰ ਸਾਜ਼ੋ-ਸਾਮਾਨ ਦੇਣ ਤੇ ਅਮਰੀਕਾ ਵਿਚ ਦਹਿਸ਼ਤੀ ਸਿਖਲਾਈ ਕੈਂਪ ਸਥਾਪਤ ਕਰਨ ਦੀ ਸਾਜ਼ਿਸ਼ ਘੜਨ ਦਾ ਵੀ ਉਸ ਨੂੰ ਦੋਸ਼ੀ ਪਾਇਆ ਗਿਆ ਹੈ।

ਅਬੂ ਹਮਜ਼ਾ ਨੂੰ ਅਕਤੂਬਰ 2012 ਵਿਚ ਇੰਗਲੈਂਡ ਤੋਂ ਨਿਊਯਾਰਕ ਲਿਆਂਦਾ ਗਿਆ ਸੀ। ਪਿਛਲੇ ਸਾਲ ਮਈ ਵਿਚ ਚਾਰ ਹਫ਼ਤਿਆਂ ਦੇ ਮੁਕੱਦਮੇ ਤੋਂ ਬਾਅਦ ਉਸ ਨੂੰ 11 ਮਾਮਲਿਆਂ ਵਿਚ ਦੋਸ਼ੀ ਪਾਇਆ ਗਿਆ ਸੀ।







# ਪੰਜਾਬ ਕਾਂਗਰਸ ਵਿਚ ਚੌਧਰ ਲਈ ਕਲੇਸ਼ ਹੋਇਆ ਭਾਰੂ

## ਕੈਪਟਨ ਧੜੇ ਵਲੋਂ ਬਾਜਵਾ ਖਿਲਾਫ ਖੁੱਲ੍ਹੀ ਜੰਗ ਦਾ ਐਲਾਨ



**ਚੰਡੀਗੜ੍ਹ:** ਪੰਜਾਬ ਕਾਂਗਰਸ ਦੀ ਵਾਡਗੋਰ ਲਈ ਮੌਜੂਦਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤੇ ਕੈਪਟਨ ਅਮਰਿੰਦਰ ਸਿੰਘ ਵਿਚਕਾਰ ਕਸ਼ਮਕਸ਼ ਨੇ ਜ਼ੋਰ ਫੜ ਲਿਆ ਹੈ। ਕੈਪਟਨ ਧੜੇ ਨੇ ਸ. ਬਾਜਵਾ ਨੂੰ ਪ੍ਰਧਾਨਗੀ ਤੋਂ ਲਾਂਭੇ ਕਰਨ ਲਈ ਖੁੱਲ੍ਹੀ ਜੰਗ ਦਾ ਐਲਾਨ ਕਰ ਦਿੱਤਾ ਹੈ। ਕੈਪਟਨ ਨੇ ਖੁੱਲ੍ਹ ਕੇ ਆਖ ਦਿੱਤਾ ਹੈ ਕਿ ਜੇਕਰ ਕਾਂਗਰਸ ਹਾਈਕਮਾਨ ਪਾਰਟੀ ਨੂੰ 2017 ਵਿਚ ਸੂਬੇ ਅੰਦਰ ਸੱਤਾਧਾਰੀ ਦੇਖਣਾ ਚਾਹੁੰਦੀ ਹੈ ਤਾਂ ਉਹ ਸੂਬਾਈ ਲੀਡਰਸ਼ਿਪ ਨੂੰ ਬਦਲ ਦੇਵੇ। ਪਾਰਟੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨਾਲ ਮੀਟਿੰਗ ਦੌਰਾਨ ਲੋਕ ਸਭਾ ਵਿਚ ਪਾਰਟੀ ਦੇ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਤਾਪ ਸਿੰਘ ਬਾਜਵਾ ਦੀ ਸੂਬਾਈ ਪ੍ਰਧਾਨਗੀ 'ਤੇ ਬਰਕਰਾਰ ਰਹਿਣ ਉਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਲੀਡਰਸ਼ਿਪ ਵਿਚ ਤਬਦੀਲੀ ਸਮੇਂ ਦੀ ਮੰਗ ਤੇ ਅਹਿਮ ਹੈ।

ਕੈਪਟਨ ਨੇ ਜਿਥੇ ਬਾਜਵਾ ਨੂੰ ਹਟਾਉਣ ਦੀ ਮੰਗ ਕੀਤੀ, ਉਥੇ ਹੀ ਆਪਣੇ ਧੜੇ ਦੇ ਆਗੂਆਂ ਦੀ ਇਕ ਮੀਟਿੰਗ ਕਰਦਿਆਂ ਟੇਢੇ ਢੰਗ ਨਾਲ ਸ਼ਕਤੀ ਪ੍ਰਦਰਸ਼ਨ ਵੀ ਕੀਤਾ। ਮੀਟਿੰਗ ਦੇ ਪ੍ਰੋਗਰਾਮ ਤਹਿਤ ਕੈਪਟਨ ਧੜੇ ਵੱਲੋਂ 22 ਜਨਵਰੀ ਨੂੰ ਅੰਮ੍ਰਿਤਸਰ ਵਿਖੇ ਰੈਲੀ ਕੀਤੀ ਜਾਵੇਗੀ, ਉਥੇ ਹੀ ਇਸ ਧੜੇ ਦੇ ਵਿਧਾਇਕ ਤੇ ਹਾਰੇ ਉਮੀਦਵਾਰਾਂ ਦੇ ਹਲਕਿਆਂ ਵਿਚ ਵੀ ਰੈਲੀਆਂ ਕੀਤੀਆ ਜਾਣਗੀਆਂ, ਜਿਨ੍ਹਾਂ ਨੂੰ ਕੈਪਟਨ ਅਮਰਿੰਦਰ ਸਿੰਘ ਸੰਬੋਧਨ ਕਰਨਗੇ। ਇਹ ਫੈਸਲਾ 35 ਵਿਧਾਇਕਾਂ ਦੀ ਸਹਿਮਤੀ ਨਾਲ ਲਿਆ ਗਿਆ ਹੈ, ਜਿਹੜੇ ਮੌਕੇ ਉੱਤੇ ਹਾਜ਼ਰ ਸਨ। ਨਸ਼ਿਆਂ ਤੇ ਅਕਾਲੀ ਭਾਜਪਾ ਸਰਕਾਰ ਦੇ ਖ਼ਿਲਾਫ਼ ਕੀਤੀ ਜਾਣ ਵਾਲੀ ਇਸ ਰੈਲੀ ਬਾਰੇ ਫੈਸਲਾ 35 ਵਿਧਾਇਕਾਂ ਸਮੇਤ ਤਕਰੀਬਨ 100 ਹੋਰ ਪ੍ਰਮੁੱਖ ਆਗੂਆਂ ਦੀ ਸਹਿਮਤੀ ਨਾਲ ਲਿਆ ਗਿਆ। ਉਸੇ ਦਿਨ ਭਾਜਪਾ ਵੱਲੋਂ ਵੀ ਰੈਲੀ ਕੀਤੀ ਜਾ ਰਹੀ ਹੈ। ਇਸ ਤਰ੍ਹਾਂ ਇਹ ਵੀ ਸਮਝਿਆ ਜਾ ਰਿਹਾ ਹੈ ਕਿ ਸ. ਬਾਜਵਾ ਨੂੰ ਬਦਲੇ ਜਾਣ ਤੋਂ ਨਾਂਹ ਕਰਨ ਉਪਰੰਤ ਕੈਪਟਨ ਧੜੇ ਵੱਲੋਂ ਬਾਜਵਾ ਖ਼ਿਲਾਫ਼ ਜਹਾਦ ਵਿੱਢ ਦਿੱਤਾ ਗਿਆ ਹੈ ਕਿਉਂਕਿ ਪਾਰਟੀ ਹਾਈਕਮਾਨ ਦੇ ਪ੍ਰੋਗਰਾਮ ਤੋਂ ਬਿਨਾਂ ਹਲਕਾ ਵਾਰ ਰੈਲੀਆਂ ਕਰਨਾ ਸਿੱਧੇ ਰੂਪ ਵਿਚ ਪ੍ਰਦੇਸ਼ ਪ੍ਰਧਾਨ ਦੇ ਖ਼ਿਲਾਫ਼ ਬਗਾਵਤ ਦੇ ਹੀ ਤੁਲ ਹੀ ਹੈ।

ਇਥੇ ਨਿਊ ਮੋਤੀ ਬਾਗ ਪੈਲੇਸ ਵਿਖੇ ਹੋਈ ਇਸ ਮੀਟਿੰਗ ਦੌਰਾਨ ਭਾਵੇਂ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਿੱਧੇ ਤੌਰ 'ਤੇ ਸ੍ਰੀ ਬਾਜਵਾ ਜਾਂ ਕਿਸੇ ਹੋਰ ਦੇ ਖ਼ਿਲਾਫ਼ ਕੋਈ ਵੀ ਗੱਲ ਨਹੀਂ ਆਖੀ ਗਈ, ਪਰ ਉਨ੍ਹਾਂ ਨੇ ਪੰਜਾਬ ਸਰਕਾਰ ਤੇ ਖਾਸ ਕਰਕੇ ਭਾਜਪਾ ਨੂੰ ਹੀ ਮੁੱਖ ਤੌਰ 'ਤੇ ਆਪਣਾ ਨਿਸ਼ਾਨਾ ਬਣਾਇਆ।

ਕੈਪਟਨ ਦੀ ਅਗਵਾਈ ਹੇਠ ਇਹ ਮਤਾ ਵੀ ਪਾਸ ਕੀਤਾ ਗਿਆ ਕਿ ਉਹ ਸਾਰੇ ਅਨੁਸ਼ਾਸਿਤ ਸਿਪਾਹੀਆਂ ਦੀ ਤਰ੍ਹਾਂ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਤੇ ਮੀਤ ਪ੍ਰਧਾਨ ਰਾਹੁਲ ਗਾਂਧੀ ਦੇ ਹੱਥ ਮਜ਼ਬੂਤ ਕਰਨ ਲਈ ਤਤਪਰ ਰਹਿਣਗੇ। ਉਨ੍ਹਾਂ ਕਿਹਾ ਕਿ ਇਤਿਹਾਸ 1980 ਦੀ ਤਰ੍ਹਾਂ ਇਕ ਵਾਰ ਫਿਰ ਤੋਂ ਖ਼ੁਦ ਨੂੰ ਦੁਹਰਾਏਗਾ, ਜਦੋਂ ਪੰਜਾਬ ਵਿਚੋਂ ਕਾਂਗਰਸ ਪਾਰਟੀ ਦੀ ਵਾਪਸੀ ਦੀ ਸ਼ੁਰੂਆਤ ਹੋਈ ਸੀ ਤੇ ਇਥੋਂ ਇਹ ਦੌਰ ਪੂਰੇ ਦੇਸ਼ ਵਿਚ ਵਧਿਆ ਸੀ। ਪੰਜਾਬ ਕਾਂਗਰਸ ਦੇ ਕਈ ਸੀਨੀਅਰ ਨੇਤਾ, ਮੌਜੂਦਾ ਤੇ ਸਾਬਕਾ ਵਿਧਾਇਕ, ਪਹਿਲਾਂ ਹੀ ਹਾਈਕਮਾਨ ਨੂੰ ਕੈਪਟਨ ਦੇ ਹੱਕ ਵਿਚ ਆਪਣੇ ਵਿਚਾਰ ਦੱਸ ਚੁੱਕੇ ਹਨ। ਹੁਣ ਗੇਂਦ ਸ੍ਰੀਮਤੀ ਗਾਂਧੀ ਦੇ ਪਾਲੇ ਵਿਚ ਹੈ। ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਸ੍ਰੀ ਬਾਜਵਾ ਦੀ ਪਿੱਠ 'ਤੇ ਥਾਪੜਾ ਦਿੱਤਾ ਹੋਇਆ ਹੈ ਤੇ ਪੰਜਾਬ ਮਾਮਲਿਆਂ ਦੇ ਮੁਖੀ ਤੇ ਜਨਰਲ ਸਕੱਤਰ ਸ਼ਕੀਲ ਅਹਿਮਦ ਵੀ ਮੌਜੂਦਾ ਪ੍ਰਧਾਨ ਦਾ ਸਮਰਥਨ ਕਰ ਚੁੱਕੇ ਹਨ। ਸੂਤਰਾਂ ਅਨੁਸਾਰ ਹਾਈਕਮਾਨ ਪੰਜਾਬ ਵਿਚ ਲੀਡਰਸ਼ਿਪ ਬਦਲਣ ਬਾਰੇ ਫੈਸਲਾ ਦਿੱਲੀ ਵਿਧਾਨ ਸਭਾ ਚੋਣਾਂ ਮਗਰੋਂ ਕਰ ਸਕਦੀ ਹੈ।

## ਅਨੁਸ਼ਾਸਨ ਵਿਚ ਰਹੇ ਕੈਪਟਨ: ਬਾਜਵਾ



**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸੀਨੀਅਰ ਕਾਂਗਰਸੀ ਆਗੂ ਤੇ ਸੰਸਦ ਮੈਂਬਰ ਕੈਪਟਨ ਅਮਰਿੰਦਰ ਸਿੰਘ ਲਛਮਣ ਰੇਖਾ ਉਲੰਘ ਰਹੇ ਹਨ ਤੇ ਉਨ੍ਹਾਂ ਨੂੰ ਅਨੁਸ਼ਾਸਨ ਵਿਚ ਰਹਿਣਾ ਚਾਹੀਦਾ ਹੈ। ਸ੍ਰੀ ਬਾਜਵਾ ਨੇ ਕਿਹਾ ਕਿ ਕੈਪਟਨ ਤਾਂ ਖ਼ੁਦ ਇਕ ਫੌਜੀ ਅਧਿਕਾਰੀ ਰਹੇ ਹਨ ਤੇ ਫੌਜੀ ਹਮੇਸ਼ਾ ਅਨੁਸ਼ਾਸਨ ਦੇ ਪਾਬੰਦ ਹੁੰਦੇ ਹਨ ਪਰ ਉਨ੍ਹਾਂ ਦੇ ਮਾਮਲੇ ਵਿਚ ਸਥਿਤੀ ਉਲਟ ਹੈ। ਉਨ੍ਹਾਂ ਨੂੰ ਬੇਲੋੜੇ ਬਿਆਨ ਦੇ ਕੇ ਕਾਂਗਰਸੀ ਵਰਕਰਾਂ ਵਿਚ ਭੰਬਲਭੂਸਾ ਨਹੀਂ ਪਾਉਣਾ ਚਾਹੀਦਾ। ਬਾਜਵਾ ਨੇ ਕਿਹਾ ਕਿ ਉਹ ਪੁੱਛਣਾ ਚਾਹੁੰਦੇ ਹਨ ਕਿ ਕੈਪਟਨ ਦੀ ਅਗਵਾਈ ਹੇਠ ਸਾਲ 2007 ਤੇ 2012 ਦੌਰਾਨ ਪਾਰਟੀ ਨੂੰ ਵਿਧਾਨ ਸਭਾ ਚੋਣਾਂ ਦੌਰਾਨ ਅਣਕਿਆਸੀਆਂ ਹਾਰਾਂ ਦਾ ਮੂੰਹ ਕਿਉਂ ਦੇਖਣਾ ਪਿਆ ਸੀ। ਜੇਕਰ ਕੈਪਟਨ ਨੂੰ ਉਸ ਵੇਲੇ ਹਾਰ-ਜਿੱਤ ਦਾ ਪਤਾ ਨਹੀਂ ਲੱਗਾ ਸੀ ਤਾਂ ਫਿਰ ਉਹ ਇਹ ਭਵਿੱਖਬਾਣੀ ਕਿਵੇਂ ਕਰ ਸਕਦੇ ਹਨ ਕਿ ਸਾਲ 2017 ਦੀਆਂ ਚੋਣਾਂ ਉਨ੍ਹਾਂ ਦੀ ਅਗਵਾਈ ਹੇਠ ਜਿੱਤਣੀਆਂ ਸੰਭਵ ਨਹੀਂ ਹਨ।


## ਤਿਵਾੜੀ ਤੇ ਅਸ਼ਵਨੀ ਕੈਪਟਨ ਦੀ ਪਿੱਠ ਉਤੇ ਆਏ





**ਨਵੀਂ ਦਿੱਲੀ:** ਸਾਬਕਾ ਕੇਂਦਰੀ ਮੰਤਰੀ ਅਸ਼ਵਨੀ ਕੁਮਾਰ ਤੇ ਮਨੀਸ਼ ਤਿਵਾੜੀ ਨੇ ਕਿਹਾ ਕਿ ਕੈਪਟਨ ਪੰਜਾਬ ਵਿਚ ਪਾਰਟੀ ਦੇ ਆਗੂਆਂ ਵਿਚੋਂ ਸਭ ਤੋਂ ਉੱਚੇ ਕੱਦ ਦੇ ਮਾਲਕ ਹਨ ਤੇ ਪਾਰਟੀ ਦੀ ਕਾਇਆਕਲਪ ਕਰਨ ਲਈ ਵਰਕਰਾਂ ਅੰਦਰ ਇਕਜੁੱਟਤਾ ਪੈਦਾ ਕਰਨ ਦੀ ਲੋੜ ਹੈ। ਅਸ਼ਵਨੀ ਕੁਮਾਰ ਨੇ ਦੱਸਿਆ ਕਿ ਕਾਂਗਰਸ ਹਾਈਕਮਾਂਡ ਸੂਬੇ ਦੀ ਜ਼ਮੀਨੀ ਸਥਿਤੀ ਤੋਂ ਪੂਰੀ ਤਰ੍ਹਾਂ ਵਾਕਫ਼ ਹੈ। ਕਾਂਗਰਸੀ ਵਰਕਰਾਂ ਨੂੰ ਅਜਿਹੇ ਆਗੂ ਦੀ ਤਾਂਘ ਹੈ, ਜੋ ਲੋਕਾਂ ਦੇ ਰੌਅ ਨੂੰ ਉਭਾਰ ਸਕੇ ਤੇ ਇਸ ਪੱਖੋਂ ਕੈਪਟਨ ਅਮਰਿੰਦਰ ਸਿੰਘ ਦਾ ਕੱਦ-ਬੁੱਤ ਸਭ ਤੋਂ ਉੱਚਾ ਹੈ। ਮਨੀਸ਼ ਤਿਵਾੜੀ ਨੇ ਆਖਿਆ ਕਿ ਇਹ ਹਕੀਕਤ ਹੈ ਕਿ ਉਹ (ਅਮਰਿੰਦਰ ਸਿੰਘ) ਪੰਜਾਬ ਵਿਚ ਪਾਰਟੀ ਦੇ ਸਭ ਤੋਂ ਵੱਡੇ ਆਗੂ ਹਨ ਤੇ ਇਸ ਹਕੀਕਤ ਤੋਂ ਅੱਖਾਂ ਨਹੀਂ ਮੀਟੀਆਂ ਜਾ ਸਕਦੀਆਂ।

# ਪੰਜਾਬ 'ਚ ਕੁੜੀ-ਮੁੰਡੇ ਦੀ ਜਨਮ ਦਰ ਦਾ ਪਾੜਾ ਘਟਿਆ



**ਲੁਧਿਆਣਾ:** ਪੰਜਾਬ ਵਿਚ ਪਿਛਲੇ ਸਾਲਾਂ ਦੇ ਮੁਕਾਬਲੇ ਲੜਕੀਆਂ ਦੀ ਜਨਮ ਦਰ ਵਿਚ ਕਾਫੀ ਸੁਧਾਰ ਹੋਇਆ ਹੈ ਕਿਉਂਕਿ ਇਕ ਸਮਾਂ ਤਾਂ ਸੂਬੇ ਵਿਚ ਉਹ ਆ ਗਿਆ ਸੀ, ਜਦੋਂ 1000 ਮੁੰਡਿਆਂ ਪਿੱਛੇ ਲੜਕੀਆਂ ਦੀ ਜਨਮ ਦਰ ਘਟ ਕੇ ਸਿਰਫ਼ 760 ਰਹਿ ਗਈ ਸੀ। ਹੌਲੀ-ਹੌਲੀ ਸਮਾਜ ਤੇ ਸਰਕਾਰ ਵਿਚ ਦੁਬਾਰਾ ਜਾਗਰੂਕਤਾ ਆਉਣੀ ਸ਼ੁਰੂ ਹੋਈ ਤੇ ਬੱਚੀ ਭਰੂਣ ਹੱਤਿਆ ਰੋਕਣ ਲਈ ਪੀ.ਐਨ.ਡੀ.ਟੀ. ਐਕਟ ਹੋਂਦ ਵਿਚ ਲਿਆਉਣਾ ਪਿਆ ਤੇ ਗਲੀ ਮੁਹੱਲੇ ਵਿਚ ਜਾ-ਜਾ ਕੇ 'ਕੁੱਖ ਤੇ ਰੁੱਖ' ਬਚਾਉਣ ਲਈ ਹੋਕਾ ਸ਼ੁਰੂ ਕੀਤਾ ਤੇ ਮੁੰਡਿਆਂ ਦੀ ਤਰ੍ਹਾਂ ਲੜਕੀਆਂ ਦੀਆਂ ਲੋਹੜੀਆਂ ਮਨਾਉਣੀਆਂ ਸ਼ੁਰੂ ਕੀਤੀਆਂ। ਹੁਣ ਪਿਛਲੇ ਸਮੇਂ ਦੇ ਮੁਕਾਬਲੇ ਕਾਫੀ ਸੁਧਾਰ ਆਇਆ ਹੈ।

ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਪ੍ਰਾਪਤ ਕੀਤੀ ਸੂਚਨਾ ਮੁਤਾਬਕ ਇਸ ਵੇਲੇ ਫ਼ਾਜ਼ਿਲਕਾ ਜ਼ਿਲ੍ਹੇ ਵਿਚ ਲੜਕੀਆਂ ਦੀ ਗਿਣਤੀ ਸੂਬੇ ਦੇ ਹੋਰਨਾਂ ਜ਼ਿਲ੍ਹਿਆਂ ਮੁਕਾਬਲੇ ਕਾਫੀ ਵੱਧ ਹੈ। ਫ਼ਾਜ਼ਿਲਕਾ ਵਿਚ 1000 ਲੜਕਿਆਂ ਪਿਛੇ 977 ਲੜਕੀਆਂ ਹਨ, ਜਦੋਂ ਕਿ ਪਟਿਆਲਾ ਵਿਚ ਲੜਕੀਆਂ ਦੀ ਅਨੁਪਾਤ ਦਰ 963 ਹੈ। ਸੂਬੇ ਦੇ ਸਨਅਤੀ ਜ਼ਿਲ੍ਹੇ ਦੇ ਤੌਰ 'ਤੇ ਜਾਣੇ ਜਾਂਦੇ ਲੁਧਿਆਣਾ ਵਿਚ ਲੜਕੀਆਂ ਦੀ ਅਨੁਪਾਤ ਦਰ 871 ਹੈ। ਅੰਮ੍ਰਿਤਸਰ ਜ਼ਿਲ੍ਹੇ ਵਿਚ ਸਾਲ 2012 ਦੌਰਾਨ ਲੜਕੀਆਂ ਦੀ ਅਨੁਪਾਤ ਦਰ 818 ਸੀ ਜੋ 2013 ਵਿਚ ਵਧ ਕੇ 830 ਤੱਕ ਪਹੁੰਚ ਗਈ, ਜਦੋਂ ਕਿ ਤਰਨਤਾਰਨ ਵਿਚ 784 ਦੀ ਥਾਂ ਵਧ ਕੇ 880 ਹੋ ਗਈ ਹੈ। ਸਮੁੱਚੇ ਪੰਜਾਬ ਵਿਚ ਸਾਲ 2011 ਵਿਚ 1000 ਲੜਕਿਆਂ ਪਿਛੇ 851, ਲੜਕੀਆਂ ਸਨ ਜਦੋਂ ਕਿ ਸਾਲ 2012 ਵਿਚ ਲੜਕਿਆਂ ਦੇ ਮੁਕਾਬਲੇ ਲੜਕੀਆਂ ਦੇ ਅਨੁਪਾਤ ਵਿਚ ਗਿਰਾਵਟ ਆਈ ਤੇ ਇਸ ਸਾਲ 851 ਦੀ ਥਾਂ ਘਟ ਕੇ 844 ਹੋ ਗਈ।

ਸਾਲ 2013 ਵਿਚ ਲੜਕਿਆਂ ਦੇ ਮੁਕਾਬਲੇ ਲੜਕੀਆਂ ਦੀ ਜਨਮ ਦਰ ਦੇ ਅਨੁਪਾਤ ਵਿਚ ਵਾਧਾ ਹੋਇਆ ਤੇ ਪਿਛਲੇ ਸਾਲ 1000 ਲੜਕਿਆਂ ਪਿਛੇ 876 ਲੜਕੀਆਂ ਦੀ ਜਨਮ ਦਰ ਹੋ ਗਈ। ਮਿਲੀ ਜਾਣਕਾਰੀ ਮੁਤਾਬਕ ਸੂਬੇ ਵਿਚ ਗਰਭਵਤੀ ਔਰਤਾਂ ਵਿਚ ਜਣੇਪੇ ਲਈ ਹਸਪਤਾਲ ਦੀ ਸਹੂਲਤ ਬਾਰੇ ਚੰਡੀਗੜ੍ਹ ਵਿਚ ਜਿੰਨੇ ਵੀ ਜਣੇਪੇ ਹੁੰਦੇ ਹਨ ਉਨ੍ਹਾਂ ਵਿਚੋਂ 80 ਫੀਸਦੀ ਜਣੇਪੇ ਸਰਕਾਰੀ ਜਾਂ ਗੈਰਸਰਕਾਰੀ ਹਸਪਤਾਲਾਂ ਵਿਚ ਹੁੰਦੇ ਹਨ, ਜਦੋਂਕਿ ਲੁਧਿਆਣਾ ਜ਼ਿਲ੍ਹੇ ਵਿਚ ਹਸਪਤਾਲਾਂ ਵਿਚ ਹੋਣ ਵਾਲੇ ਜਣੇਪਿਆਂ ਦੀ ਦਰ 85 ਫੀਸਦੀ ਹੈ, ਜੋ ਕਿ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਨਾਲੋਂ ਵੱਧ ਹੈ। ਅਜੇ ਵੀ 15 ਫੀਸਦੀ ਜਣੇਪੇ ਘਰਾਂ ਵਿਚ ਹੀ ਹੁੰਦੇ ਹਨ। ਹਸਪਤਾਲਾਂ ਵਿਚ ਜਣੇਪੇ ਕਰਵਾਉਣ ਨਾਲ ਜੱਚਾ-ਬੱਚਾ ਮੌਤ ਦਰ ਵਿਚ ਕਾਫੀ ਕਮੀ ਆਈ ਹੈ, ਪਰ ਫਿਰ ਵੀ ਇਥੇ ਇਕ ਲੱਖ ਜਣੇਪਿਆਂ ਦੌਰਾਨ 172 ਔਰਤਾਂ ਦੀ ਮੌਤ ਹੋ ਜਾਂਦੀ ਹੈ।

# ਆਰ.ਡੀ.ਐਕਸ. ਬਰਾਮਦਗੀ ਮਾਮਲੇ ਵਿਚੋਂ ਹਰਮਿੰਦਰ ਸਿੰਘ ਬਰੀ

**ਲੁਧਿਆਣਾ:** ਅਦਾਲਤ ਨੇ ਆਰ. ਡੀ. ਐਕਸ. ਬਰਾਮਦਗੀ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਭਾਈ ਹਰਮਿੰਦਰ ਸਿੰਘ ਨੂੰ ਬਰੀ ਕਰ ਦਿੱਤਾ ਹੈ। ਭਾਈ ਹਰਮਿੰਦਰ ਸਿੰਘ ਅੱਜਕੱਲ੍ਹ ਨਾਭਾ ਦੀ ਅਤਿ ਸੁਰੱਖਿਅਤ ਜੇਲ੍ਹ ਵਿਚ ਨਜ਼ਰਬੰਦ ਹਨ।

ਦੋ ਸਤੰਬਰ 2007 ਨੂੰ ਫਿਰੋਜ਼ਪੁਰ ਰੋਡ 'ਤੇ ਪੁਲਿਸ ਵੱਲੋਂ ਇਕ ਸਟੀਮ ਕਾਰ ਵਿਚੋਂ ਤਿੰਨ ਕਿੱਲੋਂ 530 ਗ੍ਰਾਮ ਆਰ.ਡੀ.ਐਕਸ., 312 ਬੋਰ ਦਾ ਪਿਸਤੌਲ, ਦੋ ਕਾਰਤੂਸ, ਡੈਟਾ ਨੋਟਰ ਤੇ ਹੋਰ ਸਮਾਨ ਬਰਾਮਦ ਕੀਤਾ ਸੀ। ਇਸ ਕੇਸ ਵਿਚ ਭਾਈ ਹਰਮਿੰਦਰ ਸਿੰਘ ਸਮੇਤ 15 ਨੌਜਵਾਨਾਂ ਨੂੰ ਨਾਮਜ਼ਦ ਕੀਤਾ ਗਿਆ ਸੀ। ਇਸ ਮਾਮਲੇ ਵਿਚ ਪੁਲਿਸ ਵੱਲੋਂ ਭਾਈ ਹਰਮਿੰਦਰ ਸਿੰਘ ਦੀ ਗ੍ਰਿਫ਼ਤਾਰੀ 10 ਅਗਸਤ 2010 ਨੂੰ ਪਾਈ ਗਈ ਸੀ। ਪੁਲਿਸ ਵੱਲੋਂ ਇਸ ਮਾਮਲੇ ਵਿਚ ਅਸਲਾ ਐਕਟ ਦੀ ਧਾਰਾ 4/5/25 ਤੇ 120 ਬੀ ਅਧੀਨ ਕੇਸ ਦਰਜ ਕੀਤਾ ਗਿਆ ਸੀ। ਅਦਾਲਤ ਵਿਚ ਇਸ ਮਾਮਲੇ ਨੂੰ ਲੈ ਕੇ ਪਿਛਲੀ ਪੇਸ਼ੀ 'ਤੇ ਸਰਕਾਰੀ ਵਕੀਲ ਤੇ ਭਾਈ ਹਰਮਿੰਦਰ ਸਿੰਘ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਵਿਚਾਲੇ ਜ਼ੋਰਦਾਰ ਬਹਿਸ ਹੋਈ ਸੀ। ਆਦਲਤ ਵੱਲੋਂ ਐਡਵੋਕੇਟ ਮੰਝਪੁਰ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਭਾਈ ਹਰਮਿੰਦਰ ਸਿੰਘ ਨੂੰ ਬਾਇੱਜ਼ਤ ਬਰੀ ਕਰ ਦਿੱਤਾ।

ਸ. ਮੰਝਪੁਰ ਨੇ ਦੱਸਿਆ ਕਿ ਭਾਈ ਹਰਮਿੰਦਰ ਸਿੰਘ ਨੂੰ ਪੁਲਿਸ ਵੱਲੋਂ ਝੂਠੇ ਮਾਮਲੇ ਵਿਚ ਫਸਾਇਆ ਗਿਆ ਸੀ, ਜਿਸ ਕਾਰਨ ਅਦਾਲਤ ਵਿਚ ਪੁਲਿਸ ਤੇ ਸਰਕਾਰੀ ਪੱਖ ਕੋਈ ਪੁਖਤਾ ਸਬੂਤ ਪੇਸ਼ ਨਹੀਂ ਕਰ ਸਕੇ।

# ਸਿੱਖ ਰਾਜ ਵੇਲੇ ਦੇ ਸੱਤ ਦੁਰਲੱਭ ਖੰਜਰ ਚੋਰੀ



*ਉਹ ਦਰਵਾਜ਼ਾ ਜਿਸ ਦਾ ਤਾਲਾ ਤੋੜ ਕੇ ਖੰਜਰ ਚੋਰੀ ਕੀਤੇ ਗਏ।*

**ਅੰਮ੍ਰਿਤਸਰ:** ਗੁਰੂ ਨਗਰੀ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਨਾਲ ਸਬੰਧਤ ਨਿਸ਼ਾਨੀਆਂ ਸੰਭਾਲਣ ਵਿਚ ਸੁਰੱਖਿਆ ਇੰਤਜ਼ਾਮਾਂ ਦਾ ਉਸ ਵੇਲੇ ਜਨਾਜ਼ਾ ਨਿਕਲਦਾ ਨਜ਼ਰ ਆਇਆ, ਜਦੋਂ ਸਿੱਖ ਰਾਜ ਦੀਆਂ ਦੁਰਲੱਭ ਖੰਜਰ (ਛੋਟੀਆਂ ਕਿਰਪਾਨਾਂ) ਚੋਰੀ ਹੋ ਗਏ। ਸਥਾਨਕ ਮਹਾਰਾਜਾ ਰਣਜੀਤ ਸਿੰਘ ਪੈਨੋਰਮਾ ਵਿਚ ਦਿਨ ਦਿਹਾੜੇ ਵਾਪਰੀ ਇਸ ਘਟਨਾ ਨਾਲ ਪ੍ਰਸ਼ਾਸਨ ਨੂੰ ਹੱਥਾਂ ਪੈਰਾਂ ਦੀ ਪੈ ਗਈ ਹੈ।

ਮਹਾਰਾਜਾ ਰਣਜੀਤ ਸਿੰਘ ਦੀ ਗਰਮੀਆਂ ਦੀ ਰਾਜਧਾਨੀ 'ਸਮਰ ਪੈਲੇਸ' ਤੇ ਚੌਥੇ ਗੁਰੂ ਸ੍ਰੀ ਰਾਮ ਦਾਸ ਦੇ ਨਾਂ 'ਤੇ ਸਿੱਖ ਰਾਜ ਵੇਲੇ ਬਣਾਏ ਇਤਿਹਾਸਕ ਰਾਮ ਬਾਗ ਵਿਚ ਪੰਜਾਬ ਸੈਰ ਸਪਾਟਾ ਵਿਭਾਗ ਵੱਲੋਂ ਉਕਤ ਸਿੱਖ ਰਾਜ ਦੀਆਂ ਦੁਰਲੱਭ ਵਸਤੂਆਂ ਜਿਵੇਂ ਸ਼ਸਤਰ-ਵਸਤਰ, ਤੋਪਾਂ, ਬੰਦੂਕਾਂ, ਖੰਜਰ, ਕਿਰਪਾਨਾਂ ਆਦਿ ਸਾਂਭੀਆਂ ਹੋਈਆਂ ਹਨ। 'ਸਮਰ ਪੈਲੇਸ' ਦੀ ਪੁਰਾਤੱਤਵ ਤੇ ਸੈਰ ਸਪਾਟਾ ਵਿਭਾਗ ਵੱਲੋਂ ਮੁਰੰਮਤ ਕਰਵਾਈ ਜਾ ਰਹੀ ਹੈ, ਜਿਸ ਕਾਰਨ ਉਕਤ ਪੈਨੋਰਮਾ ਵਿਚ ਕੁਝ ਕਮਰੇ ਲੈ ਕੇ ਉਕਤ ਇਤਿਹਾਸਕ ਵਸਤੂਆਂ ਰੱਖੀਆਂ ਹੋਈਆਂ ਹਨ। ਉਂਜ ਇਸ ਥਾਂ ਨੂੰ ਹਮੇਸ਼ਾ ਬੰਦ ਕਰਕੇ ਹੀ ਰੱਖਿਆ ਜਾਂਦਾ ਹੈ ਤੇ ਅਹਿਮ ਵਿਅਕਤੀਆਂ ਨੂੰ ਹੀ ਇਨ੍ਹਾਂ ਦੇ ਦਰਸ਼ਨ ਕਰਾਏ ਜਾਂਦੇ ਸਨ। ਪੁਰਾਤਨ 9 ਡੈਗਰ (ਖੰਜਰ) ਸ਼ੀਸ਼ੇ ਦੀ ਅਲਮਾਰੀ ਵਿਚ ਰੱਖੇ ਹੋਏ ਸਨ, ਜਿਨ੍ਹਾਂ ਨੂੰ ਕੋਈ ਚੋਰੀ ਕਰਕੇ ਲੈ ਗਿਆ ਹੈ। ਚੋਰ ਵੱਲੋਂ ਕਮਰੇ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਦਰਵਾਜ਼ੇ ਨਾਲ ਭੰਨ ਤੋੜ ਕੀਤੀ ਗਈ ਤੇ ਫਿਰ ਅਲਮਾਰੀ ਦਾ ਸ਼ੀਸ਼ਾ ਉਤਾਰ ਕੇ ਖੰਜਰ ਚੋਰੀ ਕਰ ਲਏ। ਅਜਾਇਬ ਘਰ ਦੀ ਇਮਾਰਤ ਦੀ ਮੁਰੰਮਤ ਦਾ ਕੰਮ ਪਿਛਲੇ ਸੱਤ ਸਾਲਾਂ ਤੋਂ ਜਾਰੀ ਹੈ, ਜਿਸ ਕਾਰਨ 2007 ਵਿਚ ਅਜਾਇਬ ਘਰ ਦਾ ਸਮੁੱਚਾ ਸਮਾਨ ਮਹਾਰਾਜਾ ਰਣਜੀਤ ਸਿੰਘ ਪੈਨੋਰਮਾ ਵਿਚ ਰੱਖ ਦਿੱਤਾ ਗਿਆ ਸੀ। ਇਹ ਪੈਨੋਰਮਾ 2006 ਵਿਚ ਇਤਿਹਾਸਕ ਰਾਮਬਾਗ ਦੀ ਬਾਹੀ ਵਿਚ ਉਸਾਰਿਆ ਗਿਆ ਹੈ, ਜਿਸ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸਮੁੱਚੇ ਜੀਵਨ ਕਾਲ ਨੂੰ ਬੁੱਤਾਂ ਤੇ ਤਸਵੀਰਾਂ ਆਦਿ ਨਾਲ ਦਰਸਾਇਆ ਗਿਆ ਹੈ।

ਥਾਣਾ ਸਿਵਲ ਲਾਈਨ ਦੀ ਪੁਲਿਸ ਕੋਲ ਦਰਜ ਮਾਮਲੇ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਪੈਨੋਰਮਾ ਦੇ ਇਕ ਚੌਕੀਦਾਰ ਰਮਨ ਕੁਮਾਰ ਨੇ ਦੱਸਿਆ ਕਿ ਸਿੱਖ ਰਾਜ ਵੇਲੇ ਦੇ ਸੱਤ ਖੰਜਰ ਚੋਰੀ ਹੋ ਗਈਆਂ ਹਨ ਜੋ ਸ਼ੀਸ਼ੇ ਦੇ ਫਰੇਮਾਂ ਅੰਦਰ ਸਾਂਭੀਆਂ ਹੋਈਆਂ ਸਨ। ਪੈਨੋਰਮਾ ਦੀ ਸੰਭਾਲ ਕਰ ਰਹੀ ਨਗਰ ਨਿਗਮ ਦੇ ਐਸ.ਡੀ.ਓ. ਸੰਦੀਪ ਸਿੰਘ ਨੇ ਦੱਸਿਆ ਕਿ ਉਕਤ ਚੋਰੀ ਹੋਈਆਂ ਵਸਤੂਆਂ ਸੈਰ ਸਪਾਟਾ ਵਿਭਾਗ ਦੀਆਂ ਸਨ, ਜਦਕਿ ਨੈਸ਼ਨਲ ਕਾਸਲ ਆਫ਼ ਸਾਇੰਸ ਮਿਊਜੀਅਮ ਵੱਲੋਂ ਉਨ੍ਹਾਂ ਨੂੰ ਸਪੁਰਦ ਕੀਤਾ ਗਿਆ। ਉਨ੍ਹਾਂ ਪਾਸੋਂ ਸੈਰ ਸਪਾਟਾ ਵਿਭਾਗ ਨੇ ਕੁਝ ਕਮਰੇ ਲੈ ਕੇ ਆਪਣਾ ਇਤਿਹਾਸਕ ਸਿੱਖ ਰਾਜ ਨਾਲ ਸਬੰਧਤ ਸਾਮਾਨ ਸਾਂਭਿਆ ਹੋਇਆ ਹੈ ਤੇ ਸੈਰ ਸਪਾਟਾ ਵਿਭਾਗ ਦੇ ਹੀ ਮੁਲਾਜ਼ਮ ਉਕਤ ਸਾਮਾਨ ਦੀ ਭਾਲ ਕਰਦੇ ਹਨ, ਦੂਜੇ ਪਾਸੇ ਚੌਕੀ ਲਾਰੰਸ ਰੋਡ ਦੇ ਇੰਚਾਰਜ ਸ੍ਰੀ ਪ੍ਰਵੀਨ ਕੁਮਾਰ ਮੁਤਾਬਕ ਉਕਤ ਚੋਰੀ ਬਾਅਦ ਦੁਪਹਿਰ ਤਿੰਨ ਤੋਂ ਪੰਜ ਦਰਮਿਆਨ ਦਿਨ ਦਿਹਾੜੇ ਕੀਤੀ ਗਈ ਹੈ, ਜਿਸ ਬਾਰੇ ਸਾਰੇ ਮੁਲਾਜ਼ਮਾਂ ਦੇ ਫਿੰਗਰ ਪ੍ਰਿੰਟ ਹਾਸਲ ਕਰ ਲਏ ਗਏ ਤੇ ਸਿੱਖ ਰਾਜ ਵੇਲੇ ਦੇ ਇਹ ਖੰਜਰ ਬਰਾਮਦ ਕਰਨ ਲਈ ਸਿਵਲ ਲਾਈਨ ਵਿਚ ਪਰਚਾ ਦਰਜ ਕਰਨ ਉਪਰੰਤ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# 'ਪੰਜਾਬੀ ਰੰਗਮੰਚ ਦਾ ਭਾਅਜੀ' ਦੀ ਸਫਲ ਸਕਰੀਨਿੰਗ

**ਟੋਰਾਂਟੋ (ਬਿਊਰੋ):** ਪੰਜਾਬੀ ਬਹੁਗਿਣਤੀ ਵੱਸੋਂ ਵਾਲੇ ਸ਼ਹਿਰ ਬਰੈਂਪਟਨ ਵਿਚ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਵਲੋਂ ਸ਼ਹਿਰ ਦੇ ਅਦੀਬਾਂ ਦੀ ਹਾਜ਼ਰੀ ਵਿਚ ਪ੍ਰਸਿੱਧ ਪੰਜਾਬੀ ਸਾਹਿਤਕਾਰ ਤੇ ਮੀਡੀਆਕਾਰ ਸਿੱਧੂ ਦਮਦਮੀ ਦੁਆਰਾ ਪੰਜਾਬੀ ਰੰਗਮੰਚ ਦੇ ਪੰਜਾਬੀ ਬੋਹੜ ਭਾਅਜੀ ਗੁਰਸ਼ਰਨ ਸਿੰਘ ਉਤੇ ਬਣਾਈ ਗਈ ਦਸਤਾਵੇਜ਼ੀ ਫਿਲਮ 'ਪੰਜਾਬੀ ਰੰਗਮੰਚ ਦਾ ਭਾਅਜੀ' ਦੀ ਸਫਲ ਸਕਰੀਨਿੰਗ ਕੀਤੀ ਗਈ। ਇਸ ਮੌਕੇ ਬਹੁਤ ਸਾਰੇ ਸਾਹਿਤਕਾਰ ਤੇ ਸਾਹਿਤ ਰਸੀਏ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ।

ਸਮਾਗਮ ਦੇ ਅਰੰਭ ਵਿਚ ਪਰਮਜੀਤ ਢਿੱਲੋਂ, ਸੁਖਵਿੰਦਰ ਘੁਮਾਣ ਤੇ ਸੁਰਜੀਤ ਨੇ ਆਪਣੇ ਗੀਤ ਤੇ ਕਵਿਤਾਵਾਂ ਸਰੋਤਿਆਂ ਦੀ ਨਜ਼ਰ ਕੀਤੇ ਅਤੇ ਗਾਇਕ ਇਕਬਾਲ ਬਰਾੜ ਨੇ ਮਹਿਮਾਨਾਂ ਲਈ ਇੱਕ ਸਵਾਗਤੀ ਗੀਤ ਗਾਇਆ। ਸਟੇਜ ਸਕੱਤਰ ਮਲੂਕ ਕਾਹਲੋਂ ਨੇ ਸਭਾ ਦੇ ਪ੍ਰਧਾਨ ਬਲਰਾਜ ਚੀਮਾ ਤੇ ਸ਼ਾਇਰ ਸ਼ਾਮੀਲ ਨੂੰ ਸਿੱਧੂ ਦਮਦਮੀ ਬਾਰੇ ਸ਼ਬਦ ਕਹਿਣ ਲਈ ਬੁਲਾਉਣ ਉਪਰੰਤ ਉਪਰੋਕਤ ਦਸਤਾਵੇਜ਼ੀ ਫਿਲਮ ਵਿਖਾਈ ਗਈ ਜਿਸ ਨੂੰ ਨਿਰਦੇਸ਼ਕ ਨੇ ਬੜੇ ਹੀ ਕਲਾਮਈ ਢੰਗ ਨਾਲ ਬਣਾਇਆ ਸੀ।



*ਸਿੱਧੂ ਦਮਦਮੀ (ਸੱਜਿਓਂ ਪੰਜਵੇਂ) ਦਾ ਸਨਮਾਨ ਕਰਦੇ ਹੋਏ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਮੈਂਬਰ*

ਭਾਅਜੀ ਗੁਰਸ਼ਰਨ ਸਿੰਘ ਬਾਰੇ ਪਹਿਲਾਂ ਵੀ ਤਿੰਨ ਦਸਤਾਵੇਜ਼ੀ ਫਿਲਮਾਂ ਬਣ ਚੁੱਕੀਆਂ ਹਨ ਪਰ ਇਹ ਥੋੜ੍ਹਾ ਨਿਵੇਕਲੇ ਢੰਗ ਨਾਲ ਬਣਾਈ ਗਈ ਹੈ। ਇਸ ਵਿਚ ਭਾਅਜੀ ਹੋਰਾਂ ਦੇ ਪਰਿਵਾਰਕ ਮੈਂਬਰਾਂ, ਉਨ੍ਹਾਂ ਦੇ ਕਲਾਕਾਰਾਂ ਤੇ ਸਮਕਾਲੀ ਸਾਹਿਤਕਾਰਾਂ ਦੇ ਭਆਜੀ ਦੀ ਸ਼ਖਸੀਅਤ ਤੇ ਉਨ੍ਹਾਂ ਦੀ ਲੋਕ ਰੰਗਮੰਚ ਦੀ ਕਲਾ ਬਾਰੇ ਵਿਚਾਰ ਖੁੱਲ੍ਹ ਕੇ ਪੇਸ਼ ਕੀਤੇ ਗਏ ਹਨ। ਸ਼ਾਇਰ ਪਰਮਿੰਦਰਜੀਤ, ਫੋਟੋਗ੍ਰਾਫਰ ਸੁਭਾਸ਼ ਪਰਿਹਾਰ, ਨਾਟਕਕਾਰ ਜਤਿੰਦਰ ਬਰਾੜ, ਤ੍ਰਲੋਚਨ ਆਦਿ ਹੋਰਾਂ ਨੇ ਬਹੁਤ ਕੰਮ ਦੀਆਂ ਗੱਲਾਂ ਕੀਤੀਆਂ ਹਨ। ਭਾਅਜੀ ਨਾਲ ਮੁਢਲੇ ਦੌਰ ਵਿਚ ਕੰਮ ਕਰਨ ਵਾਲੀ ਅਦਾਕਾਰਾ ਜਤਿੰਦਰ ਕੌਰ, ਕੇਵਲ ਧਾਲੀਵਾਲ, ਸਾਹਿਬ ਸਿੰਘ, ਅਨੀਤਾ, ਕੈਲਾਸ਼ ਕੌਰ, ਡਾ. ਅਰੀਤ ਕੌਰ ਤੇ ਡਾ. ਨਵਸ਼ਰਨ ਨੇ ਭਾਅਜੀ ਦੀ ਸ਼ਖਸੀਅਤ ਬਾਰੇ ਖੁੱਲ੍ਹ ਕੇ ਵਿਚਾਰ ਰੱਖੇ। ਪੇਸ਼ਕਾਰੀ ਦੌਰਾਨ ਲੋਕ ਵਾਰ ਵਾਰ ਭਾਵੁਕ ਹੁੰਦੇ ਰਹੇ ਤੇ ਤਾੜੀਆ ਮਾਰਦੇ ਰਹੇ।

# ਸੋਨੀਆ ਗਾਂਧੀ ਵਲੋਂ ਭਾਜਪਾ ਤਾਨਾਸ਼ਾਹ ਪਾਰਟੀ ਕਰਾਰ

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉਤੇ ਜ਼ੋਰਦਾਰ ਹਮਲਾ ਕਰਦਿਆਂ ਆਖਿਆ ਹੈ ਕਿ ਐਨ.ਡੀ.ਏ. ਸਰਕਾਰ ਵਿਚ ਤਾਨਾਸ਼ਾਹੀ ਰੁਚੀਆਂ ਲਗਾਤਾਰ ਸਿਰ ਚੁੱਕ ਰਹੀਆਂ ਹਨ। ਕਾਂਗਰਸ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਦੌਰਾਨ ਸ੍ਰੀਮਤੀ ਗਾਂਧੀ ਨੇ ਪ੍ਰਧਾਨ ਮੰਤਰੀ ਉਤੇ ਦੋਸ਼ ਲਾਇਆ ਕਿ ਉਹ ਭਾਜਪਾ ਆਗੂਆਂ ਦੇ ਭੜਕਾਊ ਅਤੇ ਜ਼ਹਿਰੀਲੇ ਭਾਸ਼ਣਾਂ ਉਤੇ ਕੋਈ ਰੋਕ ਨਹੀਂ ਲਾ ਰਹੇ ਹਨ। ਲੋਕ ਸਭਾ ਚੋਣਾਂ ਦੌਰਾਨ ਲੋਕਾਂ ਨੂੰ ਵੰਡਣ ਦੇ ਮਾਮਲੇ ਵਿਚ ਭਾਜਪਾ ਨੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਅਤੇ ਇਹ ਸਿਲਸਿਲਾ ਅਜੇ ਤੱਕ ਵੀ ਰੁਕਿਆ ਨਹੀਂ ਹੈ।

ਯਾਦ ਰਹੇ ਕਿ ਕਾਂਗਰਸ ਕਾਰਜਕਾਰਨੀ ਕਮੇਟੀ ਦੀ ਇਹ ਮੀਟਿੰਗ ਲੋਕ ਸਭਾ ਚੋਣਾਂ ਦੌਰਾਨ ਪਾਰਟੀ ਦੀ ਲੱਕ ਤੋੜਵੀਂ ਹਾਰ ਦਾ ਮੁੱਦਾ ਵਿਚਾਰਨ ਲਈ ਬੁਲਾਈ ਗਈ ਸੀ। ਇਸ ਮੌਕੇ ਸ੍ਰੀਮਤੀ ਗਾਂਧੀ ਨੇ ਸੀਨੀਅਰ ਆਗੂਆ ਨੂੰ ਲੋਕਾਂ ਨਾਲ ਵੱਧ ਤੋਂ ਵੱਧ ਜੁੜਨ ਦੀ ਹਦਾਇਤ ਕੀਤੀ।

ਆਰਡੀਨੈਂਸ ਦੇ ਮੁੱਦੇ ਉਤੇ ਉਨ੍ਹਾਂ ਕਿਹਾ ਕਿ ਆਰਡੀਨੈਂਸ ਦੀ ਝੜੀ ਲਾ ਕੇ ਭਾਜਪਾ ਨੇ ਦੇਸ਼ ਦੀਆਂ ਜਮਹੂਰੀ ਸੰਸਥਾਵਾਂ ਦੀ ਹੇਠੀ ਕੀਤੀ ਹੈ। ਸੱਤ ਮਹੀਨਿਆਂ ਦੇ ਸਮੇਂ ਦੌਰਾਨ ਸਰਕਾਰ ਹੁਣ ਤੱਕ 10 ਆਰਡੀਨੈਂਸ ਜਾਰੀ ਕਰ ਚੁੱਕੀ ਹੈ। ਮੀਟਿੰਗ ਦੌਰਾਨ ਪਾਰਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਆਗੂਆਂ ਨੂੰ ਸੱਦਾ ਦਿੱਤਾ ਕਿ ਉਹ ਬਲਾਕ ਪ੍ਰਧਾਨਾਂ ਦੇ ਜ਼ਰੀਏ ਆਮ ਲੋਕਾਂ ਤੱਕ ਰਸਾਈ ਕਰਨ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

To Advertise with Punjab Times Call: 847-359-0746

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

"Ask us about the...
AARP® Auto Insurance Program from The Hartford."



SATWANT SINGH

Call today for your FREE, no-obligation quote:

+1-408-771-2438

SATWANT SINGH: 2774 ABORN ROAD,
SAN JOSE, CA 95121
satwant@satwantins.com
www.satwantins.com
CA License# 0H11256

*NOW AVAILABLE IN YOUR AREA!*

Find out more about the Special Benefits of The Hartford's Program for AARP members and our Competitive Rates! You'll also enjoy a Six-Point Claim Commitment– designed to exceed your expectations from the moment you report your claim, to the moment your settlement check is issued! This auto insurance is designed exclusively for AARP members – and is now available through. *-Satwant Singh!*

AARP® | Auto Insurance Program from THE HARTFORD

The AARP Automobile Insurance Program from The Hartford is underwritten by Hartford Fire Insurance Company and its affiliates, One Hartford Plaza, Hartford CT 06155. CA license number 5152. In Washington, the Program is underwritten by Trumbull Insurance Company. AARP does not employ or endorse agents or brokers. AARP and its affiliates are not insurers. Paid endorsement. The Hartford pays royalty fees to AARP for the use of its intellectual property. These fees are used for the general purposes of AARP. AARP membership is required for Program eligibility in most states. Applicants are individually underwritten and some may not qualify. Specific features, credits, and discounts may vary and may not be available in all states in accordance with state filings and applicable law. You have the option of purchasing a policy directly from The Hartford. Your price, however, could vary, and you will not have the advice, counsel or services of your independent agent.

*107792 2nd Rev*

ਪੰਜਾਬ ਟਾਈਮਜ਼

*ਸਨਿਚਰਵਾਰ, 17 ਜਨਵਰੀ 2015*

## ਜ਼ੁਬਾਨਬੰਦੀ ਦੇ ਖਿਲਾਫ ਮੋਰਚਾ

ਫਰਾਂਸ ਦੇ ਮਜ਼ਾਹੀਆ ਰੰਗ ਵਾਲੇ ਰਸਾਲੇ 'ਸ਼ੈਰਲੀ ਐਬਦੋ' ਦੇ ਦਫਤਰ ਉਤੇ ਹੋਏ ਹਮਲੇ ਨੇ ਇਕ ਵਾਰ ਫਿਰ ਜ਼ੋਰ-ਜ਼ਬਰਦਸਤੀ ਨਾਲ ਜ਼ੁਬਾਨਬੰਦੀ ਦੀਆਂ ਕੋਝੀਆਂ ਕੋਸ਼ਿਸ਼ਾਂ ਦਾ ਖੁਲਾਸਾ ਕਰ ਦਿੱਤਾ ਹੈ। ਫਿਰਕੂ ਜਨੂੰਨ ਵਿਚ ਰਿੱਝ ਰਹੇ ਨੌਜਵਾਨਾਂ ਨੇ ਗੋਲੀਆਂ ਦੀ ਵਾਛੜ ਕਰ ਕੇ 12 ਜਣਿਆਂ ਨੂੰ ਮਾਰ-ਮੁਕਾਇਆ। ਇਨ੍ਹਾਂ ਵਿਚੋਂ ਬਹੁਤੇ ਜਣੇ ਪੱਤਰਕਾਰ ਸਨ ਅਤੇ ਘਟਨਾ ਵੇਲੇ ਆਪੋ-ਆਪਣੇ ਕੰਮ-ਕਾਰ ਵਿਚ ਰੁੱਝੇ ਹੋਏ ਸਨ। ਇਸ ਘਟਨਾ ਦੇ ਪਿਛੋਕੜ ਵਿਚ ਭਾਵੇਂ ਬਹੁਤ ਕੁਝ ਪਿਆ ਹੈ ਅਤੇ ਇਸ ਕਾਰੇ ਲਈ, ਬਣਦੀ ਜ਼ਿੰਮੇਵਾਰੀ ਮਿਥਣ ਲਈ ਬੁੱਧੀਜੀਵੀਆਂ ਨੇ ਆਪੋ-ਆਪਣੀ ਰਾਏ ਵੀ ਪ੍ਰਗਟ ਕੀਤੀ ਹੈ, ਪਰ ਇਕ ਤੱਥ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਅਤੇ ਇਸ ਨੂੰ ਬਾਕਾਇਦਾ ਧਿਆਨ ਵਿਚ ਰੱਖਣਾ ਪਵੇਗਾ ਕਿ ਧਰਤੀ ਦੇ ਕਿਸੇ ਵੀ ਹਿੱਸੇ ਵਿਚ ਰਹਿ ਰਹੇ ਕਿਸੇ ਵੀ ਸ਼ਖਸ ਨੂੰ ਆਪਣੀ ਗੱਲ ਕਹਿਣ ਦਾ ਹੱਕ ਮਿਲਣਾ ਚਾਹੀਦਾ ਹੈ। ਜ਼ੁਬਾਨਬੰਦੀ ਦੀ ਹਰ ਕੋਸ਼ਿਸ਼ ਦੀ ਹਰ ਪੱਧਰ 'ਤੇ ਆਲੋਚਨਾ ਹੋਣੀ ਹੀ ਚਾਹੀਦੀ ਹੈ। ਕਿਸੇ ਨਾਲ ਕਿਸੇ ਵੀ ਤਰ੍ਹਾਂ ਦਾ ਵਖਰੇਵਾਂ ਬੜਾ ਸੁਭਾਵਕ ਮਸਲਾ ਹੈ ਅਤੇ ਇਸ ਦੇ ਹੱਲ ਲਈ ਬੰਬ ਜਾਂ ਬੰਦੂਕ ਦੀ ਥਾਂ ਦਿਲ ਅਤੇ ਦਲੀਲ ਨਾਲ ਹੀ ਗੱਲ ਤੁਰਨੀ ਚਾਹੀਦੀ ਹੈ, ਪਰ ਅਫਸੋਸ ਕਿ ਫਿਰਕੂ ਜਨੂੰਨ, ਦਿਲ ਤੇ ਦਲੀਲ ਦੇ ਰਾਹ ਕਦੀ ਤੁਰਦਾ ਹੀ ਨਹੀਂ; ਸਿੱਟੇ ਵਜੋਂ ਟਕਰਾਅ ਦੀਆਂ ਅਜਿਹੀਆਂ ਘਟਨਾਵਾਂ ਅਕਸਰ ਪੜ੍ਹਨ-ਸੁਣਨ ਨੂੰ ਮਿਲ ਜਾਂਦੀਆਂ ਹਨ। ਇਸ ਕਤਲੇਆਮ ਤੋਂ ਸਾਹਮਣੇ ਆਇਆ ਬਹਿਸ ਦਾ ਇਹ ਨੁਕਤਾ ਬਿਲਕੁਲ ਵੱਖਰਾ ਹੈ ਕਿ ਪੱਛਮ ਨੇ ਦਹਿਸ਼ਤਪਸੰਦੀ ਦਾ ਜਿਹੜਾ ਬੂਟਾ ਖੁਦ ਲਾਇਆ ਅਤੇ ਸਿੰਜਿਆ, ਅੱਜ ਉਹੀ ਇਸ ਦੇ ਸਾਹਮਣੇ ਦੈਂਤ ਦਾ ਰੂਪ ਧਾਰ ਕੇ ਆਣ ਖਲੋਇਆ ਹੈ। ਹੁਣ ਤਾਂ ਹਾਲ ਇਹ ਹੈ ਕਿ ਲੱਖ ਇੰਤਜ਼ਾਮ ਦੇ ਬਾਵਜੂਦ, ਅਜਿਹੇ ਹਮਲੇ ਰੋਕਣ ਜਾਂ ਰੁਕਵਾਉਣ ਦਾ ਕੋਈ ਮਨਸੂਬਾ ਕਾਮਯਾਬ ਹੁੰਦਾ ਨਜ਼ਰ ਨਹੀਂ ਆਉਂਦਾ। ਖਬਰ ਹੀ ਨਹੀਂ ਹੁੰਦੀ ਕਿ ਜਨੂੰਨ ਦਾ ਇਹ ਲਾਵਾ ਕਿਸ ਥਾਂ ਅਚਾਨਕ ਫੁੱਟ ਪੈਣਾ ਹੈ ਅਤੇ ਇਸ ਨੇ ਕਿਸ-ਕਿਸ ਨੂੰ ਆਪਣੀ ਲਪੇਟ ਵਿਚ ਲੈ ਲੈਣਾ ਹੈ। ਦਹਿਸ਼ਤ ਦਾ ਇਹ ਅੰਦਰੂਨੀ ਹਮਲਾ ਸੱਚਮੁੱਚ ਬੜਾ ਭਿਆਨਕ ਹੈ।

ਦਹਿਸ਼ਤ ਨਾਲ ਜ਼ੁਬਾਨਬੰਦੀ ਦਾ ਇਹ ਸਿਲਸਿਲਾ ਅੱਜ ਹਰ ਥਾਂ ਵਿਆਪ ਰਿਹਾ ਹੈ। ਅਜੇ ਕੱਲ੍ਹ ਦੀ ਹੀ ਗੱਲ ਹੈ ਜਦੋਂ ਫਿਲਮ 'ਪੀ.ਕੇ.' ਰਿਲੀਜ਼ ਹੋਈ ਸੀ। ਇਸ ਫਿਲਮ ਵਿਚ ਧਰਮ ਅਤੇ ਰੱਬ ਦੇ ਨਾਂ ਉਤੇ ਆਮ ਲੋਕਾਂ ਦੀ ਲੁੱਟ ਕਰਨ ਵਾਲਿਆਂ ਦਾ ਪਰਦਾਫਾਸ਼ ਕੀਤਾ ਗਿਆ ਸੀ, ਪਰ ਕੱਟੜ ਹਿੰਦੂ ਜਥੇਬੰਦੀਆਂ ਨੇ ਬਲ ਦੇ ਜ਼ੋਰ ਨਾਲ ਇਹ ਫਿਲਮ ਬੰਦ ਕਰਵਾਉਣ ਦੀ ਕੋਸ਼ਿਸ਼ ਕੀਤੀ। ਥਾਂ-ਥਾਂ ਅੱਗਾਂ ਲਾਈਆਂ ਅਤੇ ਸਿਨੇਮਾਘਰਾਂ ਵਿਚ ਭੰਨ-ਤੋੜ ਕੀਤੀ ਗਈ। ਸੈਂਸਰ ਬੋਰਡ ਤੋਂ ਮੰਗ ਕੀਤੀ ਗਈ ਕਿ ਇਸ ਫਿਲਮ ਉਤੇ ਤੁਰੰਤ ਪਾਬੰਦੀ ਲਾਈ ਜਾਵੇ। ਫਿਲਮ ਨੂੰ ਇਕ ਖਾਸ ਧਰਮ ਦੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਕਰਾਰ ਦੇ ਦਿੱਤਾ ਗਿਆ। ਇਸ ਫਿਲਮ ਦਾ ਮੁੱਖ ਅਦਾਕਾਰ ਆਮਿਰ ਖਾਨ ਕਿਉਂਕਿ ਮੁਸਲਮਾਨ ਹੈ, ਇਸ ਲਈ ਉਸ ਨੂੰ ਪਾਕਿਸਤਾਨ ਜਾਣ ਲਈ ਕਿਹਾ ਗਿਆ। ਇਥੇ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਕਰਾਚੀ ਦਾ ਸਭ ਤੋਂ ਪੁਰਾਣਾ ਸਿਨੇਮਾਘਰ 'ਨਿਸ਼ਾਂਤ' ਅੱਜ ਕੱਲ੍ਹ 'ਸੇਲ' ਉਤੇ ਲੱਗਿਆ ਹੋਇਆ ਹੈ। ਇਸ ਸਿਨੇਮਾਘਰ ਦੀ ਕਹਾਣੀ 'ਪੀ.ਕੇ.' ਤੋਂ ਪੈਦਾ ਹੋਏ ਵਿਵਾਦ ਨਾਲ ਮਿਲਦੀ-ਜੁਲਦੀ ਹੈ। 2012 ਵਿਚ ਇਸ ਸਿਨੇਮਾਘਰ ਵਿਚ ਫਿਲਮ 'ਇਨੋਸੈਂਸ ਆਫ ਮੁਸਲਿਮਜ਼' ਦਿਖਾਈ ਜਾ ਰਹੀ ਸੀ ਕਿ ਫਿਰਕੂ ਜਨੂੰਨੀਆਂ ਨੇ ਸਿਨੇਮਾਘਰ ਲੂਹ ਛੱਡਿਆ। ਇਸ ਤੋਂ ਬਾਅਦ ਸਿਨੇਮਾਘਰ ਚੱਲਣ ਨਹੀਂ ਦਿੱਤਾ ਗਿਆ ਅਤੇ ਆਖਰਕਾਰ ਮਾਲਕ ਨੂੰ ਇਹ ਸਿਨੇਮਾਘਰ ਸੇਲ ਉਤੇ ਲਾਉਣਾ ਪੈ ਗਿਆ। ਬੜੀ ਕੋਸ਼ਿਸ਼ ਕੀਤੀ ਗਈ ਕਿ ਸਰਕਾਰ 'ਨਿਸ਼ਾਂਤ' ਨੂੰ ਦੁਬਾਰਾ ਚਾਲੂ ਕਰਨ ਲਈ ਥੋੜ੍ਹੀ ਮਦਦ ਦੇਵੇ, ਪਰ ਕਿਸੇ ਨੇ ਗੱਲ ਗੌਲੀ ਹੀ ਨਹੀਂ ਅਤੇ ਫਿਰਕੂ ਜਨੂੰਨੀ ਤਾਂ ਹੋਰ ਕੋਈ ਗੱਲ ਕਦੀ ਸੁਣਦੇ ਹੀ ਨਹੀਂ ਹਨ। ਉਨ੍ਹਾਂ ਕੋਲ ਹਿੰਸਾ ਦਾ ਹੀ ਹਥਿਆਰ ਹੈ ਅਤੇ ਉਹ ਇਸ ਨੂੰ ਲੋੜ ਵੇਲੇ ਕਾਮਯਾਬੀ ਨਾਲ ਵਰਤ ਵੀ ਲੈਂਦੇ ਹਨ।

ਅਜਿਹੀਆਂ ਅਣਗਿਣਤ ਕਹਾਣੀਆਂ ਹਨ ਜਿਨ੍ਹਾਂ ਵਿਚ ਜਬਰੀ ਜ਼ੁਬਾਨਬੰਦੀ ਦੀ ਦਾਸਤਾਂ ਬਿਆਨ ਹੋਈ ਮਿਲਦੀ ਹੈ। ਸੰਸਾਰ ਦੇ ਨਕਸ਼ੇ ਉਤੇ ਸਜੇ ਨਿੱਕੇ ਜਿਹੇ ਸੂਬੇ ਪੰਜਾਬ ਦੀ ਕਹਾਣੀ ਵੀ ਇਨ੍ਹਾਂ ਕਹਾਣੀਆਂ ਵਿਚ ਜਾ ਜੁੜੀ ਹੈ। ਜੁਝਾਰੂ ਗੁਰਬਖਸ਼ ਸਿੰਘ ਦੂਜੀ ਵਾਰ ਉਨ੍ਹਾਂ ਕੈਦੀਆਂ ਜਾਨ ਹੂਲ ਰਿਹਾ ਹੈ ਜਿਨ੍ਹਾਂ ਦੀਆਂ ਸਜ਼ਾਵਾਂ ਪੂਰੀਆਂ ਹੋ ਚੁੱਕੀਆਂ ਹਨ, ਪਰ ਉਨ੍ਹਾਂ ਨੂੰ ਛੱਡਿਆ ਨਹੀਂ ਜਾ ਰਿਹਾ। ਹੋਰ ਤਾਂ ਹੋਰ ਪੰਜਾਬ ਦੀ 'ਪੰਥਕ' ਸਰਕਾਰ ਵੀ ਉਸ ਦੀ ਜ਼ੁਬਾਨਬੰਦੀ ਲਈ ਉਹਦੇ ਪਿੱਛੇ ਪਈ ਹੋਈ ਹੈ, ਸਿੱਖ ਸੰਸਥਾਵਾਂ ਦੀ ਤਾਂ ਗੱਲ ਹੀ ਛੱਡੋ ਜੋ ਅੱਜ ਕੱਲ੍ਹ ਧਰਮ ਦੇ ਪ੍ਰਚਾਰ ਦੀ ਥਾਂ ਸਿਆਸਤ ਦਾ ਅਖਾੜਾ ਬਣੀਆਂ ਹੋਈਆਂ ਹਨ। ਪਹਿਲਾਂ ਤਾਂ ਪੰਜਾਬ ਵਿਚ ਹੀ ਕੋਈ ਅਜਿਹੀ ਥਾਂ ਨਹੀਂ ਮਿਲਣ ਦਿੱਤੀ ਗਈ ਜਿਥੇ ਗੁਰਬਖਸ਼ ਸਿੰਘ ਆਪਣਾ ਅੰਦੋਲਨ ਸ਼ੁਰੂ ਕਰਦਾ। ਫਿਰ ਜਦੋਂ ਇਹ ਅੰਦੋਲਨ ਹਰਿਆਣਾ ਦੇ ਅੰਬਾਲਾ ਸ਼ਹਿਰ ਦੇ ਇਤਿਹਾਸਕ ਗੁਰਦੁਆਰੇ ਵਿਖੇ ਅਰੰਭ ਹੋ ਗਿਆ, ਤਾਂ ਆਪੋ-ਆਪਣੀ ਸਿਆਸਤ ਖਾਤਰ ਹਰ ਰੰਗ ਦੇ ਸਿਆਸਤਦਾਨ ਗੁਰਬਖਸ਼ ਸਿੰਘ ਹਮਾਇਤ ਲਈ ਉਥੇ ਢੁਕਣੇ ਸ਼ੁਰੂ ਹੋਏ। ਭਾਰਤੀ ਜਨਤਾ ਪਾਰਟੀ ਵਰਗੀ ਜਥੇਬੰਦੀ ਦੇ ਆਗੂ ਸਗੋਂ ਬਾਕੀਆਂ ਨਾਲੋਂ ਵੀ ਦੋ ਕਦਮ ਅਗਾਂਹ ਵਧ ਕੇ ਹਮਾਇਤ ਲਈ ਨਿੱਤਰੇ, ਪਰ ਪਿਛੋਂ ਇਸੇ ਹੀ ਪਾਰਟੀ ਦੇ ਕਰਤਿਆਂ-ਧਰਤਿਆਂ ਨੇ ਅੰਦੋਲਨ ਨੂੰ ਸਬੋਤਾਜ ਕਰਨ ਦੀ ਸਾਜ਼ਿਸ਼ ਰਚੀ। ਪਹਿਲਾਂ ਗੁਰਦੁਆਰਾ ਪ੍ਰਬੰਧਕਾਂ ਉਤੇ ਲਗਾਤਾਰ ਦਬਾਅ ਬਣਾਇਆ ਅਤੇ ਫਿਰ ਨਵੀਂ ਦਿੱਲੀ ਭੁੱਖ ਹੜਤਾਲ ਲਈ ਪਹੁੰਚੇ ਗੁਰਪਿਆਰ ਸਿੰਘ ਨੂੰ ਹਿਰਾਸਤ ਵਿਚ ਲੈ ਲਿਆ। ਪੰਜਾਬ, ਹਰਿਆਣਾ ਅਤੇ ਕੇਂਦਰ ਵਿਚ ਹੁਣ ਇਕੋ ਧਿਰ ਦੀਆਂ ਸਰਕਾਰਾਂ ਹਨ। ਇਹ ਧਿਰਾਂ ਸਿੱਖਾਂ ਨੂੰ ਨਿਆਂ ਦੇ ਮੁੱਦਿਆਂ ਉਤੇ ਆਏ ਦਿਨ ਬਿਆਨ ਵੀ ਬਥੇਰੇ ਦਾਗੀ ਜਾਂਦੀਆਂ ਹਨ ਪਰ ਅਮਲ ਵਿਚ ਕੋਈ ਹੋਰ ਸਿਆਸਤ ਕੀਤੀ ਜਾ ਰਹੀ ਹੈ। ਦਰਅਸਲ, ਇਸ ਕੋਝੀ ਸਿਆਸਤ ਰਾਹੀਂ ਹੀ ਜ਼ੁਬਾਨਬੰਦੀ ਕੀਤੀ ਜਾ ਰਹੀ ਹੈ। ਹੁਣ ਸਵਾਲ ਇਹੀ ਹੈ ਕਿ ਹਰ ਪੱਧਰ ਅਤੇ ਹਰ ਖੇਤਰ ਵਿਚ ਵਿਆਪ ਰਹੀਆਂ ਇਨ੍ਹਾਂ ਜ਼ੁਬਾਨਬੰਦੀਆਂ ਖਿਲਾਫ ਸੰਨ੍ਹ ਲਾਉਣ ਲਈ ਕੀ ਰਣਨੀਤੀ ਅਤੇ ਰਾਜਨੀਤੀ ਘੜੀ ਜਾਵੇ।

### ਠਾਹ-ਸੋਟਾ

-ਚਾਚਾ ਬੇਲਿਹਾਜ਼

***ਦੇਸ ਵਿਚ ਧੁੰਦ!***

ਸਿਆਸਤਦਾਨਾਂ ਦੇ ਸਿਰ 'ਚ ਧੁੰਦ ਹਉਮੈ, ਨਿਜੀ ਹਿਤਾਂ ਲਈ ਦੇਸ ਕੁਰਬਾਨ ਕਰਦੇ।
ਬੇਈਮਾਨੀ ਦੀ ਧੁੰਦ ਸਦਾ ਇਨਸਾਨ ਮਾਰੇ, ਕੰਮ ਇੰਜ ਦੇ ਜਿਵੇਂ ਹੈਵਾਨ ਕਰਦੇ।
ਨਸ਼ਾ-ਖੋਰੀ ਦੀ ਧੁੰਦ ਵਿਚ ਫਸੇ ਬੱਚੇ, ਜੀਵਨ ਆਪਣਾ ਐਵੇਂ ਗਲਤਾਨ ਕਰਦੇ।
ਫਾਸ਼ੀਵਾਦ ਦੀ ਹਾਕਮਾਂ ਨੇ ਧੁੰਦ ਪਾਈ, ਬਣੀ ਸਾਂਝ ਦਾ ਖੁਦ ਨੁਕਸਾਨ ਕਰਦੇ।
ਧਨ-ਦੌਲਤ ਦੇ ਮਾਣ ਦੀ ਧੁੰਦ ਮਾੜੀ, ਪੱਟੀ ਮੇਸਦੀ ਹੈ ਸਦਾ ਸਮਾਨਤਾ ਦੀ।
ਧੁੰਦ ਕਾਰਨੇ ਰਾਹੀਆਂ ਨੂੰ ਔਖ ਹੁੰਦੀ, ਬੇੜੀ ਡੋਬਦੀ ਧੁੰਦ ਅਗਿਆਨਤਾ ਦੀ!

# ਪੰਜਾਬੀ ਭਾਸ਼ਾ ਅਤੇ ਰੁਜ਼ਗਾਰ

***ਭਾਸ਼ਾ ਦਾ ਸਮਾਜੀ ਆਰਥਿਕ ਵਿਵਸਥਾ ਵਿਚ ਵਿਸ਼ੇਸ਼ ਰੋਲ ਹੁੰਦਾ ਹੈ। ਆਰਥਿਕ ਵਿਵਸਥਾ ਵਿਚ ਆਪਣੀ ਭੂਮਿਕਾ ਤੋਂ ਵਿਹੂਣੀ ਭਾਸ਼ਾ, ਆਰਥਿਕ ਪੱਧਰ 'ਤੇ ਵਿਕਸਿਤ ਨਹੀਂ ਬਣ ਸਕਦੀ। ਪਾਕਿਸਤਾਨ ਵਿਚ ਲਗਪਗ 8 ਕਰੋੜ ਤੋਂ ਉਪਰ ਲੋਕ ਪੰਜਾਬੀ ਬੋਲਦੇ ਹਨ ਪਰ ਉਥੇ ਪੰਜਾਬੀ ਸਿਰਫ ਬੋਲੀ ਜਾਂਦੀ ਹੈ, ਹੋਰ ਕਿਸੇ ਸਮਾਜਕ ਆਰਥਿਕ ਵਿਵਸਥਾ ਵਿਚ ਆਪਣੀ ਭੂਮਿਕਾ ਨਹੀਂ ਨਿਭਾ ਰਹੀ। ਇਸ ਕਰ ਕੇ ਭਾਰਤੀ ਪੰਜਾਬ ਦੀ ਪੰਜਾਬੀ, ਪਾਕਿਸਤਾਨੀ ਪੰਜਾਬ ਦੀ ਪੰਜਾਬੀ ਨਾਲੋਂ ਕਿਤੇ ਅਗਾਂਹ ਤੇ ਵਿਕਸਿਤ ਭਾਸ਼ਾ ਹੈ ਕਿਉਂਕਿ ਭਾਰਤੀ ਪੰਜਾਬ ਵਿਚ ਤ੍ਰਿਸਕਾਰੇ ਜਾਣ ਦੇ ਬਾਵਜੂਦ ਵਿਵਸਥਾ ਵਿਚ ਆਪਣੀ ਭੂਮਿਕਾ ਅਦਾ ਕਰ ਰਹੀ ਹੈ। ਇਸ ਗੱਲ ਵਿਚ ਕੁਦਰਤੀ ਸੱਚਾਈ ਹੈ ਕਿ ਭਾਸ਼ਾ ਭਾਵੇਂ ਕਿੰਨੇ ਵੀ ਵੱਡੇ ਭਾਸ਼ਾਈ ਸਮੂਹ ਦੇ ਆਪਸੀ ਸੰਚਾਰ ਦਾ ਮਾਧਿਅਮ ਹੋਏ ਪਰ ਜੇ ਉਹ ਸਮਕਾਲੀ ਦੌਰ ਵਿਚ ਰੁਜ਼ਗਾਰ ਦੀ ਭਾਸ਼ਾ ਵਜੋਂ ਸਥਾਪਤ ਨਹੀਂ ਹੁੰਦੀ ਤਾਂ ਉਸ ਭਾਸ਼ਾ ਦਾ ਭਵਿੱਖ ਸੁਰੱਖਿਅਤ ਨਹੀਂ ਹੋ ਸਕਦਾ।***

ਸਮਕਾਲੀ ਦੌਰ ਵਿਚ ਭਾਸ਼ਾ ਅਤੇ ਰੁਜ਼ਗਾਰ ਦਾ ਅਟੁੱਟ ਸਬੰਧ ਸਥਾਪਤ ਹੋਇਆ ਹੈ। ਗਲੋਬਲੀ ਪ੍ਰਸੰਗ ਵਿਚ ਵਿਕਾਸਸ਼ੀਲ ਅਤੇ ਪਛੜੇ ਦੇਸ਼ਾਂ ਵਿਚ ਜਿਸ ਤਰ੍ਹਾਂ ਦੇ ਆਰਥਿਕ, ਸਮਾਜਕ ਹਾਲਾਤ ਪੈਦਾ ਹੋਏ ਹਨ, ਉਨ੍ਹਾਂ ਹਾਲਾਤ ਨੇ ਦੇਸ਼ਾਂ ਦੀ ਸਥਾਨਕਤਾ ਨੂੰ ਵੱਖ-ਵੱਖ ਢੰਗਾਂ ਰਾਹੀਂ ਪ੍ਰਭਾਵਿਤ ਕੀਤਾ ਹੈ। ਇਸ ਕਰ ਕੇ ਸਥਾਨਕਤਾ ਦਾ ਆਪਣੀ ਮਾਤ-ਭਾਸ਼ਾ ਦੇ ਵਰਤਾਓ-ਵਤੀਰੇ ਵਿਚ ਬਦਲਾਅ ਆਇਆ ਹੈ। ਭਾਸ਼ਾ ਨੂੰ ਮਹਿਜ਼ ਬੋਲਚਾਲ ਜਾਂ ਸਾਹਿਤਕ ਪੱਧਰ ਤੋਂ ਅਗਾਂਹ ਰੁਜ਼ਗਾਰ ਦੀ ਪ੍ਰਾਪਤੀ ਵਜੋਂ ਦੇਖਿਆ ਜਾਣ ਲੱਗਾ ਹੈ। ਆਰਥਿਕਤਾ ਦਾ ਤੱਥ ਮਨੁੱਖੀ ਜੀਵਨ ਨੂੰ ਹਮੇਸ਼ਾ ਪ੍ਰਭਾਵਿਤ ਕਰਦਾ ਹੈ। ਇਸ 'ਤੇ ਆਧਾਰਤ ਹੀ ਬੰਦਾ ਆਪਣੇ ਸਮੂਹਿਕ ਦੁਆਲੇ ਪ੍ਰਤੀ ਵਿਚਾਰ ਕਰਦਾ ਹੈ।

ਤਕਨਾਲੋਜੀ ਨੇ ਮਨੁੱਖੀ ਜੀਵਨ ਦੇ ਵੱਖ-ਵੱਖ ਖੇਤਰਾਂ ਦੇ ਸੂਖਮ ਤੋਂ ਸੂਖਮ ਗਿਆਨ ਨੂੰ ਅੱਜ ਸੰਸਾਰ-ਵਿਆਪੀ ਰੂਪ ਦੇ ਦਿੱਤਾ ਹੈ। ਇਸ

**ਜੱਜ ਸਿੰਘ**
jajsingh1986@gmail.com

ਗਿਆਨ ਦੇ ਆਧਾਰ 'ਤੇ ਹੀ ਮਨੁੱਖੀ ਜੀਵਨ ਵਿਚ ਅਨੇਕਾਂ ਨਵੇਂ ਖੇਤਰਾਂ ਨੇ ਹੋਂਦ ਧਾਰਨ ਕੀਤੀ ਹੈ। ਹੁਣ ਸੰਸਾਰੀ ਵਰਤਾਰੇ ਵਿਚ ਗਿਆਨ ਅਤੇ ਰੁਜ਼ਗਾਰ ਦੇ ਸਬੰਧ ਨੂੰ ਅੰਤਰ-ਸਬੰਧਤ ਮੰਨਿਆ ਜਾਣ ਲੱਗ ਪਿਆ ਹੈ। ਰੁਜ਼ਗਾਰ ਦਾ ਸਬੰਧ ਭਾਸ਼ਾਵਾਂ ਨਾਲ ਇਸ ਤਰ੍ਹਾਂ ਜੁੜ ਗਿਆ ਹੈ ਕਿ ਭਾਸ਼ਾਵਾਂ ਨੂੰ ਗਿਆਨ ਦੇ ਨਾਲ-ਨਾਲ ਰੁਜ਼ਗਾਰ ਵਜੋਂ ਵੀ ਸਥਾਪਤ ਹੋਣਾ ਪੈ ਰਿਹਾ ਹੈ। ਜੋ ਭਾਸ਼ਾਵਾਂ ਇਸ ਦਾਇਰੇ ਵਿਚ ਨਹੀਂ ਆਉਂਦੀਆਂ, ਉਨ੍ਹਾਂ ਦੇ ਭਵਿੱਖ 'ਤੇ ਸੁਆਲੀਆ ਚਿੰਨ੍ਹ ਲੱਗੇ ਹਨ।

ਅਸਲ ਵਿਚ 1990ਵਿਆਂ ਤੋਂ ਪਹਿਲਾਂ ਭਾਸ਼ਾ ਅਤੇ ਰੁਜ਼ਗਾਰ ਦਾ ਕੋਈ ਸਿੱਧਾ ਸਬੰਧ ਸਥਾਪਤ ਨਹੀਂ ਸੀ ਪਰ ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ, ਜਦੋਂ ਸੰਸਾਰੀਕਰਨ ਨੇ ਪੂਰੇ ਸੰਸਾਰ ਨੂੰ ਇੱਕ ਪਿੰਡ ਦੇ ਰੂਪ ਵਿਚ ਸਥਾਪਤ ਕੀਤਾ ਤਾਂ ਇਸ ਨਾਲ ਰੁਜ਼ਗਾਰ, ਗਿਆਨ-ਵਿਗਿਆਨ, ਤਕਨਾਲੋਜੀ ਦੇ ਸਾਰੇ ਖੇਤਰ ਪੂਰੇ ਸੰਸਾਰ ਵਿਚ ਇੱਕੋ ਰੂਪ ਵਿਚ ਪ੍ਰਚਲਿਤ ਹੋਏ ਹਨ। ਇਸ ਨਾਲ ਭਾਸ਼ਾ ਅਤੇ ਰੁਜ਼ਗਾਰ ਦਾ ਆਪਸੀ ਸਬੰਧ ਸਥਾਪਤ ਹੋਇਆ ਪਰ ਗਲੋਬਲੀ ਪ੍ਰਸੰਗ ਵਿਚ ਖੇਤਰੀ ਭਾਸ਼ਾਵਾਂ ਦੀ ਰੁਜ਼ਗਾਰ, ਗਿਆਨ-ਵਿਗਿਆਨ ਵਜੋਂ ਜੋ ਹਾਲਤ ਸਮਕਾਲ ਵਿਚ ਹੈ, ਉਹ ਇਨ੍ਹਾਂ ਖੇਤਰੀ ਭਾਸ਼ਾਵਾਂ ਦੇ ਭਵਿੱਖ ਨੂੰ ਅਸੁਰੱਖਿਅਤ ਕਰਦੀ ਹੈ। ਸੰਸਾਰ ਪੱਧਰ 'ਤੇ ਅੰਗਰੇਜ਼ੀ ਭਾਸ਼ਾ ਨੂੰ ਰਾਜਨੀਤਕ ਪਨਾਹ ਮਿਲਣ ਕਰ ਕੇ ਉਸ ਦੀ ਗਿਆਨ 'ਤੇ ਪ੍ਰਭੁਸੱਤਾ ਸਥਾਪਤ ਹੋਈ ਹੈ।

ਦੂਜੇ ਪਾਸੇ ਖੇਤਰੀ ਭਾਸ਼ਾਵਾਂ ਨੂੰ ਇਸ ਤਰ੍ਹਾਂ ਦੀ ਰਾਜਨੀਤਕ ਸਰਪ੍ਰਸਤੀ ਨਾ ਮਿਲਣ ਕਰ ਕੇ ਇਹ ਖੇਤਰੀ ਪੱਧਰ 'ਤੇ ਸੌੜੀ ਰਾਜਨੀਤੀ ਦਾ ਸ਼ਿਕਾਰ ਹੋਈਆਂ ਹਨ। ਭਾਸ਼ਾਵਾਂ ਦਾ ਰਾਜਨੀਤਕ ਏਜੰਡੇ ਵਿਚ ਸ਼ਾਮਲ ਹੋਣਾ, ਉਨ੍ਹਾਂ ਦੀ ਅਜੋਕੇ ਸਮੇਂ ਵਿਚ ਪ੍ਰਭੁਸੱਤਾ, ਗਿਆਨ ਅਤੇ ਰੁਜ਼ਗਾਰ ਨੂੰ ਨਿਰਧਾਰਤ ਕਰਦਾ ਹੈ। ਜਿਨ੍ਹਾਂ ਭਾਸ਼ਾਵਾਂ ਪ੍ਰਤੀ ਰਾਜਨੀਤਕ ਚੇਤਨਾ ਹੈ, ਉਹ ਸੰਸਾਰ ਪੱਧਰ 'ਤੇ ਆਪਣੀ ਹੋਂਦ ਨੂੰ ਹੀ ਨਹੀਂ ਬਚਾਈ ਰੱਖ ਰਹੀਆਂ, ਬਲਕਿ ਰੁਜ਼ਗਾਰ ਦੇ ਖੇਤਰ ਇਨ੍ਹਾਂ ਭਾਸ਼ਾਵਾਂ ਵਿਚ ਮੁਹੱਈਆ ਹੋਣ ਕਾਰਨ ਇਨ੍ਹਾਂ ਭਾਸ਼ਾਵਾਂ ਦੀ ਸਮਰੱਥਾ ਸ਼ਕਤੀ ਅੰਗਰੇਜ਼ੀ ਭਾਸ਼ਾ ਦੇ ਐਨ ਬਰਾਬਰ ਸਥਾਪਤ ਹੋਈ ਹੈ। ਇਨ੍ਹਾਂ ਭਾਸ਼ਾਵਾਂ ਦਾ ਆਪਣੇ ਖੇਤਰ ਦੀ ਮੰਡੀ ਉਪਰ ਇੰਨਾ ਦਬਾਅ ਵਧਿਆ ਹੈ ਕਿ ਗਲੋਬਲੀ ਕੰਪਨੀਆਂ ਨੂੰ ਆਪਣਾ ਮਾਲ ਖਰੀਦਣ/ਵੇਚਣ ਲਈ ਇਨ੍ਹਾਂ ਭਾਸ਼ਾਵਾਂ ਨੂੰ ਨਾ ਚਾਹੁੰਦਿਆਂ ਵੀ ਅਪਨਾਉਣਾ ਪੈ ਰਿਹਾ ਹੈ। ਇਸ ਪ੍ਰਸੰਗ ਵਿਚ ਚੀਨੀ, ਜਪਾਨੀ, ਜਰਮਨ ਆਦਿ ਭਾਸ਼ਾਵਾਂ ਨੂੰ ਦੇਖਿਆ ਜਾ ਸਕਦਾ ਹੈ ਜਿਨ੍ਹਾਂ ਨੇ ਆਪਣੀ ਤਕਨਾਲੋਜੀ, ਗਿਆਨ-ਵਿਗਿਆਨ ਅਤੇ ਰੁਜ਼ਗਾਰ ਵਜੋਂ ਸੰਸਾਰ ਮੰਡੀ ਵਿਚ ਆਪਣੀਆਂ ਭਾਸ਼ਾਵਾਂ ਨੂੰ ਸਥਾਪਤ ਕੀਤਾ ਹੈ। ਇਸੇ ਪ੍ਰਸੰਗ ਵਿਚ ਜਦੋਂ ਦੂਜੀਆਂ ਖੇਤਰੀ ਭਾਸ਼ਾਵਾਂ ਨੂੰ (ਵਿਕਾਸਸ਼ੀਲ ਤੇ ਪਛੜੇ ਦੇਸ਼) ਵਿਚਾਰਿਆ ਜਾਂਦਾ ਹੈ ਤਾਂ ਉਨ੍ਹਾਂ ਆਪਣੀ ਖੇਤਰੀ ਮੰਡੀ ਉਪਰ ਅੰਗਰੇਜ਼ੀ ਦਾ ਪ੍ਰਭਾਵ ਕਬੂਲਿਆ ਹੈ। ਇਨ੍ਹਾਂ ਭਾਸ਼ਾਵਾਂ ਨੂੰ ਮਜ਼ਬੂਤ ਰਾਜਨੀਤਕ ਸਰਪ੍ਰਸਤੀ ਪ੍ਰਾਪਤ ਹੋਣ ਕਰ ਕੇ ਗਲੋਬਲੀ ਮੰਡੀ ਨੇ ਆਪਣੇ ਪੰਜੇ ਵਿਚ ਜਕੜਿਆ ਹੋਇਆ ਹੈ। ਖੇਤਰ ਉਤੇ ਗਲੋਬਲੀ ਵਰਤਾਰੇ ਦੇ ਇਸ ਪ੍ਰਭਾਵ ਕਾਰਨ ਰੁਜ਼ਗਾਰ ਦੇ ਜੋ ਮੌਕੇ ਮੁਹੱਈਆ ਕਰਵਾਏ ਗਏ ਹਨ, ਉਨ੍ਹਾਂ ਦੀ ਲਾਲਸਾ ਹਿੱਤ ਸਿੱਖਿਆ ਪ੍ਰਬੰਧ ਦਾ ਅਖੌਤੀ ਨਵੀਨੀਕਰਨ ਦੇ ਨਾਮ ਹੇਠ ਅੰਗਰੇਜ਼ੀਕਰਨ ਹੋ ਰਿਹਾ ਹੈ। ਇਹ ਵਰਤਾਰਾ ਸਿੱਖਿਆ ਤੋਂ ਲੈ ਕੇ, ਰੁਜ਼ਗਾਰ ਤੱਕ ਦੂਜੇ ਸਥਾਨ 'ਤੇ ਰੱਖਦਾ ਹੈ। ਅੰਗਰੇਜ਼ੀ ਭਾਸ਼ਾ ਨੂੰ ਰੁਜ਼ਗਾਰ ਦੀ ਭਾਸ਼ਾ ਵਜੋਂ ਸਥਾਪਤ ਕਰ ਕੇ ਸਥਾਨਕਤਾ ਨੂੰ ਇਹ ਭੁਲੇਖਾ ਪਾਇਆ ਗਿਆ ਹੈ ਕਿ ਖੇਤਰੀ ਜਾਂ ਸਥਾਨਕ ਭਾਸ਼ਾਵਾਂ ਉਨ੍ਹਾਂ ਨੂੰ ਰੁਜ਼ਗਾਰ ਦੇਣ ਦੇ ਸਮਰੱਥ ਨਹੀਂ ਹਨ।


ਸਰਮਾਏਦਾਰੀ ਪ੍ਰਬੰਧ ਨੇ ਅੰਗਰੇਜ਼ੀ ਭਾਸ਼ਾ ਨੂੰ ਗਿਆਨ ਵਿਗਿਆਨ ਅਤੇ ਰੁਜ਼ਗਾਰ ਦਾ ਸ਼ਕਤੀਸ਼ਾਲੀ ਮਾਧਿਅਮ ਬਣਾ ਕੇ, ਭਾਰਤੀ/ਪੰਜਾਬੀ ਮਨੁੱਖ ਅੰਦਰ ਇਹ ਲਾਲਸਾ ਪੈਦਾ ਕਰ ਦਿੱਤੀ ਹੈ ਕਿ ਜੇ ਭਵਿੱਖ ਵਿਚ ਰੁਜ਼ਗਾਰ ਪ੍ਰਾਪਤ ਕਰਨਾ ਹੈ, ਤਾਂ ਉਹ ਅੰਗਰੇਜ਼ੀ ਰਾਹੀਂ ਹੀ ਸੰਭਵ ਹੋ ਸਕਦਾ ਹੈ। ਇਸੇ ਕਰ ਕੇ ਅੱਜ ਪੰਜਾਬੀ ਰੁਜ਼ਗਾਰ ਦੀ ਭਾਸ਼ਾ ਵਜੋਂ ਆਪਣਾ ਤਰਜੀਹੀ ਮਹੱਤਵ ਗੁਆ ਕੇ, ਦੂਜੇ ਸਥਾਨ 'ਤੇ ਪਹੁੰਚ ਗਈ ਹੈ।

ਭਾਸ਼ਾ ਦਾ ਸਮਾਜੀ ਆਰਥਿਕ ਵਿਵਸਥਾ ਵਿਚ ਵਿਸ਼ੇਸ਼ ਰੋਲ ਹੁੰਦਾ ਹੈ। ਆਰਥਿਕ ਵਿਵਸਥਾ ਵਿਚ ਆਪਣੀ ਭੂਮਿਕਾ ਤੋਂ ਵਿਹੂਣੀ ਭਾਸ਼ਾ, ਆਰਥਿਕ ਪੱਧਰ 'ਤੇ ਵਿਕਸਿਤ ਨਹੀਂ ਬਣ ਸਕਦੀ। ਪਾਕਿਸਤਾਨ ਵਿਚ ਲਗਪਗ 8 ਕਰੋੜ ਤੋਂ ਉਪਰ ਲੋਕ ਪੰਜਾਬੀ ਬੋਲਦੇ ਹਨ, ਪਰ ਉਥੇ ਪੰਜਾਬੀ ਸਿਰਫ ਬੋਲੀ ਜਾਂਦੀ ਹੈ, ਹੋਰ ਕਿਸੇ ਸਮਾਜਕ ਆਰਥਿਕ ਵਿਵਸਥਾ ਵਿਚ ਆਪਣੀ ਭੂਮਿਕਾ ਨਹੀਂ ਨਿਭਾ ਰਹੀ। ਇਸ ਕਰ ਕੇ ਭਾਰਤੀ ਪੰਜਾਬ ਦੀ ਪੰਜਾਬੀ, ਪਾਕਿਸਤਾਨੀ ਪੰਜਾਬ ਦੀ ਪੰਜਾਬੀ ਨਾਲੋਂ ਕਿਤੇ ਅਗਾਂਹ ਤੇ ਵਿਕਸਿਤ ਭਾਸ਼ਾ ਹੈ ਕਿਉਂਕਿ ਭਾਰਤੀ ਪੰਜਾਬ ਵਿਚ ਤ੍ਰਿਸਕਾਰੇ ਜਾਣ ਦੇ ਬਾਵਜੂਦ ਵਿਵਸਥਾ ਵਿਚ ਆਪਣੀ ਭੂਮਿਕਾ ਅਦਾ ਕਰ ਰਹੀ ਹੈ। ਇਸ ਗੱਲ ਵਿਚ ਕੁਦਰਤੀ ਸੱਚਾਈ ਹੈ ਕਿ ਭਾਸ਼ਾ ਭਾਵੇਂ ਕਿੰਨੇ ਵੀ ਵੱਡੇ ਭਾਸ਼ਾਈ ਸਮੂਹ ਦੇ ਆਪਸੀ ਸੰਚਾਰ ਦਾ ਮਾਧਿਅਮ ਹੋਏ ਪਰ ਜੇ ਉਹ ਸਮਕਾਲੀ ਦੌਰ ਵਿਚ ਰੁਜ਼ਗਾਰ ਦੀ ਭਾਸ਼ਾ ਵਜੋਂ ਸਥਾਪਤ ਨਹੀਂ ਹੁੰਦੀ ਤਾਂ ਉਸ ਭਾਸ਼ਾ ਦਾ ਭਵਿੱਖ ਸੁਰੱਖਿਅਤ ਨਹੀਂ ਹੋ ਸਕਦਾ।

ਜੇ ਸਮਕਾਲ ਵਿਚ ਪੰਜਾਬੀ ਭਾਸ਼ਾ ਦੀ ਰੁਜ਼ਗਾਰ ਵਜੋਂ ਸਥਿਤੀ ਨੂੰ ਦੇਖਿਆ ਜਾਵੇ ਤਾਂ ਇਸ ਦੀ ਸਥਿਤੀ ਜ਼ਿਆਦਾ ਸੰਤੋਖਜਨਕ ਨਹੀਂ ਹੈ। ਸਿੱਖਿਆ ਦੇ ਖੇਤਰ ਵਿਚ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਕਿੱਤਾਕਾਰੀ ਸਿੱਖਿਆ ਨੂੰ ਲੋੜ ਮੁਤਾਬਕ ਹੁਲਾਰਾ ਨਹੀਂ ਦਿੱਤਾ ਜਾ ਰਿਹਾ। ਸਮੇਂ ਦੀ ਲੋੜ ਮੁਤਾਬਕ ਨਵੇਂ ਕਿੱਤਿਆਂ ਦੀ ਸਥਾਪਨਾ ਅਤੇ ਉਨ੍ਹਾਂ ਦੀ ਸਿਖਲਾਈ ਲਈ, ਸਿੱਖਿਆ ਅਦਾਰਿਆਂ ਦੀ ਵੱਡੇ ਪੱਧਰ ਉਤੇ ਕਮੀ ਹੈ। ਅਦਾਰਿਆਂ ਦੀ ਕਮੀ ਨਾਲ ਮਾਤ-ਭਾਸ਼ਾ ਵਿਚ ਇਨ੍ਹਾਂ ਕਿੱਤਿਆਂ ਦੀ ਸਿਖਲਾਈ ਵੀ ਉਪਲਬਧ ਨਹੀਂ ਹੈ। ਵਿਗਿਆਨਕ ਅਤੇ ਸਮਾਜਕ ਖੋਜਾਂ ਦੇ ਸਬੰਧ ਵਿਚ ਵੀ ਅਜਿਹੀ ਹੀ ਹਾਲਤ ਹੈ।

ਉਚ ਸਿੱਖਿਆ, ਕੁਦਰਤੀ ਵਿਗਿਆਨ, ਕਾਨੂੰਨ, ਤਕਨਾਲੋਜੀ, ਆਰਥਿਕ ਅਤੇ ਰਾਜਨੀਤਕ ਅਨੁਸ਼ਾਸਨਾਂ ਦੀ ਸਿੱਖਿਆ ਦਾ ਮਾਧਿਅਮ ਅੰਗਰੇਜ਼ੀ ਭਾਸ਼ਾ ਹੈ। ਇਨ੍ਹਾਂ ਖੇਤਰਾਂ ਦੇ ਵਿਦਿਆਰਥੀ ਵਧੇਰੇ ਕਰ ਕੇ ਬੈਂਕਿੰਗ ਕੰਪਿਊਟਰਾਈਜ਼ਡ ਮਾਰਕੀਟਿੰਗ ਆਦਿ ਅਦਾਰਿਆਂ ਵਿਚ ਨਿਯੁਕਤ ਹੁੰਦੇ ਹਨ ਪਰ ਇਨ੍ਹਾਂ ਦੀ ਨਿਯੁਕਤੀ ਸਮੇਂ ਇਨ੍ਹਾਂ ਦੇ ਗਿਆਨ ਅਤੇ ਹੁਨਰ ਦੇ ਨਾਲ-ਨਾਲ ਇਨ੍ਹਾਂ ਦੀ ਸਿੱਖਿਆ ਅਤੇ ਸਿੱਖਿਆ ਮਾਧਿਅਮ ਨੂੰ ਵਿਸ਼ੇਸ਼ ਧਿਆਨ ਵਿਚ ਰੱਖਿਆ ਜਾਂਦਾ ਹੈ। ਜ਼ਿਆਦਾਤਰ ਅੰਗਰੇਜ਼ੀ ਭਾਸ਼ਾ ਵਿਚ ਮੁਹਾਰਤ ਪ੍ਰਾਪਤ ਵਿਦਿਆਰਥੀਆਂ ਨੂੰ ਤਵੱਜੋ ਦਿੱਤੀ ਜਾਂਦੀ ਹੈ। ਖੇਤਰੀ ਭਾਸ਼ਾ ਵਿਚ ਸਿੱਖਿਅਕ ਅਤੇ ਹੁਨਰਮੰਦ ਵਿਦਿਆਰਥੀਆਂ ਨੂੰ ਇਨ੍ਹਾਂ ਅਦਾਰਿਆਂ ਵਿਚ ਨਿਮਨ ਅਹੁਦਿਆਂ ਉਪਰ ਹੀ ਨਿਯੁਕਤ ਕੀਤਾ ਜਾਂਦਾ ਹੈ। ਅਦਾਲਤੀ ਖੇਤਰਾਂ ਵਿਚ, ਅਦਾਲਤਾਂ ਦੀ ਬਹੁਤੀ ਕਾਰਵਾਈ ਦਾ ਲਿਖਤੀ ਅਤੇ ਮੌਖਿਕ ਭਾਸ਼ਾ ਦਾ ਮਾਧਿਅਮ ਅੰਗਰੇਜ਼ੀ ਹੈ। ਕਲਰਕ, ਸਟੈਨੋ, ਟਰਾਂਸਲੇਟਰ, ਜੱਜਮੈਂਟ-ਰਾਈਟਰ ਆਦਿ ਇਹ ਸਾਰੀਆਂ ਪਦਵੀਆਂ ਅੰਗਰੇਜ਼ੀ ਮਾਧਿਅਮ ਆਧਾਰਤ ਹਨ। ਇਹ ਅਧਿਕਾਰੀ ਅਦਾਲਤੀ ਕਾਰਵਾਈ, ਹੁਕਮਾਂ, ਨੀਤੀਆਂ, ਫੈਸਲੇ ਅੰਗਰੇਜ਼ੀ ਮਾਧਿਅਮ ਵਿਚ ਹੀ ਲੈਂਦੇ/ਦਿੰਦੇ ਹਨ। ਹਾਲਾਂਕਿ ਜੇ ਸਮੁੱਚੀ ਅਦਾਲਤੀ ਕਾਰਵਾਈ ਨੂੰ ਖੇਤਰੀ ਭਾਸ਼ਾ ਵਿਚ ਅਨੁਵਾਦ ਕੀਤਾ ਜਾਵੇ ਤਾਂ ਇਹ ਸਮੁੱਚਾ ਕਾਰ-ਵਿਹਾਰ ਪੰਜਾਬੀ ਵਿਚ ਹੋ ਸਕਦਾ ਹੈ ਅਤੇ ਅਦਾਲਤੀ ਖੇਤਰ ਦੀਆਂ ਪਦਵੀਆਂ ਵੀ ਪੰਜਾਬੀ ਮਾਧਿਅਮ ਆਧਾਰਤ ਹੋ ਸਕਦੀਆਂ ਹਨ ਪਰ ਸਰਕਾਰਾਂ ਦੀ ਭਾਸ਼ਾ ਪ੍ਰਤੀ ਲਾਪ੍ਰਵਾਹੀ ਅਤੇ ਪੰਜਾਬੀ ਵਿਦਵਾਨਾਂ ਦੀ ਬੇਰੁਖੀ ਕਰ ਕੇ ਅੱਜ ਵੀ ਪੰਜਾਬੀ ਨੂੰ ਸਮੇਂ ਦੀ ਹਾਣੀ ਨਹੀਂ ਬਣਾਇਆ ਗਿਆ।

ਸਮੇਂ ਦੇ ਜਿਸ ਦੌਰ ਵਿਚੋਂ ਅਸੀਂ ਲੰਘ ਰਹੇ ਹਾਂ, ਇਹ ਮੰਗ ਕਰਦਾ ਹੈ ਕਿ ਸਰਕਾਰਾਂ, ਪੰਜਾਬੀ ਵਿਦਵਾਨ ਅਤੇ ਭਾਸ਼ਾ ਹਿਤੈਸ਼ੀ ਪੰਜਾਬੀ ਨੂੰ ਰੁਜ਼ਗਾਰ ਦੀ ਭਾਸ਼ਾ ਬਣਾਉਣ ਵਜੋਂ ਅੱਗੇ ਆਉਣ। ਵਿਭਿੰਨ ਅਨੁਸ਼ਾਸਨਾਂ ਦੀ ਵਿਦੇਸ਼ੀ ਸਮੱਗਰੀ ਨੂੰ ਪੰਜਾਬੀ ਵਿਚ ਅਨੁਵਾਦ ਕਰ ਕੇ ਪੰਜਾਬੀ ਗਿਆਨ ਦਾ ਹਿੱਸਾ ਬਣਾਇਆ ਜਾਵੇ ਕਿਉਂਕਿ ਭਾਸ਼ਾ ਵਿਚਲਾ ਗਿਆਨ ਤੇ ਰੁਜ਼ਗਾਰ ਅੰਤਰ ਸਬੰਧਤ ਮਸਲੇ ਹਨ। ਦੂਜਾ, ਭਾਸ਼ਾ ਨੂੰ ਮਜ਼ਬੂਤ ਰਾਜਨੀਤਕ ਸਰਪ੍ਰਸਤੀ ਹੇਠ ਲਿਆਂਦਾ ਜਾਵੇ। ਅੱਜ ਜੇ ਜਪਾਨ, ਚੀਨ, ਜਰਮਨੀ, ਕੋਰੀਆ ਦੇਸ਼ਾਂ ਦੀਆਂ ਭਾਸ਼ਾਵਾਂ ਨੇ ਤਰੱਕੀ ਕੀਤੀ ਹੈ ਤਾਂ ਉਨ੍ਹਾਂ ਦੀ ਤਰੱਕੀ ਵਿਚ ਭਾਸ਼ਾ ਨੂੰ ਰਾਜਨੀਤਕ ਸਰਪ੍ਰਸਤੀ ਵਿਸ਼ੇਸ਼ ਤੱਥ ਰਿਹਾ ਹੈ। ਭਾਸ਼ਾ ਦੇ ਗਿਆਨ ਅਤੇ ਰੁਜ਼ਗਾਰ ਦੇ ਮਸਲੇ ਨੂੰ ਰਾਜਨੀਤੀ ਪ੍ਰਭਾਵਿਤ ਕਰਦੀ ਹੈ।




***ਸਰਮਾਏਦਾਰੀ ਪ੍ਰਬੰਧ ਨੇ ਅੰਗਰੇਜ਼ੀ ਭਾਸ਼ਾ ਨੂੰ ਗਿਆਨ ਵਿਗਿਆਨ ਅਤੇ ਰੁਜ਼ਗਾਰ ਦਾ ਸ਼ਕਤੀਸ਼ਾਲੀ ਮਾਧਿਅਮ ਬਣਾ ਕੇ, ਭਾਰਤੀ/ਪੰਜਾਬੀ ਮਨੁੱਖ ਅੰਦਰ ਇਹ ਲਾਲਸਾ ਪੈਦਾ ਕਰ ਦਿੱਤੀ ਹੈ ਕਿ ਜੇ ਭਵਿੱਖ ਵਿਚ ਰੁਜ਼ਗਾਰ ਪ੍ਰਾਪਤ ਕਰਨਾ ਹੈ, ਤਾਂ ਉਹ ਅੰਗਰੇਜ਼ੀ ਰਾਹੀਂ ਹੀ ਸੰਭਵ ਹੋ ਸਕਦਾ ਹੈ। ਇਸੇ ਕਰ ਕੇ ਪੰਜਾਬੀ ਰੁਜ਼ਗਾਰ ਦੀ ਭਾਸ਼ਾ ਵਜੋਂ ਆਪਣਾ ਤਰਜੀਹੀ ਮਹੱਤਵ ਗੁਆ ਚੁੱਕੀ ਹੈ।***

**ਦੇਸ-ਪਰਦੇਸ**

# ਪੱਛਮ ਦੇ ਪੈਦਾ ਕੀਤੇ ਮੁਸਲਿਮ ਦੈਂਤ



**ਆਂਦਰੇ ਵਲਚੇਕ**
**ਅਨੁਵਾਦ ਤੇ ਪੇਸ਼ਕਸ਼: ਬੂਟਾ ਸਿੰਘ**

ਸੌ ਸਾਲ ਪਹਿਲਾਂ ਇਹ ਸੋਚਿਆ ਜਾ ਸਕਦਾ ਸੀ ਕਿ ਦੋ ਮੁਸਲਮਾਨ ਕਿਸੇ ਕੈਫ਼ੇ ਜਾਂ ਬੱਸ, ਗੱਡੀ ਵਿਚ ਘੁਸ ਕੇ ਫੀਤਾ ਫੀਤਾ ਹੋ ਜਾਣਗੇ ਤੇ ਦਰਜਨਾਂ ਲੋਕਾਂ ਦੀ ਜਾਨ ਲੈ ਲੈਣਗੇ; ਜਾਂ ਪੈਰਿਸ ਵਿਚ ਰਸਾਲੇ ਦੇ ਸਟਾਫ ਦਾ ਕਤਲੇਆਮ ਕਰਨਗੇ!

ਫਲਸਤੀਨੀ ਵਿਦਵਾਨ ਐਡਵਰਡ ਸਈਦ ਦੀਆਂ ਯਾਦਾਂ ਪੜ੍ਹਦਿਆਂ ਜਾਂ ਪੂਰਬੀ ਯੋਰੋਸ਼ਲਮ ਦੇ ਬਜ਼ੁਰਗਾਂ ਨਾਲ ਗੱਲ ਕਰਨ 'ਤੇ ਸਾਫ ਹੋ ਜਾਂਦਾ ਹੈ ਕਿ ਫਲਸਤੀਨੀ ਸਮਾਜ ਦਾ ਵੱਡਾ ਹਿੱਸਾ ਪੂਰੀ ਤਰ੍ਹਾਂ ਧਰਮ-ਨਿਰਪੱਖ ਅਤੇ ਨਰਮ-ਖਿਆਲੀਆ ਹੁੰਦਾ ਸੀ। ਮਜ਼ਹਬੀ ਕੱਟੜਪੁਣੇ ਦੀ ਥਾਂ ਉਨ੍ਹਾਂ ਦਾ ਸਰੋਕਾਰ ਜ਼ਿੰਦਗੀ, ਸਭਿਆਚਾਰ ਅਤੇ ਫੈਸ਼ਨ ਨਾਲ ਵਧੇਰੇ ਸੀ। ਇਹੀ ਸੀਰੀਆ, ਇਰਾਕ, ਇਰਾਨ, ਮਿਸਰ ਅਤੇ ਇੰਡੋਨੇਸ਼ੀਆ ਸਮੇਤ ਬਹੁਤ ਸਾਰੇ ਹੋਰ ਮੁਲਕਾਂ ਬਾਰੇ ਵੀ ਸੱਚ ਹੈ। ਪੁਰਾਣੀਆਂ ਤਸਵੀਰਾਂ ਮੂੰਹੋਂ ਬੋਲਦੀਆਂ ਹਨ ਜਿਨ੍ਹਾਂ ਨੂੰ ਵਾਰ-ਵਾਰ ਗੌਰ ਨਾਲ ਵਾਚਣਾ ਬਹੁਤ ਅਹਿਮ ਹੈ।

ਇਸਲਾਮ ਮਹਿਜ਼ ਇਕ ਮਜ਼ਹਬ ਨਾ ਹੋ ਕੇ, ਧਰਤੀ ਦੀ ਬੇਥਾਹ ਸੰਸਕ੍ਰਿਤੀ ਰਹੀ ਹੈ ਜਿਸ ਨੇ ਮਨੁੱਖਤਾ ਨੂੰ ਕੁਝ ਸਰਵਸ਼੍ਰੇਸ਼ਟ ਵਿਗਿਆਨਕ ਤੇ ਇਮਾਰਤਸਾਜ਼ੀ ਦੀਆਂ ਲੱਭਤਾਂ ਅਤੇ ਬੇਸ਼ੁਮਾਰ ਇਲਾਜ ਖੋਜਾਂ ਨਾਲ ਭਰਪੂਰ ਕੀਤਾ। ਮੁਸਲਮਾਨਾਂ ਨੇ ਸ਼ਾਨਦਾਰ ਕਵਿਤਾ ਰਚੀ ਅਤੇ ਖੂਬਸੂਰਤ ਸੰਗੀਤ ਦਿੱਤਾ। ਜਨਤਕ ਦਵਾਖ਼ਾਨੇ ਅਤੇ ਦੁਨੀਆਂ ਦੀਆਂ ਪਹਿਲੀਆਂ ਯੂਨੀਵਰਸਿਟੀਆਂ ਸਮੇਤ ਦੁਨੀਆਂ ਦੇ ਕੁਝ ਮੁਢਲੇ ਸਮਾਜੀ ਢਾਂਚੇ ਵਿਕਸਿਤ ਕਰਨ ਦਾ ਸਿਹਰਾ ਉਨ੍ਹਾਂ ਨੂੰ ਜਾਂਦਾ ਹੈ, ਜਿਵੇਂ ਫੈਜ਼ (ਮੋਰੱਕੋ) ਦੀ ਅਲ-ਕਾਰਾਵਿਯਿਨ ਯੂਨੀਵਰਸਿਟੀ।

'ਸਮਾਜੀ' ਖਿਆਲ ਬਹੁਤ ਸਾਰੇ ਮੁਸਲਿਮ ਸਿਆਸਤਦਾਨਾਂ ਲਈ ਸੁਭਾਵਿਕ ਰਹੇ ਹਨ। ਜੇ ਪੱਛਮ ਨੇ ਖੱਬੇਪੱਖੀ ਹਕੂਮਤਾਂ ਨੂੰ ਉਲਟਾ ਕੇ ਅਤੇ ਉਥੇ ਲੰਡਨ, ਵਾਸ਼ਿੰਗਟਨ ਤੇ ਪੈਰਿਸ ਦੇ ਫਾਸ਼ੀਵਾਦੀ ਜੋਟੀਦਾਰ ਸੱਤਾਧਾਰੀ ਨਾ ਬਣਾਏ ਹੁੰਦੇ ਤਾਂ ਇਰਾਨ, ਮਿਸਰ ਅਤੇ ਇੰਡੋਨੇਸ਼ੀਆ ਸਮੇਤ ਲਗਭਗ ਸਾਰੇ ਹੀ ਮੁਸਲਿਮ ਮੁਲਕਾਂ ਦੇ ਆਗੂ ਅੱਜ ਨਰਮ-ਖਿਆਲ ਅਤੇ ਜ਼ਿਆਦਾਤਰ ਧਰਮ-ਨਿਰਪੱਖ ਹੋਣੇ ਸਨ। ਬੀਤੇ ਵਿਚ, ਬੇਸ਼ੁਮਾਰ ਮੁਸਲਿਮ ਆਗੂਆਂ ਨੇ ਦੁਨੀਆਂ 'ਤੇ ਕਾਬਜ਼ ਹੋਣ ਦੇ ਪੱਛਮ ਦੇ ਹਮਲਿਆਂ ਨਾਲ ਟੱਕਰ ਲਈ ਅਤੇ ਇੰਡੋਨੇਸ਼ੀਆਈ ਰਾਸ਼ਟਰਪਤੀ ਸੁਕਾਰਨੋ ਵਰਗੀਆਂ ਕਿੰਨੀਆਂ ਸ਼ਖਸੀਅਤਾਂ ਕਮਿਊਨਿਸਟ ਪਾਰਟੀਆਂ ਅਤੇ ਵਿਚਾਰਧਾਰਾ ਦੇ ਨੇੜੇ ਸਨ। ਇਸ ਦੀ ਮਿਸਾਲ ਗੁੱਟ-ਨਿਰਲੇਪ ਲਹਿਰ ਅਤੇ 1955 ਦੇ ਬਾਂਡੂੰਗ ਸੰਮੇਲਨ ਵਿਚ ਆਲਮੀ ਸਾਮਰਾਜ ਵਿਰੋਧੀ ਲਹਿਰ ਦੀ ਸਪਸ਼ਟ ਪਰਿਭਾਸ਼ਾ ਹਨ।

ਇਸ ਦੇ ਉਲਟ ਰੂੜ੍ਹੀਵਾਦੀ, ਕੁਲੀਨ-ਵਰਗੀ ਈਸਾਈਅਤ ਜ਼ਿਆਦਾਤਰ ਫਾਸ਼ੀਵਾਦੀ ਹੁਕਮਰਾਨਾਂ ਅਤੇ ਬਸਤੀਵਾਦੀਆਂ, ਸੁਲਤਾਨਾਂ, ਤਾਜਰਾਂ ਅਤੇ ਵੱਡੇ ਸਰਮਾਏਦਾਰਾਂ ਦੀਆਂ ਜੁੰਡਲੀਆਂ ਨਾਲ ਹੇਲ-ਮੇਲ ਰਹੀ ਹੈ। ਇਸ ਸਲਤਨਤ ਨੂੰ ਮੱਧ ਪੂਰਬ ਜਾਂ ਵਸੀਲਿਆਂ ਨਾਲ ਭਰਪੂਰ ਇੰਡੋਨੇਸ਼ੀਆ ਉਪਰ ਅਗਾਂਹਵਧੂ, ਮਾਰਕਸਵਾਦੀ, ਮੁਸਲਮਾਨ ਹਾਕਮਾਂ ਦਾ ਰਾਜ ਤੇ ਉਨ੍ਹਾਂ ਦੀ ਹਰਮਨਪਿਆਰਤਾ ਮਨਜ਼ੂਰ ਨਹੀਂ ਸੀ। ਜੇ ਉਨ੍ਹਾਂ ਨੇ ਕੁਦਰਤੀ ਦੌਲਤ ਆਪਣੇ ਆਵਾਮ ਦੀ ਬਿਹਤਰੀ ਲਈ ਵਰਤ ਲਈ, ਫਿਰ ਸਲਤਨਤ ਅਤੇ ਇਸ ਦੀਆਂ ਕਾਰਪੋਰੇਸ਼ਨਾਂ ਲਈ ਕੀ ਬਚੇਗਾ? ਹਰ ਹਰਬਾ ਵਰਤ ਕੇ ਇਸ ਨੂੰ ਰੋਕਣਾ ਜ਼ਰੂਰੀ ਸੀ। ਇਸਲਾਮ 'ਚ ਫੁੱਟ ਪਾਈ ਗਈ; ਇੰਤਹਾਪਸੰਦ ਅਤੇ ਕਮਿਊਨਿਸਟ ਵਿਰੋਧੀ ਜਾਂ ਐਸੇ ਅਨਸਰਾਂ ਦੀ ਘੁਸਪੈਠ ਕਰਵਾਈ ਗਈ ਜੋ ਆਪਣੇ ਲੋਕਾਂ ਦੀ ਭਲਾਈ ਤੋਂ ਬੇਪ੍ਰਵਾਹ ਸਨ।

ਅੱਜ ਦੁਨੀਆਂ ਦੀਆਂ ਲਗਭਗ ਕੁਲ ਇਸਲਾਮੀ ਗਰਮ-ਖਿਆਲ ਤਹਿਰੀਕਾਂ ਇਸਲਾਮ ਦੇ ਘੋਰ-ਰੂੜ੍ਹੀਵਾਦੀ, ਪਿਛਾਖੜੀ ਮੱਤ ਵਹਾਬੀਵਾਦ ਨਾਲ ਬੱਝੀਆਂ ਹੋਈਆਂ ਹਨ ਜੋ ਸਾਊਦੀ ਅਰਬ, ਕਤਰ ਅਤੇ ਖਾੜੀ ਦੇ ਹੋਰ ਪੱਛਮੀ ਜੋਟੀਦਾਰ ਮੁਲਕਾਂ ਦੀ ਸਿਆਸੀ ਜ਼ਿੰਦਗੀ ਉਪਰ ਕਾਬਜ਼ ਹੈ।

ਵਹਾਬੀਵਾਦ ਇਸਲਾਮ ਅੰਦਰ ਬਰਤਾਨੀਆ ਦੀ ਸ਼ਿਸ਼ਕੇਰੀ ਮੂਲਵਾਦੀ ਲਹਿਰ ਹੈ। ਇਸ ਦੀ ਮਦਦ ਤੋਂ ਬਗੈਰ ਵਹਾਬੀਵਾਦ ਅਤੇ ਸਾਊਦੀ ਘਰਾਣੇ ਦੀ ਹੋਂਦ ਹੀ ਨਾ ਹੁੰਦੀ। 9/11 ਦੇ ਦਹਿਸ਼ਤੀ ਹਮਲੇ ਦੇ ਬਾਵਜੂਦ ਅਮਰੀਕਾ ਵੀ ਸਿੱਧੇ ਅਤੇ ਅਸਿੱਧੇ ਤੌਰ 'ਤੇ ਵਹਾਬੀਵਾਦ ਦੀ ਹਮਾਇਤ ਕਰਦਾ ਹੈ। ਸੋਵੀਅਤ ਯੂਨੀਅਨ ਦੇ ਅਫਗਾਨਿਸਤਾਨ ਵਿਚ ਪੈਰ ਪਸਾਰਨ 'ਤੇ ਪੱਛਮ ਨੇ 1980ਵਿਆਂ ਵਿਚ ਵਹਾਬੀਆਂ ਨੂੰ ਧਨ ਅਤੇ ਹਥਿਆਰ ਦੇ ਕੇ ਜੰਗ ਵਿਚ ਝੋਕਿਆ ਜੋ 1979 ਤੋਂ 1989 ਤਕ ਚੱਲੀ। ਇਸ ਵਿਚ ਆਰਥਿਕ ਅਤੇ ਮਨੋਵਿਗਿਆਨਕ ਤੌਰ 'ਤੇ ਖੋਖਲੇ ਹੋਏ ਸੋਵੀਅਤ ਯੂਨੀਅਨ ਦਾ ਪਤਨ ਹੋਇਆ। ਪੱਛਮ ਤੇ ਇਸ ਦੇ ਇਤਹਾਦੀਆਂ ਦੀ ਹੱਲਾਸ਼ੇਰੀ ਅਤੇ ਧਨ ਨਾਲ ਲੱਦੇ ਮੁਜਾਹਿਦੀਨ, ਕਮਿਊਨਿਸਟ ਕਾਫਿਰਾਂ ਵਿਰੁਧ 'ਪਵਿੱਤਰ ਜੰਗ' ਲੜਨ ਲਈ ਮੁਸਲਿਮ ਜਗਤ ਦੇ ਕੋਨੇ ਕੋਨੇ ਤੋਂ ਉਥੇ ਗਏ ਸਨ।

ਪੱਛਮ ਵਲੋਂ ਵੱਖੋ-ਵੱਖਰੇ ਮੁਸਲਿਮ ਮੁਲਕਾਂ ਵਿਚ ਖੜ੍ਹੇ ਕੀਤੇ ਅਤੇ ਘੁਸਪੈਠ ਕਰਾਏ ਗਰਮ-ਖਿਆਲ ਮੁਸਲਿਮ ਗਰੁਪਾਂ ਵਿਚ ਅਲ-ਕਾਇਦਾ ਅਤੇ ਅਜੋਕੀ ਆਈ.ਐਸ.ਆਈ.ਐਸ. ਸ਼ਾਮਲ ਹੈ। ਆਈ.ਐਸ.ਆਈ.ਐਸ. ਦਾ ਜਨਮ ਸੀਰੀਆ/ਤੁਰਕੀ ਅਤੇ ਸੀਰੀਆ-ਜਾਰਡਨ ਦੇ ਸਰਹੱਦੀ ਸ਼ਰਨਾਰਥੀ ਕੈਂਪਾਂ ਵਿਚ ਹੋਇਆ। ਸੀਰੀਆ ਦੀ (ਧਰਮ-ਨਿਰਪੱਖ) ਬਸ਼ਰ ਅਲ-ਅਸਦ ਹਕੂਮਤ ਨਾਲ ਲੜਨ ਲਈ ਇਸ ਨੂੰ ਖੁੱਲ੍ਹਾ ਧਨ ਨਾਟੋ ਅਤੇ ਪੱਛਮ ਨੇ ਦਿੱਤਾ।

ਅਜਿਹੀਆਂ ਰੈਡੀਕਲ ਪੈਦਾਇਸ਼ਾਂ ਕਈ ਮਨੋਰਥ ਪੂਰੇ ਕਰਦੀਆਂ ਹਨ। ਪੱਛਮ ਇਨ੍ਹਾਂ ਨੂੰ ਆਪਣੇ ਉਨ੍ਹਾਂ ਵੈਰੀ ਮੁਲਕਾਂ ਵਿਰੁਧ ਜੰਗਾਂ ਵਿਚ ਵਰਤਦਾ ਹੈ ਜੋ ਸਲਤਨਤ ਦੀ ਆਲਮੀ ਗਲਬੇ ਦੀ ਯੁੱਧਨੀਤੀ ਦੇ ਰਾਹ ਦਾ ਰੋੜਾ ਹਨ। ਜਦੋਂ ਇਹ ਇੰਤਹਾਪਸੰਦ ਲਸ਼ਕਰ ਬੇਕਾਬੂ ਹੋ ਜਾਂਦੇ ਹਨ (ਜੋ ਹਮੇਸ਼ਾ ਹੁੰਦਾ ਹੈ), ਫਿਰ ਉਨ੍ਹਾਂ ਨੂੰ ਡਰਨੇ ਅਤੇ 'ਦਹਿਸ਼ਤਵਾਦ ਖਿਲਾਫ ਜੰਗ' ਦੀ ਵਾਜਬੀਅਤ ਲਈ, ਜਾਂ ਪੱਛਮੀ ਤਾਕਤਾਂ ਮੁੜ ਲਗਾਉਣ ਦੇ ਬਹਾਨੇ ਵਜੋਂ ਵਰਤਿਆ ਜਾਂਦਾ ਹੈ।

ਅਖ਼ਬਾਰਾਂ/ਰਸਾਲਿਆਂ ਦੇ ਮੁੱਖ ਪੰਨਿਆਂ ਜਾਂ ਟੀ.ਵੀ. ਪਰਦਿਆਂ ਉਪਰ ਇਨ੍ਹਾਂ ਇੰਤਹਾਪਸੰਦ ਧੜਿਆਂ ਦੀਆਂ ਸੁਰਖੀਆਂ ਪਾਠਕਾਂ/ਦਰਸ਼ਕਾਂ ਨੂੰ ਇਹ ਚੇਤੇ ਕਰਾਉਂਦੀਆਂ ਹਨ ਕਿ 'ਦੁਨੀਆਂ ਦੇ ਹਾਲਾਤ ਕਿੰਨੇ ਖਤਰਨਾਕ ਹਨ'; ਇਸ ਲਈ 'ਪੱਛਮ ਦਾ ਦਖਲ', ਬੇਸ਼ੁਮਾਰ 'ਬਦਮਾਸ਼ ਰਿਆਸਤਾਂ' ਵਿਰੁਧ ਜੰਗਾਂ ਲਈ ਜਾਸੂਸੀ ਅਤੇ ਹੋਰ ਸੁਰੱਖਿਆ ਉਪਾਅ, ਬੇਥਾਹ 'ਡਿਫੈਂਸ' ਬਜਟ ਕਿੰਨੇ ਅਹਿਮ ਤੇ ਜ਼ਰੂਰੀ ਹਨ!

ਸਮਾਜਵਾਦੀ ਝੁਕਾਅ ਵਾਲੀ ਅਮਨਪਸੰਦ ਅਤੇ ਉਸਾਰੂ ਤਹਿਜ਼ੀਬ ਤੋਂ ਅਚਾਨਕ ਮੁਸਲਿਮ ਜਗਤ ਅਤੇ ਖੁਦ ਇਸਲਾਮ ਅਚਾਨਕ ਲੀਹੋਂ ਲੱਥੇ, ਠੱਗੇ ਗਏ, ਵਿਦੇਸ਼ੀ ਮਜ਼ਹਬੀ ਅਤੇ ਵਿਚਾਰਧਾਰਕ ਪੈਦਾਇਸ਼ਾਂ ਦੀ ਘੁਸਪੈਠ ਦਾ ਸ਼ਿਕਾਰ ਨਜ਼ਰ ਆਏ। ਪੱਛਮੀ ਨੀਤੀ-ਘਾੜਿਆਂ ਅਤੇ ਪ੍ਰਚਾਰਕਾਂ ਨੇ ਉਨ੍ਹਾਂ ਨੂੰ 'ਭਾਰੀ ਖਤਰਾ', ਦਹਿਸ਼ਤਵਾਦ ਅਤੇ ਅਸਹਿਣਸ਼ੀਲਤਾ ਦੇ ਪ੍ਰਤੀਕ ਬਣਾ ਦਿੱਤਾ।

ਇਨ੍ਹਾਂ ਬੇਹੱਦ ਅਜੀਬੋ-ਗਰੀਬ ਹਾਲਾਤ ਦਾ ਨਤੀਜਾ ਬੇਸ਼ੁਮਾਰ ਜਾਨੀ-ਮਾਲੀ ਤਬਾਹੀ ਹੈ। ਦਹਾਕਿਆਂ ਤੋਂ ਆਜ਼ਾਦੀ ਤੇ ਬੁਨਿਆਦੀ ਜਮਹੂਰੀ ਹੱਕਾਂ ਤੋਂ ਮਹਿਰੂਮ ਫਲਸਤੀਨੀਆਂ ਦੇ ਸਵੈ-ਨਿਰਣੇ ਦੇ ਹੱਕ ਦਾ ਜ਼ਿਕਰ ਸੁਣਦੇ ਹੀ ਸਲਤਨਤ ਅਤੇ ਇਸ ਦੇ ਜੋਟੀਦਾਰ ਇਜ਼ਰਾਈਲ ਨੂੰ ਅੱਗ ਲੱਗ ਉਠਦੀ ਹੈ। ਅਪਮਾਨ ਤੇ ਕਤਲੋਗਾਰਤ ਦੇ ਝੰਬੇ ਫਲਸਤੀਨੀਆਂ ਕੋਲ ਸਿਰਫ ਮਜ਼ਹਬ ਬਚਿਆ ਹੈ।

ਅਗਾਂਹਵਧੂ ਮੁਸਲਿਮ ਮੁੱਲਾਂ ਦੀ ਤਬਾਹੀ ਦੀਆਂ ਅਜਿਹੀਆਂ ਜੁਗਤਾਂ ਕਿਵੇਂ ਕੰਮ ਕਰਦੀਆਂ ਹਨ, ਇਸ ਦੀ ਸਭ ਤੋਂ ਉਘੜਵੀਂ ਇਤਿਹਾਸਕ ਮਿਸਾਲ ਇੰਡੋਨੇਸ਼ੀਆ ਹੈ। 1950ਵਿਆਂ ਵਿਚ ਅਤੇ 60ਵਿਆਂ ਦੇ ਸ਼ੁਰੂ ਵਿਚ ਅਮਰੀਕਾ, ਆਸਟਰੇਲੀਆ ਅਤੇ ਆਮ ਰੂਪ 'ਚ ਪੱਛਮ ਨੂੰ ਰਾਸ਼ਟਰਪਤੀ ਸੁਕਾਰਨੋ ਦੇ ਅਗਾਂਹਵਧੂ ਸਾਮਰਾਜਵਾਦ ਵਿਰੋਧੀ ਤੇ ਕੌਮਾਂਤਰੀਵਾਦੀ ਪੈਂਤੜੇ, ਅਤੇ ਕਮਿਊਨਿਸਟ ਪਾਰਟੀ ਦੀ ਵਧ ਰਹੀ ਹਰਮਨਪਿਆਰਤਾ, ਖ਼ਾਸ ਕਰ ਕੇ ਇਸਲਾਮ ਦੇ ਜਾਗਰੂਕ, ਸਮਾਜਵਾਦੀ ਅਤੇ ਨਰਮ-ਖਿਆਲ ਇੰਡੋਨੇਸ਼ੀਆ ਬਰਾਂਡ ਤੇ ਇਸ ਦੀ ਕਮਿਊਨਿਸਟ ਆਦਰਸ਼ਾਂ ਨਾਲ ਵਧ ਰਹੀ ਸਾਂਝ ਬਹੁਤ ਸਤਾ ਰਹੀ ਸੀ। ਫਿਰ ਬਦਨਾਮ ਜੈਜ਼ੂਇਟ ਜੋਪ ਬੀਕ ਸਮੇਤ ਕਮਿਊਨਿਸਟ ਵਿਰੋਧੀ ਈਸਾਈ ਸਿਧਾਂਤਕਾਰਾਂ ਅਤੇ 'ਯੋਜਨਾਘਾੜਿਆਂ' ਨੇ ਉਥੇ ਘੁਸ ਕੇ ਵਿਚਾਰਧਾਰਕ ਤੋਂ ਲੈ ਕੇ ਨੀਮ-ਫੌਜੀ ਖੁਫੀਆ ਸੰਸਥਾਵਾਂ ਬਣਾਈਆਂ। ਫਿਰ ਇਨ੍ਹਾਂ ਨੇ ਰਾਜ ਪਲਟੇ ਵਿਚ ਪੱਛਮ ਦਾ ਹੱਥ ਵਟਾ ਕੇ 1965 ਤੋਂ ਪਿਛੋਂ, 10 ਤੋਂ ਲੈ ਕੇ 30 ਲੱਖ ਮਨੁੱਖੀ ਜਾਨਾਂ ਲਈਆਂ। ਇਸ ਲਾਮ-ਲਸ਼ਕਰ ਵਲੋਂ ਪ੍ਰਚਾਰੇ ਪੱਛਮ ਦੇ ਘੜੇ ਕਮਿਊਨਿਸਟ ਅਤੇ ਬੌਧਿਕਤਾ ਵਿਰੋਧੀ ਪ੍ਰਚਾਰ ਦੇ ਜ਼ਹਿਰੀਲੇ ਪ੍ਰਭਾਵ ਹੇਠ ਵੱਡੀਆਂ ਵੱਡੀਆਂ ਮੁਸਲਿਮ ਜਥੇਬੰਦੀਆਂ ਦੇ ਬਹੁਤ ਸਾਰੇ ਮੈਂਬਰ ਵੀ ਰਾਜ ਪਲਟੇ ਤੋਂ ਪਿਛੋਂ ਖੱਬੇਪੱਖੀਆਂ ਦੀ ਕਤਲੋਗਾਰਤ ਵਿਚ ਜਾ ਸ਼ਾਮਲ ਹੋਏ। ਉਨ੍ਹਾਂ ਨੂੰ ਇਲਮ ਨਹੀਂ ਸੀ ਕਿ ਪੱਛਮ-ਹਿਤੈਸ਼ੀ, ਈਸਾਈ 'ਪੰਜਵੇਂ ਕਾਲਮ' ਦਾ ਮੁੱਖ ਨਿਸ਼ਾਨਾ ਨਿਰਾ ਕਮਿਊਨਿਜ਼ਮ ਨਹੀਂ, ਸਗੋਂ ਖੱਬੇਪੱਖੀ ਝੁਕਾਅ ਵਾਲਾ, ਨਰਮ-ਖਿਆਲ ਇਸਲਾਮ ਸੀ।

ਰਾਜ ਪਲਟੇ ਤੋਂ ਬਾਅਦ ਜੋਪ ਬੀਕ ਪੱਛਮ ਦੇ ਹੱਥਠੋਕੇ ਤਾਨਾਸ਼ਾਹ ਜਨਰਲ ਸੁਹਾਰਤੋ ਦਾ ਮੁੱਖ ਸਲਾਹਕਾਰ ਬਣਿਆ। ਵਿਚਾਰਧਾਰਕ ਤੌਰ 'ਤੇ ਉਸ ਨੇ ਬੀਕ ਦੇ 'ਵਿਦਿਆਰਥੀਆਂ' ਉਪਰ ਟੇਕ ਰੱਖੀ। ਆਰਥਿਕ ਤੌਰ 'ਤੇ ਸੁਹਾਰਤੋ ਨਿਜ਼ਾਮ ਨੇ ਵੱਡੇ ਈਸਾਈ ਸਰਮਾਏਦਾਰਾਂ ਨਾਲ ਸਾਂਝ ਪਾਈ। ਸਭ ਤੋਂ ਵੱਡੀ ਮੁਸਲਿਮ ਆਬਾਦੀ ਵਾਲੇ ਇੰਡੋਨੇਸ਼ੀਆ ਵਿਚ ਮੁਸਲਮਾਨ ਹਾਸ਼ੀਏ 'ਤੇ ਧੱਕੇ ਗਏ। ਸਿਆਸਤ ਉਪਰ (ਲੁਕਵੇਂ ਤੌਰ 'ਤੇ) ਅਤੇ ਆਰਥਿਕਤਾ ਉਪਰ (ਸ਼ਰੇਆਮ) ਪੱਛਮ ਦੀ ਹਾਮੀ ਈਸਾਈ ਘੱਟ-ਗਿਣਤੀ ਕਾਬਜ਼ ਹੋ ਗਈ। ਹੁਣ ਵੀ ਕਮਿਊਨਿਸਟ ਵਿਰੋਧੀ ਈਸਾਈਆਂ, ਵੱਡੇ ਸਰਮਾਏਦਾਰ ਕਾਰਟਲਾਂ, ਮਾਫੀਆ ਗਰੋਹਾਂ, ਮੀਡੀਆ, ਪ੍ਰਾਈਵੇਟ ਮਜ਼ਹਬੀ ਸਕੂਲਾਂ, ਭ੍ਰਿਸ਼ਟਾਚਾਰੀ ਧਰਮ ਪ੍ਰਚਾਰਕਾਂ ਅਤੇ ਮੁਕਾਮੀ ਤੇ ਆਲਮੀ ਨਿਜ਼ਾਮ ਦੇ ਹੋਰ ਭਾਈਵਾਲਾਂ ਦਾ ਜਟਿਲ ਤੇ ਜ਼ਹਿਰੀਲਾ ਤਾਣਾ-ਬਾਣਾ ਮੌਜੂਦ ਹੈ।

ਇੰਡੋਨੇਸ਼ੀਆ ਵਿਚ ਇਸਲਾਮ ਨੂੰ ਖਾਮੋਸ਼, ਗਰੀਬ ਅਤੇ ਰਸੂਖਹੀਣ ਬਹੁ-ਗਿਣਤੀ ਬਣਾ ਦਿੱਤਾ ਗਿਆ। ਇਹ ਹੁਣ ਉਦੋਂ ਹੀ ਕੌਮਾਂਤਰੀ ਸੁਰਖੀਆਂ ਬਣਦੀ ਹੈ ਜਦੋਂ ਇਸ ਦੇ ਮਾਯੂਸ ਚਿੱਟੇ ਚੋਗਿਆਂ ਵਾਲੇ ਖਾੜਕੂ ਬਾਰਾਂ ਤਬਾਹ ਕਰਦੇ ਹਨ, ਜਾਂ ਇਨ੍ਹਾਂ ਵਿਚੋਂ ਇੰਤਹਾਪਸੰਦ- ਸਾਬਕਾ ਮੁਜਾਹੀਦੀਨ ਅਤੇ ਸੋਵੀਅਤ-ਅਫਗਾਨ ਜੰਗ ਵਾਲੇ ਲੜਾਕੂ, ਬਾਲੀ ਤੇ ਜਕਾਰਤਾ ਦੇ ਨਾਈਟ ਕਲੱਬਾਂ, ਹੋਟਲਾਂ ਜਾਂ ਰੈਸਤਰਾਂ ਨੂੰ ਉਡਾ ਦਿੰਦੇ ਹਨ। ਇੰਡੋਨੇਸ਼ੀਆ ਦਾ ਸਾਬਕਾ ਰਾਸ਼ਟਰਪਤੀ ਅਬਦੁਲ ਰਹਿਮਾਨ ਵਾਹਿਦ ਤਾਂ ਇੱਥੋਂ ਤਕ ਕਹਿੰਦਾ ਹੈ ਕਿ ਇਹ ਦਰਅਸਲ ਆਪਣੀ ਹੋਂਦ ਤੇ ਆਪਣੇ ਬਜਟ ਦੀ ਵਾਜਬੀਅਤ ਬਣਾਈ ਰੱਖਣ ਅਤੇ ਪੱਛਮ ਨੂੰ ਖੁਸ਼ ਕਰਨ ਲਈ ਖੁਫੀਆ ਪੁਲਿਸ ਦੇ ਕਾਰੇ ਹਨ।

ਉਘੇ ਬੁੱਧੀਜੀਵੀ ਜ਼ਿਆ-ਉਦ-ਦੀਨ ਸਰਦਾਰ ਦੀ ਦਲੀਲ ਹੈ ਕਿ ਪੱਛਮੀ ਸਾਮਰਾਜਵਾਦ ਨੇ ਗਰਮ-ਖਿਆਲ ਗੁੱਟਾਂ ਨਾਲ ਗੱਠਜੋੜ ਹੀ ਨਹੀਂ ਬਣਾਏ, ਸਗੋਂ ਉਨ੍ਹਾਂ ਨੂੰ ਪੈਦਾ ਕੀਤਾ ਹੈ। ਬਸਤੀਵਾਦ ਦੀ ਭੂਮਿਕਾ ਮੁਸਲਿਮ ਕੌਮਾਂ ਅਤੇ ਸਭਿਆਚਾਰਾਂ ਨੂੰ ਨੁਕਸਾਨ ਪਹੁੰਚਾਉਣ ਤੋਂ ਕਿਤੇ ਜ਼ਿਆਦਾ ਹੈ। ਇਸ ਨੇ ਮੁਸਲਿਮ ਸੰਸਕ੍ਰਿਤੀਆਂ ਵਿਚੋਂ ਗਿਆਨ ਅਤੇ ਤਾਲੀਮ, ਸੋਚ ਅਤੇ ਰਚਨਾਤਮਕਤਾ ਦੇ ਦਮਨ ਵਿਚ ਵੱਡੀ ਭੂਮਿਕਾ ਨਿਭਾਈ ਹੈ। ਬਸਤੀਆਨਾ ਭੇੜ ਇਸਲਾਮ ਦੇ ਗਿਆਨ ਅਤੇ ਤਾਲੀਮ ਨੂੰ ਹੜੱਪਣ ਤੋਂ ਸ਼ੁਰੂ ਹੋਇਆ ਜੋ 'ਯੂਰਪੀ ਗਿਆਨ ਚੇਤਨਾ' ਦਾ ਆਧਾਰ ਬਣਿਆ ਅਤੇ ਇਸ ਦਾ ਅੰਤ ਮੁਸਲਿਮ ਸਮਾਜਾਂ ਤੇ ਇਤਿਹਾਸ, ਦੋਵਾਂ ਤੋਂ ਗਿਆਨ ਤੇ ਤਾਲੀਮ ਖੋਹ ਲੈਣ ਨਾਲ ਹੋਇਆ। ਇਸ ਨੇ ਤਾਲੀਮ ਦੀਆਂ ਸੰਸਥਾਵਾਂ ਨੂੰ ਤਬਾਹ ਕਰਨ, ਖਾਸ ਤਰ੍ਹਾਂ ਦੇ ਦੇਸੀ ਗਿਆਨ 'ਤੇ ਪਾਬੰਦੀ ਲਾਉਣ, ਵਿਦਵਾਨਾਂ ਨੂੰ ਮਰਵਾਉਣ ਅਤੇ ਇਤਿਹਾਸ ਨੂੰ ਪੱਛਮੀ ਸਭਿਅਤਾ ਦੇ ਇਤਿਹਾਸ ਵਜੋਂ ਦੁਬਾਰਾ ਲਿਖਣ ਦੇ ਦੋਵੇਂ ਢੰਗ ਅਪਨਾਏ। ਇਸ ਨਾਲ ਹੋਰ ਤਹਿਜ਼ੀਬਾਂ ਦੇ ਸਾਰੇ ਹੀ ਨਿੱਕੇ-ਨਿੱਕੇ ਇਤਿਹਾਸ ਆਪਣਾ ਹਿੱਸਾ ਬਣਾ ਲਏ ਜਾਂਦੇ ਹਨ।

ਦੂਜੀ ਆਲਮੀ ਜੰਗ ਤੋਂ ਪਿਛੋਂ ਦੇ ਉਨ੍ਹਾਂ ਉਮੀਦ ਭਰੇ ਸਾਲਾਂ ਤੋਂ ਅਜੋਕੀ ਘੋਰ ਉਦਾਸੀ ਤਕ ਦਾ ਇਹ ਸਫਰ ਕਿੰਨਾ ਲੰਮਾ ਅਤੇ ਭਿਆਨਕ ਹੈ! ਅੱਜ ਜ਼ਖ਼ਮੀ, ਅਪਮਾਨਤ ਤੇ ਘਚੋਲੇ ਦਾ ਸ਼ਿਕਾਰ ਮੁਸਲਿਮ ਜਗਤ ਬਚਾਓ ਦੀ ਹਾਲਤ 'ਚ ਨਜ਼ਰ ਆਉਂਦਾ ਹੈ। ਅਕਸਰ ਹੀ ਪੱਛਮੀ ਅਤੇ ਈਸਾਈ ਖਿਆਲਾਂ ਉਪਰ ਭਰੋਸਾ ਕਰਨ ਵਾਲੇ ਬਾਹਰਲੇ ਅਤੇ ਇਸ ਦੇ ਆਪਣੇ ਲੋਕ ਵੀ ਇਸ ਨੂੰ ਗ਼ਲਤ ਸਮਝਦੇ ਹਨ। ਇਸਲਾਮ ਦੀ ਇਤਨੀ ਧੂਹਪਾਊ- ਸਹਿਣਸ਼ੀਲ, ਇਲਮ, ਲੋਕ ਭਲਾਈ ਦੇ ਸਰੋਕਾਰਾਂ ਵਾਲੀ ਸੰਸਕ੍ਰਿਤੀ ਇੰਜ ਵੱਢੀ-ਟੁੱਕੀ ਤੇ ਤਬਾਹ ਕੀਤੀ ਗਈ ਕਿ ਪਿਛੇ ਸਿਰਫ ਮਜ਼ਹਬ ਹੀ ਬਚਿਆ। ਦੱਖਣੀ ਅਤੇ ਕੇਂਦਰੀ ਅਮਰੀਕਾ ਤੇ ਅਫਰੀਕਾ ਦੀਆਂ ਬਹੁਤ ਸਾਰੀਆਂ ਮਹਾਨ ਕੌਮਾਂ ਅਤੇ ਸਲਤਨਤਾਂ ਵਾਂਗ ਹੀ ਪੱਛਮੀ ਧਾੜਵੀ ਅਤੇ ਬਸਤੀਵਾਦੀਏ ਮਹਾਨ ਮੁਸਲਿਮ ਸੰਸਕ੍ਰਿਤੀਆਂ ਦਾ ਪੂਰੀ ਤਰ੍ਹਾਂ ਸਫਾਇਆ ਕਰਨ 'ਚ ਵੀ ਕਾਮਯਾਬ ਹੋ ਗਏ। ਇਨ੍ਹਾਂ ਦੀ ਥਾਂ ਲੋਭ, ਭ੍ਰਿਸ਼ਟਾਚਾਰ ਅਤੇ ਵਹਿਸ਼ਤ ਥੋਪ ਦਿੱਤੇ ਗਏ। ਸਲਤਨਤ ਵਲੋਂ ਉਹ ਹਰ ਚੀਜ਼ ਮਿੱਟੀ 'ਚ ਮਿਲਾਈ ਜਾ ਰਹੀ ਹੈ ਜੋ ਵੱਖਰੀਆਂ, ਗੈਰ-ਈਸਾਈ ਬੁਨਿਆਦਾਂ 'ਤੇ ਆਧਾਰਤ ਹੈ। ਸਿਰਫ ਸਭ ਤੋਂ ਵੱਡੀਆਂ ਅਤੇ ਸਭ ਤੋਂ ਸਖ਼ਤ-ਜਾਨ ਸੰਸਕ੍ਰਿਤੀਆਂ ਹੀ ਬਚੀਆਂ ਹਨ।

ਚਾਹੇ ਇਰਾਨ, ਮਿਸਰ, ਇੰਡੋਨੇਸ਼ੀਆ ਹੋਵੇ, ਜਾਂ ਤਾਜ਼ਾ ਮਿਸਾਲ ਵਜੋਂ ਇਰਾਕ, ਲਿਬੀਆ ਜਾਂ ਸੀਰੀਆ; ਇਸਲਾਮ ਦੇ ਸਾਰ-ਤੱਤ ਵੱਲ ਮੁੜ ਪਰਤਣ, ਸਮਾਜਵਾਦੀ ਜਾਂ ਸਮਾਜੀ ਦਿਸ਼ਾ ਅਪਨਾ ਕੇ ਆਪਣੇ ਬਲਬੂਤੇ ਚੱਲਣ ਦਾ ਯਤਨ ਕਰਨ ਵਾਲੇ ਹਰ ਮੁਲਕ ਨੂੰ ਵਹਿਸ਼ੀ ਤਸੀਹਿਆਂ ਅਤੇ ਤਬਾਹੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਲੋਕ ਰਜ਼ਾ ਬੇਕਿਰਕੀ ਨਾਲ ਕੁਚਲ ਦਿੱਤੀ ਜਾਂਦੀ ਹੈ ਅਤੇ ਜਮਹੂਰੀ ਤੌਰ 'ਤੇ ਚੁਣੇ ਨਿਜ਼ਾਮਾਂ ਨੂੰ ਉਲਟਾ ਦਿੱਤਾ ਜਾਂਦਾ ਹੈ। 'ਅਰਬ ਬਸੰਤ' ਲੀਹੋਂ ਲਾਹ ਦਿੱਤੀ ਗਈ, ਮਿਸਰ ਤੋਂ ਲੈ ਕੇ ਬਹਿਰੀਨ ਤਕ ਲਗਭਗ ਹਰ ਥਾਂ ਹੀ ਇਸ ਦਾ ਗਰਭਪਾਤ ਕਰ ਦਿੱਤਾ ਗਿਆ ਅਤੇ ਪੁਰਾਣੇ ਨਿਜ਼ਾਮ ਤੇ ਫੌਜੀ ਗੁੱਟ ਮੁੜ ਸੱਤਾਨਸ਼ੀਨ ਹੋ ਗਏ। ਅੱਜ ਜ਼ਿਆਦਾਤਰ ਮੁਸਲਿਮ ਮੁਲਕਾਂ ਉਪਰ ਤਾਨਾਸ਼ਾਹ, ਫੌਜੀ ਜਾਂ ਭ੍ਰਿਸ਼ਟਾਚਾਰੀ ਜੁੰਡਲੀਆਂ ਕਾਬਜ਼ ਹਨ। ਇਹ ਸਾਰੇ ਪੱਛਮ ਅਤੇ ਇਸ ਦੇ ਆਲਮੀ ਨਿਜ਼ਾਮ ਤੇ ਹਿੱਤਾਂ ਦੇ ਤਾਬੇਦਾਰ ਹਨ।

ਅਫ਼ਰੀਕੀਆਂ ਵਾਂਗ ਹੀ, ਮੁਸਲਮਾਨ ਵੀ ਭਰਪੂਰ ਕੁਦਰਤੀ ਵਸੀਲਿਆਂ ਵਾਲੇ ਮੁਲਕਾਂ ਵਿਚ ਪੈਦਾ ਹੋਣ ਦਾ ਮੁੱਲ ਚੁਕਾ ਰਹੇ ਹਨ। ਇਤਿਹਾਸ ਦੀ ਮਹਾਨ ਤਹਿਜ਼ੀਬ ਹੋਣ ਕਾਰਨ ਚੀਨ ਤੇ ਮੁਸਲਿਮ ਮੁਲਕਾਂ ਨੂੰ ਵਹਿਸ਼ਤ ਦਾ ਸ਼ਿਕਾਰ ਹੋਣਾ ਪਿਆ ਜਿਸ ਦੇ ਜਲੌਅ ਅੱਗੇ ਪੱਛਮ ਦੀਆਂ ਕੁਲ ਸੰਸਕ੍ਰਿਤੀਆਂ ਮਾਤ ਪੈ ਜਾਂਦੀਆਂ ਸਨ।

ਈਸਾਈਅਤ ਦੁਨੀਆਂ ਦੀ ਲੁੱਟਮਾਰ ਅਤੇ ਵਹਿਸ਼ਤ ਦਾ ਸਾਧਨ ਹੈ। ਇਸਲਾਮ ਤੇ ਇਸ ਦੇ ਸਲਾਦੀਨ ਵਰਗੇ ਮਹਾਨ ਸੁਲਤਾਨਾਂ ਨੇ ਧਾੜਵੀ ਹਮਲਾਵਰਾਂ ਨਾਲ ਟੱਕਰ ਲਈ ਅਤੇ ਮਹਾਨ ਸ਼ਹਿਰਾਂ ਅਲੈਪੋ ਤੇ ਦਮਸ਼ਕ, ਕਾਹਿਰਾ ਤੇ ਯੋਰੋਸ਼ਲਮ ਦੀ ਰਾਖੀ ਕੀਤੀ ਪਰ ਸਮੁੱਚੇ ਤੌਰ 'ਤੇ ਉਹ ਲੁੱਟਮਾਰ ਅਤੇ ਜੰਗਾਂ ਦੀ ਬਜਾਏ ਮਹਾਨ ਤਹਿਜ਼ੀਬ ਉਸਾਰਨ 'ਚ ਵੱਧ ਰੁਚਿਤ ਸਨ।

ਹੁਣ ਪੱਛਮ ਵਿਚ ਸਲਾਦੀਨ ਜਾਂ ਮੁਸਲਿਮ ਜਗਤ ਦੀਆਂ ਮਹਾਨ ਵਿਗਿਆਨਕ, ਕਲਾਤਮਕ ਜਾਂ ਸਮਾਜੀ ਪ੍ਰਾਪਤੀਆਂ ਬਾਰੇ ਸ਼ਾਇਦ ਹੀ ਕਿਸੇ ਨੂੰ ਪਤਾ ਹੋਵੇ, ਪਰ ਹਰ ਕਿਸੇ ਨੂੰ ਆਈ. ਐਸ. ਆਈ. ਐਸ. ਬਾਰੇ 'ਪੂਰੀ ਜਾਣਕਾਰੀ' ਹੈ। ਇਸ ਨੂੰ ਮਹਿਜ਼ 'ਇਸਲਾਮਿਕ ਇੰਤਹਾਪਸੰਦ ਗੁੱਟ' ਵਜੋਂ ਜਾਣਿਆ ਜਾਂਦਾ ਹੈ; ਇਹ ਮੱਧ-ਪੂਰਬ ਨੂੰ ਅਸਥਿਰ ਬਣਾਉਣ ਲਈ ਵਰਤਿਆ ਜਾ ਰਿਹਾ ਪੱਛਮ ਦਾ ਮੁੱਖ ਸੰਦ ਹੈ, ਇਹ ਕੋਈ ਨਹੀਂ ਜਾਣਦਾ।


ਹੁਣ ਜਦੋਂ ਫਰਾਂਸ, ਮਜ਼ਾਹੀਆ ਰਸਾਲੇ ਸ਼ਾਰਲੀ ਐਬਦੋ ਦੇ ਦਫਤਰ ਉਪਰ ਭਿਆਨਕ ਹਮਲੇ ਵਿਚ ਪੱਤਰਕਾਰਾਂ ਦੀ ਮੌਤ ਦਾ ਸੋਗ ਮਨਾ ਰਿਹਾ ਹੈ, ਪੂਰੇ ਯੂਰਪ ਵਿਚ ਇਕ ਵਾਰ ਫਿਰ ਇਸਲਾਮ ਦੀ ਵਹਿਸ਼ੀ ਤੇ ਹਿੰਸਕ ਤਸਵੀਰ ਪੇਸ਼ ਕੀਤੀ ਜਾ ਰਹੀ ਹੈ। ਆਪਣੇ ਧਰਮ-ਯੁੱਧ ਪਿਛੋਂ ਦੇ ਦੌਰ ਦੇ ਈਸਾਈ ਮੂਲਵਾਦੀ ਮੱਤਾਂ ਕਾਰਨ ਪੱਛਮ, ਮੁਸਲਿਮ ਜਗਤ ਵਿਚ ਕੁਲ ਨਰਮ-ਮਿਜਾਜ਼, ਧਰਮ-ਨਿਰਪੱਖ ਅਤੇ ਅਗਾਂਹਵਧੂ ਨਿਜ਼ਾਮਾਂ ਅਤੇ ਪ੍ਰਬੰਧਾਂ ਦੇ ਜੋ ਰਾਜ ਪਲਟੇ ਅਤੇ ਕਤਲੋਗਾਰਤ ਕਰਵਾ ਰਿਹਾ ਹੈ, ਉਸ ਨੂੰ ਕੋਈ ਵਹਿਸ਼ੀ ਤੇ ਹਿੰਸਕ ਨਹੀਂ ਕਹਿੰਦਾ। ਮੁਸਲਿਮ ਆਵਾਮ ਨੂੰ ਪਾਗਲ ਜਨੂੰਨੀਆਂ ਦੇ ਰਹਿਮ-ਕਰਮ 'ਤੇ ਛੱਡ ਦਿੱਤਾ ਗਿਆ ਹੈ।

ਬੀਤੇ ਪੰਜ ਦਹਾਕਿਆਂ ਵਿਚ, ਲਗਭਗ ਇਕ ਕਰੋੜ ਮੁਸਲਮਾਨਾਂ ਨੂੰ ਇਸ ਕਾਰਨ ਕਤਲ ਕੀਤਾ ਗਿਆ ਕਿਉਂਕਿ ਉਨ੍ਹਾਂ ਦੇ ਮੁਲਕ ਸਲਤਨਤ ਦੀ ਸੇਵਾ ਨਹੀਂ ਸੀ ਕਰਦੇ, ਜਾਂ ਇਸ ਦੇ ਰਾਹ ਵਿਚ ਅੜਿੱਕਾ ਸਨ। ਇੰਡੋਨੇਸ਼ੀਆ ਸਮੇਤ ਕਿੰਨੇ ਮੁਲਕਾਂ ਦੇ ਮੁਸਲਮਾਨਾਂ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪਿਆ। ਪੱਛਮ ਨੇ ਇਥੇ ਸਭ ਤੋਂ ਖੌਫਨਾਕ ਦੈਂਤ ਲੱਭੇ, ਉਨ੍ਹਾਂ ਉਪਰ ਅਰਬਾਂ ਡਾਲਰ ਪਾਣੀ ਵਾਂਗ ਵਹਾਏ, ਹਥਿਆਰਾਂ ਨਾਲ ਲੈਸ ਕੀਤੇ, ਆਧੁਨਿਕ ਫੌਜੀ ਸਿਖਲਾਈ ਦਿੱਤੀ ਅਤੇ ਫਿਰ ਉਨ੍ਹਾਂ ਦੇ ਪਟੇ ਖੋਲ੍ਹ ਦਿੱਤੇ। ਦਹਿਸ਼ਤਵਾਦ ਪੈਦਾ ਕਰਨ ਵਾਲੇ ਮੁਲਕ, ਸਾਊਦੀ ਅਰਬ ਤੇ ਕਤਰ, ਪੱਛਮ ਦੇ ਸਭ ਤੋਂ ਨੇੜਲੇ ਸੰਗੀ ਹਨ। ਇਨ੍ਹਾਂ ਨੂੰ ਸਮੁੱਚੇ ਮੁਸਲਿਮ ਜਗਤ ਵਿਚ ਖੌਫ ਦਰਾਮਦ ਕਰਨ ਦੀ ਕੋਈ ਸਜ਼ਾ ਨਹੀਂ ਦਿੱਤੀ ਜਾ ਰਹੀ।

ਹਿਜ਼ਬੁੱਲਾ ਵਰਗੀਆਂ ਸਮਾਜੀ ਲਹਿਰਾਂ ਜੋ ਇਸ ਵਕਤ ਆਈ.ਐਸ.ਆਈ.ਐਸ. ਖਿਲਾਫ ਘਮਸਾਣ ਦੀ ਲੜਾਈ ਲੜ ਰਹੀ ਹੈ ਅਤੇ ਜਿਸ ਨੇ ਇਜ਼ਰਾਇਲੀ ਹਮਲੇ ਵਿਰੁਧ ਆਪਣੀ ਲੜਾਈ ਵਿਚ ਲਿਬਨਾਨ ਨੂੰ ਵੀ ਉਭਾਰਨਾ ਚਾਹਿਆ, ਉਹ ਪੱਛਮ ਦੀ ਬਣਾਈ 'ਦਹਿਸ਼ਤਪਸੰਦ ਜਥੇਬੰਦੀਆਂ ਦੀ ਸੂਚੀ' ਵਿਚ ਹਨ। ਇਸ ਤੋਂ ਬਹੁਤ ਕੁਝ ਸਮਝ ਪੈ ਜਾਂਦਾ ਹੈ। ਪ੍ਰਤੀਤ ਇਹ ਹੁੰਦਾ ਹੈ ਕਿ ਧਰਮ-ਯੁੱਧ ਦੇ ਦੌਰ ਵਾਂਗ ਹੀ ਹੁਣ ਵੀ ਪੱਛਮ ਦਾ ਨਿਸ਼ਾਨਾ ਮੁਸਲਿਮ ਮੁਲਕਾਂ ਅਤੇ ਮੁਸਲਿਮ ਸੰਸਕ੍ਰਿਤੀ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਦਾ ਹੈ।

ਜਿੱਥੋਂ ਤਾਈਂ ਮੁਸਲਮਾਨਾਂ ਦੇ ਮਜ਼ਹਬ ਦਾ ਸਵਾਲ ਹੈ, ਸਲਤਨਤ ਨੂੰ ਇਸ ਦੇ ਸਿਰਫ ਉਹ ਨਿਤਾਣੇ ਰੂਪ ਹੀ ਕਬੂਲ ਹਨ ਜਿਨ੍ਹਾਂ ਨੂੰ ਸਰਮਾਏਦਾਰੀ ਅਤੇ ਪੱਛਮ ਦੀ ਭਾਰੂ ਆਲਮੀ ਪੁਜੀਸ਼ਨ ਕਬੂਲ ਹੈ। ਜਾਂ ਫਿਰ ਇਸ ਨੂੰ ਉਹ ਇਸਲਾਮ ਕਬੂਲ ਹੈ ਜੋ ਪੱਛਮ ਨੇ ਖੁਦ ਅਤੇ ਖਾੜੀ ਅੰਦਰਲੇ ਇਸ ਦੇ ਸੰਗੀਆਂ ਨੇ ਘੜਿਆ ਹੈ; ਜਿਹੜਾ ਤਰੱਕੀ ਤੇ ਸਮਾਜੀ ਨਿਆਂ ਦਾ ਟਾਕਰਾ ਕਰਨ ਲਈ ਘੜਿਆ ਹੋਇਆ ਹੈ, ਜੋ ਆਪਣੇ ਹੀ ਲੋਕਾਂ ਨੂੰ ਨਿਗਲ ਰਿਹਾ ਹੈ।

***ਬੁੱਧੀਜੀਵੀ ਜ਼ਿਆ-ਉਦ-ਦੀਨ ਸਰਦਾਰ ਦੀ ਦਲੀਲ ਹੈ ਕਿ ਪੱਛਮੀ ਸਾਮਰਾਜਵਾਦ ਨੇ ਗਰਮ-ਖ਼ਿਆਲ ਗੁੱਟਾਂ ਨਾਲ ਗੱਠਜੋੜ ਹੀ ਨਹੀਂ ਬਣਾਏ, ਸਗੋਂ ਉਨ੍ਹਾਂ ਨੂੰ ਪੈਦਾ ਕੀਤਾ ਹੈ। ਬਸਤੀਵਾਦ ਦੀ ਭੂਮਿਕਾ ਮੁਸਲਿਮ ਕੌਮਾਂ ਅਤੇ ਸਭਿਆਚਾਰਾਂ ਨੂੰ ਨੁਕਸਾਨ ਪਹੁੰਚਾਉਣ ਤੋਂ ਕਿਤੇ ਜ਼ਿਆਦਾ ਹੈ। ਇਸ ਨੇ ਮੁਸਲਿਮ ਸੰਸਕ੍ਰਿਤੀਆਂ ਵਿਚੋਂ ਗਿਆਨ ਅਤੇ ਤਾਲੀਮ, ਸੋਚ ਅਤੇ ਰਚਨਾਤਮਕਤਾ ਦੇ ਦਮਨ ਵਿਚ ਵੱਡੀ ਭੂਮਿਕਾ ਨਿਭਾਈ ਹੈ। ਬਸਤੀਆਨਾ ਭੇੜ ਇਸਲਾਮ ਦੇ ਗਿਆਨ ਅਤੇ ਤਾਲੀਮ ਨੂੰ ਹੜੱਪਣ ਤੋਂ ਸ਼ੁਰੂ ਹੋਇਆ ਜੋ 'ਯੂਰਪੀ ਗਿਆਨ ਚੇਤਨਾ' ਦਾ ਆਧਾਰ ਬਣਿਆ ਅਤੇ ਇਸ ਦਾ ਅੰਤ ਮੁਸਲਿਮ ਸਮਾਜਾਂ ਤੇ ਇਤਿਹਾਸ, ਦੋਵਾਂ ਤੋਂ ਗਿਆਨ ਤੇ ਤਾਲੀਮ ਖੋਹ ਲੈਣ ਨਾਲ ਹੋਇਆ। ਇਸ ਨੇ ਤਾਲੀਮ ਦੀਆਂ ਸੰਸਥਾਵਾਂ ਨੂੰ ਤਬਾਹ ਕਰਨ, ਖ਼ਾਸ ਤਰ੍ਹਾਂ ਦੇ ਦੇਸੀ ਗਿਆਨ 'ਤੇ ਪਾਬੰਦੀ ਲਾਉਣ, ਵਿਦਵਾਨਾਂ ਨੂੰ ਮਰਵਾਉਣ ਅਤੇ ਇਤਿਹਾਸ ਨੂੰ ਪੱਛਮੀ ਸਭਿਅਤਾ ਦੇ ਇਤਿਹਾਸ ਵਜੋਂ ਦੁਬਾਰਾ ਲਿਖਣ ਦੇ ਦੋਵੇਂ ਢੰਗ ਅਪਨਾਏ। ਇਸ ਨਾਲ ਹੋਰ ਤਹਿਜ਼ੀਬਾਂ ਦੇ ਸਾਰੇ ਹੀ ਨਿੱਕੇ-ਨਿੱਕੇ ਇਤਿਹਾਸ ਆਪਣਾ ਹਿੱਸਾ ਬਣਾ ਲਏ ਜਾਂਦੇ ਹਨ।***



# ਨਾਨਕਸ਼ਾਹੀ ਕੈਲੰਡਰ ਵਿਵਾਦ

ਭਖਦੇ ਮਸਲੇ

ਸਿੱਖ ਮਿਸ਼ਨਰੀ ਪ੍ਰਚਾਰਕ ਅਤੇ ਵਿਭਿੰਨ ਅਕਾਦਮਿਕ ਸ਼ਾਖਾਵਾਂ ਦੇ ਵਿਦਵਾਨ ਸੰਸਾਰ ਨੂੰ ਅਕਸਰ ਫਖਰ ਨਾਲ ਦਸਦੇ ਰਹਿੰਦੇ ਹਨ ਕਿ ਧਰਮਾਂ ਵਿਚੋਂ ਸਭ ਤੋਂ ਨਵੀਨਤਮ, ਆਧੁਨਿਕ ਹੋਣ ਕਾਰਨ ਅਤੇ ਗੁਰੂ ਸਾਹਿਬਾਨ ਦੀ ਬੌਧਿਕ ਰੁਚੀ ਕਾਰਨ ਸਿੱਖ ਧਰਮ ਗੁਰਮਤਿ ਦਲੀਲ ਉਪਰ ਆਧਾਰਿਤ ਵਿਗਿਆਨਕ ਧਰਮ ਹੈ। ਇਸ ਦਾਅਵੇ ਦੀ ਹਵਾ ਕਦੀ ਪੁਜਾਰੀ ਕੱਢ ਦਿੰਦੇ ਹਨ, ਕਦੀ ਸਿਆਸੀ ਨੇਤਾ। ਹੁਣ ਖਾਲਸਾ ਕੈਲੰਡਰ ਦੇ ਮੁੱਦੇ ਉਪਰ ਜੋ ਰੋਲ-ਘਚੋਲਾ ਮੱਚਿਆ ਹੈ, ਉਹ ਨਿੰਦਣਯੋਗ ਅਤੇ ਸ਼ਰਮਨਾਕ ਹੈ।

ਸ. ਪਾਲ ਸਿੰਘ ਪੁਰੇਵਾਲ ਵਲੋਂ ਮਿਹਨਤ ਨਾਲ ਤਿਆਰ ਕੀਤੇ ਵਿਗਿਆਨਕ ਕੈਲੰਡਰ ਨੂੰ ਭਲੇ ਸਿੰਘ ਸਾਹਿਬਾਨ ਨੇ ਸਰਬਸੰਮਤੀ ਨਾਲ ਲਾਗੂ ਕੀਤਾ ਸੀ। ਇਸ ਨਾਲ ਇਕ ਵਾਰ ਸਾਨੂੰ ਵੀ ਇਹ ਭਰਮ ਹੋ ਗਿਆ ਸੀ ਕਿ ਸਮਾਂ ਆ ਗਿਆ ਹੈ

ਪ੍ਰੋ. ਹਰਪਾਲ ਸਿੰਘ ਪੰਨੂ


ਅਕਲ ਅਤੇ ਦਲੀਲ ਦੀ ਕਦਰ ਹੋਣ ਲੱਗੀ ਹੈ, ਸਾਰਥਕ ਤਰਕ ਨੂੰ ਮਾਨਤਾ ਮਿਲੀ ਹੈ। ਥੋੜ੍ਹੇ ਸਮੇਂ ਬਾਦ ਇਸ ਵਿਰੁਧ ਸੰਤ ਸਮਾਜ ਨੇ ਸੋਟੀ ਚੁਕ ਲਈ, ਇਕ ਵੱਡਾ ਡੈਂਟ ਪਾਉਣ ਵਿਚ ਕਾਮਯਾਬੀ ਮਿਲ ਗਈ। ਮਾੜੀ ਮੋਟੀ ਸਫਲਤਾ ਮਿਲਣ ਪਿਛੋਂ ਸੁਭਾਵਕ ਹੈ ਕਿ ਬਾਕੀ ਦੀ ਕਸਰ ਪੂਰੀ ਕਰਨ ਲਈ ਤਿਆਰੀ ਸ਼ੁਰੂ ਹੋ ਜਾਇਆ ਕਰਦੀ ਹੈ।

ਜਦੋਂ ਦੀ 'ਸੰਤ ਸਮਾਜ' ਨਾਮਕ ਜਥੇਬੰਦੀ ਸਥਾਪਤ ਹੋਈ ਹੈ, ਅਸੀਂ ਇਸ ਬਾਬਤ ਆਪਣੀ ਰਾਇ ਪੰਥ ਅੱਗੇ ਜ਼ਾਹਰ ਕਰਦੇ ਰਹੇ ਹਾਂ। ਪਹਿਲਾਂ ਵੀ ਅਤੇ ਅੱਜ ਵੀ ਸਾਡਾ ਮੱਤ ਇਹ ਸੀ ਕਿ ਕਮਜ਼ੋਰ ਵਰਗ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਜਦੋਜਹਿਦ ਕਰਨ ਹਿਤ ਯੂਨੀਅਨਾਂ ਸਥਾਪਤ ਕਰਦਾ ਹੁੰਦਾ ਹੈ। ਯੂਨੀਅਨ ਉਦੋਂ ਹੋਂਦ ਵਿਚ ਆਇਆ ਕਰਦੀ ਹੈ ਜਦੋਂ ਇੱਕਲਾ-ਦੁੱਕਲਾ ਬੰਦਾ ਕਮਜ਼ੋਰ ਹੋਣ ਕਾਰਨ ਪੂਰੀ ਤਾਕਤ ਨਹੀਂ ਜੁਟਾ ਸਕਦਾ, ਸਮੂਹ ਨੁਮਾਇੰਸ਼ ਉਸ ਨੂੰ ਰਾਹਤ ਦਿਵਾਉਂਦੀ ਹੈ। ਸਾਮਰਾਜ ਦੀ ਸਮਾਪਤੀ ਹੋਣ ਪਿਛੋਂ ਜਿਵੇਂ ਜਿਵੇਂ ਲੋਕਤੰਤਰ ਦਾ ਰੁਝਾਨ ਵਧਿਆ, ਸਿਆਸੀ ਪਾਰਟੀਆਂ ਦੀ ਸਥਾਪਨਾ, ਮੈਂਬਰਸ਼ਿਪ ਅਤੇ ਰਜਿਸਟਰੇਸ਼ਨ ਉਸੇ ਪ੍ਰਕਾਰ ਸ਼ੁਰੂ ਹੋ ਗਈ ਜਿਵੇਂ ਟਰੇਡ ਯੂਨੀਅਨਾਂ ਦੀ ਸੀ। ਕੀ 'ਸੰਤ ਸਮਾਜ' ਨਾਮਕ ਜਥੇਬੰਦੀ ਇਸ ਕਰਕੇ ਸਥਾਪਿਤ ਹੋਈ ਕਿਉਂਕਿ ਮਜ਼ਦੂਰ ਵਾਂਗ ਹਰੇਕ ਸੰਤ ਕਮਜ਼ੋਰ ਸੀ? ਜਾਂ ਕਿ ਇਸ ਪਿਛੇ ਸਿਆਸੀ ਹੀਣਤਾ ਦਾ ਅਹਿਸਾਸ ਕੰਮ ਕਰ ਰਿਹਾ ਹੈ?

ਇਕ ਪਾਸੇ ਸਮਕਾਲੀ ਸਾਧੂ ਸੰਤ ਆਪਣੇ ਆਪ ਨੂੰ ਬ੍ਰਹਮ ਗਿਆਨੀ ਅਖਵਾ ਕੇ ਮਾਣ ਹਾਸਲ ਕਰਦੇ ਹਨ, ਗੁਰਬਾਣੀ ਦੀਆਂ ਪੰਕਤੀਆਂ ਦਾ ਸਹਾਰਾ ਲੈ ਕੇ ਅਜਿਹਾ ਦਿਖਾਵਾ ਕਰਦੇ ਹਨ ਕਿ ਉਨ੍ਹਾਂ ਵਿਚ ਅਤੇ ਪਰਮੇਸਰ ਵਿਚ ਕੋਈ ਫਰਕ ਨਹੀਂ- ਨਾਨਕ ਬ੍ਰਹਮਗਿਆਨੀ ਆਪ ਪਰਮੇਸਰ। ਅਜਿਹਾ ਹੈ ਤਾਂ 'ਸੰਤ ਸਮਾਜ' ਜਥੇਬੰਦੀ ਕਿਸ ਕਾਰਨ ਪੈਦਾ ਹੋਈ? ਭੱਠਾ ਮਜ਼ਦੂਰ ਯੂਨੀਅਨਾਂ, ਮੰਡੀ ਦੀਆਂ ਪੱਲੇਦਾਰਾ ਯੂਨੀਅਨਾਂ ਮੌਜੂਦ ਹਨ, ਰੱਬਾਂ ਦੀਆਂ ਯੂਨੀਅਨਾਂ ਪਿਛਲੇ ਅਤੇ ਵਰਤਮਾਨ ਸਮੇਂ ਸੁਣਿਆ ਨਹੀਂ ਸਨ।

ਸਿੰਘ ਸਭਾ ਲਹਿਰ ਨੇ ਇਹ ਰੁਝਾਨ ਪੈਦਾ ਕੀਤਾ ਕਿ ਸਿੱਖ ਪੰਥ ਵਿਲੱਖਣ ਰਹਿਤ ਮਰਿਆਦਾ ਦਾ ਧਾਰਨੀ ਨਿਰਾਲਾ ਧਰਮ ਮਾਰਗ ਹੈ ਜਿਸ ਦਾ ਫਲਸਫਾ, ਇਤਿਹਾਸ, ਰਹਿਤ ਮਰਿਆਦਾ ਅਤੇ ਸਮਾਜ ਵਿਧਾਨ ਆਪਣੀ ਕਿਸਮ ਦਾ ਆਪ ਹੈ, ਸੁਤੰਤਰ ਅਤੇ ਨਿਵੇਕਲਾ ਹੈ। ਜੇ ਸਾਰਾ ਕੁਝ ਵਖ ਵਖ ਹੈ ਤਾਂ ਸਿੱਖਾਂ ਦੀ ਜੰਤਰੀ ਜਾਂ ਕੈਲੰਡਰ ਹਿੰਦੂਆਂ ਵਾਲਾ ਬਿਕਰਮੀ ਜਾਂ ਈਸਾਈਆਂ ਵਾਲਾ ਈਸਵੀ ਕਿਉਂ ਹੋਵੇ? ਮੁਸਲਮਾਨਾਂ ਦਾ ਹਿਜਰੀ ਕੈਲੰਡਰ ਹੈ, ਖਾਲਸਾ ਪੰਥ ਆਪਣਾ ਕੈਲੰਡਰ ਤਿਆਰ ਕਰੇਗਾ। ਵੈਸੇ ਇਨ੍ਹਾਂ ਸਾਰੇ ਕੈਲੰਡਰਾਂ ਨੂੰ ਹਿੰਦੂ, ਈਸਾਈ ਜਾਂ ਪਾਰਸੀ ਕੈਲੰਡਰ ਕਹਿਣਾ ਉਸੇ ਤਰ੍ਹਾਂ ਵਿਅਰਥ ਹੈ ਜਿਵੇਂ ਕੋਈ ਧਰਤੀ, ਚੰਦ ਸੂਰਜ ਨੂੰ ਕਹੇ ਕਿ ਇਹ ਗ੍ਰਹਿ ਅਤੇ ਇਨ੍ਹਾਂ ਦੀਆਂ ਚਾਲਾਂ ਹਿੰਦੂ, ਸਿੱਖ ਜਾਂ ਈਸਾਈ ਚਾਲਾਂ ਹਨ। ਅਜਿਹਾ ਉਦੋਂ ਕਹਿ ਸਕਦੇ ਸਾਂ ਜੇ ਗ੍ਰਹਿ ਚਾਲਾਂ ਰਿਸ਼ੀਆਂ, ਗੁਰੂਆਂ ਜਾਂ ਪੈਗੰਬਰਾਂ ਨੇ ਨਿਸ਼ਚਿਤ ਕੀਤੀਆਂ ਹੁੰਦੀਆਂ। ਸਾਰੀ ਕੁਦਰਤ ਤੇ ਇਸ ਦੀਆਂ ਗਤੀਵਿਧੀਆਂ ਵਾਹਿਗੁਰੂ ਦੇ ਭਾਣੇ ਵਿਚ ਕਾਰਵਾਈ ਕਰ ਰਹੀਆਂ ਹਨ। ਇਨ੍ਹਾਂ ਦੀਆਂ ਗਤੀਆਂ ਦਾ ਵਿਗਿਆਨਕ ਅਧਿਐਨ ਕਰਦਿਆਂ ਪੁਰਾਤਨ ਤਾਰਾ-ਵਿਗਿਆਨੀਆਂ ਨੇ ਕੈਲੰਡਰ ਤਿਆਰ ਕੀਤੇ। ਇਨ੍ਹਾਂ ਕੈਲੰਡਰਾਂ ਉਪਰ ਆਧਾਰਿਤ ਕੋਈ ਵਿਵਾਦ ਛਿੜੇ ਤਾਂ ਸਿਆਣੇ ਬੰਦੇ ਬੈਠ ਕੇ ਵਿਚਾਰ-ਵਟਾਂਦਰਾ ਕਰਨ ਤੇ ਹੱਲ ਕੱਢਣ। ਇਥੇ ਸਮੱਸਿਆ ਦਾ ਹੱਲ ਕੱਢਣ ਦੀ ਥਾਂ ਤਖਤ ਦੇ ਜਥੇਦਾਰ ਨੂੰ ਕੱਢਣ ਦੀਆਂ ਕਾਰਵਾਈਆਂ ਹੁੰਦੀਆਂ ਦੇਖੀਆਂ ਤਾਂ ਅਸੀਂ ਸੋਚਿਆ ਪਾਠਕਾਂ ਨਾਲ ਆਪਣੇ ਦਿਲ ਦੀ ਗੱਲ ਸਾਂਝੀ ਕਰੀਏ।

ਧਰਤੀ ਦੇ ਕੁਝ ਖਿਤੇ ਅਜਿਹੇ ਹਨ ਜਿਥੇ ਭੂਚਾਲ ਵਧੀਕ ਆਉਂਦੇ ਹਨ, ਕਿਤੇ ਸਮੁੰਦਰੀ ਤੂਫਾਨਾਂ ਦੀਆਂ, ਕਿਸੇ ਹੋਰ ਥਾਂ ਜਵਾਲਾਮੁਖੀ ਫਟਣ ਦੀਆਂ ਸੰਭਾਵਨਾਵਾਂ ਹਨ। ਕਦੀ ਪ੍ਰਾਚੀਨ ਸਮੇਂ ਅਜਿਹਾ ਹੋਇਆ ਕਰਦਾ ਸੀ ਕਿ ਇਨ੍ਹਾਂ ਆਫਤਾਂ ਤੋਂ ਬਚਣ ਲਈ ਸਥਾਨਕ ਪ੍ਰਭਾਵਿਤ ਲੋਕ ਪੁਜਾਰੀਆਂ ਦੇ ਕਹਿਣ ਅਨੁਸਾਰ ਧਾਗੇ ਤਵੀਤ ਟੂਣੇ ਕਰਦੇ ਸਨ। ਹੁਣ ਵਧੀਕ ਗਿਣਤੀ ਇਸ ਅੰਧ-ਵਿਸ਼ਵਾਸ ਤੋਂ ਮੁਕਤ ਹੋ ਚੁਕੀ ਹੈ ਬੇਸ਼ਕ ਹਾਲੇ ਵੀ ਅਜਿਹੇ ਉਜਲ ਦਿਮਾਗ ਬੰਦੇ ਮਿਲ ਜਾਂਦੇ ਹਨ ਜਿਨ੍ਹਾਂ ਅਨੁਸਾਰ ਪਟਿਆਲੇ ਦੀ ਨਦੀ ਨੱਥ-ਭੇਟਾ ਲੈਣ ਪਿਛੋਂ ਗੁੱਸਾ ਛੱਡ ਦਿਆ ਕਰਦੀ ਹੈ। ਜਿਸ ਤਰੀਕੇ ਸਿੱਖ ਕੈਲੰਡਰ ਦਾ ਵਿਵਾਦ ਤੂਲ ਫੜਦਾ ਜਾ ਰਿਹਾ ਹੈ, ਉਹ ਸੰਸਾਰ ਦੇ ਸਾਰੇ ਸੂਝਵਾਨ ਸਿੱਖਾਂ ਨੂੰ ਸ਼ਰਮਿੰਦਗੀ ਦੇ ਰਿਹਾ ਹੈ।



ਮੰਦਰ ਦਾ ਪੁਜਾਰੀ ਗ੍ਰਹਿਣ ਲੱਗਣ ਦੀ ਤਰੀਕ ਅਤੇ ਸਹੀ ਸਮਾਂ ਦਸ ਸਕਦਾ ਹੈ ਪਰ ਉਹ ਗ੍ਰਹਿਣ ਨਾ ਅੱਗੇ ਪਿਛੇ ਪਾ ਸਕਦਾ ਹੈ ਨਾ ਰੋਕ ਸਕਦਾ ਹੈ। ਇਵੇਂ ਹੀ ਸ. ਪਾਲ ਸਿੰਘ ਪੁਰੇਵਾਲ ਰਾਹੀਂ ਤਿਆਰ ਕੀਤੇ ਕੈਲੰਡਰ ਉਪਰ ਪੁਜਾਰੀਆਂ/ਸਿੰਘ ਸਾਹਿਬਾਨ, ਸੰਤ ਸਮਾਜ ਜਾਂ ਅਕਾਲੀ ਦਲ ਦੇ ਜਥੇਦਾਰਾਂ ਨੂੰ ਟਿਪਣੀਆਂ ਕਰਨ ਦਾ ਕਿਵੇਂ ਅਧਿਕਾਰ ਹੈ? ਇਹ ਉਨ੍ਹਾਂ ਦੇ ਕਾਰਜ ਖੇਤਰ ਵਿਚ ਕਿਵੇਂ ਆਉਂਦਾ ਹੈ?' ਪਾਠਕਾਂ ਨੂੰ ਦੱਸ ਦਈਏ ਕਿ ਉਤਰੀ ਭਾਰਤ ਵਿਚ ਪ੍ਰਚਲਿਤ ਵੈਦਿਕ ਜੰਤਰੀ ਕੁਰਾਲੀ ਦੇ ਵਿਦਵਾਨ ਪੰਡਿਤ ਤਿਆਰ ਕਰਦੇ ਹਨ। ਇਹ ਜੰਤਰੀ ਦਹਾਕਾ ਪਹਿਲਾਂ ਤਿਆਰ ਹੋ ਜਾਂਦੀ ਹੈ, ਫਿਰ ਛਪ ਕੇ ਲੋੜਵੰਦਾਂ ਤੱਕ ਪੁਜਦੀ ਹੈ। ਇਹ ਜੰਤਰੀ ਸੂਰਜ ਅਤੇ ਚੰਦ- ਦੋਵਾਂ ਦੀਆਂ ਗਤੀਆਂ ਉਪਰ ਆਧਾਰਿਤ ਹੈ, ਫਲਸਰੂਪ ਦੋ ਜੰਤਰੀਆਂ ਹਨ ਕਿਉਂਕਿ ਦੋਵਾਂ ਦੀਆਂ ਪੁਲਾੜੀ ਚਾਲਾਂ ਭਿੰਨ ਭਿੰਨ ਹਨ। ਇਸ ਜੰਤਰੀ ਵਿਚ ਅਕਸਰ ਵਿਵਾਦ ਪੈਦਾ ਨਹੀਂ ਹੁੰਦਾ, ਕੋਈ ਮੁਸ਼ਕਲ ਆਵੇ ਤਾਂ ਹੱਲ ਕਰ ਲਈ ਜਾਂਦੀ ਹੈ। ਅਕਾਲੀ ਦਲ ਵਾਂਗ ਖੰਡੇ ਨਹੀਂ ਖੜਕਾਏ ਜਾਂਦੇ, ਪੁਜਾਰੀਆਂ ਨੂੰ ਨੌਕਰੀਆਂ ਤੋਂ ਬਰਤਰਫ ਨਹੀਂ ਕੀਤਾ ਜਾਂਦਾ। ਇਸ ਕੈਲੰਡਰ ਦੇ ਹੱਕ ਅਤੇ ਵਿਰੋਧ ਵਿਚ ਦੋ ਧਿਰਾਂ ਦਾ ਆਪਸੀ ਝਗੜਾ ਕਿਵੇਂ ਤਰਕ ਸੰਗਤ ਹੋਇਆ?

ਵਧੀਕ ਪਾਠਕਾਂ ਨੂੰ ਸ਼ਾਇਦ ਪਤਾ ਨਾ ਹੋਵੇ, ਇਕ ਸਦੀ ਪਹਿਲਾਂ ਮਹਾਰਾਜਾ ਫਰੀਦਕੋਟ ਨੇ ਹਰਿਮੰਦਰ ਸਾਹਿਬ ਵਿਚ ਬਿਜਲੀ ਫਿਟ ਕਰਵਾਉਣ ਦੀ ਸੇਵਾ ਕਰਨ ਦਾ ਫੈਸਲਾ ਕੀਤਾ। ਵੱਡਾ ਜਨਰੇਟਰ ਮੰਗਵਾ ਕੇ ਜਦੋਂ ਫਿਟਿੰਗ ਸ਼ੁਰੂ ਕਰਨ ਲੱਗੇ ਤਦ ਪੁਜਾਰੀਆਂ ਨੇ ਇਸ ਦੇ ਵਿਰੋਧ ਵਿਚ ਸ਼ੋਰ ਪਾਇਆ- ਬਿਜਲੀ ਦਾ ਇਥੇ ਕੀ ਕੰਮ? ਫਲਾਣੇ ਹਿੰਦੂ ਮੰਦਰ ਅਤੇ ਫਲਾਣੇ ਈਸਾਈ ਗਿਰਜੇ ਵਿਚ ਬਿਜਲੀ ਨਹੀਂ ਹੈ ਪਰ ਅੰਗਰੇਜ਼ ਦਰਬਾਰ ਸਾਹਿਬ ਨੂੰ ਭਿੱਟਣਾ ਚਾਹੁੰਦੇ ਹਨ, ਸੋ ਬਿਜਲੀ ਵਾਸਤੇ ਹਾਮੀ ਭਰ ਦਿੱਤੀ। ਦੂਜੀ ਦਲੀਲ, ਬਿਜਲੀ ਕਰੰਟ ਨਾਲ ਬੰਦੇ ਅਕਸਰ ਮਰਦੇ ਹਨ, ਪੰਜ ਚਾਰ ਬੰਦੇ ਮਰ ਗਏ, ਸ਼ਰਧਾਲੂ ਮੱਥਾ ਟੇਕਣ ਨਹੀਂ ਆਉਣਗੇ। ਤੀਜੀ ਦਲੀਲ, ਧਰਮ ਮਨ ਦੀ ਸ਼ਾਂਤੀ ਵਾਸਤੇ ਹੋਇਆ ਕਰਦਾ ਹੈ, ਬਿਜਲੀ ਚੰਚਲ ਹੁੰਦੀ ਹੈ। ਇਸ ਦੀ ਚੰਚਲਤਾ ਸਦਕਾ ਮਨ ਇਕਾਗਰ ਕਦੀ ਨਹੀਂ ਹੋ ਸਕੇਗਾ...ਵਗੈਰਾ...ਵਗੈਰਾ।

ਹੁਣ ਅਸੀਂ ਦੇਖ ਰਹੇ ਹਾਂ ਜਲੌਅ ਦੀ ਰਾਤ ਬਿਜਲੀ ਦੀ ਕਰਾਮਾਤ ਵਰਤਦੀ ਹੈ, ਨਾ ਮੌਤਾਂ ਹੋਈਆਂ, ਨਾ ਸ਼ਰਧਾਲੂ ਮੱਥਾ ਟੇਕਣੋ ਹਟੇ ਤੇ ਨਾ ਮਨ ਵਿਚ ਚੰਚਲਤਾ ਦਾ ਵਸੇਬਾ ਹੋਇਆ। ਇਹ ਘਟਨਾ ਯਾਦ ਕਰਦੇ ਹਾਸਾ ਆ ਜਾਂਦਾ ਹੈ।

ਭਵਿੱਖ ਵਿਚ ਇਕ ਦਿਨ ਆਏਗਾ ਜਦੋਂ ਲੋਕ ਹੱਸਿਆ ਕਰਨਗੇ ਕਿ ਕੈਲੰਡਰ ਦੇ ਵਿਗਿਆਨਕ ਮਸਲੇ ਨੂੰ ਵਿਗਿਆਨੀਆਂ ਦੀ ਮਦਦ ਨਾਲ ਹੱਲ ਕਰਨ ਦੀ ਥਾਂ ਖਾਲਸੇ ਆਪਸ ਵਿਚ ਜੂਝਣ ਲੱਗ ਪਏ ਸਨ, ਇਸ ਸਦਕਾ ਜਥੇਦਾਰਾਂ ਦੀਆਂ ਬਰਤਰਫੀਆਂ ਹੋ ਗਈਆਂ ਸਨ। ਗੁਰੂ ਘਰਾਂ ਵਿਚ ਏ.ਸੀ. ਕਰੰਟ ਠੀਕ ਹੈ ਕਿ ਡੀ.ਸੀ. ਕਰੰਟ ਠੀਕ ਰਹੇ, ਇਸ ਦਾ ਫੈਸਲਾ ਇੰਜੀਨੀਅਰ ਕਰਨ ਕਿ ਸਿੰਘ ਸਾਹਿਬਾਨ? ਕੈਲੰਡਰ ਦਾ ਨਿਰਣਾ ਆਰਾਮ ਨਾਲ ਨਹੀਂ ਹੋਏਗਾ ਕਿਉਂਕਿ ਮਸਲਾ ਉਲਝਿਆ ਨਾ ਤਾਂ ਸੁਲਝਾਉਣ ਲਈ ਲੀਡਰਾਂ ਦੀ ਅਹਿਮੀਅਤ ਨਹੀਂ ਰਹੇਗੀ।

ਅਰਥ-ਸ਼ਾਸਤਰ ਪੜਾਉਂਦਿਆਂ ਪ੍ਰੋ. ਹੰਸਰਾਜ ਨੇ ਸਾਡੀ ਕਲਾਸ ਨੂੰ ਦੱਸਿਆ- ਇਹ ਅਰਥ-ਸ਼ਾਸਤਰ ਬੜੀ ਗੁਣਕਾਰੀ ਵਿਦਿਆ ਹੈ ਪਰ ਦੋ ਤਰ੍ਹਾਂ ਦੇ ਵਰਗਾਂ ਉਪਰ ਲਾਗੂ ਨਹੀਂ ਹੁੰਦੀ, ਇਕ ਸਾਧਾਂ ਉਪਰ, ਦੂਜੇ ਪਾਗਲਾਂ ਉਪਰ ਇਸ ਦੇ ਨਿਯਮ ਪੂਰੇ ਨਹੀਂ ਉਤਰਦੇ। ਹਿੰਦੁਸਤਾਨ ਵਿਚ ਅੱਧੇ ਸਾਧ ਹਨ, ਅੱਧੇ ਪਾਗਲ। ਇਹ ਵਿਦਿਆ ਇਥੇ ਲਾਗੂ ਤਾਂ ਨਹੀਂ ਹੋਏਗੀ, ਤੁਹਾਨੂੰ ਨੌਕਰੀਆਂ ਜਰੂਰ ਮਿਲ ਜਾਣਗੀਆਂ।

## ਸਾਦਾ ਲੰਗਰ ਦੀ ਥਾਂ ਤਰ੍ਹਾਂ ਤਰ੍ਹਾਂ ਦੇ ਪਕਵਾਨਾਂ ਦਾ ਰੁਝਾਨ

ਲੰਗਰ ਦੀ ਸ਼ੁਰੂਆਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭੁੱਖੇ ਅਤੇ ਜ਼ਰੂਰਤਮੰਦ ਸਾਧੂਆਂ ਨੂੰ ਭੋਜਨ ਛਕਾ ਕੇ ਕੀਤੀ ਸੀ। ਇਹ ਭੋਜਨ ਬਿਲਕੁਲ ਸਾਦਾ ਸੀ ਜਿਸ ਵਿਚ ਕੋਈ ਛੱਤੀ ਪ੍ਰਕਾਰ ਦੇ ਵਿਅੰਜਨ ਨਹੀਂ ਸਨ। ਬੀਬੀ ਭਾਨੀ ਅਤੇ ਬੀਬੀ ਖੀਵੀ ਜਿਹੀਆਂ ਮਹਾਨ ਮਾਤਾਵਾਂ ਨੇ ਸ਼ਰਧਾ ਅਤੇ



ਪ੍ਰੇਮ ਨਾਲ ਲੰਗਰ ਨੂੰ ਬਣਾ ਕੇ ਉਨੇ ਹੀ ਸ਼ਰਧਾ ਭਾਵ ਨਾਲ ਸੰਗਤਾਂ ਨੂੰ ਲੰਗਰ ਖੁਆ ਕੇ ਇਸ ਪ੍ਰਥਾ ਨੂੰ ਨਵੇਂ ਹੀ ਮਾਅਨੇ ਦੇ ਦਿੱਤੇ।

ਲੰਗਰ ਦੀ ਰਸਮ ਨੇ ਅਮੀਰੀ ਤੇ ਗਰੀਬੀ ਦੇ ਫਰਕ ਨੂੰ ਖਤਮ ਕੀਤਾ। ਲੰਗਰ ਵਿਚ ਸਭ ਧਰਮਾਂ, ਫਿਰਕਿਆਂ ਅਤੇ ਸੰਪਰਦਾਵਾਂ ਦੇ ਲੋਕ ਮਿਲ ਕੇ ਭੋਜਨ ਛਕਦੇ ਸਨ ਅਤੇ ਤ੍ਰਿਪਤੀ ਮਹਿਸੂਸ ਕਰਦੇ ਸਨ। ਇਹ ਤ੍ਰਿਪਤੀ ਅਤੇ ਸੰਤੁਸ਼ਟੀ ਦੋਨੋਂ ਤਰ੍ਹਾਂ- ਸਰੀਰਕ ਅਤੇ ਮਾਨਸਿਕ ਸੀ ਜਿਸ ਦਾ ਆਧਾਰ ਸਾਦਗੀ ਨਾਲ ਤਿਆਰ ਕੀਤਾ ਅਤੇ ਪ੍ਰੇਮ ਨਾਲ ਪਰੋਸਿਆ ਗਿਆ ਭੋਜਨ ਸੀ। ਇਹੀ ਸਾਡੀ ਪਰੰਪਰਾ ਅਤੇ ਧਰੋਹਰ ਹੈ ਜੋ ਸਾਡੇ ਗੁਰੂਆਂ ਨੇ ਸਾਨੂੰ ਬਖਸ਼ੀ ਸੀ ਪਰ ਇਸ ਦੇ ਉਲਟ ਰੂਪ ਅੱਜ ਕੱਲ੍ਹ ਦੇਖਣ ਨੂੰ ਮਿਲਦਾ ਹੈ। ਭਾਵੇਂ ਸਾਡੇ ਦੇਸ਼ ਦੇ ਗੁਰਦੁਆਰੇ ਇਸ ਪਰੰਪਰਾ ਨੂੰ ਕੁਝ ਹੱਦ ਤੱਕ ਨਿਭਾ ਰਹੇ ਹਨ ਪਰ ਵਿਦੇਸ਼ਾਂ ਵਿਚ ਇਸ ਪਰੰਪਰਾ ਨੂੰ ਛਿੱਕੇ 'ਤੇ ਟੰਗਿਆ ਜਾ ਰਿਹਾ ਹੈ ਜਿਥੇ ਕਿ ਦੁੱਧ ਅਤੇ ਘਿਓ ਦੀਆਂ ਵੱਲਾਂ-ਛੱਲਾਂ ਹੀ ਦੇਖਣ ਨੂੰ ਮਿਲਦੀਆਂ ਹਨ। ਕਈ ਤਰ੍ਹਾਂ ਦੇ ਸਨੈਕ ਲੰਗਰ ਤੋਂ ਪਹਿਲਾਂ ਪਰੋਸੇ ਜਾਂਦੇ ਹਨ ਜੋ ਸਿਹਤ ਲਈ ਹਾਨੀਕਾਰਕ ਹਨ। ਸੰਗਤ, ਖਾਸ ਤੌਰ 'ਤੇ ਬਜ਼ੁਰਗਾਂ ਦੀ ਸਿਹਤ ਨੂੰ ਧਿਆਨ 'ਚ ਨਾ ਰੱਖਦਿਆਂ ਖੂਬ ਘਿਓ/ਤੇਲ ਵਿਚ ਭੋਜਨ ਪਕਾਇਆ ਜਾਂਦਾ ਹੈ। ਪਰਸ਼ਾਦੇ ਦੇਸੀ ਘਿਓ ਵਿਚ ਪੂਰੇ ਗੱਚੇ ਹੁੰਦੇ ਹਨ, ਨਮਕ ਅਤੇ ਮਿੱਠੇ ਦੀ ਵਰਤੋਂ ਵਿਚ ਕੋਈ ਕਸਰ ਨਹੀਂ ਛੱਡੀ ਜਾਂਦੀ ਜਿਸ ਦਾ ਸਿਹਤ ਉਤੇ ਲੰਮੇ ਸਮੇਂ ਤੋਂ ਬਾਅਦ ਕੀ ਅਸਰ ਹੋਣਾ ਹੈ, ਦਾ ਅੰਦਾਜ਼ਾ ਅਸਾਨੀ ਨਾਲ ਲਾਇਆ ਜਾ ਸਕਦਾ ਹੈ।

ਸੰਗਤ ਇਸ ਪਾਸੇ ਗੌਰ ਕਰੇ ਅਤੇ ਲੰਗਰ ਨੂੰ ਫੋਕੀ ਸ਼ਾਨ ਅਤੇ ਅਮੀਰੀ ਦਾ ਦਿਖਾਵਾ ਕਰਨ ਦਾ ਜ਼ਰੀਆ ਨਾ ਬਣਾ ਕੇ ਗੁਰੂਆਂ ਦੁਆਰਾ ਚਲਾਈ ਗਈ ਰਸਮ ਨੂੰ ਉਸੇ ਸਾਦੇ ਢੰਗ ਨਾਲ ਨਿਭਾਇਆ ਜਾਵੇ ਅਤੇ ਸਹੀ ਮਾਅਨੇ 'ਚ ਗੁਰੂਆਂ ਦੀ ਸਿੱਖਿਆ 'ਤੇ ਅਮਲ ਕੀਤਾ ਜਾ ਸਕੇ।

-ਹਰਪ੍ਰੀਤ ਕੌਰ

## ਘਟੀਆ ਲਿਖਾਰੀ ਸਭਾ

ਵਿਅੰਗ

ਭਾਰਤ ਵਿਚ ਡਾਕਟਰਾਂ ਦੀ ਅਣਗਹਿਲੀ ਜਾਂ ਅਯੋਗਤਾ ਕਾਰਨ ਹੋਈਆਂ ਮੌਤਾਂ ਅਤੇ ਹੋਰ ਵਿਗੜੇ ਕੰਮਾਂ ਬਾਰੇ ਪੜ੍ਹ ਕੇ ਕਈ ਤਰ੍ਹਾਂ ਦੇ ਖਿਆਲ ਆਉਣ ਲੱਗੇ। ਨਹੀਂ, ਫੁਰਨੇ ਕਹੋ ਫੁਰਨੇ! ਬੰਦੇ ਦਾ ਮਨ (ਦਿਲ) ਬੜੀ ਕੁੱਤੀ ਚੀਜ਼ ਐ। ਇਹ ਹਰ ਗੱਲ ਵਿਚੋਂ ਆਪਣੇ ਮਤਲਬ ਦੀ ਗੱਲ ਕੱਢਣ ਦੀ ਕੋਸ਼ਿਸ਼ ਕਰਦੈ। ਇਥੇ ਹੀ ਬੱਸ ਨਹੀਂ, ਜਿਹੜੀ ਗੱਲ ਮਨ

ਪ੍ਰੋ. ਸੁਖਦੇਵ ਸਿੰਘ ਗਿੱਲ
ਫੋਨ: 916-410-8740

ਵਿਚ ਧਾਰ ਲਵੇ, ਉਸ ਨੂੰ ਮਨਾਉਣ ਲਈ ਦਲੀਲਾਂ ਵੀ ਆਪੇ ਘੜਦੈ। ਇਹੀ ਗੱਲ ਵਾਪਰੀ ਮੇਰੇ ਨਾਲ।

ਇਕ ਸ਼ਾਮ ਪੁਚਕਾਰ ਕੇ ਮੈਨੂੰ ਕਹਿੰਦਾ, "ਜਦੋਂ ਡਾਕਟਰ ਘਟੀਆ ਹੋ ਸਕਦੇ ਆ; ਵਕੀਲ, ਮੰਤਰੀ, ਕਲਾਕਾਰ ਤੇ ਗਵੱਈਏ ਘਟੀਆ ਹੋ ਸਕਦੇ ਆ, ਤਾਂ ਲਿਖਾਰੀ ਵੀ ਘਟੀਆ ਹੋ ਸਕਦੇ ਆ...ਹੋਣਗੇ; (ਕੁਝ ਠਹਿਰ ਕੇ) ਹੈਗੇ ਵੀ।"

'ਹੈਗੇ ਵੀ' ਸੁਣ ਕੇ ਮੇਰੇ ਕੰਨ ਖੜ੍ਹੇ ਹੋ ਗਏ। ਮੈਨੂੰ ਲੱਗਿਆ ਜਿਵੇਂ ਮੈਨੂੰ ਕਹਿ ਰਿਹਾ ਹੋਵੇ। ਚੋਰ ਦੀ ਦਾੜ੍ਹੀ ਵਿਚ ਤਿਨਕਾ। ਬਣਿਆ ਜੋ ਮਰਜ਼ੀ ਫਿਰੇ ਕੋਈ ਪਰ ਆਪ ਤਾਂ ਉਸ ਨੂੰ ਪਤਾ ਹੀ ਹੁੰਦੈ ਕਿ ਉਹ ਕਿਹੋ ਜਿਹਾ ਹੈ। ਮੈਨੂੰ ਪਤੈ, ਮੈਂ ਕਿਸ ਪੱਧਰ ਦਾ ਲੇਖਕ ਹਾਂ। ਦੋ-ਚਾਰ ਰਚਨਾਵਾਂ ਲਿਖ ਕੇ ਮੈਂ ਉਘਾ ਲੇਖਕ ਤਾਂ ਬਣਨੋਂ ਰਿਹਾ। ਮੈਂ ਚੁੱਪ ਕਰ ਰਿਹਾ।

ਇਹ ਕਮਬਖਤ ਮਨ ਮੌਕਾ ਵੀ ਤਾੜਦੈ! ਮੈਂ ਬਰਾਂਡੀ ਦਾ ਪੈਗ ਲਾ ਲਿਆ। ਉਹਦੀਆਂ ਤਰਕੀਬਾਂ ਹੋਰ ਵੀ ਸਨ। ਕਹਿੰਦਾ, "ਵਧੀਆ ਲੇਖਕ ਹਮੇਸ਼ਾ ਘੱਟ ਹੁੰਦੇ ਐ ਤੇ ਘਟੀਆ ਬਥੇਰੇ। ਤੂੰ 'ਘਟੀਆ ਲੇਖਕ ਸਭਾ' ਬਣਾ ਲੈ। ਜਦ ਸ਼ੁਰੂ ਹੀ ਤੂੰ ਕਰਨੀ ਹੈ, ਤਾਂ ਪਹਿਲਾ ਪ੍ਰਧਾਨ ਵੀ ਤੂੰ ਹੀ ਬਣੇਂਗਾ।" ਐਨੀ ਚੁਸਤੀ! ਓ ਮੇਰਿਆ ਰੱਬਾ! ਇਹ ਮੇਰੇ ਅੰਦਰ ਸੇਬ ਜਿਹਾ ਕੀ ਰੱਖ'ਤਾ ਤੂੰ। ਮਗਰੋਂ ਦੋਸ਼ ਮੈਨੂੰ ਦਿੰਦੈ; ਅਖੇ, ਦਰਗਾਹ ਵਿਚ ਹਿਸਾਬ ਵੀ ਹੋਊ।

ਮੈਂ ਚੁੱਪ ਰਿਹਾ ਪਰ ਸੋਚੀਂ ਗਿਆ। ਉਹ ਛਾਤੀ ਵਿਚ ਧੜਕੀ ਜਾਵੇ ਪਰ ਉਹਦੀ ਕੋਈ ਵਾਹ ਨਾ ਚੱਲੇ। ਫਿਰ ਦੂਜਾ ਪੈਗ ਲਾ ਲਿਆ। ਮੌਕਾ ਤਾੜ ਕੇ ਕਹਿੰਦਾ, "ਕਿਤਾਬਾਂ ਨਾਲ ਹੀ ਚੰਬੜਿਆ ਰਹੇਂਗਾ ਸਾਰੀ ਉਮਰ ਕਿ ਦਲੇਰੀ ਦਾ ਕੰਮ ਵੀ ਕਰੇਂਗਾ ਕੋਈ?" ਉਸ ਵਕਤ ਮੈਂ ਸ਼ੇਰ ਸੀ, ਮਿਹਣੇ ਕਿਦਾਂ ਝੱਲਦਾ? ਮੈਂ ਕਿਹਾ, "ਸਾਰਾ ਸ਼ਹਿਰ ਦੇਖੂ, ਬਣਾ ਕੇ ਦਿਖਾਊਂ ਸਭਾ, ਤੇ ਨਾਲੇ ਬਣੂੰ ਪ੍ਰਧਾਨ।" ਜਿੰਨਾ ਖੁਸ਼ ਮੇਰਾ ਮਨ ਉਸ ਰਾਤ ਸੁੱਤਾ, ਦੱਸ ਨਹੀਂ ਸਕਦਾ।

ਆਉਂਦੇ ਐਤਵਾਰ ਹੀ ਮੈਂ 'ਘਟੀਆ ਲਿਖਾਰੀ ਸਭਾ' ਦਾ ਪ੍ਰਧਾਨ ਬਣ ਕੇ ਮੈਂਬਰਸ਼ਿਪ ਖੋਲ੍ਹ ਦਿੱਤੀ। ਅਖੇ, ਲੰਡੇ ਨੂੰ ਖੁੰਡਾ ਸੌ ਕੋਹ ਵਲ ਪਾ ਕੇ ਵੀ ਮਿਲਦੈ; ਹਫਤੇ ਅੰਦਰ ਹੀ ਦਸ ਮੈਂਬਰ ਬਣ ਗਏ, ਪਿਛੋਂ ਕੁਝ ਹੋਰ। ਸਾਰੇ ਛੇਤੀ ਤੋਂ ਛੇਤੀ ਮੀਟਿੰਗ ਰੱਖਣ ਲਈ ਕਹਿਣ ਲੱਗੇ। ਮੇਰੇ ਚੁਸਤ ਮਨ ਨੇ ਫਿਰ ਚਾਲ ਚੱਲੀ। ਕਹਿੰਦਾ, "ਮਾਣ-ਸਨਮਾਨ ਪਹਿਲਾਂ ਕਰਵਾ ਲੈ, ਲੋਕਾਂ ਦਾ ਪਤਾ ਨਹੀਂ ਹੁੰਦਾ।"

ਕਿਆ ਬਾਤ ਐ, ਮੇਰੀ ਸਕੀਮ ਬਣ ਗਈ। ਆਉਂਦੇ ਮਹੀਨੇ ਦੇ ਪਹਿਲੇ ਐਤਵਾਰ ਸ਼ਾਮ ਦੇ ਪੰਜ ਵਜੇ ਮੀਟਿੰਗ ਰੱਖ ਦਿੱਤੀ। ਨਾਲ ਲਿਖ ਦਿੱਤਾ ਕਿ ਆਪਣੀ ਘਟੀਆ ਰਚਨਾ ਲੈ ਕੇ ਆਓ ਅਤੇ ਸੁਣਾਓ, ਸਭ ਤੋਂ ਘਟੀਆ ਰਚਨਾ ਨੂੰ ਸੌ ਡਾਲਰ ਦਾ ਇਨਾਮ ਦਿੱਤਾ ਜਾਵੇਗਾ। ਉਸ ਦਿਨ ਜੱਜ ਬਣਨ ਵਾਲੇ ਵਾਕਫਕਾਰਾਂ ਨੂੰ ਸਮਝਾ ਦਿੱਤਾ ਸੀ, ਫਿਰ ਇਨਾਮ ਤਾਂ ਮੇਰਾ ਹੀ ਸੀ।

ਲਓ ਜੀ, ਸਭਾ ਦੀ ਮੀਟਿੰਗ ਦਾ ਕਿਸਮਤ ਵਾਲਾ ਦਿਨ ਆ ਗਿਆ। ਲੋਕਾਂ ਵਿਚੋਂ ਕੋਈ ਨਹੀਂ ਆਇਆ। ਆਪਣੇ ਲੋਕ ਮੁਫਤ ਵਿਚ ਵੀ ਲਾਭ ਨਹੀਂ ਉਠਾ ਸਕਦੇ। ਇਹ ਤਾਂ ਰਿੰਕ ਦਾ ਬੇਰ ਵੀ ਆਪ ਨਹੀਂ ਖਾ ਸਕਦੇ। ਵੈਸੇ ਮੈਂ ਇਨ੍ਹਾਂ ਨੂੰ ਸੱਦ ਕੇ ਖੱਪ ਪੁਆ ਕੇ ਲੈਣਾ ਵੀ ਕੀ ਸੀ ਪਰ ਉਦਾਂ ਮੇਰੇ ਲਈ ਅਚੰਭਾ ਸੀ ਕਿ ਘਰ ਬੈਠੇ ਮੇਰੇ ਮਨ ਦੀ ਗੱਲ ਇਨ੍ਹਾਂ ਨੇ ਕਿੱਦਾਂ ਬੁੱਝ ਲਈ!

ਤਨਖਾਹ ਮਿਲਣ ਕਰ ਕੇ ਸਾਰੇ ਲੇਖਕ ਬੜੇ ਉਤਸ਼ਾਹ ਅਤੇ ਸਰੂਰ ਨਾਲ ਆਏ। ਪਰਮਾਤਮਾ ਇਨ੍ਹਾਂ ਦਾ ਭਲਾ ਕਰੇ। ਉਨ੍ਹਾਂ ਦੇ ਆਉਣ ਦਾ ਚਾਅ ਮੈਨੂੰ ਵਧੇਰੇ ਸੀ। ਦੋ ਘੰਟੇ ਰਚਨਾਵਾਂ ਦਾ ਦੌਰ ਖੂਬ ਚੱਲਿਆ। ਬੱਸ, ਤਾੜੀਆਂ ਹੀ ਤਾੜੀਆਂ। ਸਮਝਣ ਤੋਂ ਪਹਿਲਾਂ ਵੀ, ਪਿਛੋਂ ਵੀ। ਵੱਜਣ ਵੀ ਕਿਉਂ ਨਾ! ਨਾਮਵਰ ਲੇਖਕ ਸੀ, ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਸੀ।

ਵਾਰੀ ਆਉਣ 'ਤੇ ਮੈਂ ਵੀ ਆਪਣੀ ਰਚਨਾ ਸੁਣਾਈ। ਤਾੜੀਆਂ ਘੱਟ ਹੀ ਵੱਜੀਆਂ। ਲਗਦਾ ਸੀ ਕਿ ਰਚਨਾ ਨੂੰ ਘਟੀਆ ਮੰਨਣ ਤੋਂ ਝਿਜਕਦੇ ਸਨ। ਸਭਾ ਦੇ ਆਖੀਰ 'ਤੇ ਮੁੱਖ ਜੱਜ ਨੇ ਫੈਸਲਾ ਸੁਣਾ ਦਿੱਤਾ ਅਤੇ ਇਨਾਮ ਦਾ ਐਲਾਨ ਮੇਰੇ ਨਾਂ ਕਰ ਕੇ ਕਿਹਾ, "ਪ੍ਰੋ. ਗਿੱਲ ਦੀ ਰਚਨਾ ਬਿਨਾਂ ਸ਼ੱਕ ਬਾਕੀ ਸਾਰੀਆਂ ਰਚਨਾਵਾਂ ਨਾਲੋਂ ਘਟੀਆ ਸੀ।"

ਸਭਾ ਦੇ ਸਟੈਂਡਰਡ ਮੁਤਾਬਕ ਪਿਛੇ ਦਲੇਰ ਬਣਿਆ ਇਕ ਲੇਖਕ ਗਰਜ ਕੇ ਕਹਿਣ ਲੱਗਾ, "ਗਲਤ ਗੱਲ ਐ। ਇਨ੍ਹਾਂ ਤੋਂ ਘਟੀਆ ਤਾਂ ਮੈਂ ਲਿਖਦਾਂ। ਮੇਰੀ ਰਚਨਾ ਸਭ ਤੋਂ ਘਟੀਆ ਸੀ।" ਸ਼ਾਇਦ ਉਹ ਠੀਕ ਹੀ ਸੀ। ਮੈਂ ਬੋਲਾਂ ਤਾਂ ਕੰਧ ਬੋਲੇ। ਚੁੱਪ ਪਸਰ ਗਈ। ਫਿਰ ਇਕ ਇਕ ਕਰ ਕੇ ਸਾਰੇ ਘਰਾਂ ਨੂੰ ਚਲੇ ਗਏ। ਮੈਨੂੰ ਧੱਕਾ ਲੱਗਾ ਤੇ ਮੈਂ ਆਪਣੇ ਮਨ ਨੂੰ ਫਿਟਕਾਰ ਪਾਈ। ਡੋਡੇ ਲੈਣੇ ਸੀ ਪ੍ਰਧਾਨ ਬਣ ਕੇ ਤੂੰ...!

ਵਿਹੜੇ ਵਿਚ ਕੁੱਤਾ ਭੌਂਕਿਆ ਅਤੇ ਮੇਰੀ ਅੱਖ ਖੁੱਲ੍ਹ ਗਈ। ਚਿੱਟਾ ਦਿਨ ਚੜ੍ਹਿਆ ਪਿਆ ਸੀ। ਸੁਪਨੇ ਬਾਰੇ ਸੋਚ ਕੇ ਮੈਨੂੰ ਲਿਬਨਾਨ ਦੇ ਸ਼ਾਇਰ ਖਲੀਲ ਜਿਬਰਾਨ ਦੀ ਲਾਈਨ ਯਾਦ ਆਈ,

ਅਜੀਬ ਹੈ ਕਿ ਕੁਝ ਖੁਸ਼ੀਆਂ ਦੀ ਇੱਛਾ,
ਮੇਰੇ ਦੁੱਖ ਦਾ ਹਿੱਸਾ ਹਨ।

# ਪੰਜਾਬ ਦੀ ਰਾਜਨੀਤੀ ਮੋਦੀ-ਸ਼ਾਹ ਦੇ ਪੈਂਤੜਿਆਂ 'ਤੇ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਜਿੰਨੇ ਕੁ ਰਾਜਨੀਤੀ ਦੇ ਦਾਅ ਪ੍ਰਕਾਸ਼ ਸਿੰਘ ਬਾਦਲ ਨੇ ਹੁਣ ਤੱਕ ਅਜ਼ਮਾਏ ਹੋਏ ਹਨ, ਉਨ੍ਹਾਂ ਬਾਰੇ ਸ਼ਾਇਦ ਕੋਈ ਸੋਚ ਵੀ ਸਕਦਾ ਹੈ ਪਰ ਜਿਹੜੇ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਨਾਂ ਦੇ ਦੋ ਆਗੂਆਂ ਨਾਲ ਵਾਸਤਾ ਪਿਆ ਹੈ, ਉਨ੍ਹਾਂ ਬਾਰੇ ਸੋਚਣ ਦਾ ਦਾਅਵਾ ਵੀ ਕੋਈ ਨਹੀਂ ਕਰਦਾ। ਉਹ ਕਿਹੜਾ ਦਾਅ ਖੇਡ ਜਾਣਗੇ, ਪੰਜਾਬ ਦੀ ਅਗਲੀ ਰਾਜਨੀਤੀ ਉਸ ਉਤੇ ਨਿਰਭਰ ਕਰੇਗੀ।***

ਪੰਜਾਬ ਦੀ ਰਾਜਨੀਤੀ ਇਸ ਵਕਤ ਬੜੇ ਨਾਜ਼ੁਕ ਪੜਾਅ ਉਤੇ ਆਣ ਪਹੁੰਚੀ ਹੈ। ਅਗਲੇ ਦਿਨਾਂ ਵਿਚ ਕਿਹੜੇ ਰੰਗ ਵੇਖਣ ਨੂੰ ਮਿਲਣਗੇ, ਇਸ ਬਾਰੇ ਹਰ ਕੋਈ ਆਪੋ-ਆਪਣੀ ਰਾਏ ਦੱਸਣ ਲਈ ਕਾਹਲਾ ਹੈ, ਪਰ ਹਕੀਕਤ ਇਹ ਹੈ ਕਿ ਜਿਹੜੇ ਮੋਹਰਿਆਂ ਨੇ ਰਾਜਨੀਤੀ ਖੇਡਣੀ ਹੈ, ਅਗਲੇ ਕਦਮਾਂ ਬਾਰੇ ਉਹ ਵੀ ਅਜੇ ਤੱਕ ਗਿਣਤੀਆਂ ਦੇ ਚੱਕਰ ਤੋਂ ਬਾਹਰ ਨਹੀਂ ਨਿਕਲੇ। ਉਨ੍ਹਾਂ ਸਾਰਿਆਂ ਲਈ ਅਗਲਾ ਕਦਮ ਜੂਏ ਦੇ ਦਾਅ ਵਾਂਗ ਹੈ। ਫਿਰ ਵੀ ਪੰਜਾਬ ਦੀ ਚਰਚਾ ਵਿਚ ਹਰ ਗੱਲ ਇਸ ਨੁਕਤੇ ਉਤੇ ਕੇਂਦਰਤ ਹੋ ਜਾਂਦੀ ਹੈ ਕਿ ਜਿੰਨੀ ਮਾੜੀ ਹਾਲਤ ਇਸ ਰਾਜ ਦੀ ਹੁਣ ਹੋਈ ਹੈ, ਇਸ ਤਰ੍ਹਾਂ ਦਾ ਮਾੜਾ ਦੌਰ ਪਹਿਲਾਂ ਕਦੇ ਨਹੀਂ ਵੇਖਿਆ ਗਿਆ। ਚੁਫੇਰੇ ਬਦ-ਅਮਨੀ ਵੀ ਹੈ ਤੇ ਸਿਖਰਾਂ ਦਾ ਭ੍ਰਿਸ਼ਟਾਚਾਰ ਵੀ ਹਰ ਕੋਈ ਮੰਨਦਾ ਹੈ। ਜਿਹੜੀ ਗੱਲ ਕਿਸੇ ਨੇ ਨਹੀਂ ਮੰਨਣੀ, ਉਹ ਇਹ ਕਿ ਕੋਈ ਵੀ ਇਹ ਮੰਨਣ ਨੂੰ ਤਿਆਰ ਨਹੀਂ ਕਿ ਉਸ ਨੇ ਵੀ ਭ੍ਰਿਸ਼ਟਾਚਾਰ ਕੀਤਾ ਹੈ। ਬਹੁਤਾ ਭਾਂਡਾ ਅਕਾਲੀ ਲੀਡਰਸ਼ਿਪ ਦੇ ਸਿਰ ਭੰਨਿਆ ਜਾ ਰਿਹਾ ਹੈ।

ਅਕਾਲੀ ਲੀਡਰਸ਼ਿਪ ਦੇ ਸਿਰ ਭਾਂਡਾ ਭੰਨਣ ਵਾਲਿਆਂ ਵਿਚ ਇਸ ਵੇਲੇ ਕਿਸੇ ਵੀ ਹੋਰ ਤੋਂ ਵੱਧ ਭਾਜਪਾ ਲੀਡਰ ਬੋਲਦੇ ਸੁਣਦੇ ਹਨ, ਜਿਹੜੇ ਪਿਛਲੇ ਦਿਨਾਂ ਵਿਚ ਅਕਾਲੀ ਦਲ ਦੇ ਸੀਰੀ ਬਣੇ ਰਹੇ ਸਨ। ਉਦੋਂ ਸੁਖਬੀਰ ਸਿੰਘ ਬਾਦਲ ਨੂੰ ਉਹ ਸਟੇਜੀ ਭਾਸ਼ਣਾਂ ਵਿਚ 'ਪੰਜਾਬ ਦਾ ਭਵਿੱਖ ਦਾ ਮੁੱਖ ਮੰਤਰੀ' ਵੀ ਆਖਣ ਤੱਕ ਚਲੇ ਜਾਂਦੇ ਸਨ, ਪਰ ਦਿੱਲੀ ਤੋਂ ਇਸ਼ਾਰਾ ਮਿਲਣ ਪਿੱਛੋਂ ਉਹ ਪੰਜਾਬ ਦੇ ਸਾਰੇ ਦੁੱਖਾਂ ਲਈ 'ਸਾਲਾ-ਜੀਜਾ' ਜੋੜੀ ਨੂੰ ਜ਼ਿੰਮੇਵਾਰ ਦੱਸਣ ਲੱਗੇ ਹਨ। ਮਾਲਵੇ ਦੇ ਇੱਕ ਭਾਜਪਾ ਮੰਤਰੀ ਨੂੰ ਕਿਸੇ ਵੀ ਹੋਰ ਤੋਂ ਵੱਧ ਸੁਖਬੀਰ ਸਿੰਘ ਬਾਦਲ ਦੇ ਨਿੱਜੀ ਕਾਰਿੰਦੇ ਵਜੋਂ ਵੇਖਿਆ ਜਾਂਦਾ ਸੀ ਪਰ ਹੁਣ ਉਹ ਹਰ ਥਾਂ ਆਪਣੇ ਉਸੇ ਮਾਲਕ ਦੇ ਖਿਲਾਫ ਖੌਰੂ ਪਾਉਣ ਵਿਚ ਖੁਸ਼ ਹੁੰਦਾ ਹੈ। ਸਥਿਤੀ ਬਦਲ ਜਾਣ ਤੋਂ ਬਾਅਦ ਭਾਜਪਾ ਅੰਦਰਲੀਆਂ ਗੱਲਾਂ ਬਾਹਰ ਕੱਢਣ ਲਈ ਹਰ ਤਰੀਕਾ ਵਰਤ ਰਹੀ ਹੈ ਤੇ ਇੱਕ ਖਾਸ ਵੰਨਗੀ ਦੇ ਪੱਤਰਕਾਰਾਂ ਨੂੰ ਉਸ ਦੇ ਕੁਝ ਮੰਤਰੀ ਵੇਲੇ-ਕੁਵੇਲੇ ਡਿਨਰ ਵੀ ਦੇਣ ਲੱਗ ਪਏ ਹਨ।

ਪਹਿਲਾਂ ਅਕਾਲੀ ਦਲ ਨੇ ਕਿਸੇ ਸਮੇਂ ਭਾਜਪਾ ਨੂੰ ਕਮਜ਼ੋਰ ਕਰਨ ਦਾ ਇੱਕ ਦਾਅ ਖੇਡਿਆ ਸੀ। ਜਿਸ ਭਾਜਪਾ ਆਗੂ ਨੂੰ ਅਹੁਦੇ ਦੀ ਸਭ ਤੋਂ ਵੱਧ ਭੁੱਖ ਸੀ, ਉਸ ਨੂੰ ਵਿਧਾਨ ਸਭਾ ਵਿਚਲੇ ਭਾਜਪਾ ਆਗੂ ਦੀ ਵਿਰੋਧਤਾ ਲਈ ਉਕਸਾਇਆ ਜਾਂਦਾ ਰਿਹਾ। ਭਾਜਪਾ ਦੇ ਵਿਧਾਨ ਸਭਾ ਆਗੂ ਨੂੰ ਖੂੰਜੇ ਲਾ ਦੇਣ ਪਿੱਛੋਂ ਬਠਿੰਡੇ ਦੇ ਇੱਕ ਸਮਾਗਮ ਵਿਚ ਉਸ ਮੰਤਰੀ ਦੀ ਬੇਇੱਜ਼ਤੀ ਕਰ ਕੇ ਉਸ ਨੂੰ ਉਸ ਦੀ ਇਹੋ ਜਿਹੀ ਔਕਾਤ ਵਿਖਾਈ ਕਿ ਅਗਲੀ ਵਾਰੀ ਭਾਜਪਾ ਤੋਂ ਉਸ ਨੂੰ ਟਿਕਟ ਵੀ ਨਹੀਂ ਸੀ ਮਿਲਣ ਦਿੱਤੀ। ਹੁਣ ਭਾਜਪਾ ਵਾਲੇ ਇਹੋ ਜਿਹੇ ਦਾਅ ਵਰਤ ਰਹੇ ਹਨ। ਛੋਟੇ ਬਾਦਲ ਤੋਂ ਨਾਰਾਜ਼ ਅਕਾਲੀ ਦਲ ਦੇ ਕੁਝ ਆਗੂਆਂ ਨੂੰ ਦਿੱਲੀ ਵਿਚ ਭਾਜਪਾ ਦੇ ਵੱਡੇ ਆਗੂ ਬਰੇਕ-ਫਾਸਟ ਦੇ ਰਹੇ ਸੁਣੀਂਦੇ ਹਨ।

ਭਾਜਪਾ ਇਸ ਵਕਤ ਪੂਰੀ ਚੜ੍ਹਤ ਵਿਚ ਆਪਣੇ ਕਾਫਲੇ ਨੂੰ ਪੰਜਾਬ ਵਿਚ ਤੋਰਨ ਲਈ ਤਿਆਰ ਹੈ ਤੇ ਅਮਿਤ ਸ਼ਾਹ ਦੀ 22 ਜਨਵਰੀ ਦੀ ਰੈਲੀ ਅਗਲੇ ਵੱਡੇ ਹਮਲੇ ਦਾ ਸੰਖ ਵਜਾਉਣ ਲਈ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਉਹ ਦੂਸਰੀਆਂ ਪਾਰਟੀਆਂ ਵਿਚ ਸੰਨ੍ਹ ਲਾਉਣ ਦੇ ਜਿਹੜੇ ਯਤਨ ਕਰ ਰਹੀ ਹੈ, ਜਗਮੀਤ ਸਿੰਘ ਬਰਾੜ ਦਾ ਕਾਂਗਰਸ ਪਾਰਟੀ ਛੱਡਣਾ ਤੇ ਫਿਰ ਆਪਣੇ ਸਾਥੀਆਂ ਤੋਂ ਉਡਾਰੀਆਂ ਮਰਵਾਉਣ ਦੀ ਮੁਹਿੰਮ ਚਲਵਾਉਣਾ- ਇਸੇ ਖੇਡ ਦਾ ਇੱਕ ਪੈਂਤੜਾ ਸੀ, ਜਿਹੜਾ ਕਾਮਯਾਬ ਰਿਹਾ ਹੈ। ਹੁਣ ਅਕਾਲੀ ਦਲ ਵਿਚ ਸੰਨ੍ਹ ਲਾਈ ਜਾ ਰਹੀ ਜਾਪਦੀ ਹੈ। ਬੜੇ ਚਿਰਾਂ ਦੇ ਕੁਣਕੇ ਤੋਂ ਵਾਂਝੇ ਅਕਾਲੀ ਆਗੂ ਭੁੱਖ ਦਾ ਯੋਗ ਕਮਾਉਣ ਨਾਲੋਂ ਬਾਪੂ ਬਾਦਲ ਦੇ ਟਿੱਲੇ ਨੂੰ ਸਾਸਰੀ-ਕਾਲ ਕਹਿਣ ਲਈ ਮਸ਼ਵਰੇ ਕਰਨ ਲੱਗ ਪਏ ਹਨ। ਇੱਕ ਇਹੋ ਜਿਹੀ ਮਸ਼ਵਰਾ-ਮੀਟਿੰਗ ਵਿਚ ਇੱਕ ਟਕਸਾਲੀ ਅਕਾਲੀ ਨੇ ਆਖਿਆ ਕਿ 'ਭਾਜਪਾ ਹਿੰਦੂਤੱਵ ਦਾ ਝੰਡਾ ਚੁੱਕੀ ਫਿਰਦੀ ਹੈ, ਅਸੀਂ ਹੁਣ ਤੱਕ ਇਹ ਕਹਿੰਦੇ ਰਹੇ ਹਾਂ ਕਿ ਸਿੱਖ ਵੱਖਰੀ ਕੌਮ ਹਨ ਤੇ ਸਾਡਾ ਹਿੰਦੂਤੱਵ



*ਨਰਿੰਦਰ ਮੋਦੀ ਅਤੇ ਅਮਿਤ ਸ਼ਾਹ*

ਨਾਲ ਕੋਈ ਵਾਸਤਾ ਨਹੀਂ। ਜਦੋਂ ਇਨ੍ਹਾਂ ਵਾਲਾ ਝੰਡਾ ਚੁੱਕ ਕੇ ਤੁਰਾਂਗੇ ਤਾਂ ਲੋਕਾਂ ਨੂੰ ਕੀ ਕਹਾਂਗੇ?' ਉਸ ਨੂੰ ਮੀਟਿੰਗ ਵਿਚ ਸੱਦਣ ਵਾਲੇ ਆਗੂ ਨੇ ਹੱਸ ਕੇ ਕਿਹਾ ਕਿ 'ਇਹ ਧਾਰਨਾ ਪੁਰਾਣੀ ਹੋ ਚੁੱਕੀ ਹੈ। ਤਖਤ ਸ੍ਰੀ ਪਟਨਾ ਸਾਹਿਬ ਦੇ ਲੰਮਾ ਸਮਾਂ ਪ੍ਰਧਾਨ ਰਹਿ ਚੁੱਕੇ ਸੁਰਿੰਦਰਜੀਤ ਸਿੰਘ ਆਹਲੂਵਾਲੀਆ ਨੂੰ ਕਾਂਗਰਸੀ ਹੁੰਦੇ ਨੂੰ ਅਕਾਲੀ ਦਲ ਨੇ ਨੇੜੇ ਨਹੀਂ ਸੀ ਲਾਇਆ ਪਰ ਜਦੋਂ ਭਾਜਪਾ ਵਿਚ ਚਲਾ ਗਿਆ, ਉਹ ਸਾਡਾ ਹੋ ਗਿਆ ਸੀ। ਉਹ ਆਪ ਉਥੇ ਨਹੀਂ ਸੀ ਗਿਆ, ਬਾਦਲ ਸਾਹਿਬ ਨੇ ਉਸ ਦਾ ਭਾਜਪਾ ਨਾਲ ਸੌਦਾ ਮਰਵਾਇਆ ਸੀ। ਦਿੱਲੀ ਵਿਚ ਅਕਾਲੀ ਦਲ ਨੇ ਦੋ ਵਾਰੀ ਭਾਜਪਾ ਦੇ ਚੋਣ ਨਿਸ਼ਾਨ 'ਕਮਲ ਦੇ ਫੁੱਲ' ਨਾਲ ਚੋਣ ਲੜੀ ਅਤੇ ਆਪਣੇ ਬੰਦਿਆਂ ਨੂੰ ਭਾਜਪਾ ਉਮੀਦਵਾਰ ਕਿਹਾ ਸੀ। ਉਸ ਤੋਂ ਬਾਅਦ ਦਿੱਲੀ ਦਾ ਸਿੱਖ ਹੁਣ ਅਕਾਲੀ ਤੇ ਭਾਜਪਾ ਦਾ ਫਰਕ ਨਹੀਂ ਰੱਖਦਾ, ਪੰਜਾਬ ਵਿਚ ਵੀ ਫਰਕ ਮਿਟਦਾ ਜਾਂਦਾ ਹੈ।' ਉਸ ਦੀ ਏਨੀ ਦਲੀਲ ਸੁਣਨ ਪਿੱਛੋਂ ਉਹ ਬਾਪੂ ਨਹੀਂ ਸੀ ਬੋਲਿਆ ਪਰ ਦੂਸਰਿਆਂ ਨੇ ਇਹ ਛਹਿਬਰ ਲਾ ਦਿੱਤੀ ਸੀ ਕਿ 'ਸੱਚੇ ਸੌਦੇ ਵਾਲੇ ਨਾਲ ਬਾਦਲ ਪਿਓ-ਪੁੱਤ ਦੀ ਸਾਂਝ, ਨੂਰਮਹਿਲ ਵਾਲੇ ਦੀ ਲਾਸ਼ ਉਤੇ ਵੀ ਇਹ ਪੁਲਿਸ ਦੇ ਪਹਿਰੇ ਲਾਈ ਫਿਰਦੇ ਨੇ, ਕੋਈ ਘਰ ਇਹੋ ਜਿਹਾ ਨਹੀਂ, ਜਿਸ ਦੇ ਵਿਰੁਧ ਅਕਾਲ ਤਖਤ ਸਾਹਿਬ ਦਾ ਹੁਕਮਨਾਮਾ ਆਉਣ ਤੋਂ ਬਾਅਦ ਇਨ੍ਹਾਂ ਨੇ ਸਾਂਝ ਨਾ ਰੱਖੀ ਹੋਵੇ। ਹੁਣ ਇਹ ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰ ਕੇ ਬਿਕਰਮੀ ਕੈਲੰਡਰ ਲਾਗੂ ਕਰਨ ਲੱਗੇ ਨੇ ਤਾਂ ਇਹ ਹਿੰਦੂਤੱਵ ਨਾਲੋਂ ਵੱਖਰੀ ਕਿਹੜੀ ਸਿੱਖ ਕੌਮ ਦੇ ਝੰਡੇ ਝੁਲਾ ਦੇਣਗੇ?'

ਜਿਹੜੀ ਗੱਲ ਸਭ ਤੋਂ ਕਮਾਲ ਦੀ ਹੋਈ, ਉਹ ਇਹ ਸੀ ਕਿ ਇਸ ਮੀਟਿੰਗ ਵਿਚ ਇੱਕ ਇਹੋ ਜਿਹਾ ਲੀਡਰ ਆ ਗਿਆ, ਜਿਹੜਾ ਕਦੇ ਖਾਲਿਸਤਾਨ ਬਣਾਉਣ ਦੇ ਭਾਸ਼ਣ ਕਰਦਾ ਹੁੰਦਾ ਸੀ ਤੇ ਸਿਮਰਨਜੀਤ ਸਿੰਘ ਮਾਨ ਦਾ ਬੜਾ ਲੰਮਾ ਸਮਾ ਚੇਲਾ ਬਣਿਆ ਰਿਹਾ ਸੀ। ਉਪਰੋਕਤ ਦਲੀਲਾਂ ਨਾਲ ਉਹ ਵੀ ਸਹਿਮਤ ਹੁੰਦਾ ਪਿਆ ਸੀ। ਇੱਕ ਜਥੇਦਾਰ ਉਸ ਨੂੰ ਪੁੱਛ ਬੈਠਾ ਕਿ ਤੁਸੀਂ ਵਿਚਾਰਧਾਰਾ ਕਦੋਂ ਦੀ ਬਦਲ ਲਈ? ਉਸ ਨੇ ਹੱਸ ਕੇ ਕਿਹਾ: 'ਮੈਂ ਵਿਚਾਰਧਾਰਾ ਬਦਲਣ ਵਾਲਾ ਪਹਿਲਾ ਨਹੀਂ, ਕਈਆਂ ਨੇ ਬਦਲੀ ਹੈ। ਅੰਮ੍ਰਿਤਸਰ ਡਿਪਟੀ ਕਮਿਸ਼ਨਰ ਦੇ ਦਫਤਰ ਉਤੇ ਖਾਲਸੇ ਦਾ ਝੰਡਾ ਲਾਉਣ ਲਈ ਸਭ ਤੋਂ ਪਹਿਲਾਂ ਜਥੇਦਾਰ ਉਮਰਾਨੰਗਲ ਗਿਆ ਸੀ। ਜੇ ਬਾਅਦ ਵਿਚ ਉਹ ਮੁੱਖ-ਧਾਰਾ ਵਿਚ ਸ਼ਾਮਲ ਹੋ ਗਿਆ ਸੀ ਤਾਂ ਮੈਂ ਕਿਉਂ ਨਹੀਂ ਹੋ ਸਕਦਾ?' ਸ਼ਾਇਦ ਇਹ ਵੱਦਾਣ ਵਰਗੀ ਇਹੋ ਜਿਹੀ ਵੱਡੀ ਚੋਟ ਸੀ, ਜਿਸ ਪਿੱਛੋਂ ਕਿਸੇ ਇੱਕ ਨੇ ਵੀ ਕੋਈ ਸਵਾਲ ਨਹੀਂ ਪੁੱਛਿਆ ਤੇ ਅਮਿਤ ਸ਼ਾਹ ਦੀ ਰੈਲੀ ਦੀ ਤਿਆਰੀ ਕਰਨ ਦੀ ਸਹਿਮਤੀ ਹੋ ਗਈ।

ਬੜਾ ਲੰਮਾ ਸਮਾਂ ਇੱਕ ਖਾਸ ਗੂੰਦ ਨਾਲ ਵਰਕਰ ਅਤੇ ਜਥੇਦਾਰ ਬਾਦਲ ਅਕਾਲੀ ਦਲ ਨਾਲ ਬੱਝੇ ਹੋਏ ਸਮਝੇ ਜਾਂਦੇ ਸਨ, ਤੇ ਉਹ ਗੂੰਦ ਅਕਾਲੀ ਦਲ ਨਾਲ ਵਫਾਦਾਰੀ ਨਹੀਂ, ਸਗੋਂ ਪੁਲਿਸ ਦਾ ਡੰਡਾ ਸੀ। ਮਨਪ੍ਰੀਤ ਸਿੰਘ ਬਾਦਲ ਦੇ ਨਾਲ ਪੰਦਰਾਂ ਸਾਲ ਰਾਤ-ਦਿਨ ਜੁੜੇ ਰਹੇ ਇੱਕ ਬੰਦੇ ਦੇ ਖਿਲਾਫ ਕੇਸ ਬਣਾ ਕੇ ਉਸ ਨੂੰ ਅਤੇ ਉਸ ਦੇ ਬਾਪ ਨੂੰ ਜਦੋਂ ਥਾਣੇ ਵਿਚ ਦੋ ਰਾਤਾਂ ਕੱਟਵਾ ਦਿੱਤੀਆਂ ਤਾਂ ਉਸ ਨੇ ਆਪਣੇ ਆਪ ਮਨਪ੍ਰੀਤ ਸਿੰਘ ਦਾ ਪੱਲਾ ਛੱਡ ਕੇ ਮੌਕੇ ਦੇ ਮਾਲਕਾਂ ਦੀ ਸਰਦਲ ਉਤੇ ਮੱਥਾ ਜਾ ਟੇਕਿਆ ਸੀ। ਜਿਹੜੇ ਪੁਲਿਸ ਅਫਸਰ ਇਸ ਖੇਡ ਵਿਚ ਵੱਡੇ-ਘਰ ਨੰਬਰ ਬਣਾਉਣ ਲਈ ਏਨੇ ਸਰਗਰਮ ਹੁੰਦੇ ਸਨ ਕਿ ਉਨ੍ਹਾਂ ਨੂੰ ਪੁਲਿਸ ਮਹਿਕਮੇ ਦੇ ਮੁਲਾਜ਼ਮ ਪਿੱਠ ਪਿੱਛੇ 'ਜਥੇਦਾਰ ਜੀ' ਕਿਹਾ ਕਰਦੇ ਸਨ, ਉਨ੍ਹਾਂ ਵਿਚੋਂ ਕੁਝ ਹੁਣ ਆਨੇ-ਬਹਾਨੇ ਦਿੱਲੀ ਦਾ ਟੂਰ ਪ੍ਰੋਗਰਾਮ ਰੱਖਣ ਲੱਗ ਪਏ ਹਨ ਤੇ ਉਥੇ ਮਿਲਦੇ ਕਿਸ ਆਗੂ ਜਾਂ ਮੰਤਰੀ ਨੂੰ ਹਨ, ਇਹ ਪੁਲਿਸ ਦੇ ਦੂਸਰੇ ਅਫਸਰਾਂ ਨੂੰ ਵੀ ਪਤਾ ਹੁੰਦਾ ਹੈ।

ਲਾਲੂ ਪ੍ਰਸਾਦ ਯਾਦਵ ਨੇ ਇੱਕ ਵਾਰ ਇਹ ਕਿਹਾ ਸੀ ਕਿ ਭਾਰਤ ਵਿਚ ਸਭ ਤੋਂ ਵੱਡਾ ਮੌਸਮ ਵਿਗਿਆਨੀ ਰਾਮ ਵਿਲਾਸ ਪਾਸਵਾਨ ਹੈ, ਜਿਸ ਨੂੰ ਪਹਿਲਾਂ ਪਤਾ ਹੁੰਦਾ ਹੈ ਕਿ ਹਵਾ ਦਾ ਰੁਖ ਕਿਹੜੇ ਪਾਸੇ ਨੂੰ ਹੈ, ਇਸ ਲਈ ਉਸ ਪਾਸੇ ਮੂੰਹ ਮੋੜ ਤੁਰਦਾ ਹੈ। ਪੰਜਾਬ ਦੇ ਪੁਲਿਸ ਅਤੇ ਸਿਵਲ ਅਫਸਰ ਰਾਮ ਵਿਲਾਸ ਪਾਸਵਾਨ ਜਿੰਨੇ ਸਿਆਣੇ ਨਹੀਂ, ਇਸ ਲਈ ਕਈ ਵਾਰੀ ਮੌਸਮ ਦਾ ਗਲਤ ਅੰਦਾਜ਼ਾ ਲਾ ਕੇ ਫਸ ਜਾਂਦੇ ਹਨ ਪਰ ਇਹ ਗੱਲ ਸਾਫ ਹੈ ਕਿ ਵਕਤ ਤੋਂ ਪਹਿਲਾਂ ਨਵੇਂ ਮਾਲਕਾਂ ਦੀ ਭਾਲ ਕਰਨ ਦਾ ਮੌਕਾ ਉਹ ਵੀ ਨਹੀਂ ਗੁਆਉਂਦੇ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਜਦੋਂ ਇਹ ਲੱਗਦਾ ਸੀ ਕਿ ਕਾਂਗਰਸ ਨੇ ਜਿੱਤ ਜਾਣਾ ਹੈ ਤੇ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਬਣੇਗਾ, ਕੁਝ ਅਫਸਰ ਇੱਕ ਦਿਨ ਪਹਿਲਾਂ ਪਟਿਆਲੇ ਵਿਚ ਜਾ ਪਹੁੰਚੇ ਸਨ ਤੇ ਨਤੀਜੇ ਦੇ ਦਿਨ ਮੋਤੀ-ਮਹਿਲ ਦੇ ਸ਼ਾਮਿਆਨੇ ਲੱਗਣ ਦਾ ਪ੍ਰਬੰਧ ਵੀ ਕੋਲ ਖੜੋ ਕੇ ਕਰਾਉਂਦੇ ਪਏ ਸਨ। ਜਦੋਂ ਦਸ ਵਜੇ ਤੱਕ ਬਾਜ਼ੀ ਪਲਟਣ ਲੱਗੀ ਤਾਂ ਉਨ੍ਹਾਂ ਦੀਆਂ ਕਾਰਾਂ ਅੱਗੜ-ਪਿੱਛੜ ਚੰਡੀਗੜ੍ਹ ਨੂੰ ਇਸ ਤਰ੍ਹਾਂ ਦੌੜੀਆਂ ਜਾਂਦੀਆਂ ਸਨ, ਜਿਵੇਂ ਕਿਤੇ ਅੱਗ ਲੱਗੀ ਬੁਝਾਉਣ ਲਈ ਫਾਇਰ ਬ੍ਰਿਗੇਡ ਦੇ ਇੰਜਣ ਜਾਂਦੇ ਹਨ। ਇਹ ਕੰਮ ਹੁਣ ਫਿਰ ਹੋਣ ਲੱਗ ਪਿਆ ਹੈ। ਇੱਕ ਅਫਸਰ ਕਿਸੇ ਵੇਲੇ ਅਮਰਿੰਦਰ ਸਿੰਘ ਦੇ ਰਾਜ ਵਿਚ ਅਕਾਲੀਆਂ ਦੇ ਖਿਲਾਫ ਵੀ ਸੀ ਤੇ ਜੇਬਾਂ ਭਰਨ ਵਾਲੀ ਜੁੰਡੀ ਦਾ ਵੀ ਅੰਗ ਸੀ। ਅਕਾਲੀ-ਭਾਜਪਾ ਨੇ ਚੋਣਾਂ ਮੌਕੇ ਜਾਰੀ ਕੀਤੇ ਇਸ਼ਤਿਹਾਰਾਂ ਵਿਚ ਉਸ ਦੀ ਫੋਟੋ ਲਾ ਕੇ ਲਿਖਿਆ ਸੀ ਕਿ ਰਾਜ ਬਦਲਣ ਮਗਰੋਂ ਇਹ ਵੀ ਜੇਲ੍ਹ ਜਾਵੇਗਾ। ਰਾਜ ਬਦਲਦੇ ਸਾਰ ਉਹ ਕੇਂਦਰ ਸਰਕਾਰ ਦੇ ਇੱਕ ਮਹਿਕਮੇ ਵਿਚ ਬਦਲੀ ਕਰਵਾ ਕੇ ਚਲਾ ਗਿਆ ਅਤੇ ਦਿੱਲੀ ਬੈਠ ਕੇ ਪੰਜਾਬ ਦੇ ਨਵੇਂ ਮਾਲਕਾਂ ਦੇ ਮਿੰਨਤ-ਤਰਲੇ ਕਰ-ਕਰ ਕੇ ਆਖਰ ਇਸ ਗੱਲ ਵਿਚ ਕਾਮਯਾਬ ਰਿਹਾ ਕਿ ਅਕਾਲੀਆਂ ਦੀ ਲੀਡਰਸ਼ਿਪ ਨੇ ਉਸ ਨੂੰ ਬੇਗਾਨਾ ਪੁੱਤ ਮੁਤਬੰਨਾ ਬਣਾਉਣ ਵਾਂਗ ਅਪਨਣਾ ਲਿਆ। ਕਮਾਲ ਦੀ ਗੱਲ ਇਹ ਵੀ ਹੈ ਕਿ ਅੱਜ ਦੇ ਪ੍ਰਸ਼ਾਸਨ ਵਿਚ ਉਹ ਸਿਖਰ ਉਤੇ ਹੈ, ਪਰ ਇਹ ਗੱਲ ਕੁਝ ਗਿਣਤੀ ਦੇ ਲੋਕਾਂ ਤੱਕ ਸੀਮਤ ਹੈ ਕਿ ਪਿਛਲੇ ਹਫਤੇ ਫਿਰ ਦਿੱਲੀ ਜਾ ਕੇ ਉਹ ਅਗਲੀ ਧਿਰ-ਬਦਲੀ ਦਾ ਜੁਗਾੜ ਬਣਾ ਆਇਆ ਹੈ। ਇਹ ਸਭ ਕੁਝ ਇਸ ਲਈ ਹੋ ਰਿਹਾ ਹੈ ਕਿ ਪੰਜਾਬ ਵਿਚ ਇਹ ਪ੍ਰਭਾਵ ਜੰਮ ਚੁੱਕਾ ਹੈ ਕਿ ਸਿਆਸੀ ਰੁੱਤ ਬਦਲਣ ਵਾਲੀ ਹੈ।

ਪੰਜਾਬ ਦੀ ਰਾਜਨੀਤੀ ਦੇ ਇਸ ਉਲਝਣ ਭਰੇ ਪੜਾਅ ਉਤੇ ਹੁਣ ਕੁਝ ਲੋਕ ਇਹ ਸੋਚ ਰਹੇ ਹਨ ਕਿ ਸੁਖਬੀਰ ਸਿੰਘ ਦੀਆਂ ਪਾਈਆਂ ਉਲਝਣਾਂ ਨੂੰ ਸੁਲਝਾਉਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੁਝ ਕਰਨਗੇ। ਆਪਣੇ ਪੇਟ ਦੀ ਕਿਸੇ ਗੱਲ ਦਾ ਕਦੀ ਭੇਦ ਨਾ ਦੇਣ ਵਾਲੇ ਪ੍ਰਕਾਸ਼ ਸਿੰਘ ਬਾਦਲ ਨੂੰ ਵਕਤ ਆਏ ਤੋਂ ਲਿਫਣਾ ਵੀ ਆਉਂਦਾ ਹੈ ਅਤੇ ਜਦੋਂ ਮੌਕਾ ਮਿਲ ਜਾਵੇ ਤਾਂ ਵਰਤਣਾ ਵੀ ਆਉਂਦਾ ਹੈ। ਬੜੇ ਔਖੇ ਹਾਲਾਤ ਵਿਚ ਅਕਾਲ ਤਖਤ ਦੇ ਜਿਸ ਜਥੇਦਾਰ ਨੇ ਉਸ ਨੂੰ ਸੱਦ ਕੇ ਇਹ ਸਥਿਤੀ ਬਣਾ ਦਿੱਤੀ ਸੀ ਕਿ ਜਾਂ ਬਾਦਲ ਬਾਕੀਆਂ ਦੇ ਥੱਲੇ ਲੱਗੇਗਾ ਤੇ ਜਾਂ ਤਨਖਾਹੀਆ ਮੰਨ ਕੇ ਉਸ ਨੂੰ ਭਾਂਡੇ ਮਾਂਜਣ ਲਾ ਦਿੱਤਾ ਜਾਵੇਗਾ, ਉਸ ਨੇ ਉਹ ਸਥਿਤੀ ਪਲਟ ਲਈ ਸੀ। ਬਹੁਤੇ ਲੋਕਾਂ ਨੂੰ ਇਹ ਪਤਾ ਕਦੇ ਨਹੀਂ ਸੀ ਲੱਗਾ ਕਿ ਉਸ ਸਥਿਤੀ ਨੂੰ ਪਲਟਣ ਲਈ ਉਨ੍ਹਾਂ ਨੇ ਜਥੇਦਾਰ ਦੇ ਪਿਤਾ ਜੀ ਨੂੰ ਮਨਾ ਲਿਆ ਤੇ ਜਦੋਂ ਜਥੇਦਾਰ ਪੁੱਤਰ ਦੇ ਸਾਹਮਣੇ ਪੰਜਾਬ ਦਾ ਸਾਬਕਾ ਮੁੱਖ ਮੰਤਰੀ ਪੇਸ਼ ਹੋਇਆ ਤਾਂ ਜਥੇਦਾਰ ਦੇ ਪਿਤਾ ਜੀ ਉਸ ਨਾਲ ਸੱਜੇ ਪਾਸੇ ਖੜੇ ਹੋਣ ਕਾਰਨ ਲਿਖੇ ਪਏ ਪਹਿਲੇ ਕਾਗਜ਼ ਪਾਸੇ ਰੱਖ ਕੇ ਨਵੇਂ ਬਣ ਗਏ ਸਨ।

ਬਾਦਲ ਇਸ ਵੇਲੇ ਫਿਰ ਦਿੱਲੀ ਨਾਲ ਸਾਂਝ ਦੀਆਂ ਤੰਦਾਂ ਜੋੜਨ ਦੇ ਯਤਨ ਵਿਚ ਹੈ ਤੇ ਇਸ ਸਾਂਝ ਦੀ ਵੇਦੀ ਤੋਂ ਚੌਟਾਲਿਆਂ ਦੀ ਸਾਰੀ ਉਮਰ ਦੀ ਯਾਰੀ ਵੀ ਕੁਰਬਾਨ ਕਰਨ ਨੂੰ ਤਿਆਰ ਹੈ। ਬੀਤੇ ਦਸੰਬਰ ਮਹੀਨੇ ਪਿੰਡ ਬਾਦਲ ਵਿਚ ਕਬੱਡੀ ਮੈਚ ਮੌਕੇ ਪਹਿਲੀ ਵਾਰ ਹੋਇਆ ਕਿ ਚੌਟਾਲਿਆਂ ਦਾ ਕੋਈ ਜੀਅ ਦਿਖਾਈ ਨਹੀਂ ਦਿੱਤਾ ਤੇ ਉਨ੍ਹਾਂ ਦੇ ਕੱਟੜ ਵਿਰੋਧੀ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਹੁਰੀਂ ਭਲਵਾਨੀ ਗੇੜੇ ਦਿੰਦੇ ਜਾਪਦੇ ਸਨ। ਮਾਮਲਾ ਕੁੰਢੀਆਂ ਦੇ ਸਿੰਗ ਫਸਣ ਵਾਂਗ ਹੈ। ਜਿੰਨੇ ਕੁ ਰਾਜਨੀਤੀ ਦੇ ਦਾਅ ਪ੍ਰਕਾਸ਼ ਸਿੰਘ ਬਾਦਲ ਨੇ ਹੁਣ ਤੱਕ ਅਜ਼ਮਾਏ ਹੋਏ ਹਨ, ਉਨ੍ਹਾਂ ਬਾਰੇ ਸ਼ਾਇਦ ਕੋਈ ਸੋਚ ਵੀ ਸਕਦਾ ਹੈ ਪਰ ਜਿਹੜੇ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਨਾਂ ਦੇ ਦੋ ਆਗੂਆਂ ਨਾਲ ਵਾਸਤਾ ਪਿਆ ਹੈ, ਉਨ੍ਹਾਂ ਬਾਰੇ ਸੋਚਣ ਦਾ ਦਾਅਵਾ ਵੀ ਕੋਈ ਨਹੀਂ ਕਰਦਾ। ਉਹ ਕਿਹੜਾ ਦਾਅ ਖੇਡ ਜਾਣਗੇ, ਪੰਜਾਬ ਦੀ ਅਗਲੀ ਰਾਜਨੀਤੀ ਉਸ ਉਤੇ ਨਿਰਭਰ ਕਰੇਗੀ।




10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

24/7 Customer Service Available
Same rate for lanline and mobile.

ਟੌਲ ਫਰੀ ਨੰਬਰ 1-888-652-6268
732-983-4332/4333

# ਪੰਜਾਬ ਵਿਚ ਨਸ਼ਿਆਂ ਦੇ ਮੁੱਦੇ 'ਤੇ ਸਿਆਸੀ ਜੰਗ ਤੇਜ਼

**ਅੰਮ੍ਰਿਤਸਰ:** ਪੰਜਾਬ ਦੀਆਂ ਸਿਆਸੀ ਧਿਰਾਂ ਨਸ਼ਿਆਂ ਦੇ ਮੁੱਦੇ 'ਤੇ ਸਿਆਸਤ ਚਮਕਾਉਣ ਵਿਚ ਜੁਟ ਗਈਆਂ ਹਨ। ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਦੀ ਅਕਾਲੀ ਦਲ ਦੇ ਗੜ੍ਹ ਮਾਝੇ ਵਿਚ 22 ਜਨਵਰੀ ਨੂੰ ਰੱਖੀ ਗਈ ਨਸ਼ਾ ਵਿਰੋਧੀ ਜਾਗਰੂਕਤਾ ਰੈਲੀ ਫਿਰ ਮੁਲਤਵੀ ਕਰ ਦਿੱਤੀ ਗਈ ਹੈ। ਭਾਜਪਾ ਦਾ ਇਹ ਫੈਸਲਾ ਕਾਂਗਰਸ ਵੱਲੋਂ ਅੰਮ੍ਰਿਤਸਰ ਵਿਚ 22 ਜਨਵਰੀ ਨੂੰ ਹੀ 'ਲਲਕਾਰ ਰੈਲੀ' ਕਰਨ ਦੇ ਐਲਾਨ ਪਿੱਛੋਂ ਆਇਆ ਹੈ। ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਭਾਜਪਾ ਕਾਂਗਰਸ ਦੀ ਰੈਲੀ ਤੋਂ ਡਰ ਕੇ ਭੱਜ ਗਈ ਹੈ। ਹਾਲਾਂਕਿ ਭਾਜਪਾ ਦਾ ਕਹਿਣਾ ਹੈ ਕਿ ਇਹ ਰੈਲੀ ਦਿੱਲੀ ਵਿਧਾਨ ਸਭਾ ਚੋਣਾਂ ਕਾਰਨ ਮੁਲਤਵੀ ਕੀਤੀ ਗਈ ਹੈ। ਭਾਜਪਾ ਵੱਲੋਂ ਅਚਨਚੇਤ ਹੀ ਦੂਜੀ ਵਾਰ ਰੈਲੀ ਮੁਲਤਵੀ ਕਰਨ ਦਾ ਐਲਾਨ ਕੀਤਾ ਗਿਆ ਹੈ। ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੇ ਪਹਿਲਾਂ 12 ਜਨਵਰੀ ਨੂੰ ਰੈਲੀ ਕਰਨ ਦਾ ਪ੍ਰੋਗਰਾਮ ਰੱਖਿਆ ਸੀ।

ਦੱਸਣਯੋਗ ਹੈ ਕਿ ਪੰਜਾਬ ਵਿਚ ਨਸ਼ਿਆਂ ਦੇ ਮੁੱਦੇ 'ਤੇ ਸਿਆਸੀ ਧਿਰਾਂ ਇਕ-ਦੂਜੀ ਨੂੰ ਪਿੱਛੇ ਛੱਡਣ ਵਾਲਾ ਦਾਅ ਖੇਡ ਰਹੀਆਂ ਹਨ। ਇਸ ਤੋਂ ਪਹਿਲਾਂ ਅਕਾਲੀ ਦਲ ਸਰਹੱਦ 'ਤੇ ਨਸ਼ਿਆਂ ਖਿਲਾਫ ਧਰਨੇ ਮਾਰ ਚੁੱਕਾ ਹੈ। ਭਾਜਪਾ ਦੇ ਪ੍ਰਦੇਸ਼ ਪ੍ਰਧਾਨ ਕਮਲ ਸ਼ਰਮਾ ਨੇ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਨਵੀਂ ਦਿੱਲੀ ਵਿਧਾਨ ਸਭਾ ਚੋਣਾਂ ਦਾ ਐਲਾਨ ਹੋ ਜਾਣ ਕਾਰਨ ਅੰਮ੍ਰਿਤਸਰ ਵਿਚ ਕੀਤੀ ਜਾਣ ਵਾਲੀ ਪ੍ਰਸਤਾਵਿਤ ਕਾਨਫਰੰਸ ਰੱਦ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ 23 ਜਨਵਰੀ ਤੋਂ ਭਾਰਤੀ ਜਨਤਾ ਯੁਵਾ ਮੋਰਚਾ ਵੱਲੋਂ ਨਸ਼ਿਆਂ ਖ਼ਿਲਾਫ਼ ਸ਼ੁਰੂ ਕੀਤੀ ਜਾਣ ਵਾਲੀ ਜਨ ਜਾਗਰਣ ਯਾਤਰਾ ਨੂੰ ਵੀ ਅੱਗੇ ਪਾ ਦਿੱਤਾ ਗਿਆ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਕਾਂਗਰਸ ਦੇ ਪ੍ਰੋਗਰਾਮ ਵਿਚ ਕੋਈ ਤਬਦੀਲੀ ਨਹੀਂ ਹੋਈ ਹੈ। ਇਕ ਬਿਆਨ ਰਾਹੀਂ ਉਨ੍ਹਾਂ ਕਿਹਾ ਕਿ ਭਾਜਪਾ, ਕਾਂਗਰਸ ਦੇ ਪ੍ਰੋਗਰਾਮ ਤੋਂ ਡਰ ਕੇ ਪੰਜਾਬ ਵਿਚ ਨਸ਼ਾ ਵਿਰੋਧੀ ਮੁਹਿੰਮ ਚਲਾਉਣ ਤੋਂ ਭੱਜ ਗਈ ਹੈ। ਭਾਜਪਾ ਦਾ ਦੋਗਲਾ ਚਿਹਰਾ ਬੇਨਕਾਬ ਹੋ ਗਿਆ ਹੈ। ਕੈਪਟਨ ਨੇ ਕਿਹਾ ਕਿ ਭਾਜਪਾ ਪਹਿਲਾਂ ਨਸ਼ਿਆਂ ਦੀ ਸਮਗਲਿੰਗ ਵਿਰੁੱਧ ਰੌਲਾ ਪਾ ਰਹੀ ਸੀ ਪਰ ਉਸ ਨੇ ਵਿਧਾਨ ਸਭਾ ਵਿਚ ਕਾਂਗਰਸ ਵੱਲੋਂ ਲਿਆਂਦੇ ਬੇਭਰੋਸਗੀ ਦੇ ਮਤੇ 'ਤੇ ਅਕਾਲੀਆਂ ਦਾ ਸਾਥ ਦਿੱਤਾ। ਭਾਜਪਾ ਪੰਜਾਬ ਦੇ ਲੋਕਾਂ ਨੂੰ ਇਨਸਾਫ਼ ਨਹੀਂ ਦਿਵਾ ਸਕਦੀ। ਉਨ੍ਹਾਂ ਕਿਹਾ ਕਿ ਭਾਵੇਂ ਭਾਜਪਾ ਨੇ ਰੈਲੀ ਅੱਗੇ ਪਾ ਦਿੱਤੀ ਹੈ ਪਰ ਕਾਂਗਰਸ ਦੀ ਰੈਲੀ 22 ਨੂੰ ਹੀ ਹੋਵੇਗੀ। ਭਾਜਪਾ ਦੀ ਰੈਲੀ ਮੁਲਤਵੀ ਹੋਣ 'ਤੇ ਕੈਪਟਨ ਸਮਰਥਕਾਂ ਵਿਚ ਉਤਸ਼ਾਹ ਹੈ। ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਤੇ ਵਿਧਾਇਕ ਹਰਦਿਆਲ ਕੰਬੋਜ, ਸਾਬਕਾ ਵਿਧਾਇਕ ਮਦਨ ਲਾਲ ਜਲਾਲਪੁਰ, ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਸ਼ਰਨਜੀਤ ਸਿੰਘ ਜੋਗੀਪੁਰ ਆਦਿ ਨੇ ਕਿਹਾ ਕਿ ਭਾਜਪਾ, ਕੈਪਟਨ ਦੀ ਲਲਕਾਰ ਤੋਂ ਪਹਿਲਾਂ ਹੀ ਡਰ ਗਈ ਹੈ।

## ਕੈਪਟਨ ਅਮਰਿੰਦਰ ਸਿੰਘ ਦੀ 'ਲਲਕਾਰ' ਪਿੱਛੋਂ ਭਾਜਪਾ ਦੀ ਅੰਮ੍ਰਿਤਸਰ ਰੈਲੀ ਮੁਲਤਵੀ



## ਭਾਜਪਾ ਵਲੋਂ ਬਾਦਲਾਂ ਦੇ ਜ਼ਿਲ੍ਹੇ ਤੋਂ ਪੇਂਡੂ ਵੋਟ ਬੈਂਕ ਨੂੰ ਸੰਨ੍ਹ

**ਸ੍ਰੀ ਮੁਕਤਸਰ ਸਾਹਿਬ**: ਭਾਰਤੀ ਜਨਤਾ ਪਾਰਟੀ ਵੱਲੋਂ ਆਪਣੀ ਗੁੱਝੀ ਯੋਜਨਾ ਤਹਿਤ ਅਕਾਲੀ ਦਲ ਦਾ ਪੇਂਡੂ ਵੋਟ ਬੈਂਕ ਹਥਿਆਉਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਜ਼ਿਲ੍ਹੇ ਤੋਂ ਕਵਾਇਦ ਸ਼ੁਰੂ ਕਰ ਦਿੱਤੀ ਹੈ। ਇਸ ਲਈ ਮੁਕਤਸਰ ਲਾਗਲੇ ਦੋ ਪਿੰਡਾਂ ਮੋਹਲਾਂ ਤੇ ਭੰਗੇਵਾਲਾ ਵਿਖੇ ਭਾਜਪਾ ਵੱਲੋਂ ਵੱਡੀਆਂ ਸਿਆਸੀ ਕਾਨਫਰੰਸਾਂ ਕੀਤੀਆਂ ਗਈਆਂ। ਇਨ੍ਹਾਂ ਦੋਹਾਂ ਕਾਨਫਰੰਸਾਂ ਵਿਚ ਭਾਰਤੀ ਜਨਤਾ ਪਾਰਟੀ ਦੇ ਕੇਂਦਰੀ ਮੰਤਰੀ ਵਿਜੈ ਸਾਂਪਲਾ ਤੇ ਸੂਬਾ ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਹ ਦੋਵੇਂ ਕਾਨਫਰੰਸਾਂ ਨਿਰੋਲ ਪੇਂਡੂ ਖੇਤਰ ਵਿਚ ਸਨ। ਪਿੰਡ ਮੋਹਲਾਂ ਵਿਖੇ ਤਕਰੀਬਨ ਤਿੰਨ ਹਜ਼ਾਰ ਦੀ ਵੱਡੀ ਗਿਣਤੀ ਵਿਚ ਮਲੋਟ, ਪੰਨ੍ਹੀਵਾਲਾ ਤੇ ਮੁਕਤਸਰ ਲਾਗਲੇ ਪਿੰਡਾਂ ਦੇ ਕਿਸਾਨ ਤੇ ਖੇਤ ਮਜ਼ਦੂਰ ਸ਼ਾਮਲ ਹੋਏ। ਇਸੇ ਤਰ੍ਹਾਂ ਪਿੰਡ ਭੰਗੇਵਾਲਾ ਵਿਖੇ ਮੁਕਤਸਰ, ਸਾਦਿਕ ਤੇ ਫਰੀਦਕੋਟ ਖੇਤਰ ਦੇ ਪੇਂਡੂ ਲੋਕ ਸ਼ਾਮਲ ਹੋਏ। ਭਾਜਪਾ ਵੱਲੋਂ ਇਕੋ ਦਿਨ ਕੀਤੀਆਂ ਇਨ੍ਹਾਂ ਦੋਵੇਂ ਵੱਡੀਆਂ ਕਾਨਫਰੰਸਾਂ ਵਿਚ ਮੇਲਾ ਮਾਘੀ ਮੌਕੇ ਹੋਣ ਵਾਲੀ ਅਕਾਲੀ ਕਾਨਫਰੰਸ ਤੇ ਕਿਸੇ ਅਕਾਲੀ ਆਗੂ ਦਾ ਕੋਈ ਜ਼ਿਕਰ ਤੱਕ ਵੀ ਨਹੀਂ ਕੀਤਾ ਗਿਆ।

# ਜਗਦੀਸ਼ ਭੋਲੇ ਤੇ ਬਿੱਟੂ ਔਲਖ ਨੇ ਡਰੱਗ ਕੇਸ ਦੀ ਸੀ.ਬੀ.ਆਈ. ਜਾਂਚ ਮੰਗੀ

**ਮੁਹਾਲੀ**: ਛੇ ਹਜ਼ਾਰ ਕਰੋੜ ਦੇ ਸਿੰਥੈਟਿਕ ਡਰੱਗ ਮਾਮਲੇ ਵਿਚ ਫੜੇ ਗਏ ਮਨਜਿੰਦਰ ਸਿੰਘ ਉਰਫ਼ ਬਿੱਟੂ ਔਲਖ ਤੇ ਸਾਬਕਾ ਕੌਮਾਂਤਰੀ ਪਹਿਲਵਾਨ ਤੇ ਬਰਖ਼ਾਸਤ ਡੀ.ਐਸ.ਪੀ ਜਗਦੀਸ਼ ਸਿੰਘ ਨੇ ਡਰੱਗ ਤਸਕਰੀ ਮਾਮਲੇ ਦੀ ਸੀ.ਬੀ.ਆਈ. ਤੋਂ ਉੱਚ ਪੱਧਰੀ ਜਾਂਚ ਕਰਵਾਉਣ ਦੀ ਮੰਗ ਕੀਤੀ।

ਮੁਹਾਲੀ ਅਦਾਲਤ ਵਿਚ ਪੇਸ਼ੀ ਦੌਰਾਨ ਉਨ੍ਹਾਂ ਸਪੱਸ਼ਟ ਕੀਤਾ ਕਿ ਨਸ਼ਾ ਵਿਰੋਧੀ ਮੁਹਿੰਮ ਦੌਰਾਨ ਪੰਜਾਬ ਪੁਲਿਸ ਨੂੰ ਉਨ੍ਹਾਂ ਕੋਲੋਂ ਰੱਤੀ ਭਰ ਵੀ ਨਸ਼ਾ ਬਰਾਮਦ ਨਹੀਂ ਹੋਇਆ ਪਰ ਇਸ ਦੇ ਬਾਵਜੂਦ ਉਨ੍ਹਾਂ ਨੂੰ ਝੂਠੇ ਮਾਮਲੇ ਵਿਚ ਫਸਾਇਆ ਗਿਆ। ਉਨ੍ਹਾਂ ਜਨਤਕ ਤੌਰ 'ਤੇ ਐਲਾਨ ਕੀਤਾ ਕਿ ਜੇਕਰ ਪੁਲਿਸ ਗ੍ਰਿਫ਼ਤਾਰੀ ਦੌਰਾਨ ਜਾਂ ਇਸ ਤੋਂ ਪਹਿਲਾਂ ਉਸ ਕੋਲੋਂ ਇਕ ਗ੍ਰਾਮ ਵੀ ਨਸ਼ੀਲਾ ਪਦਾਰਥ ਬਰਾਮਦ ਹੋਇਆ ਦਿਖਾ ਦੇਵੇ ਤੇ ਅਦਾਲਤ ਵਿਚ ਇਹ ਗੱਲ ਸਾਬਤ ਕਰ ਦੇਵੇ ਤਾਂ ਫਿਰ ਭਾਵੇਂ ਉਸ ਨੂੰ ਫ਼ਾਂਸੀ ਚੜ੍ਹਾ ਦਿੱਤਾ ਜਾਵੇ। ਭੋਲਾ ਹਾਲੇ ਮੀਡੀਆ ਨਾਲ ਆਪਣੀ ਗੱਲ ਸਾਂਝੀ ਕਰ ਰਿਹਾ ਸੀ ਤੇ ਇਸ ਤੋਂ ਪਹਿਲਾਂ ਕਿ ਮੀਡੀਆ ਕਰਮੀ ਉਸ ਨੂੰ ਕੁਝ ਹੋਰ ਪੁੱਛਦੇ ਕਿ ਪੁਲਿਸ ਵਾਲਿਆਂ ਨੇ ਸੁਰੱਖਿਆ ਘੇਰਾ ਬਣਾਉਂਦਿਆਂ ਭੋਲੇ ਨੂੰ ਪਿੱਛੇ ਖਿੱਚ ਲਿਆ ਤੇ ਪੁਲਿਸ ਦੀ ਗੱਡੀ ਵਿਚ ਬਿਠਾ ਕੇ ਤਾਕੀ ਬੰਦ ਕਰ ਦਿੱਤੀ।

ਉਧਰ ਬਿੱਟੂ ਔਲਖ ਨੇ ਕਿਹਾ ਕਿ ਜੇਕਰ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਕਰਦੀ ਹੈ ਤਾਂ ਸੱਚ ਸਾਹਮਣੇ ਆ ਜਾਵੇਗਾ। ਪੇਸ਼ੀ ਲਈ ਲਿਆਂਦਾ ਬਿੱਟੂ ਔਲਖ ਜਿਵੇਂ ਹੀ ਗੱਡੀ ਵਿਚੋਂ ਉਤਰਿਆ ਤਾਂ ਉਹ ਮੁਸਕਰਾ ਰਿਹਾ ਸੀ ਅਤੇ ਸੁਰੱਖਿਆ ਕਰਮੀਆਂ ਨੂੰ ਕਹਿ ਰਿਹਾ ਸੀ ਕਿ ਫੋਟੋਗਰਾਫਰਾਂ ਨੂੰ ਤਸਵੀਰਾਂ ਖਿੱਚ ਲੈਣ ਦਿਉ। ਸੱਤਾਧਾਰੀ ਧਿਰ ਇਸ ਮਾਮਲੇ ਵਿਚ ਸੀ.ਬੀ.ਆਈ. ਤੋਂ ਜਾਂਚ ਕਰਵਾਏ ਜਾਣ ਨੂੰ ਇਹ ਕਹਿ ਕੇ ਟਾਲਦੀ ਆ ਰਹੀ ਹੈ ਕਿ ਕਿਸੇ ਵੀ ਦੋਸ਼ੀ ਦੇ ਕਹਿਣ 'ਤੇ ਸੀ.ਬੀ.ਆਈ. ਜਾਂਚ ਨਹੀਂ ਕਰਵਾਈ ਜਾ ਸਕਦੀ ਹੈ।

# ਨਸ਼ਿਆਂ ਖਿਲਾਫ ਸਖਤੀ ਨੇ ਅਮਲੀ ਸੁੱਕਣੇ ਪਾਏ

**ਜਗਰਾਉਂ:** ਪੰਜਾਬ ਵਿਚ ਨਸ਼ਿਆਂ ਖਿਲਾਫ਼ ਹੋਈ ਸਖ਼ਤੀ ਤੋਂ ਬਾਅਦ ਸੂਬੇ ਦੇ ਸਰਕਾਰੀ ਤੇ ਗੈਰ ਸਰਕਾਰੀ ਨਸ਼ਾ ਛੁਡਾਉ ਕੇਂਦਰਾਂ 'ਤੇ ਨਿਰਭਰ ਹੋ ਚੁੱਕੇ ਅਮਲੀਆਂ ਦਾ ਹੁਣ ਬਿਰੋਪਨਾਰਫਿਨ ਦੀਆਂ ਗੋਲੀਆਂ ਬੰਦ ਹੋਣ ਕਾਰਨ ਮੰਦਾ ਹਾਲ ਹੋ ਚੁੱਕਾ ਹੈ। ਨਸ਼ਾ ਛੁਡਾਉ ਕੇਂਦਰਾਂ ਨੂੰ ਪੰਜਾਬ ਸਰਕਾਰ ਵੱਲੋਂ ਖੁੱਲੇਆਮ ਬਿਰੋਪਨਾਰਫਿਨ ਦੀ ਗੋਲੀ ਵੇਚਣ ਦੀ ਕੀਤੀ ਮਨਾਹੀ ਕਾਰਨ ਕੇਂਦਰਾਂ ਦੇ ਡਾਕਟਰ ਹੁਣ ਗੋਲੀਆਂ ਨਹੀਂ ਦੇ ਰਹੇ।

ਜਗਰਾਉਂ ਦੇ ਨਸ਼ਾ ਛੁਡਾਉ ਕੇਂਦਰ ਜਿਸ ਵਿਚ ਤਕਰੀਬਨ 19 ਹਜ਼ਾਰ ਨਸ਼ੇ ਛੱਡਣ ਦੇ ਚਾਹਵਾਨ ਦਵਾਈ ਲੈ ਰਹੇ ਹਨ, ਜਿਨ੍ਹਾਂ ਵਿਚੋਂ ਰੋਜ਼ਾਨਾਂ 250-300 ਮਰੀਜ਼ ਬਿਰੋਪਨਾਰਫਿਨ ਦੀਆਂ ਗੋਲੀਆਂ ਲੈਣ ਲਈ ਸਿਵਲ ਹਸਪਤਾਲ ਸਵੇਰੇ ਹੀ ਪਹੁੰਚ ਜਾਂਦੇ ਹਨ ਪਰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਗੋਲੀਆਂ ਬੰਦ ਹੋਣ ਕਾਰਨ ਅਮਲੀਆਂ ਦਾ ਗੁੱਸਾ ਸਰਕਾਰ ਪ੍ਰਤੀ ਵੱਧਦਾ ਜਾ ਰਿਹਾ ਹੈ, ਜਿਨ੍ਹਾਂ ਸਥਾਨਕ ਸਿਵਲ ਹਸਪਤਾਲ ਬਣਨ ਵਾਲੀ ਬਲੱਡ ਬੈਂਕ ਦੀ ਇਮਾਰਤ ਦਾ ਨੀਂਹ ਪੱਥਰ ਰੱਖਣ ਗਏ ਵਿਧਾਇਕ ਐਸ.ਆਰ. ਕਲੇਰ ਨੂੰ ਘੇਰ ਲਿਆ ਤੇ ਆਪਣੇ ਦੁੱਖੜੇ ਰੋਂਦੇ ਦੱਸਿਆ ਕਿ ਪਹਿਲਾਂ ਸਰਕਾਰ ਨੇ ਭੁੱਕੀ ਅਫੀਮ ਦੀ ਸਪਲਾਈ ਬੰਦ ਕਰਵਾ ਦਿੱਤੀ, ਜਿਸ ਕਾਰਨ ਉਹ ਨਸ਼ਾ ਛੁਡਾਉ ਕੇਂਦਰ ਤੋਂ ਗੋਲੀਆਂ ਖਾਣ ਲੱਗ ਪਏ, ਜਿਸ ਨਾਲ ਉਨ੍ਹਾਂ ਦਾ ਵਧੀਆ ਡੰਗ ਸਰ ਜਾਂਦਾ ਸੀ ਤੇ ਉਹ ਭੁੱਕੀ ਆਦਿ ਨੂੰ ਛੱਡ ਗਏ ਪਰ ਹੁਣ ਗੋਲੀਆਂ ਨਾ ਮਿਲਣ ਕਾਰਨ ਉਨ੍ਹਾਂ ਦਾ ਬੁਰਾ ਹਾਲ ਹੈ।

ਉਨ੍ਹਾਂ ਵਿਧਾਇਕ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਜਾਂ ਤਾਂ ਖੁੱਲੀ ਦਵਾਈ ਮੁਹੱਈਆ ਕਰਵਾਈ ਜਾਵੇ ਜਾਂ ਫਿਰ ਪੰਜਾਬ ਵਿਚ ਉਨ੍ਹਾਂ ਦੇ ਪੱਕੇ ਲਾਇਸੰਸ ਬਣਾ ਕੇ ਭੁੱਕੀ ਤੇ ਅਫੀਮ ਮੁਹੱਈਆ ਕਰਵਾਈ ਜਾਵੇ।

ਇਸ ਮੌਕੇ ਵਿਧਾਇਕ ਕਲੇਰ ਨੇ ਅਮਲੀਆਂ ਨੂੰ ਕਿਹਾ ਕਿ ਉਹ ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਗੱਲ ਕਰਨਗੇ। ਉਨ੍ਹਾਂ ਮੌਕੇ 'ਤੇ ਹਾਜ਼ਰ ਜਗਰਾਉਂ ਦੇ ਐਸ.ਐਮ.ਓ. ਡਾ. ਸੁਖਜੀਵਨ ਕੱਕੜ ਨੂੰ ਕਿਹਾ ਕਿ ਉਹ ਲੰਮੇ ਸਮੇਂ ਤੋਂ ਉਕਤ ਦਵਾਈ ਲੈਣ ਵਾਲਿਆਂ ਨੂੰ ਕੁਝ ਮਾਤਰਾ ਵਿਚ ਗੋਲੀਆਂ ਦਾ ਪ੍ਰਬੰਧ ਕਰਵਾਉਣ। ਸਿਹਤ ਵਿਭਾਗ ਦੀ ਹਦਾਇਤ ਅਨੁਸਾਰ ਬਿਰੋਪਰਨਾਰਫਿਨ ਦੀ ਗੋਲੀ ਸਿਰਫ ਨਸ਼ਾ ਛੁਡਾਉ ਕੇਂਦਰ ਵਿਚ ਭਰਤੀ ਮਰੀਜ਼ਾਂ ਨੂੰ ਹੀ ਦਿੱਤੀ ਜਾ ਰਹੀ ਹੈ।



# ਪੰਜਾਬ ਵਿਚ ਸ਼ਰਾਬ ਕਿੰਗਾਂ ਦੇ ਹੱਥ ਹੈ ਨਸ਼ਿਆਂ ਖਿਲਾਫ ਮੁਹਿੰਮ

**ਬਠਿੰਡਾ:** ਪੰਜਾਬ ਵਿਚ ਸਿਆਸੀ ਧਿਰਾਂ ਵੱਲੋਂ ਨਸ਼ਿਆਂ ਖ਼ਿਲਾਫ਼ ਮੁਹਿੰਮ ਚਲਾਈ ਹੋਈ ਹੈ ਪਰ ਇਨ੍ਹਾਂ ਧਿਰਾਂ ਦੇ ਆਗੂ ਨਾਲੋ-ਨਾਲ ਸ਼ਰਾਬ ਦਾ ਕਾਰੋਬਾਰ ਵੀ ਚਲਾ ਰਹੇ ਹਨ। ਸੂਬੇ ਦੇ ਬਹੁਤ ਸਾਰੇ ਆਗੂ ਸ਼ਰਾਬ ਵੇਚਣ ਦੇ ਕਾਰੋਬਾਰ ਨਾਲ ਟੇਢੇ-ਮੇਢੇ ਢੰਗ ਨਾਲ ਜੁੜੇ ਹੋਏ ਹਨ। ਪੰਜਾਬ ਦੇ ਇਕ ਮੰਤਰੀ ਤੇ ਦੋ ਵਿਧਾਇਕਾਂ ਦੀਆਂ ਸ਼ਰਾਬ ਸਨਅਤਾਂ ਹਨ ਜਿਨ੍ਹਾਂ ਵਿਚ ਰੋਜ਼ਾਨਾ ਤਕਰੀਬਨ ਪੰਜ ਲੱਖ ਬੋਤਲਾਂ ਸ਼ਰਾਬ ਬਣਦੀ ਹੈ। ਬੇਸ਼ੱਕ ਮੱਧ ਪ੍ਰਦੇਸ਼ ਵਿਚੋਂ ਨਸ਼ੇ ਪੰਜਾਬ ਵਿਚ ਆਉਣ ਦਾ ਰੌਲਾ ਪੈ ਰਿਹਾ ਹੈ ਪਰ ਪੰਜਾਬ ਦੇ ਅਕਾਲੀ ਵਿਧਾਇਕ ਦੀਪ ਮਲਹੋਤਰਾ ਨੇ ਇੰਦੌਰ (ਮੱਧ ਪ੍ਰਦੇਸ਼) ਵਿਚ ਸ਼ਰਾਬ ਫੈਕਟਰੀ (ਓਸਿਸ ਡਿਸਟਿਲਰੀ) ਲਗਾਈ ਹੋਈ ਹੈ। ਇਵੇਂ ਹੀ ਮਜੀਠੀਆ ਪਰਿਵਾਰ ਦੀ ਸ਼ਰਾਬ ਸਨਅਤ ਵੱਲੋਂ ਰਾਜਸਥਾਨ ਤੇ ਪੰਜਾਬ ਵਿਚ ਵੀ ਸ਼ਰਾਬ ਸਪਲਾਈ ਕੀਤੀ ਜਾਂਦੀ ਹੈ।

ਮਿਲੇ ਵੇਰਵਿਆਂ ਮੁਤਾਬਕ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਪਰਿਵਾਰ ਦੀ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਗੋਰਖਪੁਰ ਦੇ ਸਰਦਾਰ ਨਗਰ ਵਿਚ ਸ਼ਰਾਬ ਫੈਕਟਰੀ (ਸਰਾਇਆ ਡਿਸਟਿਲਰੀ) ਹੈ ਜਿਸਦੀ ਸਮਰੱਥਾ 49,500 ਕਿਲੋ ਲਿਟਰ ਹੈ। ਇਸ ਸ਼ਰਾਬ ਫੈਕਟਰੀ ਦੀ ਬਲੂ ਡਾਇਮੰਡ ਤੇ ਜੌਹਨਜ਼ ਸਿਲਵਰ ਬਰਾਂਡ ਦੀ ਸ਼ਰਾਬ ਪੰਜਾਬ ਵਿਚ ਵੀ ਵਿਕ ਰਹੀ ਹੈ। ਉਂਜ, ਸਰਾਇਆ ਕੰਪਨੀ ਨੇ ਆਪਣੇ ਅਪਰੇਸ਼ਨ ਦੇ ਘੇਰੇ ਵਿਚ ਪੰਜਾਬ, ਹਰਿਆਣਾ, ਰਾਜਸਥਾਨ, ਚੰਡੀਗੜ੍ਹ ਤੇ ਹਿਮਾਚਲ ਸਮੇਤ 14 ਰਾਜ ਦੱਸੇ ਹਨ। ਅਕਾਲੀ ਵਿਧਾਇਕ ਦੀਪ ਮਲਹੋਤਰਾ ਦੀ 'ਮੈਸਰਜ ਓਮ ਸਨਜ਼' ਦੇ ਨਾਂ ਹੇਠ ਬਠਿੰਡਾ ਦੇ ਪਿੰਡ ਸੰਗਤ ਵਿਚ ਸ਼ਰਾਬ ਦੀ ਫੈਕਟਰੀ ਹੈ ਜਿਸਨੂੰ ਸਰਕਾਰ ਨੇ ਮੈਗਾ ਪ੍ਰਾਜੈਕਟ ਤਹਿਤ ਰਿਆਇਤਾਂ ਵੀ ਦਿੱਤੀਆਂ ਹਨ। ਇਸ ਫੈਕਟਰੀ ਦੀ ਰੋਜ਼ਾਨਾ ਦੀ ਸਮਰੱਥਾ ਇਕ ਲੱਖ ਲਿਟਰ ਸ਼ਰਾਬ ਉਤਪਾਦਨ ਦੀ ਹੈ। ਦੀਪ ਮਲਹੋਤਰਾ ਦੀ ਫ਼ਿਰੋਜ਼ਪੁਰ ਦੇ ਜ਼ੀਰਾ ਵਿਚ ਵੀ 'ਮੈਸਰਜ ਮੈਲਬਰੋਜ਼' ਨਾਂ ਹੇਠ ਸ਼ਰਾਬ ਫੈਕਟਰੀ ਹੈ ਜੋ ਪੂਰੀ ਸਮਰੱਥਾ 'ਤੇ ਚੱਲਣ ਦੀ ਸੂਰਤ ਵਿਚ ਰੋਜ਼ਾਨਾ 84 ਹਜ਼ਾਰ ਬੋਤਲਾਂ ਸ਼ਰਾਬ ਉਤਪਾਦਨ ਕਰਦੀ ਹੈ। ਦੀਪ ਮਲਹੋਤਰਾ ਦਾ ਕਹਿਣਾ ਹੈ ਕਿ ਸ਼ਰਾਬ ਦਾ ਕਾਰੋਬਾਰ ਉਨ੍ਹਾਂ ਦਾ ਬਹੁਤ ਪੁਰਾਣਾ ਹੈ ਤੇ ਸਿਆਸਤ ਵਿਚ ਉਹ ਦੋ ਸਾਲ ਪਹਿਲਾਂ ਹੀ ਆਏ ਹਨ।

ਕਪੂਰਥਲਾ ਤੋਂ ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਦੀ ਤਰਨਤਾਰਨ ਜ਼ਿਲ੍ਹੇ ਵਿਚ 'ਮੈਸਰਜ ਰਾਣਾ ਸੂਗਰਜ਼' ਨਾਂ ਹੇਠ ਸ਼ਰਾਬ ਫੈਕਟਰੀ ਹੈ ਜਿਸਦੀ ਸਮਰੱਥਾ 60 ਕਿਲੋ ਲਿਟਰ ਪ੍ਰਤੀ ਦਿਨ ਹੈ। ਸਰਕਾਰੀ ਸੂਤਰਾਂ ਅਨੁਸਾਰ ਜੇਕਰ ਇਹ ਸਨਅਤ ਪੂਰੀ ਸਮਰੱਥਾ 'ਤੇ ਚੱਲੇ ਤਾਂ ਪ੍ਰਤੀ ਦਿਨ 84 ਹਜ਼ਾਰ ਬੋਤਲਾਂ ਸ਼ਰਾਬ ਬਣਾਉਂਦੀ ਹੈ। ਬਹੁਤ ਸਾਰੇ ਨੇਤਾ ਸ਼ਰਾਬ ਦੇ ਠੇਕਿਆਂ ਦੇ ਕਾਰੋਬਾਰ ਨਾਲ ਜੁੜੇ ਹੋਏ ਹਨ। ਬਹੁਤੇ ਜ਼ਿਲ੍ਹਿਆਂ ਵਿਚ ਤਾਂ ਅਕਾਲੀ ਵਿਧਾਇਕ ਦੀਪ ਮਲਹੋਤਰਾ ਦੇ ਹੀ ਸ਼ਰਾਬ ਦੇ ਠੇਕੇ ਹਨ। ਜ਼ਿਲ੍ਹਾ ਫ਼ਰੀਦਕੋਟ ਦੇ ਪੰਜ ਗਰੁੱਪ ਦੀਪ ਮਲਹੋਤਰਾ ਕੋਲ ਹਨ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਤੇ ਵਿਧਾਇਕ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਮਜੀਠੀਆ ਪਰਿਵਾਰ ਦਾ ਪੁਰਾਣੇ ਸਮੇਂ ਤੋਂ ਹੀ ਇਹ ਕਾਰੋਬਾਰ ਚੱਲ ਰਿਹਾ ਹੈ ਜੋ ਕਾਨੂੰਨਨ ਠੀਕ ਹੈ ਤੇ ਸਰਕਾਰੀ ਨੀਤੀ ਮੁਤਾਬਕ ਹੈ। ਗ਼ੈਰਕਾਨੂੰਨੀ ਨਸ਼ੇ ਸਮਾਜ ਲਈ ਮਾੜੇ ਹਨ ਜਿਨ੍ਹਾਂ ਖ਼ਿਲਾਫ਼ ਅਕਾਲੀ ਦਲ ਲੜਾਈ ਲੜ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਸ਼ਰਾਬ ਦਾ ਅੱਧਾ ਕਾਰੋਬਾਰ ਕਾਂਗਰਸੀ ਨੇਤਾ ਕਰ ਰਹੇ ਹਨ। ਦੱਸਣਯੋਗ ਹੈ ਕਿ ਸ਼ਰਾਬ ਦੇ ਠੇਕੇ ਬੰਦ ਕਰਵਾਉਣ ਲਈ ਸੂਬੇ ਦੀਆਂ ਜਾਗਰੂਕ ਪੰਚਾਇਤਾਂ ਤੇ ਸਮਾਜ ਸੇਵੀ ਜਥੇਬੰਦੀਆਂ ਵੱਡੀ ਗਿਣਤੀ ਵਿਚ ਅੱਗੇ ਆਈਆਂ ਹਨ।

ਆਬਕਾਰੀ ਤੇ ਕਰ ਵਿਭਾਗ ਪੰਜਾਬ ਨੂੰ ਹੁਣ ਤੱਕ ਤਕਰੀਬਨ 150 ਪੰਚਾਇਤਾਂ ਵੱਲੋਂ ਆਪਣੇ ਪਿੰਡਾਂ ਵਿਚੋਂ ਸ਼ਰਾਬ ਦੇ ਠੇਕੇ ਚੁਕਵਾਉਣ ਦੇ ਮਤੇ ਪ੍ਰਾਪਤ ਹੋਏ ਹਨ। ਉਂਜ ਸਮਾਜ ਸੇਵੀ ਜਥੇਬੰਦੀਆਂ ਤੇ ਪੰਚਾਇਤਾਂ ਦਾ ਗਿਲਾ ਹੈ ਕਿ ਪੰਜਾਬ ਸਰਕਾਰ ਸ਼ਰਾਬ ਦੇ ਠੇਕਿਆਂ ਦੀ ਬੰਦੀ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ।

## ਬਹੁਤੇ ਸਿਆਸੀ ਆਗੂ ਕਰਦੇ ਨੇ ਸ਼ਰਾਬ ਦਾ ਕਾਰੋਬਾਰ



## ਸ਼ਰਾਬ ਕਾਰੋਬਾਰ ਵਿਚ ਔਰਤਾਂ ਦੀ ਹਿੱਸੇਦਾਰੀ ਵਧੀ

ਪੰਜਾਬ ਵਿਚ ਹੁਣ ਸ਼ਰਾਬ ਦੇ ਕਾਰੋਬਾਰ ਵਿਚ ਔਰਤਾਂ ਵੀ ਆ ਗਈਆਂ ਹਨ। ਸਰਕਾਰੀ ਸੂਚਨਾ ਅਨੁਸਾਰ ਪੰਜਾਬ ਵਿਚ ਤਕਰੀਬਨ 700 ਸ਼ਰਾਬ ਦੇ ਠੇਕੇ ਔਰਤਾਂ ਚਲਾ ਰਹੀਆਂ ਹਨ। ਮੁੱਖ ਮੰਤਰੀ ਪੰਜਾਬ ਦੇ ਹਲਕਾ ਲੰਬੀ ਵਿਚ 13 ਸ਼ਰਾਬ ਦੇ ਠੇਕੇ ਗੁਰਮੀਤ ਕੌਰ ਕੋਲ ਹਨ ਜਦਕਿ ਮੋਗਾ ਜ਼ਿਲ੍ਹੇ ਦੇ 21 ਠੇਕੇ ਜਲਾਲਾਬਾਦ ਦੀ ਰਹਿਣ ਵਾਲੀ ਔਰਤ ਸਰਵਜੀਤ ਕੌਰ ਕੋਲ ਹਨ। ਚੰਡੀਗੜ੍ਹ ਦੀ ਊਸ਼ਾ ਸਿੰਗਲਾ ਪੰਜਾਬ ਵਿਚ ਸਭ ਤੋਂ ਵੱਧ ਠੇਕੇ ਚਲਾ ਰਹੀ ਹੈ। ਇਸ ਮਹਿਲਾ ਕੋਲ ਪਠਾਨਕੋਟ ਤੇ ਤਪਾ ਮੰਡੀ ਦੇ ਸਾਰੇ ਠੇਕੇ ਤੇ ਜਲੰਧਰ ਜ਼ਿਲ੍ਹੇ ਦੇ 35 ਠੇਕੇ ਹਨ। ਇਸੇ ਮਹਿਲਾ ਕੋਲ ਫਤਹਿਗੜ੍ਹ ਸਾਹਿਬ ਦੇ ਅਮਲੋਹ ਤੇ ਖਮਾਣੋਂ ਜ਼ੋਨ ਦੇ 29 ਠੇਕੇ ਹਨ ਜਦਕਿ ਬਰਨਾਲਾ ਜ਼ਿਲ੍ਹੇ ਵਿਚ 51 ਸ਼ਰਾਬ ਦੇ ਠੇਕੇ ਹਨ। ਹੁਸ਼ਿਆਰਪੁਰ ਜ਼ਿਲ੍ਹੇ ਵਿਚ ਰੰਜੂ ਗੁਪਤਾ ਕੋਲ 20 ਠੇਕੇ ਤੇ ਮੋਨਿਕਾ ਕੁਮਾਰੀ ਕੋਲ 25 ਸ਼ਰਾਬ ਦੇ ਠੇਕੇ ਹਨ। ਇਸੇ ਤਰ੍ਹਾਂ ਸਾਰਿਕਾ ਸ਼ਰਮਾ ਕੋਲ 17 ਸ਼ਰਾਬ ਦੇ ਠੇਕੇ ਇਸੇ ਜ਼ਿਲ੍ਹੇ ਵਿਚ ਹਨ। ਆਰੁਸ਼ੀ ਡੋਡਾ ਕੋਲ ਜਲੰਧਰ ਦੇ 16 ਠੇਕੇ ਹਨ ਜਦੋਂਕਿ ਸੁਨੀਲਮ ਕੁਮਾਰੀ ਕੋਲ ਪਠਾਨਕੋਟ ਜ਼ਿਲ੍ਹੇ ਵਿਚ ਸੁਜਾਨਪੁਰ ਗਰੁੱਪ ਦੇ ਠੇਕੇ ਹਨ। ਇਥੋਂ ਤੱਕ ਕਿ ਸ਼ਰਾਬ ਦੇ ਥੋਕ ਕਾਰੋਬਾਰ ਵਿਚ ਵੀ ਔਰਤਾਂ ਦੀ ਹਿੱਸੇਦਾਰੀ ਹੈ। ਸ਼ਰਾਬ ਦੀ ਕਮਾਈ ਨੇ ਔਰਤਾਂ ਨੂੰ ਵੀ ਨਹੀਂ ਬਖਸ਼ਿਆ ਹੈ।

# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**
*Divorce *Annulment
*International Custody

**INCORPORATIONS**
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available


# ਜੰਮੂ ਕਸ਼ਮੀਰ ਵਿਚ ਗਵਰਨਰੀ ਰਾਜ ਲਾਗੂ

**ਜੰਮੂ:** ਜੰਮੂ-ਕਸ਼ਮੀਰ ਵਿਚ ਸਿਆਸੀ ਪਾਰਟੀਆਂ ਵੱਲੋਂ ਸਰਕਾਰ ਬਣਾਉਣ ਦੇ ਯਤਨ ਨਾਕਾਮ ਰਹਿਣ ਤੋਂ ਬਾਅਦ ਸੂਬੇ ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ ਹੈ। ਇਸ ਘਟਨਾਕ੍ਰਮ ਤੋਂ ਬਾਅਦ ਸਿਆਸੀ ਪਾਰਟੀਆਂ ਵਿਚ ਦੂਸ਼ਣਬਾਜ਼ੀ ਤੇਜ਼ ਹੋ ਗਈ ਹੈ।

ਰਾਜਪਾਲ ਐਨ.ਐਨ.ਵੋਹਰਾ ਵਲੋਂ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਰਿਪੋਰਟ ਸੌਂਪੇ ਜਾਣ ਦੇ ਇਕ ਦਿਨ ਬਾਅਦ ਇਹ ਫੈਸਲਾ ਆਇਆ ਹੈ। ਸੂਬੇ ਵਿਚ ਗਵਰਨਰ ਰਾਜ ਜੰਮੂ-ਕਸ਼ਮੀਰ ਦੇ ਸੰਵਿਧਾਨ ਦੀ ਧਾਰਾ 92 ਤਹਿਤ ਲਾਇਆ ਗਿਆ ਹੈ। ਇਹ ਧਾਰਾ ਰਾਜਪਾਲ ਨੂੰ ਸੂਬੇ ਵਿਚ ਸੰਵਿਧਾਨਕ ਮਸ਼ੀਨਰੀ ਦੇ ਨਾਕਾਮ ਰਹਿਣ 'ਤੇ ਗਵਰਨਰ ਰਾਜ ਦੇ ਐਲਾਨ ਦੀ ਇਜਾਜ਼ਤ ਦਿੰਦੀ ਹੈ।


# ਨਵਾਜ਼ ਸ਼ਰੀਫ਼ ਸਭ ਤੋਂ ਅਮੀਰ ਸੰਸਦ ਮੈਂਬਰਾਂ ਵਿਚ ਸ਼ੁਮਾਰ

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੇਸ਼ ਦੇ ਸਭ ਤੋਂ ਅਮੀਰ ਉਨ੍ਹਾਂ ਸੰਸਦ ਮੈਂਬਰਾਂ ਵਿਚੋਂ ਇਕ ਹਨ ਜਿਨ੍ਹਾਂ ਦੀ ਜਾਇਦਾਦ ਦੋ ਅਰਬ ਰੁਪਏ ਤੋਂ ਵੱਧ ਹੈ ਤੇ ਦੂਜੇ ਪਾਸੇ ਦੇਸ਼ ਦੇ ਲੱਖਾਂ ਲੋਕ ਅਜਿਹੇ ਹਨ ਜੋ ਅੰਤਾਂ ਦੀ ਗਰੀਬੀ ਵਿਚ ਦਿਨ ਕਟੀ ਕਰ ਰਹੇ ਹਨ। ਸਾਲ 2014-15 ਲਈ ਪਾਕਿਸਤਾਨ ਦੇ ਚੋਣ ਕਮਿਸ਼ਨ ਨੂੰ ਦਿੱਤੀ ਜਾਣਕਾਰੀ ਅਨੁਸਾਰ ਉਨ੍ਹਾਂ ਤੇ ਉਨ੍ਹਾਂ ਦੀ ਪਤਨੀ ਦੇ ਨਾਂ ਜਾਇਦਾਦ 1.71 ਅਰਬ ਤੋਂ ਵੱਧ ਕੇ 3.26 ਅਰਬ ਰੁਪਏ ਹੋ ਗਈ ਹੈ।


# Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu
*Doctor of Chiropractic*
Ph: 510-940-8236
1090 La Playa Dr., Hayward CA 94545



# STATEN SOLAR
AFFORDABLE ENERGY FOR EVERYONE

# ਸੋਲਰ ਸਿਸਟਮ ਲਗਵਾਓ ਅਤੇ ਪੈਸੇ ਬਚਾਓ

Commercial, Agricultural and Residential

Choose between $0 Down Lease or Lowest Cash Price

ਆਪਣੇ ਸਟੋਰ, ਬਿਜਨਸ, ਫਾਰਮ ਜਾਂ ਘਰ ਸੋਲਰ ਸਿਸਟਮ ਲਗਵਾਓ - ਬਿਜਲੀ ਦੇ ਬਿਲ ਤੋਂ ਸਦਾ ਲਈ ਛੁਟਕਾਰਾ ਪਾਓ ਅਤੇ ਪੈਸੇ ਬਚਾਓ





*Simran S. Deol*
*Solar Engineer*
661-412-4728 (Office)
661-427-0843 (Fax)

ਕੀ ਤੁਸੀਂ ਆਪਣੇ ਸਟੋਰ, ਬਿਜਨਸ, ਫਾਰਮ ਜਾਂ ਘਰ ਸੋਲਰ ਸਿਸਟਮ ਕਿਸੇ ਤਜਰਬੇਕਾਰ ਇੰਜੀਨੀਅਰ ਦੀ ਸਲਾਹ ਨਾਲ ਲਗਵਾਉਣਾ ਚਾਹੋਗੇ ਜਾਂ ਕਿਸੇ ਸੇਲਜ਼ਮੈਨ ਦੀ ਸਲਾਹ ਨਾਲ?

ਤਕਨੀਕੀ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਤੁਹਾਨੂੰ ਇਕ ਇੰਜੀਨੀਅਰ ਹੀ ਦੱਸ ਸਕਦਾ ਹੈ

- ਫਰੀ, ਮਾਹਿਰਾਨਾ ਅਤੇ ਸਹੀ ਸਲਾਹ
- 7 ਸਾਲ ਤੋਂ ਵੀ ਵੱਧ ਸੋਲਰ ਇੰਜੀਨੀਅਰ ਵਜੋਂ ਤਜਰਬਾ

20 ਸਾਲ ਬਿਲਕੁਲ ਫਰੀ ਮੈਂਟੀਨੈਂਸ ਦੀ ਗਾਰੰਟੀ। ਹਰ ਤਰ੍ਹਾਂ ਦੀ ਦੇਖ-ਭਾਲ ਤੇ ਇੰਸ਼ੋਰੈਂਸ ਦੀ ਜ਼ਿੰਮੇਵਾਰੀ ਵੀ ਕੰਪਨੀ ਦੀ।

Receive $500 By Referring Friends
www.Statensolar.com

No One Can Beat Our Price Guaranteed!

- $ 0 down Worry Free Lease
- Fixed Monthly Bill, No Increase
- Guaranteed Lowest Monthly Bill
- Or Buy the System for Lowest Price
- Top Quality Product
- 20 Year Performance Guarantee
- 25 Year Guarantee for Panels
- FREE Maintenance for 20 years
- No Need to Worry About Increasing Cost of Utility
- Professional Installation
- 24/7 Monitoring

# ਦਸਮ ਪਿਤਾ ਦੀਆਂ ਨਿਸ਼ਾਨੀਆਂ ਕੇਸਗੜ੍ਹ ਸਾਹਿਬ ਸੁਸ਼ੋਭਿਤ ਹੋਣਗੀਆਂ

**ਚੰਡੀਗੜ੍ਹ:** ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦੁਰਲੱਭ ਹੱਥ ਲਿਖਤ ਬਾਣੀ ਤੇ ਕੱਕਾਰ ਸਮੇਤ ਹੋਰ ਵਸਤਾਂ, ਜੋ ਪੰਜਾਬ ਸਰਕਾਰ ਨੇ ਅਦਾਲਤੀ ਪ੍ਰਕਿਰਿਆ ਰਾਹੀਂ ਨਾਭਾ ਰਿਆਸਤ ਦੇ ਉਤਰਾ-ਅਧਿਕਾਰੀ ਤੋਂ ਪ੍ਰਾਪਤ ਕੀਤੀਆਂ ਸਨ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੁਸ਼ੋਭਿਤ ਕੀਤੀਆਂ ਜਾਣਗੀਆਂ। ਗੁਰੂ ਜੀ ਨਾਲ ਸਬੰਧਤ ਇਨ੍ਹਾਂ ਵਸਤਾਂ ਵਿਚ ਉਨ੍ਹਾਂ ਦੀ ਹੱਥ ਲਿਖਤ ਬਾਣੀ ਤੋਂ ਬਿਨਾਂ ਚੋਲਾ ਸਾਹਿਬ, ਕੰਘਾ, ਕੇਸ, ਚਾਬੁਕ, ਤੀਰ, ਭਾਲਾ ਤੇ ਛੇ ਵੱਡੀਆਂ ਤੇ ਇਕ ਛੋਟੀ ਸ੍ਰੀ ਸਾਹਿਬ ਸ਼ਾਮਲ ਹੈ। ਇਨ੍ਹਾਂ ਵਸਤਾਂ ਦੇ ਦਰਸ਼ਨਾਂ ਤੋਂ ਸੰਗਤਾਂ ਅਜੇ ਤੱਕ ਵਾਂਝੀਆਂ ਚਲੀਆਂ ਆ ਰਹੀਆਂ ਹਨ।



ਮਿਲੀ ਜਾਣਕਾਰੀ ਅਨੁਸਾਰ ਪੀਰ ਬਾਬਾ ਬੁੱਧੂ ਸ਼ਾਹ ਰਾਹੀਂ ਗੁਰੂ ਜੀ ਦੇ ਵਸਤਰ, ਕੱਕਾਰ ਤੇ ਹੋਰ ਸ਼ਸਤਰ ਆਦਿ ਮਹਾਰਾਜਾ ਨਾਭਾ ਨੂੰ ਮਿਲੇ ਸਨ ਜਿਹੜੇ ਬਾਅਦ ਵਿਚ ਲੰਮੇ ਸਮੇਂ ਲਈ ਉਥੋਂ ਦੇ ਹੀਰਾ ਮਹੱਲ ਵਿਚ ਸੰਭਾਲ ਕੇ ਰੱਖੇ ਗਏ ਸਨ। ਅਦਾਲਤ ਵਲੋਂ ਇਨ੍ਹਾਂ ਨੂੰ ਪੰਜਾਬ ਸਰਕਾਰ ਦੇ ਹਵਾਲੇ ਕਰਨ ਪਿੱਛੋਂ ਇਨ੍ਹਾਂ ਨੂੰ ਪਟਿਆਲਾ ਵਿਚ ਕਿਸੇ ਬਿਲਡਿੰਗ ਦੇ ਲਾਕਰ ਵਿਚ ਰੱਖ ਦਿੱਤਾ ਗਿਆ ਸੀ। ਸੂਤਰਾਂ ਅਨੁਸਾਰ ਸਰਕਾਰ ਵਲੋਂ ਪਹਿਲਾਂ ਇਹ ਨਿਸ਼ਾਨੀਆਂ ਵਿਰਾਸਤ-ਏ-ਖਾਲਸਾ ਵਿਚ ਰੱਖਣ ਦੀ ਯੋਜਨਾ ਸੀ ਪਰ ਪੰਥਕ ਮਾਹਿਰਾਂ ਦਾ ਇਤਰਾਜ਼ ਸੀ ਕਿ ਇਹ ਨਿਸ਼ਾਨੀਆਂ ਉਥੇ ਸੁਸ਼ੋਭਿਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਜਿਥੇ ਸ਼ਰਧਾਲੂ ਇਨ੍ਹਾਂ ਨੂੰ ਅਦਬ-ਸਤਿਕਾਰ ਨਾਲ ਸਿਰ ਢੱਕ ਕੇ ਵੇਖ ਸਕਣ।

ਮਿਲੀ ਜਾਣਕਾਰੀ ਅਨੁਸਾਰ ਗੁਰੂ ਜੀ ਦੀ ਹੱਥ ਲਿਖਤ ਬਾਣੀ ਸਮੇਤ ਹੋਰ ਵਸਤਾਂ ਨੂੰ ਹੀਰਾ ਮਹੱਲ ਵਿਚ ਰੱਖੇ ਜਾਣ ਦਾ ਪਤਾ ਲੱਗਣ ਤੋਂ ਬਾਅਦ ਕਿਸੇ ਨੇ ਸਰਕਾਰ ਦੇ ਹਵਾਲੇ ਕਰਨ ਲਈ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਇਕ ਜਨਤਕ ਪਟੀਸ਼ਨ ਦਾਇਰ ਕੀਤੀ ਸੀ। ਇਸੇ ਸਮੇਂ ਦੌਰਾਨ ਇਹ ਕੀਮਤੀ ਵਸਤਾਂ ਦਿੱਲੀ ਪਹੁੰਚਾ ਦਿੱਤੀਆਂ ਗਈਆਂ ਸਨ। ਹਾਈਕੋਰਟ ਵਲੋਂ ਪਟੀਸ਼ਨ 'ਤੇ ਸੁਣਾਏ ਫੈਸਲੇ ਵਿਚ ਇਨ੍ਹਾਂ ਨੂੰ ਪੰਜਾਬ ਸਰਕਾਰ ਦੇ ਹਵਾਲੇ ਕਰਨ ਦਾ ਹੁਕਮ ਦਿੱਤਾ ਗਿਆ ਸੀ। ਇਕ ਹੋਰ ਜਾਣਕਾਰੀ ਅਨੁਸਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ ਹੋਰ ਵੀ ਕਈ ਵਸਤਾਂ ਸੰਗਤਾਂ ਦੇ ਦਰਸ਼ਨਾਂ ਲਈ ਰੱਖੀਆਂ ਗਈਆਂ ਹਨ।

ਇਸ ਬਾਰੇ ਪੰਜਾਬ ਸਰਕਾਰ ਦੇ ਪੁਰਾਲੇਖ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਡਾਇਰੈਕਟਰ ਤੇ ਅਨੰਦਪੁਰ ਸਾਹਿਬ ਫਾਊਂਡੇਸ਼ਨ ਦੇ ਮੁੱਖ ਕਾਰਜਕਾਰੀ ਅਧਿਕਾਰੀ ਨਵਜੋਤ ਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਗੁਰੂ ਜੀ ਦੀ ਬਾਣੀ ਤੇ ਉਨ੍ਹਾਂ ਨਾਲ ਸਬੰਧਤ ਵਸਤਾਂ ਦੇ ਦਰਸ਼ਨਾਂ ਤੋਂ ਅਜੇ ਤਾਈਂ ਸੰਗਤਾਂ ਵਾਂਝੀਆਂ ਰਹੀਆਂ ਹਨ। ਇਸ ਕਰਕੇ ਅਨੰਦਪੁਰ ਸਾਹਿਬ ਵਿਚ ਸੁਸ਼ੋਭਿਤ ਕਰਨ ਤੋਂ ਪਹਿਲਾਂ ਇਨ੍ਹਾਂ ਨੂੰ ਰਾਜ ਦੇ ਸਾਰੇ ਜ਼ਿਲ੍ਹਿਆਂ ਵਿਚ ਦਰਸ਼ਨਾਂ ਵਾਸਤੇ ਲਿਜਾਇਆ ਜਾ ਰਿਹਾ ਹੈ ਤੇ ਇਸ ਦਾ ਰੂਟ ਸ਼੍ਰੋਮਣੀ ਕਮੇਟੀ ਦੀ ਸਲਾਹ ਨਾਲ ਤਿਆਰ ਕੀਤਾ ਜਾਵੇਗਾ। ਰੂਟ ਤੇ ਦਰਸ਼ਨਾਂ ਦਾ ਸਮਾਂ ਸੰਗਤ ਦੀ ਇੱਛਾ ਮੁਤਾਬਕ ਘਟਾਇਆ ਜਾਂ ਵਧਾਇਆ ਜਾ ਸਕਦਾ ਹੈ।

ਸ. ਰੰਧਾਵਾ ਦਾ ਕਹਿਣਾ ਹੈ ਕਿ ਭਾਵੇਂ ਇਹ ਨਿਸ਼ਾਨੀਆਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੁਸ਼ੋਭਿਤ ਕੀਤੀਆਂ ਜਾਣੀਆਂ ਹਨ ਪਰ ਇਹ ਪੰਜਾਬ ਸਰਕਾਰ ਦੀ ਮਲਕੀਅਤ ਹੇਠ ਹੀ ਮੰਨੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਸਰਕਾਰ ਨੇ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ 15 ਦਿਨਾਂ ਦਾ ਇਕ ਰੂਟ ਤਿਆਰ ਕਰਵਾਇਆ ਹੈ, ਜਿਸ ਤਹਿਤ ਉਪਰੋਕਤ ਵਿਸ਼ੇਸ਼ ਬੱਸ ਪੰਜਾਬ ਦੇ ਹਰ ਜ਼ਿਲ੍ਹੇ ਵਿਚ ਜਾ ਕੇ ਸ਼ਰਧਾਲੂਆਂ ਨੂੰ ਇਨ੍ਹਾਂ ਨਿਸ਼ਾਨੀਆਂ ਦੇ ਦਰਸ਼ਨ ਕਰਵਾਏਗੀ ਤੇ ਉਸ ਤੋਂ ਬਾਅਦ ਇਹ ਨਿਸ਼ਾਨੀਆਂ ਤਖ਼ਤ ਸਾਹਿਬ ਵਿਖੇ ਸੁਸ਼ੋਭਿਤ ਕਰ ਦਿੱਤੀਆਂ ਜਾਣਗੀਆਂ। ਇਹ ਬੱਸ ਪਟਿਆਲੇ ਤੋਂ ਆਪਣੇ ਰੂਟ ਦੀ ਸ਼ੁਰੂਆਤ ਕਰੇਗੀ, ਜਿਥੇ ਪੰਜਾਬ ਸਰਕਾਰ ਨੇ ਇਹ ਨਿਸ਼ਾਨੀਆਂ ਰੱਖੀਆਂ ਹੋਈਆਂ ਹਨ।

### ਵਿਸ਼ੇਸ਼ ਬੱਸ ਰਾਹੀਂ ਹਰ ਜ਼ਿਲ੍ਹੇ 'ਚ ਕਰਵਾਏ ਜਾਣਗੇ ਖੁੱਲ੍ਹੇ ਦਰਸ਼ਨ

ਪੰਜਾਬ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਇਨ੍ਹਾਂ ਦੁਰਲੱਭ ਵਸਤਾਂ ਦੇ ਸੰਗਤਾਂ ਨੂੰ ਦਰਸ਼ਨ ਕਰਾਉਣ ਦਾ ਫ਼ੈਸਲਾ ਲਿਆ ਹੈ। ਕਮੇਟੀ ਵਲੋਂ ਪੌਣੇ ਦੋ ਲੱਖ ਦੀ ਲਾਗਤ ਨਾਲ ਇਕ ਵੱਡੇ ਆਕਾਰ ਦੀ ਸਕਰੀਨ ਵਾਲੀ ਵਿਸ਼ੇਸ਼ ਬੱਸ ਤਿਆਰ ਕਰਵਾਈ ਹੈ ਜਿਸ ਵਿਚ ਸਜਾ ਕੇ ਇਨ੍ਹਾਂ ਨੂੰ ਪਟਿਆਲੇ ਤੋਂ ਰਵਾਨਾ ਕੀਤਾ ਜਾਵੇਗਾ।

ਸਰਕਾਰ ਨੇ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ 15 ਦਿਨਾਂ ਦਾ ਇਕ ਰੂਟ ਤਿਆਰ ਕਰਵਾਇਆ ਹੈ, ਜਿਸ ਤਹਿਤ ਉਪਰੋਕਤ ਵਿਸ਼ੇਸ਼ ਬੱਸ ਪੰਜਾਬ ਦੇ ਹਰ ਜ਼ਿਲ੍ਹੇ ਵਿਚ ਜਾ ਕੇ ਸ਼ਰਧਾਲੂਆਂ ਨੂੰ ਇਨ੍ਹਾਂ ਨਿਸ਼ਾਨੀਆਂ ਦੇ ਦਰਸ਼ਨ ਕਰਵਾਏਗੀ। ਉਸ ਤੋਂ ਬਾਅਦ ਇਹ ਨਿਸ਼ਾਨੀਆਂ ਤਖ਼ਤ ਸਾਹਿਬ ਵਿਖੇ ਸੁਸ਼ੋਭਿਤ ਕਰ ਦਿੱਤੀਆਂ ਜਾਣਗੀਆਂ।

## ਕੋਹਲੀ ਕੇਸ: ਗੁਰਦੁਆਰਾ ਕਮਿਸ਼ਨ ਵਲੋਂ ਪਟੀਸ਼ਨ ਅਯੋਗ ਕਰਾਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵਿਚ ਬਤੌਰ ਚਾਰਟਡ ਅਕਾਊਂਟੈਂਟ ਸੇਵਾਵਾਂ ਨਿਭਾ ਰਹੇ ਐਸ. ਐਸ. ਕੋਹਲੀ ਦੀਆਂ ਸੇਵਾਵਾਂ ਨੂੰ ਮੁੜ ਬਹਾਲ ਕੀਤੇ ਜਾਣ ਖਿਲਾਫ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਆਗੂ ਬਲਦੇਵ ਸਿੰਘ ਸਿਰਸਾ ਵਲੋਂ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਵਿਚ ਦਾਇਰ ਕੀਤੀ ਪਟੀਸ਼ਨ ਨੂੰ ਕਮਿਸ਼ਨ ਦੇ ਘੇਰੇ ਹੇਠ ਨਾ ਆਉਂਦੀ ਦੱਸ ਕੇ ਵਾਪਸ ਕਰ ਦਿੱਤਾ ਗਿਆ ਹੈ।

ਇਹ ਪਟੀਸ਼ਨ ਸ. ਸਿਰਸਾ ਵਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਨੂੰ ਧਿਰ ਬਣਾਉਂਦੇ ਹੋਏ ਉਨ੍ਹਾਂ ਖਿਲਾਫ 28 ਦਸੰਬਰ ਨੂੰ ਦਾਇਰ ਕੀਤੀ ਗਈ ਸੀ ਜਿਸ ਵਿਚ ਦੋਸ਼ ਲਾਇਆ ਗਿਆ ਸੀ ਕਿ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਐਸ. ਐਸ. ਕੋਹਲੀ ਦੀਆਂ ਸੇਵਾਵਾਂ ਖਤਮ ਕਰਨ ਦਾ ਫੈਸਲਾ ਕੀਤਾ ਗਿਆ ਸੀ ਜਿਸ ਨੂੰ ਇਕੱਲੇ ਪ੍ਰਧਾਨ ਵਲੋਂ ਬਦਲ ਦਿੱਤਾ ਗਿਆ ਜੋ ਸਿੱਖ ਗੁਰਦੁਆਰਾ ਐਕਟ ਪ੍ਰਧਾਨ ਨੂੰ ਮਿਲੀਆਂ ਤਾਕਤਾਂ ਦੀ ਉਲੰਘਣਾ ਹੈ। ਉਨ੍ਹਾਂ ਆਖਿਆ ਕਿ ਅੰਤ੍ਰਿੰਗ ਕਮੇਟੀ ਦੇ ਫੈਸਲੇ ਨੂੰ ਲਾਗੂ ਕਰਦਿਆਂ ਸ. ਕੋਹਲੀ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਗਈਆਂ ਸਨ ਪਰ ਇਕ ਦਿਨ ਬਾਅਦ ਉਸ ਦੀਆਂ ਸੇਵਾਵਾਂ ਨੂੰ ਮੁੜ ਬਹਾਲ ਕਰ ਦਿੱਤਾ ਗਿਆ ਜੋ ਨਿਯਮਾਂ ਦੀ ਉਲੰਘਣਾ ਹੈ।

ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਚੇਅਰਮੈਨ ਐਮ. ਐਸ. ਬਰਾੜ ਨੇ ਦੱਸਿਆ ਕਿ ਪਟੀਸ਼ਨ ਦੇ ਤੱਥਾਂ ਨੂੰ ਘੋਖਣ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਕਿ ਇਹ ਪਟੀਸ਼ਨ ਸਿੱਖ ਗੁਰਦੁਆਰਾ ਐਕਟ 1925 ਦੀ ਧਾਰਾ 142 ਦੇ ਘੇਰੇ ਹੇਠ ਨਹੀਂ ਆਉਂਦੀ, ਇਸ ਲਈ ਇਸ ਨੂੰ ਵਿਚਾਰਨਯੋਗ ਨਹੀਂ ਸਮਝਿਆ ਗਿਆ ਤੇ ਇਹ ਮੋੜ ਦਿੱਤੀ ਗਈ ਹੈ। ਦੂਜੇ ਪਾਸੇ ਪਟੀਸ਼ਨਕਰਤਾ ਸ. ਸਿਰਸਾ ਨੇ ਕਿਹਾ ਕਿ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਫੈਸਲੇ ਤੋਂ ਬਾਅਦ ਉਹ ਇਹ ਮਾਮਲਾ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਲੈ ਕੇ ਜਾਣਗੇ।

ਇਸ ਤੋਂ ਪਹਿਲਾਂ ਵੀ ਇਹ ਪਟੀਸ਼ਨ ਜੁਡੀਸ਼ੀਅਲ ਕਮਿਸ਼ਨ ਵਿਚ ਦਾਖਲ ਕੀਤੀ ਗਈ ਸੀ ਪਰ ਉਸ ਵੇਲੇ ਦਸਤਾਵੇਜ਼ਾਂ ਦੀ ਘਾਟ ਕਾਰਨ ਇਹ ਵਾਪਸ ਲੈਣੀ ਪਈ ਸੀ। ਹੁਣ ਉਨ੍ਹਾਂ ਵਲੋਂ ਲੋੜੀਂਦੇ ਦਸਤਾਵੇਜ਼ ਨੱਥੀ ਕੀਤੇ ਗਏ ਸਨ ਪਰ ਇਸ ਦੇ ਬਾਵਜੂਦ ਪਟੀਸ਼ਨ ਨੂੰ ਅਯੋਗ ਕਰਾਰ ਦਿੱਤਾ ਗਿਆ ਹੈ।

## ਸਾਕਸ਼ੀ ਮਹਾਰਾਜ ਨੂੰ ਨੋਟਿਸ

**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਨੇ ਵਿਵਾਦਪੂਰਨ ਬਿਆਨ ਕਾਰਨ ਵਿਵਾਦਾਂ ਵਿਚ ਰਹਿੰਦੇ ਆਪਣੇ ਸੰਸਦ ਮੈਂਬਰ ਸਾਕਸ਼ੀ ਮਹਾਰਾਜ ਨੂੰ ਨੋਟਿਸ ਜਾਰੀ ਕਰਕੇ ਜਵਾਬਤਲਬੀ ਕੀਤੀ ਹੈ।

ਸਾਕਸ਼ੀ ਮਹਾਰਾਜ ਨੇ ਲਵ ਜਿਹਾਦ ਤੇ ਫਿਰ ਚਾਰ ਬੱਚਿਆਂ 'ਤੇ ਬਿਆਨ ਦਿੱਤਾ ਸੀ। ਉਨ੍ਹਾਂ ਨੇ ਪਹਿਲ ਲਵ-ਜਿਹਾਦ ਦੇ ਮੁੱਦੇ 'ਤੇ ਤੇ ਕੁਝ ਦਿਨ ਪਹਿਲਾਂ ਹਿੰਦੂਆਂ ਵੱਲੋਂ ਚਾਰ ਬੱਚਿਆਂ ਨੂੰ ਜਨਮ ਦੇਣ ਦਾ ਬਿਆਨ ਦਿੱਤਾ ਸੀ ਜਿਸ 'ਤੇ ਭਾਰੀ ਵਿਵਾਦ ਮਚਿਆ ਸੀ।

## ਕ੍ਰਿਸਮਸ ਮੌਕੇ ਵਿਕਟੋਰੀਆ ਇੰਟਰਨੈਸ਼ਨਲ ਸਕੂਲ 'ਚ ਵਿਸ਼ੇਸ਼ ਸਮਾਗਮ

**ਮੁਕੇਰੀਆਂ:** ਇਥੋਂ ਦੇ ਵਿਕਟੋਰੀਆ ਇੰਟਰਨੈਸ਼ਨਲ ਸਕੂਲ ਵਿਚ ਕ੍ਰਿਸਮਸ ਮੌਕੇ ਸਕੂਲ ਦੇ ਮਲਟੀਪਰਪਜ਼ ਹਾਲ ਉਚੇਚਾ ਸਮਾਗਮ ਰਚਾਇਆ ਗਿਆ ਜਿਸ ਵਿਚ ਮੁੱਖ ਮਹਿਮਾਨ ਵਜੋਂ ਸ਼ਿਕਾਗੋ (ਅਮਰੀਕਾ) ਦੀ ਪੈਨ-ਓਸ਼ੀਐਨਿਕ ਕੰਸਟਰਕਸ਼ਨ ਕੰਪਨੀ ਦੇ ਮਾਲਕ ਗੁਲਜ਼ਾਰ ਸਿੰਘ ਮੁਲਤਾਨੀ ਨੇ ਸ਼ਿਰਕਤ ਕੀਤੀ। ਉਹ ਪਿੰਡ ਮਨਸੂਰਪੁਰ ਦੇ ਜੰਮਪਲ ਹਨ ਅਤੇ ਉਨ੍ਹਾਂ ਲੁਧਿਆਣਾ ਦੇ ਇੰਜੀਨੀਅਰਿੰਗ ਕਾਲਜ ਤੋਂ ਸਿਵਲ ਦੀ ਡਿਗਰੀ ਕੀਤੀ ਹੋਈ ਹੈ।



ਮੈਡਮ ਕਾਸਿਆ ਅਤੇ ਸ੍ਰੀ ਗੁਲਜ਼ਾਰ ਮੁਲਤਾਨੀ ਸ਼ਮ੍ਹਾਂ ਰੌਸ਼ਨ ਕਰਦੇ ਹੋਏ

ਸਮਾਗਮ ਦੀ ਸ਼ੁਰੂਆਤ ਗੁਲਜ਼ਾਰ ਸਿੰਘ ਮੁਲਤਾਨੀ ਅਤੇ ਜਰਮਨੀ ਤੋਂ ਆਈ ਮੈਡਮ ਕਾਸਿਆ ਜੋ ਸਕੂਲ ਅਧਿਆਪਕ ਹਨ, ਨੇ ਸ਼ਮ੍ਹਾਂ ਰੋਸ਼ਨ ਕਰ ਕੇ ਕੀਤੀ। ਉਨ੍ਹਾਂ ਕ੍ਰਿਸਮਸ ਦੇ ਤਿਉਹਾਰ ਮੌਕੇ ਸਾਰੇ ਸਟਾਫ ਨੂੰ ਵਧਾਈ ਦਿੱਤੀ ਅਤੇ ਬੱਚਿਆਂ ਨਾਲ ਕ੍ਰਿਸਮਸ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਵਿਕਟੋਰੀਆ ਇੰਟਰਨੈਸ਼ਨਲ ਸਕੂਲ ਦੀ ਅਮਰੀਕਾ ਤੱਕ ਹੋ ਰਹੀ ਚਰਚਾ ਬਾਰੇ ਵੀ ਗੱਲ ਕੀਤੀ ਅਤੇ ਨਾਲ ਹੀ ਦੱਸਿਆ ਕਿ ਜਲਦੀ ਹੀ ਇਸ ਸਕੂਲ ਦੀ ਐਫ਼ੀਲੀਏਸ਼ਨ ਅਮਰੀਕਾ ਵਿਚ ਕਰਵਾਈ ਜਾ ਰਹੀ ਹੈ। ਇਸ ਸਮਾਗਮ ਦਾ ਸੰਚਾਲਨ ਮੈਡਮ ਰਮਨਦੀਪ ਕੌਰ, ਪਾਰੀਤੋਸ਼, ਪੱਲਵੀ, ਨੀਲਮ, ਮਨਜੀਤ ਕੌਰ, ਦੀਪਤੀ ਅਤੇ ਮੈਡਮ ਰਿੰਪੀ ਨੇ ਕੀਤਾ। ਇਸ ਮੌਕੇ ਤੀਜੀ ਤੋਂ ਪੰਜਵੀਂ ਕਲਾਸ ਦੇ ਬੱਚਿਆਂ ਨੇ ਕਲਾ ਦੀਆਂ ਵੱਖ-ਵੱਖ ਵੰਨਗੀਆਂ ਪੇਸ਼ ਕੀਤੀਆਂ। ਬੱਚਿਆਂ ਨੇ ਯਸੂ ਮਸੀਹ ਦੇ ਜੀਵਨ 'ਤੇ ਆਧਾਰਤ ਨਾਟਕ ਖੇਡਿਆ। ਇਸ ਤੋਂ ਇਲਾਵਾ ਯਸੂ ਮਸੀਹ ਦੇ ਜਨਮ ਦਾ ਦ੍ਰਿਸ਼, ਕ੍ਰਿਸਮਸ ਦੇ ਗੀਤ (ਜਿੰਗਲ ਬੈਲ, ਸਿਲਵਰ ਬੈਲ ਆਦਿ) ਵੀ ਪੇਸ਼ ਕੀਤੇ ਗਏ। ਸਟੇਜ ਦੀ ਜ਼ਿੰਮੇਵਾਰੀ ਚੌਥੀ ਕਲਾਸ ਦੇ ਬੱਚਿਆਂ- ਵਸਤਲਾ, ਨਾਜ਼ਪ੍ਰੀਤ, ਪਲਕ ਤੇ ਰਮਨਦੀਪ ਨੇ ਬਾਖ਼ੂਬੀ ਨਿਭਾਈ।

ਬੱਚਿਆਂ ਨੇ ਭਗਵਾਨ ਯਸੂ ਮਸੀਹ ਦੇ ਜੀਵਨ ਨਾਲ ਸਬੰਧਤ ਸੁੰਦਰ ਚਾਰਟ ਤਿਆਰ ਕੀਤੇ। ਇਨ੍ਹਾਂ ਵਿਚੋਂ ਪਹਿਲੇ, ਦੂਜੇ ਤੇ ਤੀਜੇ ਨੰਬਰ ਉਤੇ ਆਉਣ ਵਾਲੇ ਬੱਚਿਆਂ ਨੂੰ ਇਨਾਮ ਵੰਡੇ ਗਏ। ਅੰਤ ਵਿਚ ਸਕੂਲ ਦੇ ਪ੍ਰਿੰਸੀਪਲ ਜੀ.ਐਸ. ਮੁਲਤਾਨੀ ਨੇ ਸਾਰੇ ਸਕੂਲ ਦੇ ਸਟਾਫ਼ ਤੇ ਬੱਚਿਆਂ ਨੂੰ ਕ੍ਰਿਸਮਸ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਸਾਨੂੰ ਸਾਰੇ ਧਰਮਾਂ ਦਾ ਆਦਰ ਸਤਿਕਾਰ ਕਰਨਾ ਚਾਹੀਦਾ ਹੈ। ਅੰਤ ਵਿਚ ਉਨ੍ਹਾਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

## ਡੈਮੋਕ੍ਰੈਟਿਕ ਪਾਰਟੀ ਵਿਚ ਸਿੱਖ ਭਾਈਚਾਰੇ ਦੀ ਸ਼ਮੂਲੀਅਤ

**ਸੈਕਰਾਮੈਂਟੋ (ਬਿਊਰੋ):** ਡੈਮੋਕ੍ਰੈਟਿਕ ਪਾਰਟੀ ਦੀਆਂ ਡੈਲੀਗੇਟ ਚੋਣਾਂ ਮੌਕੇ ਸੈਕਰਾਮੈਂਟੋ ਦੀਆਂ ਸਿੱਖ ਸੰਗਤਾਂ ਨੇ ਭਰਪੂਰ ਹਾਜ਼ਰੀ ਲਵਾਈ। ਮਰਦਾਂ ਦੀ ਸ਼੍ਰੇਣੀ ਵਿਚ ਮਾਇਕ ਹੋਠੀ, ਅਮਰ ਸ਼ੇਰਗਿੱਲ, ਦੀਪ ਕਮਲ ਬਾਜਵਾ, ਹਰਕਿਰਤ ਸਿੰਘ ਅਤੇ ਇਕਬਾਲ ਬਡਵਾਲ ਸੱਤ ਸੀਟਾਂ ਲਈ ਚੋਣ ਲੜੇ। ਮਾਇਕ ਹੋਠੀ 160 ਵੋਟਾਂ, ਅਮਰ ਸ਼ੇਰਗਿੱਲ 138 ਵੋਟਾਂ ਅਤੇ ਦੀਪ ਕਮਲ ਬਾਜਵਾ 114 ਵੋਟਾਂ ਨਾਲ ਪਹਿਲੀਆਂ ਤਿੰਨ ਸੀਟਾਂ 'ਤੇ ਕਾਬਜ਼ ਹੋ ਗਏ। ਬਾਕੀ ਚਾਰ ਸੀਟਾਂ ਤੇ ਮਾਈਕ ਵਾਈਟਸਾਈਡ 91, ਨੋਹ ਪੇਟਰ 76, ਸਟੀਵ ਲੀ 65 ਅਤੇ ਮੀਗੇਲ ਕੋਰਡਨ 58 ਵੋਟਾਂ ਲੈ ਕੇ ਜੇਤੂ ਰਹੇ। ਦੀਪ ਕਮਲ ਬਾਜਵਾ ਜਿੱਤਣ ਵਾਲਿਆਂ ਵਿਚੋਂ ਸਭ ਤੋਂ ਛੋਟੀ ਉਮਰ ਦੇ ਹਨ। ਉਨ੍ਹਾਂ ਨੇ ਆਪਣੀ ਪੜ੍ਹਾਈ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਸੈਕਰਾਮੈਂਟੋ ਤੋਂ ਕੀਤੀ।




ਔਰਤਾਂ ਦੀ ਸ਼੍ਰੇਣੀ ਵਿਚ ਡਾ. ਬਿੰਦੀ ਕੌਰ ਗਰੇਵਾਲ ਨੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਡਾ. ਗਰੇਵਾਲ ਐਲਕ ਗਰੋਵ ਯੂਨੀਫਾਈਡ ਸਕੂਲ ਡਿਸਟ੍ਰਿਕਟ ਵਿਚ ਬਤੌਰ ਡਾਇਰੈਕਟਰ ਸੇਵਾ ਨਿਭਾ ਰਹੇ ਹਨ। ਡੈਮੋਕ੍ਰੈਟਿਕ ਪਾਰਟੀ ਦੀਆਂ ਇਹ ਚੋਣਾਂ ਇਸ ਕਰਕੇ ਅਹਿਮ ਸਨ ਕਿ ਯੂ ਐਸ ਕਾਂਗਰਸ ਲਈ ਐਮੀ ਬੈਰਾ ਨੂੰ ਬਹੁਤੇ ਸਿੱਖਾਂ ਨੇ ਵੋਟ ਪਾਉਣ ਤੋਂ ਗੁਰੇਜ਼ ਕੀਤਾ ਕਿਉਂਕਿ ਕਾਂਗਰਸਮੈਨ ਬੈਰਾ ਨੇ 1984 ਦੇ ਸਿੱਖ ਕਤਲੇਆਮ ਨੂੰ ਭਾਰਤ ਸਰਕਾਰ ਦੁਆਰਾ ਕਰਵਾਈ ਗਈ ਨਸਲਕੁਸ਼ੀ ਕਹਿਣ ਤੋਂ ਸਾਫ ਨਾਂਹ ਕਰ ਦਿਤੀ ਸੀ।

## ਯਾਦਗਾਰੀ ਰਿਹਾ 'ਰੌਣਕ ਪੰਜਾਬ ਦੀ' ਪ੍ਰੋਗਰਾਮ

**ਬੇਕਰਜ਼ਫੀਲਡ (ਬਿਊਰੋ):** ਅਮੈਰਿਕਨ ਦੇਸੀ ਮਿਊਜ਼ੀਕਲ ਗਰੁਪ ਬੇਕਰਜ਼ਫੀਲਡ ਵਲੋਂ ਨਵੇਂ ਸਾਲ ਦਾ ਜਸ਼ਨ ਮਨਾਉਣ ਲਈ ਆਪਣਾ ਪਲੇਠਾ ਸਮਾਗਮ 'ਰੌਣਕ ਪੰਜਾਬ ਦੀ' ਸਥਾਨਕ ਪੈਰਾਡਾਈਸ ਹਾਲ ਵਿਚ ਕਰਵਾਇਆ ਗਿਆ।



ਪ੍ਰੋਗਰਾਮ ਦੀ ਸ਼ੁਰੂਆਤ ਸੁਖੀ ਸਿੱਧੂ ਨੇ ਸਭਨਾਂ ਨੂੰ ਜੀ ਆਇਆਂ ਆਖ ਕੇ ਕੀਤੀ। ਗਾਇਕੀ ਦੇ ਖੁੱਲ੍ਹੇ ਅਖਾੜੇ ਦਾ ਆਗਾਜ਼ ਗਾਇਕ ਸੁਲਤਾਨ ਅਖਤਰ ਨੇ ਆਪਣੇ ਧਾਰਮਿਕ ਗੀਤ ਨਾਲ ਕੀਤਾ। ਇਸ ਤੋਂ ਬਾਅਦ ਜੀਤਾ ਗਿੱਲ, ਮਿੱਕੀ ਸਰਾਂ, ਕੁਲਦੀਪ ਦੀਪ, ਹਰਜੀਤ ਮਹਿੰਦੀ, ਦਲਵੀਰ ਭੰਗੂ, ਜਸਦੀਪ ਦੀਪ, ਬਹਾਦਰ ਸਿੱਧੂ, ਸੰਨੀ ਬੱਬਰ ਅਤੇ ਅਕਾਸ਼ਦੀਪ ਆਦਿ ਨੇ ਪਰਿਵਾਰਕ ਗੀਤਾਂ ਦੀ ਛਹਿਬਰ ਲਾਈ। ਇਸ ਮੌਕੇ ਪੰਜਾਬੀ ਮੇਲਿਆਂ ਦੀ ਰੂਹੇ ਰਵਾਂ ਸਵਰਗੀ ਜਸਦੇਵ ਸਿੰਘ ਜੱਸੋਵਾਲ ਨੂੰ ਵੀ ਯਾਦ ਕੀਤਾ ਗਿਆ।


ਪ੍ਰੋਗਰਾਮ ਨੂੰ ਕਾਮਯਾਬ ਬਣਾਉਣ ਦਾ ਸਿਹਰਾ ਸੁਖੀ ਸਿੱਧੂ, ਜਸਪਾਲ ਮੁੰਡੀ, ਸੁਖਬੀਰ (ਬੀ ਐਂਡ ਬੀ ਕੰਪਨੀ) ਬਲਜਿੰਦਰ ਸਿੰਘ ਬਿੱਲਾ, ਸੰਨੀ ਬੱਬਰ ਅਤੇ ਦਲਵੀਰ ਭੰਗੂ ਸਿਰ ਜਾਂਦਾ ਹੈ। ਮੰਚ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਬਾਖ਼ੂਬੀ ਕੀਤਾ।

# H K TRANSPORT INC

*Division of HK Incorporated*

1401 West Ray St, Indianapolis, IN 46221

Ph: 317-408-3211, web: www.hktransportinc.com



## ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
|---|---|
| *92% ਫਲੈਟ ਡਿਸਪੈਚ | *48 ਸੈਂਟ ਤੱਕ ਪ੍ਰਤੀ ਮੀਲ |
| *30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ | *95% ਲੋਡ ਯਾਰਡ 'ਚ ਹੁੱਕ ਐਂਡ ਡਰਾਪ |
| *ਬਰੈਂਡ ਨਿਊ ਟਰੇਲਰ | *ਵਧੀਆ ਅਤੇ ਸਾਫ ਸੁਥਰੇ ਟਰੱਕ |
| *ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | |

*ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ*

*ਲੋੜੀਂਦੀ ਯੋਗਤਾ:*

■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

*ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ*

*ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ*

**ਸੰਪਰਕ ਕਰੋ: ਫੋਨ 317-408-3211**

ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

# Dhillon Truck Stop

## Dhillon Road Service

Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ

## ਪੰਜਾਬੀ ਢਾਬਾ



24 ਘੰਟੇ ਖੁੱਲ੍ਹਾ

ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

**ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ**

Ph:575-576-4111, 575-815-8536







# ਟਰੱਕਾਂ ਦੀ ਜ਼ਰੂਰਤ ਹੈ

## 2005, 2006 ਅਤੇ 2007 ਮਾਡਲ ਦੇ ਵਧੀਆ ਹਾਲਤ ਵਿਚ ਚਲਦੇ ਟਰੱਕ ਵੇਚਣ ਦੇ ਚਾਹਵਾਨ ਸੱਜਣ ਸੰਪਰਕ ਕਰਨ

ਵਧੀਆ ਭਾਅ ਦੇਵਾਂਗੇ
ਨਕਦ ਅਦਾਇਗੀ ਕਰਾਂਗੇ

*ਹੋਰ ਜਾਣਕਾਰੀ ਲਈ ਸੰਪਰਕ ਕਰੋ*

**ਫੋਨ: 815-410-0000**

E-mail: ontime14@yahoo.com

# ਕੁਦਰਤ ਦੀ ਕਵਿਤਾ ਗੋਂਡ ਚਿੱਤਰਕਲਾ



## ਰੰਗਾਂ, ਬਿੰਦੀਆਂ ਤੇ ਲਕੀਰਾਂ ਦਾ ਕ੍ਰਿਸ਼ਮਾ

ਕਲਾ ਪਰਿਕਰਮਾ

ਗੋਂਡ ਸ਼ਬਦ ਦਾ ਇਤਿਹਾਸ ਦ੍ਰਾਵੜੀ ਦੌਰ ਵੇਲੇ ਪ੍ਰਚੱਲਿਤ ਹੋਏ ਸ਼ਬਦ 'ਕੋਂਦ' ਸ਼ਬਦ ਨਾਲ ਜਾ ਜੁੜਦਾ ਹੈ। ਇਸ ਦਾ ਸ਼ਾਬਦਿਕ ਅਰਥ 'ਹਰੀ ਪਹਾੜੀ' ਹੈ। ਗੋਂਡਾਂ ਦਾ ਇਤਿਹਾਸ ਬੜਾ ਗਹਿ-ਗੱਡਵਾਂ ਰਿਹਾ ਹੈ। ਇਹ 14ਵੀਂ ਸਦੀ ਦੌਰਾਨ ਮੱਧ ਭਾਰਤ ਵਿਚ ਸੱਤਾ ਵਿਚ ਵੀ ਰਹੇ। ਬਾਅਦ ਵਿਚ ਮੁਗਲ ਫੌਜ ਨੇ ਇਨ੍ਹਾਂ ਨੂੰ ਬੁਰੀ ਤਰ੍ਹਾਂ ਖਦੇੜ



ਦਿੱਤਾ ਅਤੇ ਇਨ੍ਹਾਂ ਲੋਕਾਂ ਨੂੰ ਆਖਰਕਾਰ ਜੰਗਲਾਂ ਵਿਚ ਜਾ ਕੇ ਡੇਰੇ ਲਾਉਣੇ ਪਏ।

ਗੋਂਡ ਕਬੀਲੇ ਦਾ ਆਪਣਾ ਅਤੇ ਨਿਵੇਕਲਾ ਸਭਿਆਚਾਰ ਹੈ। ਗੋਂਡ ਚਿੱਤਰਕਾਰੀ ਤਾਂ ਹੋਰ ਵੀ ਵਿਲੱਖਣ ਹੈ ਅਤੇ ਇਹ ਪਹਿਲੀ ਨਜ਼ਰੇ ਹੀ ਧਿਆਨ ਖਿੱਚਦੀ ਹੈ। ਇਸ ਚਿੱਤਰਕਾਰੀ ਵਿਚ ਬਿੰਦੀਆਂ, ਲਕੀਰਾਂ ਅਤੇ ਰੰਗਾਂ ਦਾ ਬਹੁਤ ਮਹੱਤਵ ਹੈ। ਰੰਗਾਂ ਵਿਚੋਂ ਵੀ ਕਾਲਾ ਤੇ ਚਿੱਟਾ, ਲਾਲ, ਨੀਲਾ ਤੇ ਪੀਲਾ ਰੰਗ ਬਹੁਤ ਉਘੜਵੇਂ ਰੂਪ ਵਿਚ ਵਰਤੇ ਜਾਂਦੇ ਹਨ। ਚਿੱਤਰਾਂ ਵਿਚ ਵਧੇਰੇ ਚਿੱਤਰ ਦੇਵੀ-ਦੇਵਤਿਆਂ, ਜੰਗਲੀ ਦ੍ਰਿਸ਼ਾਂ, ਜੀਵ-ਜੰਤੂਆਂ ਆਦਿ ਦੇ ਮਿਲਦੇ ਹਨ। ਦਰਅਸਲ, ਗੋਂਡ ਲੋਕਾਂ ਵਾਂਗ ਇਹ ਚਿੱਤਰਕਲਾ ਵੀ ਕੁਦਰਤ ਦੇ ਬਹੁਤ ਨੇੜੇ ਹੈ ਅਤੇ ਇਸ ਵਿਚ ਕੁਦਰਤੀ ਨਜ਼ਾਰੇ ਭਰਪੂਰ ਰੂਪ ਵਿਚ ਪੇਸ਼ ਹੋਏ ਹਨ; ਮਾਨੋ ਇਹ ਕੁਦਰਤ ਦੀ ਹੀ ਕੋਈ ਕਵਿਤਾ ਹੋਵੇ!

ਸੰਸਾਰ ਪੱਧਰ ਉਤੇ ਮੂਲਵਾਸੀ/ਆਦਿਵਾਸੀ ਲੋਕਾਂ ਨਾਲ ਜੁੜੀ ਚਿੱਤਰਕਲਾ ਨਾਲ ਗੋਂਡ ਚਿੱਤਰਕਲਾ ਦਾ ਸਿੱਧਾ ਸਬੰਧ ਜੁੜਦਾ ਜਾਪਦਾ ਹੈ। ਇਕ ਖੋਜ ਮੁਤਾਬਕ ਅਜਿਹੇ ਮੂਲਵਾਸੀਆਂ ਦਾ ਖਾਸਾ ਕਿਉਂਕਿ ਇਕ ਹੁੰਦਾ ਹੈ, ਇਸ ਲਈ ਜੀਵਨ-ਸਚਿਆਰ ਅਤੇ ਕਦਰਾਂ-ਕੀਮਤਾਂ ਤਕਰੀਬਨ ਇਕੋ ਜਿਹੀਆਂ ਹੁੰਦੀਆਂ ਹਨ। ਇਹ ਕਦਰਾਂ-ਕੀਮਤਾਂ ਸਿੱਧੀਆਂ ਕੁਦਰਤ ਨਾਲ ਜੁੜੀਆਂ ਹੁੰਦੀ ਹਨ। ਮੱਧ ਭਾਰਤ ਵਿਚ ਗੋਂਡ ਅੱਜ ਵੀ ਸਭ ਤੋਂ ਵੱਡਾ ਕਬੀਲਾ ਹੈ ਅਤੇ ਇਨ੍ਹਾਂ ਲੋਕਾਂ ਦੀ ਗਿਣਤੀ ਤਕਰੀਬਨ 40 ਲੱਖ ਹੈ। ਗੋਂਡ ਇਲਾਕਾ ਮੱਧ ਪ੍ਰਦੇਸ਼, ਆਂਧਰਾ ਪ੍ਰਦੇਸ਼, ਮਹਾਂਰਾਸ਼ਟਰ, ਛੱਤੀਸਗੜ੍ਹ ਅਤੇ ਉੜੀਸਾ ਸੂਬਿਆਂ ਵਿਚ ਫੈਲਿਆ ਹੋਇਆ ਹੈ। ਗੋਂਡ ਲੋਕਾਂ ਦਾ ਇਤਿਹਾਸ 1400 ਸਾਲ ਪੁਰਾਣਾ ਹੈ। ਕੁਝ ਖੋਜੀਆਂ ਮੁਤਾਬਕ, ਇਨ੍ਹਾਂ ਦੇ ਚਿੱਤਰ ਪੱਥਰਾਂ ਉਤੇ




ਵੀ ਉਕਰੇ ਮਿਲਦੇ ਹਨ। ਗੋਂਡ ਚਿੱਤਰਕਲਾ ਦਾ ਆਧਾਰ ਇਹੀ ਸੀ ਕਿ ਚੰਗਾ ਚਿੱਤਰ ਚੰਗੀ ਕਿਸਮਤ ਨਾਲ ਜੁੜਿਆ ਹੋਇਆ ਹੈ। ਇਸੇ ਰਵਾਇਤ ਤਹਿਤ ਗੋਂਡ ਲੋਕ ਆਪਣੇ ਘਰਾਂ ਨੂੰ ਸਜਾਉਂਦੇ ਹਨ। ਅੱਜ ਕੱਲ੍ਹ ਗੋਂਡ ਚਿੱਤਰਕਲਾ ਲੱਕੜੀ ਉਤੇ ਵੀ ਉਤਰ ਆਈ ਹੈ। ਮੰਡੀ ਦੀ ਦੁਨੀਆਂ ਵਿਚ ਇਹ ਚਿੱਤਰਕਲਾ ਟੀ-ਸ਼ਰਟਾਂ ਤੱਕ ਦਾ ਸਫਰ ਵੀ ਤੈਅ ਕਰ ਗਈ ਹੈ।

ਸਮੇਂ ਦੇ ਗੁਜ਼ਰਨ ਨਾਲ ਗੋਂਡ ਚਿੱਤਰਕਲਾ ਵਿਚ ਭਾਵੇਂ ਰਲਾ ਵੀ ਆ ਰਿਹਾ ਹੈ, ਪਰ ਕੁਝ ਸੂਬਿਆਂ ਦੀਆਂ ਸਰਕਾਰਾਂ ਨੇ ਇਸ ਅਨੋਖੀ ਚਿੱਤਰਕਲਾ ਦੀ ਸਾਂਭ ਅਤੇ ਸੰਭਾਲ ਲਈ ਉਚੇਚੇ ਕਦਮ ਵੀ ਉਠਾਏ ਹਨ। ਗੋਂਡ ਚਿੱਤਰਕਲਾ ਅੱਜ ਕੱਲ੍ਹ ਵਿਸ਼ੇਸ਼ ਅਜਾਇਬਘਰਾਂ ਦਾ ਸ਼ਿੰਗਾਰ ਬਣਾਈ ਜਾ ਰਹੀ ਹੈ। ਭਾਰਤ ਸਰਕਾਰ ਨੇ ਇਸ ਕਲਾ ਦੀ ਸੰਭਾਲ ਲਈ ਆਰਟ ਗੈਲਰੀ ਬਣਾਈ ਹੈ ਜਿਸ ਵਿਚ ਸਿਰਫ ਗੋਂਡ ਕਲਾਕ੍ਰਿਤਾਂ ਹੀ ਰੱਖੀਆਂ ਗਈਆਂ ਹਨ। ਇਹ ਸੰਸਾਰ ਦੀ ਪਹਿਲੀ ਗੋਂਡ ਆਰਟ ਗੈਲਰੀ ਹੋ ਨਿੱਬੜੀ ਹੈ। ਇਸ ਚਿੱਤਰਕਲਾ ਨਾਲ ਸਬੰਧਤ ਕਲਾਕਾਰਾਂ ਨੂੰ ਵੀ ਉਤਸ਼ਾਹਤ ਕੀਤਾ ਜਾ ਰਿਹਾ ਹੈ। ਕਲਾ ਦੇ ਹਰ ਖੇਤਰ ਵਿਚ ਜਿਸ ਤਰ੍ਹਾਂ ਮੰਡੀ ਨੇ ਪ੍ਰਵੇਸ਼ ਕੀਤਾ ਹੈ, ਗੋਂਡ ਚਿੱਤਕਰਕਲਾ ਵੀ ਇਸ ਤੋਂ ਲੁਕੀ ਨਹੀਂ ਰਹੀ ਹੈ। ਇਸ ਕਲਾ ਦਾ ਰੰਗ ਲੋਕਾਂ ਦੇ ਘਰਾਂ ਦੀਆਂ ਕੰਧਾਂ ਉਤੇ ਤਾਂ ਬਿਖਰਿਆ ਹੀ ਹੈ; ਟੀ-ਸ਼ਰਟਾਂ, ਮੱਗਾਂ ਅਤੇ ਨਿੱਤ ਵਰਤੋਂ ਦੇ ਹੋਰ ਸਾਮਾਨ ਉਤੇ ਵੀ ਇਸ ਕਲਾ ਦਾ ਗੂੜ੍ਹਾ ਰੰਗ ਚੜ੍ਹ ਰਿਹਾ ਹੈ। ਲੋਕ ਅਜਿਹਾ ਸਾਮਾਨ ਆਪਣੇ ਘਰਾਂ ਦੀ ਸਜਾਵਟ ਲਈ ਖਰੀਦ ਰਹੇ ਹਨ।

**ਆਖਰੀ ਗੱਲ:** ਅੱਜ ਕੱਲ੍ਹ ਜਿਨ੍ਹਾਂ ਇਲਾਕਿਆਂ ਵਿਚ ਮਾਓਵਾਦੀ ਬਹੁਤ ਸਰਗਰਮ ਹਨ, ਉਨ੍ਹਾਂ ਵਿਚ ਗੋਂਡ ਇਲਾਕਾ ਵੀ ਸ਼ਾਮਲ ਹੈ। ਮਾਓਵਾਦੀਆਂ ਨੇ ਗੋਂਡ ਲੋਕਾਂ ਨਾਲ ਇੰਨਾ ਤਾਲਮੇਲ ਬਿਠਾਇਆ ਹੈ ਕਿ ਉਹ ਇਨ੍ਹਾਂ ਜੁਝਾਰੂਆਂ ਦੀ ਹਰ ਮਦਦ ਲਈ ਸਦਾ ਤਿਆਰ ਰਹਿੰਦੇ ਹਨ। ਮਾਓਵਾਦੀਆਂ ਨੇ ਇਨ੍ਹਾਂ ਦੇ ਸੁਹਜ-ਸਭਿਆਚਾਰ ਨੂੰ ਜਿਸ ਤਰ੍ਹਾਂ ਬਰਕਰਾਰ ਰੱਖਣ ਦਾ ਯਤਨ ਕੀਤਾ ਹੈ, ਬੌਧਿਕ ਹਲਕਿਆਂ ਅੰਦਰ ਉਹ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

*-ਕੇਵਲ ਕ੍ਰਿਸ਼ਨ ਵਕੀਲ*





ਸ਼ਹਿਰ ਦੇ ਇਕ ਮਕਾਨ ਅੰਦਰ ਆਧੁਨਿਕ ਬਾਥਰੂਮ ਵਿਚ ਦਿਸ ਰਿਹਾ ਗੋਂਡ ਚਿੱਤਰ ਦਾ ਨਜ਼ਾਰਾ।

### ਕੱਚੀਆਂ ਤੋਂ ਪੱਕੀਆਂ ਕੰਧਾਂ ਤੱਕ...

*ਗੋਂਡ ਚਿੱਤਰਕਾਰ ਹੁਣ ਆਧੁਨਿਕ ਯੁੱਗ ਨਾਲ ਵੀ ਜੁੜ ਰਹੇ ਹਨ। ਪਹਿਲਾਂ ਜਿਹੜੇ ਚਿੱਤਰ ਆਦਿਵਾਸੀਆਂ ਦੇ ਕੱਚੇ ਘਰਾਂ ਦੀਆਂ ਕੰਧਾਂ ਉਤੇ ਉਕਰੇ ਦਿਸਦੇ ਸਨ, ਉਹ ਅੱਜ ਕੱਲ੍ਹ ਸ਼ਹਿਰ ਦੇ ਆਧੁਨਿਕ ਅਤੇ ਸ਼ਾਹੀ ਮਕਾਨਾਂ ਵਿਚ ਵੀ ਦਿਸਣੇ ਸ਼ੁਰੂ ਹੋ ਗਏ ਹਨ। ਬਿਨਾਂ ਸ਼ੱਕ, ਇਹ ਸਭ ਮੰਡੀ ਦਾ ਕਮਾਲ ਹੈ, ਪਰ ਇਸ ਮੰਡੀ ਕਰ ਕੇ ਇਨ੍ਹਾਂ ਆਦਿਵਾਸੀ ਚਿੱਤਰਕਾਰਾਂ ਲਈ ਰੋਜ਼ੀ-ਰੋਟੀ ਦੇ ਰਾਹ ਮੋਕਲੇ ਹੋਏ ਹਨ। ਇਹ ਰਾਹ ਖੁੱਲ੍ਹਣ ਨਾਲ ਭਾਵੇਂ ਕਲਾ ਵਿਚ ਵਿਗਾੜ ਆਉਣ ਦਾ ਖਦਸ਼ਾ ਸਦਾ ਹੀ ਬਣਿਆ ਰਹਿੰਦਾ ਹੈ, ਪਰ ਆਧੁਨਿਕਤਾ ਦੀ ਹਨ੍ਹੇਰੀ ਅੱਗੇ ਹੋਰ ਕੋਈ ਚਾਰਾ ਵੀ ਤਾਂ ਨਹੀਂ ਦਿਸਦਾ। ਉਂਜ ਵੀ ਕੁਝ ਕਲਾਕਾਰ ਨਿੱਤਰ ਹੀ ਆਉਂਦੇ ਹੁੰਦੇ ਹਨ ਜਿਨ੍ਹਾਂ ਦੀ ਪਹਿਲ ਕਲਾ ਹੀ ਹੁੰਦੀ ਹੈ।*

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 24 ਜਨਵਰੀ 2015 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-152



*ਦਿਸਦੀ ਨਹੀਂ ਫੁਲਕਾਰੀ ਕਿਧਰੇ, ਨਾ ਹੁਣ ਗੜਬਾ ਚਾਂਦੀ ਦਾ।*
*ਭੱਤਾ ਲੈ ਕੇ ਸਿਰ ਦੇ ਉਤੇ ਲੱਕ ਨ੍ਹੀਂ ਹਿਲਦਾ ਜਾਂਦੀ ਦਾ।*
*ਪਲਟ ਗਿਆ ਏ ਕਿੰਨੀ ਛੇਤੀ ਉਹ ਇਤਿਹਾਸ ਦਾ ਪੰਨਾ।*
*ਕੰਗਣੀ ਵਾਲਾ ਗਿਲਾਸ ਰਿਹਾ ਨਾ, ਨਾ ਥਾਲ ਤੇ ਛੰਨਾ।*

## ਕੈਪਸ਼ਨ ਮੁਕਾਬਲਾ-150



ਹੱਡ ਭੰਨਵੀਂ ਕਰੀ ਕਮਾਈ,
ਵਿਚ ਵਿਦੇਸ਼ਾਂ ਜਾ ਕੇ।
ਵਾਪਸ ਆ ਕੇ ਕੋਠੀ ਪਾਈ,
ਉਪਰ ਜਹਾਜ ਬਿਠਾ ਕੇ।
ਝੰਡੀ ਕਰਕੇ ਜਹਾਜੀਂ ਚੜ੍ਹ'ਗੇ,
ਭਈਆਂ ਤਾਈਂ ਸੰਭਾ ਕੇ।
ਲੱਗੂ ਜਦੋਂ ਸਬੱਬੀਂ ਗੇੜਾ
ਫੇਰ ਤੁਰਨਗੇ ਧੌਣ ਅਕੜਾ ਕੇ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਕੱਚੇ ਢਾਹ ਕੇ ਪਾਈਆਂ ਕੋਠੀਆਂ
ਹੋਈਆਂ ਪਿੰਡਾਂ ਵਿਚ ਗੱਲਾਂ ਨੇ।
ਆ ਕੇ ਪਰਦੇਸੀਂ ਮਾਰੀਆਂ ਜੋ ਮੱਲਾਂ ਨੇ।
ਕਿਹਦੇ ਕਰਮਾਂ ਵਿਚ ਉਥੇ ਲਿਖਿਆ ਸੋਣਾ।
ਇਹ ਤਾਂ ਹੁਣ ਰੱਬ ਜਾਣਦਾ
ਪਰਦੇਸੀਆਂ ਨੇ ਘਰ ਕਦੋਂ ਆਉਣਾ।

*-ਸਿਕੰਦਰ ਸਿੰਘ ਇਕੋਲਾਹਾ*
*ਡਿਕੇਟਰ, ਮਿਸ਼ੀਗਨ*
*ਫੋਨ: 269-744-6986*

---

ਵਿਚ ਵਿਦੇਸ਼ਾਂ ਕੀਤੀ
ਪੁੱਤਰਾ ਮਿਹਨਤ ਬਥੇਰੀ।
ਪਾ ਲਈ ਪਿੰਡ ਦੇ ਵਿਚਾਲੇ
ਕੋਠੀ ਸੋਹਣੀ ਅਤੇ ਵਡੇਰੀ।
ਕਰਕੇ ਇਹੋ ਵੱਡਾ ਕਾਜ
ਰੱਖਿਆ ਕੋਠੀ 'ਤੇ ਜਹਾਜ।
ਆਪ ਰਹਿੰਦੇ ਵਿਚ ਪਰਦੇਸਾਂ
ਲੱਖਾਂ ਇਥੇ ਲਾ ਕੇ ਰੁਪਈਏ
ਕੋਠੀ ਵਿਚ ਰਹਿੰਦੇ ਹੁਣ
ਮਾਂ-ਬਾਪ ਜਾਂ ਭੱਈਏ।

*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

---

ਕੋਠੀ ਉਤੇ ਜਹਾਜ ਚੜ੍ਹਾ ਕੇ
ਸਰੀਕਾਂ ਦੀ ਹਿੱਕ 'ਤੇ ਦੀਵਾ ਬਾਲਿਆ।
ਵੱਡੀ ਕੋਠੀ ਦਾ ਮਾਲਕ ਵੱਡਾ
ਇਹ ਕੇਹਾ ਹੈ ਭਰਮ ਪਾਲਿਆ।
ਉਡਦੇ ਜੋ ਅਸਮਾਨ ਵਿਚ
ਅਖੀਰ ਥੱਲੇ ਹੀ ਲਹਿੰਦੇ ਨੇ।
ਸ਼ੌਂਕ ਪੂਰੀਏ ਪਰ ਰਹੀਏ ਨਿਮਰ
ਸੱਚ ਸਿਆਣੇ ਕਹਿੰਦੇ ਨੇ।

*-ਪਰਸ਼ੋਤਮ ਸਿੰਘ ਯੂਬਾ ਸਿਟੀ*

# ਪੰਜਾਬ ਦੇ ਨਿਰਮਲ ਪਾਣੀਆਂ ਵਿਚ ਘੁਲਿਆ ਜ਼ਹਿਰ

**ਚੰਡੀਗੜ੍ਹ:** ਮਾਲਵੇ ਤੋਂ ਬਾਅਦ ਪੰਜਾਬ ਦੇ ਦੁਆਬਾ ਤੇ ਮਾਝਾ ਖੇਤਰ ਦੇ ਜ਼ਿਲ੍ਹਿਆਂ ਵਿਚਲੇ ਪਾਣੀ ਵਿਚ ਵੀ ਵੱਡੀ ਮਾਤਰਾ ਵਿਚ ਯੂਰੇਨੀਅਮ ਤੱਤ ਦੀ ਪੁਸ਼ਟੀ ਹੋਈ ਹੈ। ਕੇਂਦਰੀ ਜ਼ਮੀਨਦੋਜ਼ ਜਲ ਬੋਰਡ ਨਵੀਂ ਦਿੱਲੀ ਦੀ ਰਿਪੋਰਟ ਮੁਤਾਬਕ ਸੂਬੇ ਦੇ ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਤਰਨਤਾਰਨ, ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲ੍ਹਿਆਂ ਵਿਚਲੇ ਜ਼ਮੀਨਦੋਜ਼ ਪਾਣੀ ਵਿਚ ਯੂਰੇਨੀਅਮ ਦੀ ਮਾਤਰਾ ਇੰਨੀ ਦਰਜ ਕੀਤੀ ਗਈ ਕਿ ਬੋਰਡ ਨੇ ਇਨ੍ਹਾਂ ਜ਼ਿਲ੍ਹਿਆਂ ਵਿਚੋਂ ਟਿਊਬਵੈਲ ਦੇ ਪਾਣੀ ਦੇ ਨਮੂਨੇ ਫੇਲ੍ਹ ਕਰਾਰ ਦੇ ਦਿੱਤੇ ਹਨ। ਬੋਰਡ ਵਲੋਂ ਪੰਜਾਬ ਦੇ ਸਮੂਹ ਜ਼ਿਲ੍ਹਿਆਂ ਵਿਚੋਂ ਹਾਸਲ ਕੀਤੇ ਜ਼ਮੀਨਦੋਜ਼ ਪਾਣੀ ਦੇ ਨਮੂਨਿਆਂ ਦੀ ਜਾਂਚ ਭਾਬਾ ਐਟੋਮਿਕ ਰਿਸਰਚ ਸੈਂਟਰ ਮੁੰਬਈ ਤੋਂ ਕਰਵਾਈ ਗਈ ਸੀ।

ਸੈਂਟਰ ਨੇ ਆਪਣੀ ਰਿਪੋਰਟ ਵਿਚ ਦੱਸਿਆ ਕਿ ਪੰਜਾਬ ਦੇ ਹੋਰ ਜ਼ਿਲ੍ਹਿਆਂ ਸਮੇਤ ਉਪਰੋਕਤ ਜ਼ਿਲ੍ਹਿਆਂ ਦੇ ਭੂਮੀ ਹੇਠਲੇ ਪਾਣੀ ਵਿਚ ਯੂਰੇਨੀਅਮ ਦੀ ਮਾਤਰਾ ਭਾਰਤੀ ਐਟੋਮਿਕ ਊਰਜਾ ਰੈਗੂਲੇਟਰੀ ਬੋਰਡ (ਏ.ਈ.ਆਰ.ਬੀ.) ਵਲੋਂ ਤੈਅ (ਇਕ ਲੀਟਰ ਪਾਣੀ ਵਿਚ ਵੱਧ ਤੋਂ ਵੱਧ 60 ਮਾਈਕ੍ਰੋਗ੍ਰਾਮ ਯੂਰੇਨੀਅਮ) ਤੇ ਵਿਸ਼ਵ ਸਿਹਤ ਸੰਗਠਨ (ਡਬਲਿਯੂ.ਐਚ.ਓ.) ਵਲੋਂ ਤੈਅ ਮਾਤਰਾ (ਇਕ ਲੀਟਰ ਪਾਣੀ ਵਿਚ 15 ਮਾਈਕ੍ਰੋਗ੍ਰਾਮ ਯੂਰੇਨੀਅਮ) ਤੋਂ ਵੱਧ ਪਾਈ ਗਈ, ਜਿਸ ਦੇ ਚੱਲਦਿਆਂ ਇਹ ਨਮੂਨੇ ਫੇਲ੍ਹ ਕਰ ਦਿੱਤੇ ਗਏ। ਚੇਤੇ ਰਹੇ, ਸਿਹਤ ਮਾਹਿਰ ਯੂਰੇਨੀਅਮ ਤੱਤ ਨੂੰ ਕੈਂਸਰ ਤੇ ਹੋਰ ਬਿਮਾਰੀਆਂ ਨਾਲ ਜੋੜ ਕੇ ਵੇਖਦੇ ਹਨ।

ਰਿਪੋਰਟ ਅਨੁਸਾਰ ਬੋਰਡ ਵਲੋਂ ਹੁਸ਼ਿਆਰਪੁਰ ਜ਼ਿਲ੍ਹੇ ਵਿਚੋਂ ਜ਼ਮੀਨਦੋਜ਼ ਪਾਣੀ ਦੇ 51 ਨਮੂਨੇ ਲਏ ਗਏ ਸਨ, ਜਿਨ੍ਹਾਂ ਵਿਚੋਂ ਛੇ ਨਮੂਨਿਆਂ ਵਿਚ ਯੂਰੇਨੀਅਮ ਦੀ ਇੰਨੀ ਮਾਤਰਾ ਪਾਈ ਗਈ ਕਿ ਵਿਸ਼ਵ ਸਿਹਤ ਸੰਗਠਨ ਦੇ ਮਾਪਦੰਡਾਂ ਤਹਿਤ ਉਹ ਇਹ ਸਾਰੇ ਨਮੂਨੇ ਫੇਲ੍ਹ ਕਰਾਰ ਦੇ ਦਿੱਤੇ ਗਏ। ਜਲੰਧਰ ਜ਼ਿਲ੍ਹੇ ਵਿਚੋਂ ਜ਼ਮੀਨਦੋਜ਼ ਪਾਣੀ ਦੇ ਲਏ 50 ਨਮੂਨਿਆਂ ਵਿਚੋਂ 23 ਵਿਚ ਯੂਰੇਨੀਅਮ ਦੀ ਤੈਅ ਨਾਲੋਂ ਵਧੇਰੇ ਮਾਤਰਾ ਪਾਈ ਗਈ ਤੇ ਫੇਲ੍ਹ ਕਰਾਰ ਦੇ ਦਿੱਤੇ ਗਏ। ਕਪੂਰਥਲਾ ਜ਼ਿਲ੍ਹੇ ਵਿਚੋਂ ਲਏ 25 ਵਿਚੋਂ 9 ਨਮੂਨੇ ਯੂਰੇਨੀਅਮ ਦੀ ਵਧੇਰੇ ਮਾਤਰਾ ਕਾਰਨ ਫੇਲ੍ਹ ਕਰਾਰ ਦਿੱਤੇ ਗਏ। ਰਿਪੋਰਟ ਅਨੁਸਾਰ ਅੰਮ੍ਰਿਤਸਰ ਜ਼ਿਲ੍ਹੇ ਵਿਚੋਂ ਲਏ ਭੂਮੀਗਤ ਪਾਣੀ ਦੇ 45 ਨਮੂਨਿਆਂ ਵਿਚੋਂ 9 ਨਮੂਨੇ ਫੇਲ੍ਹ ਪਾਏ ਗਏ, ਗੁਰਦਾਸਪੁਰ ਜ਼ਿਲ੍ਹੇ ਵਿਚੋਂ ਲਏ 56 ਵਿਚੋਂ ਚਾਰ ਨਮੂਨਿਆਂ ਵਿਚ ਯੂਰੇਨੀਅਮ ਦੀ ਮਾਤਰਾ ਵਧੇਰੇ ਪਾਈ ਗਈ। ਤਰਨਤਾਰਨ ਜ਼ਿਲ੍ਹੇ ਵਿਚੋਂ ਲਏ 56 ਵਿਚੋਂ 35 ਨਮੂਨੇ ਫੇਲ੍ਹ ਦਰਜ ਕੀਤੇ ਗਏ।

ਬਰਨਾਲਾ ਜ਼ਿਲ੍ਹੇ ਵਿਚ ਲਏ 106 ਨਮੂਨਿਆਂ ਵਿਚੋਂ 102 ਨਮੂਨੇ ਫੇਲ੍ਹ ਦਰਜ ਕੀਤੇ ਗਏ, ਜਦਕਿ ਭਾਰਤੀ ਐਟੋਮਿਕ ਊਰਜਾ ਰੈਗੂਲੇਟਰੀ ਬੋਰਡ ਦੇ ਮਾਪਦੰਡ ਅਨੁਸਾਰ ਇਸ ਜ਼ਿਲ੍ਹੇ ਦੇ 71 ਨਮੂਨੇ ਅਣ-ਸੁਰੱਖਿਅਤ ਦਰਜ ਕੀਤੇ ਗਏ। ਬਠਿੰਡਾ ਜ਼ਿਲ੍ਹੇ ਵਿਚੋਂ ਲਏ 49 ਨਮੂਨਿਆਂ ਵਿਚੋਂ 36 ਅਣਸੁਰੱਖਿਅਤ ਪਾਏ ਗਏ। ਫਰੀਦਕੋਟ ਜ਼ਿਲ੍ਹੇ ਵਿਚ 11 ਵਿਚੋਂ ਪੰਜ ਨਮੂਨੇ ਤੇ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਵਿਚ 26 ਵਿਚੋਂ 14 ਨਮੂਨੇ ਫ਼ੇਲ੍ਹ ਹੋਏ। ਫਿਰੋਜ਼ਪੁਰ ਜ਼ਿਲ੍ਹੇ ਵਿਚ 345 ਵਿਚੋਂ 260 ਨਮੂਨੇ ਫੇਲ੍ਹ ਕਰਾਰ ਦਿੱਤੇ ਗਏ, ਭਾਰਤੀ ਐਟੋਮਿਕ ਊਰਜਾ ਰੈਗੂਲੇਟਰੀ ਬੋਰਡ ਦੇ ਮਾਪਦੰਡ ਅਨੁਸਾਰ ਇਸ ਜ਼ਿਲ੍ਹੇ ਦੇ 61 ਨਮੂਨੇ ਫੇਲ੍ਹ ਹੋਏ।

ਲੁਧਿਆਣੇ ਜ਼ਿਲ੍ਹੇ ਦੇ 280 ਵਿਚੋਂ 196 ਨਮੂਨੇ, ਮਾਨਸਾ ਜ਼ਿਲ੍ਹੇ ਦੇ 26 ਵਿਚੋਂ 16 ਨਮੂਨੇ, ਮੋਗਾ ਜ਼ਿਲ੍ਹੇ ਦੇ 232 ਵਿਚੋਂ 222 ਨਮੂਨੇ ਫੇਲ੍ਹ ਦਰਜ ਕੀਤੇ ਗਏ। ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦੇ 22 ਵਿਚੋਂ 9 ਨਮੂਨਿਆਂ ਵਿਚ ਯੂਰੇਨੀਅਮ ਦੀ ਵਧੇਰੇ ਮਾਤਰਾ ਪਾਈ ਗਈ। ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿਚੋਂ ਲਏ ਅੱਠ ਨਮੂਨਿਆਂ ਵਿਚੋਂ ਕੋਈ ਵੀ ਅਣਸੁਰੱਖਿਅਤ ਦਰਜ ਨਹੀਂ ਕੀਤਾ ਗਿਆ। ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿਚੋਂ ਹਾਸਲ ਕੀਤੇ 25 ਵਿਚੋਂ 11 ਫੇਲ੍ਹ ਦਰਜ ਕੀਤੇ ਗਏ। ਪਠਾਨਕੋਟ ਜ਼ਿਲ੍ਹੇ ਵਿਚੋਂ ਲਏ 25 ਵਿਚੋਂ 24 ਦੀ ਰਿਪੋਰਟ ਆਈ, ਜੋਕਿ ਸੁਰੱਖਿਅਤ ਦਰਜ ਕੀਤੀ ਗਈ। ਪਟਿਆਲਾ ਜ਼ਿਲ੍ਹੇ ਦੇ 88 ਵਿਚੋਂ 66 ਫੇਲ੍ਹ ਤੇ ਰੋਪੜ ਜ਼ਿਲ੍ਹੇ ਦੇ 24 ਵਿਚੋਂ ਸਿਰਫ ਇਕ ਹੀ ਫੇਲ੍ਹ ਦਰਜ ਕੀਤਾ ਗਿਆ। ਸੰਗਰੂਰ ਜ਼ਿਲ੍ਹੇ ਦੇ 140 ਵਿਚੋਂ 132 ਨਮੂਨੇ ਫੇਲ੍ਹ ਪਾਏ ਗਏ।

ਹੁਸ਼ਿਆਰਪੁਰ ਆਧਾਰਤ ਗੈਰ ਸਰਕਾਰੀ ਸੰਸਥਾ 'ਸਫਲ ਭਾਰਤ ਗੁਰੂ ਪਰੰਪਰਾ' ਦੇ ਚੇਅਰਮੈਨ ਪਰਵਿੰਦਰ ਰਾਣਾ ਨੇ ਕਿਹਾ ਕਿ ਉਹ ਇਸ ਰਿਪੋਰਟ ਨੂੰ ਆਧਾਰ ਬਣਾ ਕੇ ਕੇਂਦਰੀ ਗ੍ਰੀਨ ਟ੍ਰਿਬਿਊਨਲ ਵਿਚ ਪਟੀਸ਼ਨ ਦਾਇਰ ਕਰਨਗੇ। ਯੂਰੇਨੀਅਮ ਦੀ ਮਾਤਰਾ ਨੂੰ ਲੈ ਕੇ ਪੰਜਾਬ ਸਰਕਾਰ ਨੂੰ ਤੁਰੰਤ ਕਦਮ ਚੁੱਕਣੇ ਚਾਹੀਦੇ ਹਨ। ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਦਾ ਕਹਿਣਾ ਹੈ ਕਿ ਜਦੋਂ ਵੀ ਯੂਰੇਨੀਅਮ ਦੀ ਗੱਲ ਤੁਰਦੀ ਹੈ ਤਾਂ ਖੇਤੀਬਾੜੀ ਲਈ ਵਰਤੇ ਜਾਂਦੇ ਕੀਟਨਾਸ਼ਕਾਂ 'ਤੇ ਸਵਾਲੀਆ ਨਿਸ਼ਾਨ ਖੜ੍ਹਾ ਕਰ ਦਿੱਤਾ ਜਾਂਦਾ ਹੈ, ਜਦਕਿ ਇਸ ਦੀਆਂ ਮੁੱਖ ਜ਼ਿੰਮੇਵਾਰ ਸਨਅਤਾਂ ਹਨ, ਜਿਨ੍ਹਾਂ ਵਲੋਂ ਜ਼ਹਿਰੀਲੇ ਰਸਾਇਣ ਧਰਤੀ ਵਿਚ ਬਾਕਾਇਦਾ ਬੋਰ ਕਰਕੇ ਇੰਜੈਕਟ ਕੀਤੇ ਜਾਂਦੇ ਹਨ। ਉਘੇ ਵਾਤਾਵਰਨ ਪ੍ਰੇਮੀ ਤੇ ਚਿੰਤਕ ਓਮੇਂਦਰ ਦੱਤ ਨੇ ਕਿਹਾ ਕਿ ਵਿਗਿਆਨੀਆਂ ਦਾ ਇਕ ਵੱਡਾ ਹਿੱਸਾ ਯੂਰੇਨੀਅਮ ਨੂੰ ਰਸਾਇਣਕ ਖਾਦਾਂ ਨਾਲ ਜੋੜਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਸੱਭਿਅਤਾ ਨੂੰ ਖਤਮ ਕਰਨ ਵਾਲਾ ਵਾਤਾਵਰਨ ਪੈਦਾ ਹੋ ਗਿਆ ਹੈ। ਵਿਗਿਆਨੀਆਂ, ਸਿਆਸਤਦਾਨਾਂ ਤੇ ਅਫਸਰਾਂ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਪੰਜਾਬ ਵਿਚ ਵਾਤਾਵਰਨ ਤੇ ਸਿਹਤ ਸੰਕਟਕਾਲੀਨ ਸਥਿਤੀ ਐਲਾਨੀ ਜਾਣੀ ਚਾਹੀਦੀ ਹੈ।

### ਦੁਆਬਾ ਤੇ ਮਾਝਾ ਖੇਤਰ 'ਚ ਵੀ ਯੂਰੇਨੀਅਮ ਦੀ ਪੁਸ਼ਟੀ



### ਕੈਂਸਰ ਦਾ ਕਾਰਨ ਬਣਦਾ ਹੈ ਯੂਰੇਨੀਅਮ

ਕੈਂਸਰ ਦੇ ਕਹਿਰ ਦਾ ਮੁੱਖ ਕਾਰਨ ਜ਼ਹਿਰੀਲਾ ਪਾਣੀ ਮੰਨਿਆ ਜਾ ਰਿਹਾ ਹੈ। ਜਰਮਨ ਦੀ ਇਕ ਲੈਬਾਰਟਰੀ ਮਾਈਕਰੋਟਰੇਸ ਮਿਨਰਲ ਵਲੋਂ ਖੇਤੀ ਵਿਰਾਸਤ ਨਾਲ ਮਿਲ ਕੇ ਕੈਂਸਰ ਤੋਂ ਪੀੜਤ ਤੇ ਸਿਹਤਮੰਦ ਲੋਕਾਂ ਦੇ ਨਹੁੰ ਤੇ ਵਾਲਾਂ 'ਤੇ ਕੀਤੀ ਗਈ ਟੈਸਟ ਵਿਧੀ ਖੋਜ ਤੋਂ ਸਾਹਮਣੇ ਆਇਆ ਹੈ ਕਿ ਯੂਰੇਨੀਅਮ ਸਮੇਤ ਭਾਰੀ ਧਾਤਾਂ ਦੀ ਬਹੁਤਾਤ ਨੇ ਮਾਲਵਾ ਖੇਤਰ ਦੇ ਲੋਕਾਂ ਨੂੰ ਬਿਮਾਰੀਆਂ ਦਾ ਸ਼ਿਕਾਰ ਬਣਾ ਰਹੀ ਹੈ। ਇਨ੍ਹਾਂ ਦੀ ਮਨੁੱਖੀ ਸਰੀਰ ਵਿਚ ਤੈਅਸ਼ੁਦਾ ਮਾਤਰਾ ਨਾਲੋਂ ਵੱਧ ਮਿਕਦਾਰ ਕੈਂਸਰ ਦਾ ਕਾਰਨ ਬਣ ਕੇ ਉਭਰ ਰਹੀ ਹੈ। ਇਸ ਖੋਜ਼ ਲਈ ਨਮੂਨੇ ਬਠਿੰਡਾ ਤੇ ਸ੍ਰੀ ਮੁਕਤਸਰ ਸਾਹਿਬ ਦੇ 12 ਪਿੰਡਾਂ ਤੇ ਫਰੀਦਕੋਟ ਸ਼ਹਿਰ ਵਿਚੋਂ ਲਏ ਗਏ ਸਨ ਜਿਨ੍ਹਾਂ ਦੇ ਆਧਾਰ 'ਤੇ ਅੱਗੇ ਖੋਜ ਕੀਤੀ ਗਈ। ਮਾਹਿਰਾਂ ਦਾ ਕਹਿਣਾ ਹੈ ਕਿ ਯੂਰਪੀਅਨਾਂ ਦੇ ਮੁਕਾਬਲੇ ਮਲਵੱਈਆਂ ਵਿਚ ਭਾਰੀ ਧਾਤਾਂ ਕਾਰਨ 23 ਫੀਸਦੀ ਵੱਧ ਛਾਤੀ ਦੇ ਕੈਂਸਰ ਫਿਰ ਯੂਟਰਾਈਨ ਤੇ ਖਾਣੇ ਵਾਲੀ ਨਲੀ ਵਿਚ ਵੱਧ ਪਾਇਆ ਗਿਆ ਹੈ।

# ਸਿੱਖਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਯਾਦ ਪੱਤਰ ਦਿੱਤੇ

**ਸੈਨ ਫਰਾਂਸਿਸਕੋ (ਬਿਊਰੋ):** ਕੈਲੀਫੋਰਨੀਆਂ ਵਿਚ ਲੋਕਾਂ ਵਲੋਂ ਚੁਣੇ ਹੋਏ 5 ਕਾਂਗਰਸਮੈਨ ਤੇ ਦੋ ਕਾਂਗਰਸਵੂਮਨ ਨੂੰ ਬੀਤੇ ਹਫਤੇ ਸਿੱਖ ਸੰਗਤਾਂ ਤੇ ਸਿੱਖ ਆਗੂਆਂ ਨੇ ਸਾਂਝੇ ਤੌਰ 'ਤੇ ਯਾਦ ਪੱਤਰ ਦਿੱਤੇ ਜਿਸ ਵਿਚ ਭਾਰਤ ਦੇ ਉਤਰੀ ਰਾਜਾਂ ਵਿਚ ਭਾਰਤ ਸਰਕਾਰ ਤੇ ਪੰਜਾਬ ਦੀ ਅਕਾਲੀ ਸਰਕਾਰ ਦੁਆਰਾ ਸਿੱਖ ਕੌਮ ਨਾਲ ਉਨ੍ਹਾਂ ਦੇ ਜੀਵਨ ਦੇ ਹਰ ਖੇਤਰ ਵਿਚ ਕੀਤੇ ਜਾ ਰਹੇ ਅਣਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾਵਾਂ ਬਾਰੇ ਦਸਿਆ ਗਿਆ। ਕੈਲੀਫੋਰਨੀਆ ਸਟੇਟ ਦੇ ਕੰਗਰੈਸ਼ਨਲ ਜ਼ਿਲ੍ਹੇ 9, 10, 14, 17, 19, 23 ਤੇ 42 ਦੇ ਕ੍ਰਮਵਾਰ ਜੈਰੀ ਮੈਕਰਨੀ, ਜੈਫ ਡੈਨਹੈਮ, ਬੀਬੀ ਜੈਕੀ ਸਪੀਅਰ, ਮਾਈਕ ਹਾਂਡਾ, ਬੀਬੀ ਜੋਅ ਲਾਫਗਰੈਨ, ਕੈਵਿਨ ਮੈਕਾਰਥੀ ਤੇ ਕੈਨ ਕੈਲਵਰਟ ਨੂੰ ਯਾਦ ਪੱਤਰ ਦਿੱਤੇ ਗਏ।





ਭਾਈ ਗੁਰਬਖਸ਼ ਸਿੰਘ ਖਾਲਸਾ ਵਲੋਂ ਸਜ਼ਾ ਪੂਰੀ ਕਰ ਚੁਕੇ ਸਿੱਖਾਂ ਦੀ ਰਿਹਾਈ ਲਈ ਪਿਛਲੇ ਦੋ ਮਹੀਨਿਆਂ ਤੋਂ ਕੀਤੀ ਭੁੱਖ ਹੜਤਾਲ ਦੀ ਰੌਸ਼ਨੀ ਵਿਚ ਇਨ੍ਹਾਂ ਯਾਦ ਪੱਤਰਾਂ ਵਿਚ ਭਾਰਤ ਸਰਕਾਰ ਦੁਆਰਾ ਸਿੱਖਾਂ ਉਤੇ ਕੀਤੇ ਜ਼ੁਲਮਾਂ ਬਾਰੇ ਦੱਸਿਆ ਗਿਆ ਹੈ। ਯਾਦ ਪੱਤਰਾਂ ਵਿਚ ਦਸਿਆ ਗਿਆ ਹੈ ਕਿ ਸਜ਼ਾ ਕੱਟ ਚੁੱਕੇ ਸਿੱਖਾਂ ਦੀ ਰਿਹਾਈ ਵੀ ਕਾਨੂੰਨ ਅਨੁਸਾਰ ਨਹੀਂ ਕੀਤੀ ਜਾ ਰਹੀ ਤੇ ਭਾਈ ਗੁਰਬਖਸ਼ ਸਿੰਘ ਖਾਲਸਾ ਨੂੰ ਭੁੱਖ ਹੜਤਾਲ ਲਈ ਮਜਬੂਰ ਹੋਣਾ ਪੈ ਰਿਹਾ ਹੈ। ਯਾਦ ਪੱਤਰ ਵਿਚ ਇਹ ਵੀ ਦਰਸਾਇਆ ਗਿਆ ਕਿ ਹੁਣ ਗੁਲਾਮੀ ਦਾ ਸਿਖਰ ਇਹ ਹੈ ਕਿ ਕਿਸੇ ਵੀ ਸਿੱਖ ਨੂੰ ਨਿਆਂ ਹਾਸਲ ਕਰਨ ਲਈ ਸ਼ਾਂਤਮਈ ਤਰੀਕੇ ਨਾਲ ਭੁੱਖ ਹੜਤਾਲ ਵੀ ਨਹੀਂ ਰੱਖਣ ਦਿਤੀ ਜਾ ਰਹੀ।

ਕਾਂਗਰਸ ਦੇ ਚੁਣੇ ਹੋਏ ਆਗੂਆਂ ਨੇ ਯਾਦ ਪੱਤਰ ਹਾਸਲ ਕਰਦਿਆਂ ਇਸ ਗੰਭੀਰ ਮਸਲੇ ਬਾਰੇ ਅਮਰੀਕੀ ਨਿਯਮਾਂ ਅਤੇ ਮਨੁੱਖੀ ਅਧਿਕਾਰਾਂ ਦੇ ਦ੍ਰਿਸ਼ਟੀਕੋਣ ਤੋਂ ਵਿਚਾਰਨ ਦਾ ਭਰੋਸਾ ਦਿੱਤਾ।

## ਸੁਰੇਂਦਰ ਕੁਮਾਰ ਸਿਨਹਾ ਬੰਗਲਾਦੇਸ਼ ਦੇ ਪਹਿਲੇ ਹਿੰਦੂ ਚੀਫ ਜਸਟਿਸ ਨਿਯੁਕਤ

**ਢਾਕਾ:** ਸੁਪਰੀਮ ਕੋਰਟ ਦੇ ਸਭ ਤੋਂ ਸੀਨੀਅਰ ਜੱਜ, ਜਸਟਿਸ ਸੁਰੇਂਦਰ ਕੁਮਾਰ ਸਿਨਹਾ ਨੂੰ ਚੀਫ ਜਸਟਿਸ ਨਿਯੁਕਤ ਕੀਤਾ ਗਿਆ ਹੈ। ਉਹ ਚੀਫ ਜਸਟਿਸ ਮੁਜ਼ੰਮਲ ਹੁਸੈਨ ਦੀ ਥਾਂ ਲੈ ਰਹੇ ਹਨ। ਜਸਟਿਸ ਸਿਨਹਾ ਨੇ ਐਲ.ਐਲ.ਬੀ. ਤੋਂ ਬਾਅਦ 1974 ਵਿਚ ਸਿਲਹਟ ਦੀ ਜ਼ਿਲ੍ਹਾ ਅਦਾਲਤ ਵਿਚ ਬਤੌਰ ਵਕੀਲ ਪ੍ਰੈਕਟਿਸ ਸ਼ੁਰੂ ਕੀਤੀ ਸੀ। 1978 ਵਿਚ ਉਹ ਹਾਈਕੋਰਟ ਤੇ ਫਿਰ 1990 ਵਿਚ ਐਪੇਲਟ ਡਿਵੀਜ਼ਨ ਵਿਚ ਵਕੀਲ ਬਣੇ। ਬੰਗਲਾਦੇਸ਼ ਦੀ ਸੁਪਰੀਮ ਕੋਰਟ ਦੀਆਂ ਦੋ ਡਿਵੀਜ਼ਨਾਂ ਐਪੇਲਟ ਤੇ ਹਾਈਕੋਰਟ ਹੁੰਦੀਆਂ ਹਨ।




ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।


TEL: 209.982.9996
FAX: 209.982.9997

# ਫਜ਼ੂਲ ਖਰਚੀ ਵਿਚ ਪੰਜਾਬ ਸਰਕਾਰ ਦੇਸ਼ ਭਰ 'ਚ ਸਭ ਤੋਂ ਅੱਗੇ

**ਚੰਡੀਗੜ੍ਹ:** ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਤੇ ਫਜ਼ੂਲ ਖਰਚਿਆਂ ਵਿਚ ਪੰਜਾਬ ਦੇਸ਼ ਦੇ ਅਮੀਰ ਮੰਨੇ ਜਾਂਦੇ ਸੂਬਿਆਂ ਨੂੰ ਵੀ ਪਛਾੜ ਗਿਆ ਹੈ। ਪੰਜਾਬ ਸਰਕਾਰ ਵਲੋਂ ਸਲਾਹਕਾਰਾਂ ਦੀ ਤਾਇਨਾਤੀ ਤੇ ਮੁੱਖ ਸੰਸਦੀ ਸਕੱਤਰਾਂ ਦੀ ਨਿਯੁਕਤੀ ਨਾਲ ਹੀ ਖਜ਼ਾਨੇ 'ਤੇ ਕਰੋੜਾਂ ਰੁਪਏ ਦਾ ਵਾਧੂ ਸਾਲਾਨਾ ਬੋਝ ਪਾਇਆ ਜਾ ਰਿਹਾ ਹੈ। ਵਿੱਤ ਵਿਭਾਗ ਵਲੋਂ ਹਾਲ ਹੀ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਾਹਮਣੇ ਸੂਬੇ ਦੀ ਵਿੱਤੀ ਹਾਲਤ ਦੀ ਤਸਵੀਰ ਪੇਸ਼ ਕਰਦਿਆਂ ਮੁਲਾਜ਼ਮਾਂ ਦੀਆਂ ਤਨਖਾਹਾਂ ਵਿਚਲੇ ਅੰਤਰ ਦਾ ਮਾਮਲਾ ਰੱਖਿਆ ਗਿਆ ਸੀ।

ਪੰਜਾਬ ਸਰਕਾਰ ਵਲੋਂ ਆਰਥਿਕ ਮੰਦਹਾਲੀ ਦੇ ਬਾਵਜੂਦ ਮੁਲਾਜ਼ਮਾਂ ਨੂੰ ਹੋਰਨਾਂ ਸੂਬਿਆਂ ਦੇ ਮੁਕਾਬਲੇ ਤਨਖਾਹਾਂ ਦੇ ਖੁੱਲ੍ਹੇ ਗੱਫੇ ਦਿੱਤੇ ਜਾਂਦੇ ਹਨ। ਸੂਬੇ ਦੇ ਵਿੱਤ ਵਿਭਾਗ ਵਲੋਂ ਤਿਆਰ ਰਿਪੋਰਟ ਮੁਤਾਬਕ ਅਧਿਆਪਕਾਂ, ਸਿਪਾਹੀਆਂ, ਪਟਵਾਰੀਆਂ, ਕਲਰਕਾਂ, ਜੂਨੀਅਰ ਇੰਜੀਨੀਅਰਾਂ, ਸਟੈਨੋ ਟਾਈਪਿਸਟਾਂ ਆਦਿ ਨੂੰ ਵੱਡਾ ਤਨਖਾਹ ਸਕੇਲ ਦਿੱਤਾ ਜਾਂਦਾ ਹੈ। ਸੂਤਰਾਂ ਮੁਤਾਬਕ ਹਰਿਆਣਾ, ਤਾਮਿਲਨਾਡੂ, ਗੁਜਰਾਤ, ਮਹਾਰਾਸ਼ਟਰ, ਆਂਧਰਾ ਪ੍ਰਦੇਸ਼ ਤੇ ਹਿਮਾਚਲ ਪ੍ਰਦੇਸ਼ ਨਾਲੋਂ ਤਨਖਾਹਾਂ ਜ਼ਿਆਦਾ ਹੋਣ ਦਾ ਮਾਮਲਾ ਵਿੱਤ ਵਿਭਾਗ ਨੂੰ ਰੜਕਣ ਵੀ ਲੱਗਾ ਹੈ। ਵਿੱਤ ਵਿਭਾਗ ਵਲੋਂ ਇਕੱਤਰ ਕੀਤੇ ਤੱਥਾਂ ਮੁਤਾਬਕ ਪੰਜਾਬ ਵਿਚ

## ਆਰਥਿਕ ਮੰਦੀ ਦੇ ਬਾਵਜੂਦ ਹੋਰਾਂ ਸੂਬਿਆਂ ਦੇ ਮੁਕਾਬਲੇ ਮੁਲਾਜ਼ਮਾਂ ਨੂੰ ਖੁੱਲ੍ਹੇ ਗੱਫੇ



ਪਟਵਾਰੀ ਨੂੰ 27,000 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਂਦੀ ਹੈ ਜਦੋਂ ਕਿ ਹਰਿਆਣਾ ਵਿਚ ਪਟਵਾਰੀ ਨੂੰ 19,680, ਆਂਧਰਾ ਪ੍ਰਦੇਸ਼ ਵਿਚ 13,378 ਤੇ ਹਿਮਾਚਲ ਪ੍ਰਦੇਸ਼ ਵਿਚ 15620 ਰੁਪਏ ਤਨਖਾਹ ਦਿੱਤੀ ਜਾ ਰਹੀ ਹੈ।

ਪ੍ਰਾਇਮਰੀ ਜਾਂ ਈ.ਟੀ.ਟੀ. ਅਧਿਆਪਕਾਂ ਨੂੰ ਪੰਜਾਬ ਤੇ ਹਰਿਆਣਾ ਵਿਚ ਇਕ ਸਮਾਨ 32,580 ਰੁਪਏ ਤਨਖਾਹ ਦਿੱਤੀ ਜਾ ਰਹੀ ਹੈ। ਇਸ ਵਰਗ ਦੇ ਅਧਿਆਪਕਾਂ ਨੂੰ ਤਾਮਿਲਨਾਡੂ ਵਿਚ 27,800; ਗੁਜਰਾਤ ਵਿਚ 19,820; ਮਹਾਰਾਸ਼ਟਰ ਵਿਚ 22,720; ਆਂਧਰਾ ਪ੍ਰਦੇਸ਼ ਵਿਚ 19,319 ਤੇ ਹਿਮਾਚਲ ਪ੍ਰਦੇਸ਼ ਵਿਚ 22,940 ਰੁਪਏ ਤਨਖਾਹ ਦਿੱਤੀ ਜਾਂਦੀ ਹੈ। ਸਿਪਾਹੀ ਨੂੰ ਪੰਜਾਬ ਵਿਚ ਹੋਰਨਾਂ ਸੂਬਿਆਂ ਦੇ ਮੁਕਾਬਲੇ ਸਭ ਤੋਂ ਜ਼ਿਆਦਾ ਤਨਖਾਹ ਦਿੱਤੀ ਜਾਂਦੀ ਹੈ। ਮੰਦਹਾਲੀ ਨਾਲ ਜੂਝ ਰਹੇ ਇਸ ਸੂਬੇ ਵਿਚ ਸਿਪਾਹੀ ਨੂੰ 270,00 ਰੁਪਏ ਪ੍ਰਤੀ ਮਹੀਨਾ; ਹਰਿਆਣਾ ਵਿਚ 15,920; ਹਿਮਾਚਲ ਪ੍ਰਦੇਸ਼ ਵਿਚ 15,620; ਤਾਮਿਲਨਾਡੂ ਵਿਚ 14,200; ਗੁਜਰਾਤ ਵਿਚ 14,000; ਮਹਾਰਾਸ਼ਟਰ ਵਿਚ 19,820 ਤੇ ਆਂਧਰਾ ਪ੍ਰਦੇਸ਼ ਵਿਚ 15,014 ਰੁਪਏ ਤਨਖਾਹ ਦਿੱਤੀ ਜਾਂਦੀ ਹੈ। ਜੂਨੀਅਰ ਇੰਜੀਨੀਅਰ ਨੂੰ ਪੰਜਾਬ ਤੇ ਹਿਮਾਚਲ ਪ੍ਰਦੇਸ਼ ਵਿਚ 36,500 ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਂਦੀ ਹੈ। ਹੋਰਨਾਂ ਸੂਬਿਆਂ ਜਿਨ੍ਹਾਂ ਦੇ ਤੱਥ ਵਿੱਤ ਵਿਭਾਗ ਨੇ ਇਕੱਤਰ ਕੀਤੇ ਹਨ, ਵਿਚ ਇਸ ਵਰਗ ਦੀ ਤਨਖਾਹ 30,000 ਰੁਪਏ ਪ੍ਰਤੀ ਮਹੀਨੇ ਤੋਂ ਘੱਟ ਹੈ।

ਇਸੇ ਤਰ੍ਹਾਂ ਨਿੱਜੀ ਸਹਾਇਕ ਦੀ ਤਨਖਾਹ ਵੀ ਪੰਜਾਬ, ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਵਿਚ 30 ਹਜ਼ਾਰ ਤੋਂ ਵਧੇਰੇ ਤੇ ਹੋਰਨਾਂ ਸੂਬਿਆਂ ਵਿਚ 30 ਹਜ਼ਾਰ ਰੁਪਏ ਪ੍ਰਤੀ ਮਹੀਨਾ ਤੋਂ ਘੱਟ ਹੈ। ਕਲਰਕ ਨੂੰ ਪੰਜਾਬ ਸਰਕਾਰ ਵਲੋਂ 27,000 ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਂਦੀ ਹੈ। ਹਰਿਆਣਾ ਵਿਚ 15,160; ਤਾਮਿਲਨਾਡੂ ਤੇ ਗੁਜਰਾਤ ਵਿਚ 14,200; ਮਹਾਰਾਸ਼ਟਰ ਵਿਚ 15,460; ਆਂਧਰਾ ਪ੍ਰਦੇਸ਼ ਵਿਚ 15,014 ਅਤੇ ਹਿਮਾਚਲ ਪ੍ਰਦੇਸ਼ ਵਿਚ 17,800 ਰੁਪਏ ਤਨਖਾਹ ਦਿੱਤੀ ਜਾ ਰਹੀ ਹੈ। ਸਹਾਇਕ ਨੂੰ ਪੰਜਾਬ ਸਮੇਤ ਹਰਿਆਣਾ, ਮਹਾਰਾਸ਼ਟਰ ਤੇ ਹਿਮਾਚਲ ਪ੍ਰਦੇਸ਼ ਵਿਚ 28,000 ਦੇ ਕਰੀਬ ਤੇ ਹੋਰਨਾਂ ਸੂਬਿਆਂ ਵਿਚ 15 ਹਜ਼ਾਰ ਦੇ ਆਸ-ਪਾਸ ਤਨਖਾਹ ਦਿੱਤੀ ਜਾ ਰਹੀ ਹੈ। ਡਰਾਈਵਰ ਦੀ ਤਨਖਾਹ ਵੀ ਪੰਜਾਬ ਤੇ ਹਰਿਆਣਾ ਵਿਚ ਹੀ ਜ਼ਿਆਦਾ ਹੈ। ਪੰਜਾਬ ਦੇ ਪੀ.ਸੀ.ਐਸ. ਅਫਸਰਾਂ ਤੇ ਇਸੇ ਕਾਡਰ ਦੇ ਹੋਰਨਾਂ ਸੂਬਿਆਂ ਵਿਚਲੇ ਅਫਸਰਾਂ ਨੂੰ ਇਕ ਸਮਾਨ 42,000 ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾ ਰਹੀ ਹੈ। ਡਾਕਟਰਾਂ ਤੇ ਐਸ.ਡੀ.ਓ. ਰੈਂਕ ਦੇ ਹੋਰਨਾਂ ਸੂਬਿਆਂ ਵਿਚਲੇ ਅਫਸਰਾਂ ਦੀਆਂ ਤਨਖਾਹਾਂ ਵੀ ਇਕ ਸਮਾਨ ਹਨ।

ਵਿੱਤ ਵਿਭਾਗ ਦਾ ਦਾਅਵਾ ਹੈ ਕਿ ਮੁਲਾਜ਼ਮਾਂ ਦੀਆਂ ਤਨਖਾਹਾਂ ਦਾ ਵਿੱਤੀ ਬੋਝ ਜ਼ਿਆਦਾ ਹੋਣ ਕਾਰਨ ਵੀ ਸੂਬੇ ਦਾ ਮਾਲੀ ਸੰਕਟ ਵਧਦਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਸਰਕਾਰ ਵਲੋਂ 2008 ਵਿਚ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਨਵੇਂ ਤਨਖਾਹ ਸਕੇਲ ਦੇਣ ਤੋਂ ਬਾਅਦ 2011 ਵਿਚ ਸਰਕਾਰ ਨੇ ਕਈ ਵਰਗਾਂ ਨੂੰ ਖੁਸ਼ ਕਰਨ ਲਈ ਤਨਖਾਹਾਂ ਦੇ ਖੁੱਲ੍ਹੇ ਗੱਫੇ ਦਿੱਤੇ। ਵਿੱਤ ਵਿਭਾਗ ਵਲੋਂ ਇਸ ਮਾਮਲੇ 'ਤੇ ਵਿਚਾਰ ਹੋਣ ਲੱਗ ਪਿਆ ਹੈ। ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਪੈਨਸ਼ਨਾਂ ਦਾ ਵਿੱਤੀ ਬੋਝ ਜ਼ਿਆਦਾ ਹੋਣ ਕਾਰਨ ਮੁਲਾਜ਼ਮਾਂ ਤੇ ਅਫਸਰਾਂ ਦੀ ਸੇਵਾਮੁਕਤੀ ਦੀ ਮਿਆਦ ਵੀ ਦੋ ਸਾਲ ਦੇ ਸਮੇਂ ਲਈ ਵਧਾ ਦਿੱਤੀ ਸੀ। ਸੂਬੇ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦਾ ਕਹਿਣਾ ਹੈ ਕਿ ਸਰਕਾਰ ਵਲੋਂ ਮੁਲਾਜ਼ਮਾਂ ਨੂੰ ਹੋਰ ਸੂਬਿਆਂ ਦੇ ਮੁਕਾਬਲੇ ਤਨਖਾਹ ਸਕੇਲ ਜ਼ਿਆਦਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬਿਨਾਂ ਸ਼ੱਕ ਇਸ ਨਾਲ ਮਾਲੀ ਭਾਰ ਵਧਿਆ ਹੈ।

# ਦੱਖਣੀ ਅਫਰੀਕਾ ਦੇ ਇਮਤਿਹਾਨ ਵਿਚ ਭਾਰਤੀ ਬੱਚੇ ਮੋਹਰੀ

**ਡਰਬਨ:** ਕਵਾਜ਼ੁਲੂ-ਨਾਟਾਲ ਸੂਬੇ ਵਿਚ ਮੈਟ੍ਰਿਕ ਦੀ ਪ੍ਰੀਖਿਆ ਵਿਚ ਅੱਠ ਉਪਰਲੀਆਂ ਪੁਜ਼ੀਸ਼ਨਾਂ ਭਾਰਤੀ ਮੂਲ ਦੇ ਵਿਦਿਆਰਥੀਆਂ ਵਲੋਂ ਲੈਣ 'ਤੇ ਦੱਖਣੀ ਅਫਰੀਕਾ ਵਿਚ ਇਕ ਨਸਲੀ ਵਿਵਾਦ ਛਿੜ ਪਿਆ ਹੈ। ਸੂਬਾਈ ਸਿੱਖਿਆ ਵਿਭਾਗ ਵਲੋਂ ਉਪਰਲੀਆਂ ਪੁਜ਼ੀਸ਼ਨਾਂ ਲੈਣ ਵਾਲੇ ਬੱਚਿਆਂ ਦਾ ਜਦੋਂ ਐਲਾਨ ਕੀਤਾ ਗਿਆ ਤਾਂ ਭਾਰਤੀ ਵਿਦਿਆਰਥੀਆਂ ਦਾ ਪੱਖ ਲਏ ਜਾਣ ਦੇ ਦੋਸ਼ ਸੋਸ਼ਲ ਮੀਡੀਆ ਉਤੇ ਲੱਗਣੇ ਸ਼ੁਰੂ ਹੋ ਗਏ, ਜੋ ਪ੍ਰਮੁੱਖ ਅਕਾਦਮਸ਼ੀਅਨਾਂ ਵਲੋਂ ਰੱਦ ਕਰ ਦਿੱਤੇ ਗਏ।



ਫੇਸਬੁੱਕ 'ਤੇ ਕੀਤੀਆਂ ਗਈਆਂ ਟਿੱਪਣੀਆਂ ਨੂੰ ਕਈਆਂ ਵਲੋਂ 'ਨਸਲੀ' ਕਰਾਰ ਦਿੱਤਾ ਗਿਆ। ਇਕ ਟਿੱਪਣੀ ਵਿਚ ਕਿਹਾ ਗਿਆ ਹੈ, 'ਸਿਆਫਾਮ ਅਧਿਆਪਕੋ ਕ੍ਰਿਪਾ ਕਰਕੇ ਸਹੀ ਦੇਸੀ ਸਿਆਹਫਾਮ ਬੱਚੇ ਲਈ ਕੁਝ ਕਰੋ ਨਾ ਕਿ ਦੂਰ-ਪੂਰਬ ਤੋਂ ਆਏ ਸਿਆਫਾਮ ਬੱਚਿਆਂ ਨੂੰ ਅੱਗੇ ਲਿਆਂਦਾ ਜਾਵੇ।'

ਇਕ ਹੋਰ ਸੁਨੇਹੇ ਵਿਚ ਕਿਹਾ ਗਿਆ, 'ਯੂਨੀਵਰਸਿਟੀ ਪੱਧਰ 'ਤੇ ਵੀ ਬਹੁਤੇ ਭਾਰਤੀ ਬੱਚਿਆਂ ਦੀ ਕਾਰਗੁਜ਼ਾਰੀ ਵਧੀਆ ਰਹੀ ਹੈ। ਗਰੈਜੂਏਟ ਹੋਣ ਵਾਲੇ ਬੱਚਿਆਂ ਵਿਚੋਂ ਬਹੁਤੇ ਭਾਰਤੀ ਹਨ, ਇਸ ਸਾਰੇ ਕੁਝ ਦੀ ਜਾਂਚ ਕਰਾਏ ਜਾਣ ਦੀ ਲੋੜ ਹੈ।'

ਅਜਿਹੀਆਂ ਹੋਰ ਬਹੁਤ ਸਾਰੀਆਂ ਟਿੱਪਣੀਆਂ ਸੋਸ਼ਲ ਮੀਡੀਆ 'ਤੇ ਪੜ੍ਹਨ ਨੂੰ ਮਿਲੀਆਂ, ਜਿਨ੍ਹਾਂ ਦੇ ਜੁਆਬ ਵਿਚ ਇਹ ਟਿੱਪਣੀ ਵੀ ਆਈ, 'ਕੀ ਇਹ ਇੰਜ ਨਹੀਂ ਹੋ ਸਕਦਾ ਕਿ ਭਾਰਤੀਆਂ ਨੇ ਸਿੱਖਣ ਨੂੰ ਆਦਤ ਬਣਾ ਲਿਆ ਤੇ ਸਾਡੇ ਬੱਚਿਆਂ ਨੇ ਅਜਿਹਾ ਨਹੀਂ ਕੀਤਾ। ਸਾਨੂੰ ਆਪਣੇ ਲਈ ਦਿਆਨਤਦਾਰੀ ਹੋਣ ਦੀ ਤੇ ਹੋਰਾਂ ਵੱਲ ਉਂਗਲੀਆਂ ਨਾ ਕਰਨ ਦੀ ਲੋੜ ਹੈ। ਉਨ੍ਹਾਂ ਬੱਚਿਆਂ ਨੇ (ਭਾਰਤੀ) ਵਧੀਆ ਕਾਰਗੁਜ਼ਾਰੀ ਦਿਖਾਈ ਹੈ।'

ਕਵਾਜ਼ੁਲੂ-ਨਾਟਾਲ ਵਿਚ ਦੇਸ਼ ਦੀ ਦੋ ਤਿਹਾਈ ਭਾਰਤੀ ਆਬਾਦੀ ਵਸਦੀ ਹੈ। ਇਥੇ ਸੂਬੇ ਦੀ ਕੁੱਲ ਆਬਾਦੀ ਦਾ ਭਾਰਤੀ 9.4 ਫੀਸਦੀ ਬਣਦੇ ਹਨ ਤੇ ਇਥੇ 82 ਫੀਸਦੀ ਸ਼ੁੱਧ ਅਫਰੀਕੀ ਹਨ। ਦੱਖਣੀ ਅਫਰੀਕਾ ਦੀ ਭਾਰਤੀ ਆਬਾਦੀ ਦੀ ਸਾਖਰਤਾ ਦਰ 100 ਫੀਸਦੀ ਹੈ।


# ਹਰਿਆਣਾ ਕਮੇਟੀ ਬਾਰੇ ਕੇਂਦਰ ਤੋਂ ਜਵਾਬ ਤਲਬ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਖਿਲਾਫ ਪਾਈ ਜਨਹਿਤ ਪਟੀਸ਼ਨ 'ਤੇ ਕੇਂਦਰ ਨੂੰ ਚਾਰ ਹਫਤਿਆਂ ਵਿਚ ਜਵਾਬ ਦੇਣ ਦਾ ਹੁਕਮ ਦਿੱਤਾ ਹੈ। ਹਰਿਆਣਾ ਵਿਚ ਕਮੇਟੀ ਅਧੀਨ 52 ਗੁਰਦੁਆਰੇ ਹਨ ਤੇ ਸੂਬੇ ਦੀ ਪਿਛਲੀ ਭੁਪਿੰਦਰ ਸਿੰਘ ਹੁੱਡਾ ਸਰਕਾਰ ਨੇ ਵੱਖਰੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾ ਦਿੱਤੀ ਸੀ। ਇਸ ਨੂੰ ਚੁਣੌਤੀ ਦੇਣ ਲਈ ਸੁਪਰੀਮ ਕੋਰਟ ਵਿਚ ਜਨਹਿਤ ਪਟੀਸ਼ਨ ਪਾਈ ਹੋਈ ਹੈ।

ਇਹ ਮਾਮਲਾ ਜਿਵੇਂ ਹੀ ਚੀਫ ਜਸਟਿਸ ਐਚ.ਐਲ. ਦੱਤੂ ਦੀ ਅਗਵਾਈ ਹੇਠਲੇ ਬੈਂਚ ਕੋਲ ਸੁਣਵਾਈ ਲਈ ਪੇਸ਼ ਹੋਇਆ ਤਾਂ ਕੇਂਦਰ ਵਲੋਂ ਪੇਸ਼ ਹੋਏ ਵਕੀਲ ਨੇ ਸਰਕਾਰ ਵਲੋਂ ਜੁਆਬ ਦਾਖਲ ਕਰਨ ਲਈ ਹੋਰ ਸਮੇਂ ਦੀ ਮੰਗ ਕੀਤੀ। ਬੈਂਚ ਨੇ ਇਸ ਮੰਗ ਨੂੰ ਪੂਰਾ ਕਰਦਿਆਂ ਸਾਫ ਕਰ ਦਿੱਤਾ ਕਿ ਸਰਕਾਰ ਨੂੰ ਚਾਰ ਹਫਤੇ ਹੋਰ ਦਿੱਤੇ ਜਾਂਦੇ ਹਨ ਪਰ ਇਹ ਸਰਕਾਰ ਲਈ ਆਖਰੀ ਮੌਕਾ ਹੈ, ਇਸ ਮਗਰੋਂ ਉਹ ਹੋਰ ਸਮਾਂ ਨਾ ਮੰਗੇ।

ਸੁਪਰੀਮ ਕੋਰਟ ਨੇ ਸੱਤ ਅਗਸਤ 2014 ਵਿਚ ਨੋਟਿਸ ਜਾਰੀ ਕਰਕੇ ਹਰਿਆਣਾ ਤੇ ਕੇਂਦਰ ਸਰਕਾਰ, ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹਿਮਾਚਲ ਪ੍ਰਦੇਸ਼ ਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਆਪਣੇ ਜੁਆਬ ਦਾਖਲ ਕਰਨ ਲਈ ਕਿਹਾ ਸੀ। ਨਾਲ ਹੀ ਹਰਿਆਣਾ ਵਿਚਲੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਬਾਰੇ ਜਿਉਂ ਦੀ ਤਿਉਂ ਸਥਿਤੀ ਬਰਕਰਾਰ ਰੱਖਣ ਲਈ ਕਿਹਾ ਸੀ। ਕੇਂਦਰ ਵਿਚਲੀ ਭਾਜਪਾ

## ਸੁਪਰੀਮ ਕੋਰਟ ਵਲੋਂ ਚਾਰ ਹਫਤਿਆਂ ਦੀ ਮੋਹਲਤ



ਸਰਕਾਰ ਇਸ ਮਾਮਲੇ ਵਿਚ ਬੜੀ ਕਸੂਤੀ ਫਸੀ ਹੋਈ ਹੈ ਕਿਉਂਕਿ ਹਰਿਆਣਾ ਤੇ ਪੰਜਾਬ (ਗਠਜੋੜ) ਵਿਚ ਉਸ ਦੀ ਸਰਕਾਰ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਕੇਸ ਵਿਚ ਧਿਰ ਬਣਨ ਲਈ ਅਰਜ਼ੀ ਦਿੱਤੀ ਹੋਈ ਹੈ ਕਿਉਂਕਿ ਉਸ ਨੂੰ ਲੱਗਦਾ ਹੈ ਕਿ ਜਨਹਿਤ ਪਟੀਸ਼ਨ ਪਾਉਣ ਵਾਲਾ ਹਰਭਜਨ ਸਿੰਘ ਮਾਮਲੇ ਵਿਚ ਪਿੱਛੇ ਹਟ ਜਾਵੇਗਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦਲੀਲ ਦਿੱਤੀ ਹੈ ਕਿ ਅੰਤਰਰਾਜੀ ਸਹਿਯੋਗ ਕਾਨੂੰਨ 1957 ਤੇ ਰਾਜਪੁਨਰ ਗਠਨ ਕਾਨੂੰਨ 1956 ਤਹਿਤ ਉਸ ਕੋਲ ਹੀ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਣ ਦਾ ਅਧਿਕਾਰ ਹੈ। ਇਨ੍ਹਾਂ ਕਾਨੂੰਨਾਂ ਵਿਚ ਸੋਧ ਕਰਨ ਦਾ ਅਧਿਕਾਰ ਸਿਰਫ ਸੰਸਦ ਕੋਲ ਹੈ। ਹਰਿਆਣਾ ਵਿਚ ਜਦੋਂ ਕਾਂਗਰਸ ਸਰਕਾਰ ਸੀ, ਉਸ ਨੇ ਹਲਫਨਾਮੇ ਵਿਚ ਵੱਖਰੀ ਕਮੇਟੀ ਬਣਾਉਣ ਲਈ ਲਿਆਂਦੇ ਨਵੇਂ ਕਾਨੂੰਨ ਦਾ ਪੂਰਾ ਸਮਰਥਨ ਕੀਤਾ ਸੀ ਤੇ ਕਿਹਾ ਸੀ ਕਿ ਜਨਹਿਤ ਪਟੀਸ਼ਨ ਵਿਚ ਇਹ ਕਹਿਣਾ ਗਲਤ ਹੈ ਕਿ ਰਾਜ ਕੋਲ ਅਜਿਹਾ ਕਰਨ ਦਾ ਅਧਿਕਾਰ ਨਹੀਂ ਹੈ। ਨਾਲ ਇਹ ਵੀ ਕਿਹਾ ਸੀ ਕਿ ਪੰਜਾਬ ਪੁਨਰਗਠਨ ਕਾਨੂੰਨ ਤਹਿਤ ਕੇਂਦਰੀ ਗੁਰਦੁਆਰਾ ਕਾਨੂੰਨ ਉਦੋਂ ਤੱਕ ਹੀ ਵੈਧ ਹੈ, ਜਦੋਂ ਤੱਕ ਹਰਿਆਣਾ ਨੇ ਆਪਣਾ ਵੱਖਰਾ ਕਾਨੂੰਨ ਨਹੀਂ ਸੀ ਬਣਾਇਆ। ਇਹੀ ਗੱਲ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਹਲਫਨਾਮੇ ਵਿਚ ਕਹੀ ਹੈ।

ਹਰਿਆਣਾ ਵਿਚ ਵੱਖਰੀ ਕਮੇਟੀ ਲਈ ਲਿਆਂਦੇ ਕਾਨੂੰਨ ਤਹਿਤ ਰਾਜ ਦੇ 52 ਗੁਰਦੁਆਰੇ ਆਏ ਹਨ ਇਨ੍ਹਾਂ ਵਿਚ ਅੱਠ ਇਤਿਹਾਸਕ ਗੁਰਦੁਆਰਿਆਂ ਨੂੰ ਪਹਿਲੀ ਸੂਚੀ ਵਿਚ ਰੱਖਿਆ ਗਿਆ ਜਦਕਿ ਦੂਜੀ ਸੂਚੀ ਵਿਚ 17 ਅਜਿਹੇ ਹਨ, ਜਿਨ੍ਹਾਂ ਦੀ ਸਾਲਾਨਾ ਆਮਦਨ ਵੀਹ ਲੱਖ ਜਾਂ ਇਸ ਤੋਂ ਵੱਧ ਹੈ। ਬਾਕੀ 27 ਗੁਰਦੁਆਰਿਆਂ ਨੂੰ ਤੀਜੀ ਸੂਚੀ ਵਿਚ ਰੱਖਿਆ ਗਿਆ ਸੀ। ਜਨਹਿਤ ਪਟੀਸ਼ਨ ਵਿਚ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ-2014 ਕਾਨੂੰਨ ਨੂੰ ਰੱਦ ਕਰਨ ਲਈ ਦਿੱਤੀਆਂ 13 ਦਲੀਲਾਂ ਵਿਚ ਕਿਹਾ ਗਿਆ ਕਿ ਇਸ ਨਾਲ ਦੇਸ਼ ਭਰ ਵਿਚ ਵਸਦੇ ਸਿੱਖਾਂ 'ਤੇ ਅਸਰ ਪਵੇਗਾ।

# ਅਮਰੀਕਾ ਆਉਣ ਦੇ ਚਾਹਵਾਨਾਂ ਦੇ ਕੰਮ ਨਾ ਆਈ ਨਿੱਕੀ ਹੇਲੀ ਦੀ ਹੱਲਾਸ਼ੇਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਢਿੱਲ ਕਾਰਨ ਸਿਖਲਾਈ ਹਾਸਲ ਨੌਜਵਾਨ ਰੋਜ਼ੀ-ਰੋਟੀ ਲਈ ਆਪਣਾ ਅਮਰੀਕਾ ਜਾਣ ਦਾ ਸੁਫਨਾ ਅਜੇ ਪੂਰਾ ਨਹੀਂ ਕਰ ਸਕੇ।

ਅਮਰੀਕਾ ਦੇ ਦੱਖਣੀ ਕੈਰੋਲਾਈਨਾ ਸੂਬੇ ਦੀ ਗਵਰਨਰ ਨਿੱਕੀ ਹੇਲੀ ਰੰਧਾਵਾ ਨੇ ਕੁਝ ਮਹੀਨੇ ਪਹਿਲਾਂ ਪੰਜਾਬ ਦੇ ਦੌਰੇ ਮੌਕੇ ਸਰਕਾਰ ਖਾਸਕਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਮੀਟਿੰਗਾਂ ਦੌਰਾਨ ਖੁਲਾਸਾ ਕੀਤਾ ਸੀ ਕਿ ਅਮਰੀਕਾ ਵਿਚ ਪਲੰਬਰ ਦੀ ਸਿਖਲਾਈ ਹਾਸਲ ਨੌਜਵਾਨਾਂ ਦੀ ਭਾਰੀ ਜ਼ਰੂਰਤ ਹੈ।

ਪੰਜਾਬੀ ਮੂਲ ਦੀ ਇਸ ਮਹਿਲਾ ਆਗੂ ਨੇ 20 ਹਜ਼ਾਰ ਪੰਜਾਬੀ ਨੌਜਵਾਨਾਂ ਨੂੰ ਤੁਰੰਤ ਅਮਰੀਕਾ ਭੇਜਣ ਦੀ ਗੱਲ ਕਹੀ ਸੀ। ਮਹੱਤਵਪੂਰਨ ਤੱਥ ਇਹ ਹੈ ਕਿ ਪੰਜਾਬ ਦੀਆਂ ਉਦਯੋਗਿਕ ਸਿਖਲਾਈ ਸੰਸਥਾਵਾਂ (ਆਈ.ਟੀ.ਆਈਜ਼) ਵਿਚੋਂ ਹਰ ਸਾਲ ਚਾਰ ਹਜ਼ਾਰ ਨੌਜਵਾਨਾਂ ਨੂੰ ਪਲੰਬਰ ਤੇ ਪੰਜ ਹਜ਼ਾਰ ਨੌਜਵਾਨਾਂ ਨੂੰ ਵੈਲਡਰ ਦੇ ਕਿੱਤੇ ਦੀ ਸਿਖਲਾਈ ਦਿੱਤੀ ਜਾਂਦੀ ਹੈ।

ਸੂਤਰਾਂ ਮੁਤਾਬਕ ਵਿਦੇਸ਼ਾਂ ਵਿਚੋਂ ਆਉਂਦੀ ਮੰਗ ਨੂੰ ਪੂਰਾ ਕਰਨ ਲਈ ਸਰਕਾਰ ਨੇ ਤਕਨੀਕੀ ਸਿੱਖਿਆ ਵਿਭਾਗ ਨੂੰ ਇਸ ਬਾਰੇ ਲੋੜੀਂਦੀ ਕਾਰਵਾਈ ਕਰਨ ਲਈ ਕਿਹਾ ਸੀ। ਵਿਭਾਗ ਨੇ ਇਸ ਮਾਮਲੇ 'ਤੇ ਹਾਲੇ ਤੱਕ ਕੋਈ ਖਾਸ ਪ੍ਰਗਤੀ ਨਹੀਂ ਦਿਖਾਈ।

ਪੰਜਾਬ ਦੀਆਂ ਆਈ.ਟੀ.ਆਈਜ਼ ਦੇ ਸਰਟੀਫਿਕੇਟ ਨੂੰ ਕੌਮਾਂਤਰੀ ਪੱਧਰ 'ਤੇ ਮਾਨਤਾ ਦਿੱਤੀ ਜਾ ਚੁੱਕੀ ਹੈ। ਆਈ.ਟੀ.ਆਈਜ਼ ਵਿਚੋਂ ਅਜਿਹੀਆਂ ਟਰੇਡਾਂ ਦੀ ਸਿਖਲਾਈ ਹਾਸਲ ਕਰਨ ਵਾਲੇ ਸਿਖਿਆਰਥੀਆਂ ਦੀ ਗਿਣਤੀ ਰਿਕਾਰਡ ਹੈ, ਜਿਨ੍ਹਾਂ ਦੀ ਵਿਦੇਸ਼ਾਂ ਵਿਚ ਵਧੇਰੇ ਮੰਗ ਹੈ।

ਸਰਕਾਰੀ ਆਈ.ਟੀ.ਆਈਜ਼ ਵਿਚ ਪਲੰਬਰ ਦੀਆਂ 399 ਸੀਟਾਂ ਹਨ ਜਿਨ੍ਹਾਂ ਵਿਚੋਂ 290 ਦੇ ਕਰੀਬ ਹਰ ਸਾਲ ਭਰ ਜਾਂਦੀਆਂ ਹਨ। ਇਸੇ ਤਰ੍ਹਾਂ ਨਿੱਜੀ ਖੇਤਰ ਦੀਆਂ ਆਈ.ਟੀ.ਆਈਜ਼ ਵਿਚ

## ਸਰਕਾਰ ਦੀ ਢਿੱਲ ਨੇ ਨੌਜਵਾਨਾਂ ਦੇ ਸੁਪਨੇ ਤੋੜੇ



4830 ਸੀਟਾਂ ਹਨ ਤੇ 3700 ਦੇ ਕਰੀਬ ਭਰ ਜਾਂਦੀਆਂ ਹਨ। ਇਸ ਤਰ੍ਹਾਂ ਪੰਜਾਬ ਵਿਚ ਹਰ ਸਾਲ ਚਾਰ ਹਜ਼ਾਰ ਦੇ ਕਰੀਬ ਅਜਿਹੇ ਸਿਖਿਆਰਥੀ ਤਿਆਰ ਹੋ ਜਾਂਦੇ ਹਨ ਜਿਨ੍ਹਾਂ ਕੋਲ ਆਈ.ਟੀ.ਆਈ. ਦੀ ਡਿਗਰੀ ਹੁੰਦੀ ਹੈ। ਇਸ ਤਰ੍ਹਾਂ ਪੰਜਾਬ ਦੀ ਆਈ.ਟੀ.ਆਈ. ਤੋਂ ਸਿਖਲਾਈ ਪ੍ਰਾਪਤ ਨੌਜਵਾਨ ਵਿਦੇਸ਼ ਜਾਣ ਦੀ ਚਾਹਤ ਪੂਰੀ ਕਰਨ ਦੇ ਸਮਰੱਥ ਹੁੰਦਾ ਹੈ। ਵਿਦੇਸ਼ਾਂ ਵਿਚ ਵੈਲਡਰ ਦੀ ਵੀ ਮੰਗ ਹੈ।

ਪੰਜਾਬ ਦੀਆਂ ਆਈ.ਟੀ.ਆਈਜ਼ ਵਿਚੋਂ ਹਰ ਸਾਲ ਪੰਜ ਹਜ਼ਾਰ ਦੇ ਕਰੀਬ ਨੌਜਵਾਨ ਵੈਲਡਰ ਦੀ ਸਿਖਲਾਈ ਹਾਸਲ ਕਰਦੇ ਹਨ। ਪੰਜਾਬ ਵਿਚ ਤਕਨੀਕੀ ਸਿੱਖਿਆ ਹਾਸਲ ਕਰਨ ਵਾਲੇ ਨੌਜਵਾਨਾਂ ਦੀ ਗਿਣਤੀ ਤੋਂ ਸਪਸ਼ਟ ਹੈ ਕਿ ਕਾਨੂੰਨੀ ਤੇ ਸਿੱਧੇ ਤਰੀਕਿਆਂ ਰਾਹੀਂ ਵਿਦੇਸ਼ ਜਾਣ ਵਾਲੇ ਯੋਗ ਨੌਜਵਾਨਾਂ ਦੀ ਸੂਬੇ ਵਿਚ ਕਮੀ ਨਹੀਂ ਹੈ।

ਤਕਨੀਕੀ ਸਿੱਖਿਆ ਵਿਭਾਗ ਦੇ ਸਕੱਤਰ ਰਾਕੇਸ਼ ਵਰਮਾ ਨੇ ਕਿਹਾ ਕਿ ਅਮਰੀਕੀ ਗਵਰਨਰ ਨਿੱਕੀ ਹੇਲੀ ਨੇ ਪੰਜਾਬ ਦੌਰੇ ਦੌਰਾਨ ਪਲੰਬਰ ਅਮਰੀਕਾ ਭੇਜਣ ਦੀ ਗੱਲ ਕਹੀ ਸੀ ਜਿਸ ਦੇ ਮੱਦੇਨਜ਼ਰ ਵਿਭਾਗ ਵਲੋਂ ਕਾਰਵਾਈ ਕੀਤੀ ਜਾ ਰਹੀ ਹੈ।

# ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਆਪਣੇ ਹੱਕਾਂ ਦਾ ਫਿਕਰ




**ਚੰਡੀਗੜ੍ਹ:** ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਆਪਣੇ ਹੱਕਾਂ ਦੀ ਰਾਖੀ ਲਈ ਹਾਈਕੋਰਟ ਵਿਚ ਤਰਲੇ ਪਾ ਰਿਹਾ ਹੈ। ਕਮਿਸ਼ਨ ਵਿਚ ਮੈਂਬਰਾਂ ਦੀ ਘਾਟ ਤੇ ਸੂਬਾ ਸਰਕਾਰ ਵਲੋਂ ਭਰਤੀ ਨਿਯਮਾਂ ਵਿਚ ਕੀਤੀ ਜਾ ਰਹੀ ਧੱਕੇਸ਼ਾਹੀ ਖਿਲਾਫ ਹਾਈਕੋਰਟ ਵਿਚ ਕੇਸ ਚੱਲ ਰਿਹਾ ਹੈ। ਇਹ ਕੇਸ ਮਈ 2013 ਤੋਂ ਹੀ ਹਾਈਕੋਰਟ ਵਿਚ ਵਿਚਾਰ ਅਧੀਨ ਹੈ ਪਰ ਸਰਕਾਰ ਹਾਲੇ ਤੱਕ ਅਦਾਲਤ ਦੀ ਤਸੱਲੀ ਕਰਵਾਉਣ ਵਿਚ ਸਫਲ ਨਹੀਂ ਹੋ ਸਕੀ।

ਇਸ ਮਾਮਲੇ ਵਿਚ ਕਮਿਸ਼ਨ ਵਿਚ ਇਸ ਵੇਲੇ ਠੇਕਾ ਆਧਾਰਤ ਅਤੇ ਆਊਟ ਸੋਰਸਿੰਗ ਰਾਹੀਂ ਕੰਮ ਕਰਦੇ 46 ਮੁਲਾਜ਼ਮ ਵੀ ਧਿਰ ਬਣੇ ਹੋਏ ਹਨ, ਜਿਨ੍ਹਾਂ ਵਲੋਂ ਪੇਸ਼ ਹੋਏ ਵਕੀਲ ਹਰੀ ਚੰਦ ਅਰੋੜਾ ਨੇ 10 ਅਕਤੂਬਰ ਵਾਲੇ ਰਾਜ ਸਰਕਾਰ ਦੇ ਖਰੜੇ ਉਤੇ ਸੁਆਲ ਖੜ੍ਹੇ ਕਰਦਿਆਂ ਦਾਅਵਾ ਕੀਤਾ ਕਿ ਸਰਕਾਰ ਕਹਿ ਰਹੀ ਹੈ ਕਿ ਕਮਿਸ਼ਨ ਵਿਚ ਮੁਲਾਜ਼ਮਾਂ ਦੀ ਭਰਤੀ ਤੇ ਨਿਯੁਕਤੀ ਉਹ ਖੁਦ ਕਰੇਗੀ ਜੋ ਕਿ ਮਨੁੱਖੀ ਅਧਿਕਾਰ ਐਕਟ 1993 ਦੀ ਧਾਰਾ 27 ਦੀ ਉਲੰਘਣਾ ਹੈ। ਇਹ ਕੇਸ ਐਡਵੋਕੇਟ ਦਿਨੇਸ਼ ਚੱਢਾ ਵਲੋਂ ਦਾਇਰ ਇਕ ਜਨਹਿੱਤ ਪਟੀਸ਼ਨ 'ਤੇ ਚੱਲ ਰਿਹਾ ਹੈ।

ਜਾਣਕਾਰੀ ਮੁਤਾਬਕ ਕੇਂਦਰ ਸਰਕਾਰ ਨੇ ਪ੍ਰੋਟੈਕਸ਼ਨ ਆਫ ਹਿਊਮਨ ਰਾਈਟਸ ਐਕਟ 1993 ਵਿਚ ਸੋਧ ਕਰਕੇ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ ਪੰਜ ਤੋਂ ਘਟਾ ਕੇ ਤਿੰਨ ਕਰ ਦਿੱਤੀ ਸੀ। ਕੇਂਦਰ ਸਰਕਾਰ ਨੇ ਇਹ ਸੋਧ 2006 ਵਿਚ ਕੀਤੀ ਸੀ ਪਰ ਅੱਠ ਸਾਲ ਬੀਤ ਜਾਣ ਦੇ ਬਾਅਦ ਵੀ ਪੰਜਾਬ ਸਰਕਾਰ ਨੇ ਸੋਧ ਨੂੰ ਪ੍ਰਵਾਨ ਨਹੀਂ ਕੀਤਾ ਹੈ ਤੇ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ ਪੰਜ ਚੱਲੀ ਆ ਰਹੀ ਹੈ।

ਪੰਜਾਬ ਨੂੰ ਛੱਡ ਕੇ ਦੇਸ਼ ਦੇ ਬਾਕੀ ਸਾਰੇ ਸੂਬਿਆਂ ਦੀਆਂ ਸਰਕਾਰਾਂ ਨੇ ਸੋਧਿਆ ਐਕਟ ਲਾਗੂ ਕਰ ਦਿੱਤਾ ਹੈ। ਪੰਜਾਬ ਸਰਕਾਰ ਇਕ ਪਾਸੇ ਸਾਲ 2006 ਦੇ ਐਕਟ ਨੂੰ ਅਪਨਾ ਨਹੀਂ ਰਹੀ ਅਤੇ ਮੈਂਬਰਾਂ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਦੀ ਵੀ ਲੋੜ ਨਹੀਂ ਸਮਝੀ ਜਾ ਰਹੀ। ਕਮਿਸ਼ਨ ਦੇ ਜਾਂਚ ਵਿੰਗ ਵਿਚ ਵੀ ਕਰਮਚਾਰੀਆਂ ਦੀ ਘਾਟ ਬੁਰੀ ਤਰ੍ਹਾਂ ਰੜਕ ਰਹੀ ਹੈ। ਡਾਇਰੈਕਟਰ ਜਨਰਲ ਪੁਲਿਸ ਮਨੁੱਖੀ ਅਧਿਕਾਰ ਦੀ ਅਗਵਾਈ ਹੇਠ ਚੱਲ ਰਹੇ ਇਸ ਵਿੰਗ ਵਿਚ ਲੋੜ ਨਾਲੋਂ ਅਸਾਮੀਆਂ ਦੀ ਗਿਣਤੀ ਘੱਟ ਹੀ ਨਹੀਂ ਹੈ ਸਗੋਂ ਮੌਜੂਦਾ ਵਿਚੋਂ ਵੀ ਅੱਧੇ ਦੇ ਕਰੀਬ ਖਾਲੀ ਪਈਆਂ ਹਨ। ਪਤਾ ਲੱਗਾ ਹੈ ਕਿ ਕਮਿਸ਼ਨ ਦੇ ਮੈਂਬਰਾਂ ਤੋਂ ਬਿਨਾਂ ਪ੍ਰਬੰਧਕੀ ਸ਼ਾਖਾ 'ਚ ਵੀ ਸਟਾਫ ਦੀ ਕਮੀ ਹੈ। ਰਜਿਸਟਰਾਰ ਸਮੇਤ ਡਿਪਟੀ ਸੈਕਟਰੀ ਜਿਹੇ ਅਹਿਮ ਅਹੁਦਿਆਂ 'ਤੇ ਵੀ ਸੇਵਾਮੁਕਤ ਅਧਿਕਾਰੀ ਲਾਏ ਗਏ ਹਨ। ਬਾਕੀ ਦੇ ਸਵਾ ਸੌ ਮੁਲਾਜ਼ਮਾਂ ਵਿਚੋਂ ਅੱਧੇ ਤੋਂ ਜ਼ਿਆਦਾ ਠੇਕੇ 'ਤੇ ਅਤੇ ਬਾਕੀ ਇਕ ਪ੍ਰਾਈਵੇਟ ਏਜੰਸੀ ਤੋਂ ਲਏ ਗਏ ਹਨ।

ਜਾਣਕਾਰੀ ਅਨੁਸਾਰ ਕਮਿਸ਼ਨ ਕਿਰਾਏ ਦੀ ਬਿਲਡਿੰਗ ਵਿਚ ਚੱਲ ਰਿਹਾ ਹੈ ਪਰ ਸਰਕਾਰ ਵਲੋਂ ਚੰਡੀਗੜ੍ਹ ਵਿਚ ਆਪਣੀ ਥਾਂ ਅਲਾਟ ਕਰਨ ਦਾ ਅਮਲ ਸ਼ੁਰੂ ਹੋ ਚੁੱਕਾ ਹੈ ਤੇ ਥਾਂ ਦੀ ਚੋਣ ਸੈਕਟਰ 38 ਵਿਚ ਕੀਤੀ ਗਈ ਹੈ। ਕਮਿਸ਼ਨ ਵਿਚ ਮੈਂਬਰਾਂ ਦੀ ਘਾਟ ਕਰਕੇ ਕੇਸਾਂ ਦੇ ਨਿਪਟਾਰੇ ਦਾ ਕੰਮ ਸੁਸਤ ਚਾਲ ਤੁਰ ਰਿਹਾ ਹੈ। ਕਮਿਸ਼ਨ ਦੇ ਪੰਜ ਅਹੁਦਿਆਂ ਵਿਚੋਂ ਦੋ ਪਿਛਲੇ ਸਵਾ ਸਾਲ ਤੋਂ ਵੱਧ ਸਮੇਂ ਤੋਂ ਖਾਲੀ ਹਨ।

ਫੈਸਲੇ ਦੀ ਉਡੀਕ ਵਿਚ ਪਏ ਕੇਸਾਂ ਦੀ ਗਿਣਤੀ ਹਜ਼ਾਰਾਂ ਨੂੰ ਟੱਪ ਗਈ ਹੈ। ਜਾਣਕਾਰੀ ਅਨੁਸਾਰ ਕਮਿਸ਼ਨ ਦੇ ਚੇਅਰਮੈਨ ਤੋਂ ਬਗ਼ੈਰ ਦੂਜੇ ਮੈਂਬਰਾਂ ਦੀ ਗਿਣਤੀ ਚਾਰ ਹੁੰਦੀ ਹੈ। ਇਨ੍ਹਾਂ ਵਿਚੋਂ ਦੋ ਲੰਬੇ ਸਮੇਂ ਤੋਂ ਖਾਲੀ ਹਨ। ਇਹ ਅਹੁਦੇ ਜਸਟਿਸ ਬਲਦੇਵ ਸਿੰਘ ਤੇ ਐਲ.ਆਰ. ਰੁਜ਼ਮ ਦੇ ਸੇਵਾਮੁਕਤ ਹੋਣ ਨਾਲ ਖਾਲੀ ਹੋਏ ਸਨ ਤੇ ਅਜੇ ਤੱਕ ਭਰਨ ਲਈ ਅਮਲ ਨਹੀਂ ਸ਼ੁਰੂ ਕੀਤਾ ਗਿਆ। ਜਸਟਿਸ ਬਲਦੇਵ ਸਿੰਘ ਨੇ 3 ਅਕਤੂਬਰ ਅਤੇ ਐਲ.ਆਰ. ਰੁਜ਼ਮ ਨੇ 4 ਨਵੰਬਰ ਨੂੰ ਚਾਰਜ ਛੱਡ ਦਿੱਤਾ ਸੀ। ਇਸ ਵੇਲੇ ਕਮਿਸ਼ਨ ਦੇ ਚੇਅਰਮੈਨ ਜਸਟਿਸ ਜਗਦੀਸ਼ ਭੱਲਾ ਦੇ ਨਾਲ ਮੈਂਬਰ ਬਲਜਿੰਦਰ ਸਿੰਘ ਤੇ ਪੀ.ਐਸ. ਗਰੇਵਾਲ ਕੰਮ ਕਰ ਰਹੇ ਹਨ। ਦੱਸਿਆ ਗਿਆ ਹੈ ਕਿ ਫੁੱਲ ਬੈਂਚ ਲਈ 5 ਵਿਚੋਂ 3 ਮੈਂਬਰਾਂ ਦਾ ਹਾਜ਼ਰ ਹੋਣਾ ਲਾਜ਼ਮੀ ਕੀਤਾ ਗਿਆ ਹੈ ਤੇ ਇਕ ਮੈਂਬਰ ਦੇ ਛੁੱਟੀ 'ਤੇ ਹੋਣ ਕਰਕੇ ਇਸ ਦਾ ਕਈ ਦਿਨਾਂ ਲਈ ਜੁੜਨਾ ਮੁਸ਼ਕਲ ਹੋ ਰਿਹਾ ਹੈ। ਜਸਟਿਸ ਜਗਦੀਸ਼ ਭੱਲਾ ਨੇ ਇਸ ਨਾਲ ਅਸਹਿਮਤੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਫੁੱਲ ਬੈਂਚ ਦੀ ਥਾਂ ਦੋ ਮੈਂਬਰਾਂ ਦਾ ਡਿਵੀਜ਼ਨ ਬੈਂਚ ਵੀ ਅਹਿਮ ਕੇਸਾਂ ਦੀ ਸੁਣਵਾਈ ਕਰਨ ਦਾ ਅਧਿਕਾਰ ਰੱਖਦਾ ਹੈ।

## ਹਾਈਕੋਰਟ ਵਲੋਂ ਪੰਜਾਬ ਸਰਕਾਰ ਨੂੰ ਝਾੜ

ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਵਿਚ ਮੁਲਾਜ਼ਮਾਂ ਦੀ ਭਰਤੀ ਬਾਬਤ ਨਿਯਮਾਂ ਦਾ ਖਰੜਾ ਅਦਾਲਤ ਦੀ ਸੰਤੁਸ਼ਟੀ ਮੁਤਾਬਕ ਤਿਆਰ ਨਾ ਕਰਨ ਦਾ ਸਖਤ ਨੋਟਿਸ ਲਿਆ ਹੈ। ਹਾਈਕੋਰਟ ਦੇ ਬੈਂਚ ਨੇ ਸਰਕਾਰ ਨੂੰ ਸਪੱਸ਼ਟ ਹਦਾਇਤਾਂ ਜਾਰੀ ਕਰਦਿਆਂ ਇਨ੍ਹਾਂ ਭਰਤੀਆਂ ਬਾਬਤ ਮੁਕੰਮਲ ਕੀਤਾ ਗਿਆ ਨਿਯਮਾਂ ਦਾ ਖਰੜਾ 10 ਦਿਨਾਂ ਦੇ ਅੰਦਰ-ਅੰਦਰ ਰਿਕਾਰਡ ਵਿਚ ਦਾਇਰ ਕਰਨ ਦੇ ਆਦੇਸ਼ ਦਿੱਤੇ ਹਨ। ਇਸ ਦੇ ਨਾਲ ਹੀ ਇਸ ਖਰੜੇ ਦੀ ਇਕ ਅਗਾਊਂ ਕਾਪੀ ਮੌਜੂਦਾ ਕਮਿਸ਼ਨ ਮੁਲਾਜ਼ਮਾਂ ਦੇ ਵਕੀਲ ਨੂੰ ਵੀ ਪੁੱਜਦੀ ਕੀਤੇ ਜਾਣ ਦੀ ਹਦਾਇਤ ਕੀਤੀ ਹੈ। ਬੈਂਚ ਨੇ ਕਿਹਾ ਕਿ ਸੂਬਾ ਸਰਕਾਰ ਇਸ ਖਰੜੇ ਨੂੰ ਨੋਟੀਫਾਈ ਕਰਨ ਤੋਂ ਪਹਿਲਾਂ ਬੈਂਚ ਦੀ ਨਿਗਾਹ ਵਿਚੋਂ ਕੱਢੇ ਤਾਂ ਜੋ ਕੋਈ ਕਾਨੂੰਨੀ ਅੜਚਣ ਨਾ ਖੜ੍ਹੀ ਹੋ ਸਕੇ।

# ਵਾਹਗਾ ਬੰਬ ਧਮਾਕੇ ਦਾ ਮੁੱਖ ਦੋਸ਼ੀ ਮੁਕਾਬਲੇ ਵਿਚ ਹਲਾਕ

### ਤਾਲਿਬਾਨ ਦੇ ਲਾਹੌਰ ਦਸਤੇ ਦਾ ਸੀ ਲੀਡਰ

**ਲਾਹੌਰ:** ਪਾਕਿਸਤਾਨੀ ਪੁਲਿਸ ਨੇ ਵਾਹਗਾ ਸਰਹੱਦੀ ਚੌਕੀ 'ਤੇ ਹੋਏ ਆਤਮਘਾਤੀ ਬੰਬ ਹਮਲੇ ਦੇ ਸੂਤਰਧਾਰ ਨੂੰ ਮੁਕਾਬਲੇ ਵਿਚ ਮਾਰ ਮੁਕਾਇਆ ਹੈ। ਪਿਛਲੇ ਸਾਲ ਦੋ ਨਵੰਬਰ ਨੂੰ ਹੋਏ ਇਸ ਭਿਅੰਕਰ ਹਮਲੇ ਵਿਚ 61 ਮੌਤਾਂ ਹੋਈਆਂ ਸਨ।

ਪੁਲਿਸ ਤੇ ਖੁਫੀਆ ਏਜੰਸੀਆਂ ਦੇ ਹਵਾਲੇ ਨਾਲ 'ਡਾਅਨ' ਦੀ ਰਿਪੋਰਟ ਮੁਤਾਬਕ ਲਾਹੌਰ ਦੇ ਬਰਕੀ ਰੋਡ ਇਲਾਕੇ ਵਿਚ ਹੋਏ ਮੁਕਾਬਲੇ ਦੌਰਾਨ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਦੇ ਲਾਹੌਰ ਦਸਤੇ ਦਾ ਮੁਖੀ ਰੂਹਉਲ੍ਹਾ ਉਰਫ ਅਸਦਉਲ੍ਹਾ ਤੇ ਉਸ ਦੇ ਸਾਥੀ ਮਾਰੇ ਗਏ ਹਨ। ਉਸ ਹਮਲੇ ਤੋਂ ਬਾਅਦ ਖੁਫੀਆ ਏਜੰਸੀਆਂ ਨੂੰ ਰੂਹਉਲ੍ਹਾ ਦੀ ਤਲਾਸ਼ ਸੀ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਸੂਹ ਮਿਲਣ ਤੋਂ ਬਾਅਦ ਸ਼ਹਿਰ ਦੇ ਬਾਹਰਵਾਰ ਬਰਕੀ ਰੋਡ 'ਤੇ ਸਥਿਤ ਇਕ ਘਰ ਉਪਰ ਛਾਪਾ ਮਾਰਿਆ ਗਿਆ। ਜਦੋਂ ਪੁਲਿਸ ਪਾਰਟੀ ਘਰ ਦੇ ਲਾਗੇ ਪੁੱਜੀ ਤਾਂ ਅਸਦਉਲ੍ਹਾ ਤੇ ਉਸ ਦੇ ਸਾਥੀਆਂ ਨੇ ਫਾਇਰਿੰਗ ਕਰ ਦਿੱਤੀ। ਦੋਵੇਂ ਪਾਸਿਓਂ ਤਕਰੀਬਨ ਅੱਧਾ ਘੰਟਾ ਗੋਲੀਬਾਰੀ ਹੁੰਦੀ ਰਹੀ। ਇਸ ਦੌਰਾਨ ਕਈ ਧਮਾਕਿਆਂ ਦਾ ਖੜਾਕ ਵੀ ਸੁਣਾਈ ਦਿੱਤਾ।

ਗੋਲੀਬਾਰੀ ਮੱਠੀ ਪੈਣ 'ਤੇ ਪੁਲਿਸ ਕਰਮੀ ਘਰ ਵਿਚ ਦਾਖਲ ਹੋਏ ਤੇ ਉਨ੍ਹਾਂ ਤਿੰਨ ਅਤਿਵਾਦੀਆਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ। ਪੁਲਿਸ ਨੇ ਦਾਅਵਾ ਕੀਤਾ ਕਿ ਇਹ ਤਿੰਨੋਂ ਅਤਿਵਾਦੀ ਕਬਾਇਲੀ ਖੇਤਰ ਬਾਜੌਰ ਤੋਂ ਆਏ ਸਨ ਤੇ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਮੁੱਲ੍ਹਾ ਫਜ਼ਲਉਲ੍ਹਾ ਧੜੇ ਨਾਲ ਸਬੰਧਤ ਸਨ।

# ਸ੍ਰੀ ਅਨੰਦਪੁਰ ਸਾਹਿਬ ਸਮਾਗਮਾਂ ਦੀਆਂ ਤਿਆਰੀਆਂ ਜ਼ੋਰਾਂ 'ਤੇ



**ਸ੍ਰੀ ਅਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਏ ਜਾ ਰਹੇ ਸਮਾਗਮਾਂ ਤੇ ਵੱਖ-ਵੱਖ ਗੁਰਦੁਆਰਿਆਂ ਵਿਖੇ ਚੱਲ ਰਹੇ ਨਵੀਨੀਕਰਨ ਦੇ ਕੰਮਾਂ ਨੂੰ ਧਿਆਨ ਵਿਚ ਰੱਖਦਿਆਂ ਸ਼ਹਿਰ ਵਿਚ ਗੁਰਦੁਆਰਿਆਂ ਨਾਲ ਲੱਗਦੀ ਕੁੱਲ 95 ਮਰਲੇ ਜ਼ਮੀਨ ਹੁਣ ਤੱਕ ਸੱਤ ਕਰੋੜ 45 ਲੱਖ ਰੁਪਏ ਵਿਚ ਖਰੀਦੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੰਜ ਕਿਲ੍ਹਿਆਂ ਨੂੰ ਪੁਰਾਤਨ ਦਿੱਖ ਅਨੁਸਾਰ ਨਵੀਨੀਕਰਨ ਦੇ ਹੁਕਮ ਦਿੱਤੇ ਸਨ, ਉਥੇ ਗੁਰੂ ਕੇ ਮਹਿਲ ਗੁਰਦੁਆਰਾ ਭੋਰਾ ਸਾਹਿਬ ਨੂੰ ਵੀ ਵੱਡਾ ਕਰਨ ਲਈ ਕਿਹਾ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਪ੍ਰਬੰਧਕਾਂ ਨੂੰ ਕਿਹਾ ਸੀ ਕਿ ਜਿਸ ਢੰਗ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਗਤ ਦੀ ਆਮਦ ਵਿਚ ਦਿਨੋਂ-ਦਿਨ ਵਾਧਾ ਹੁੰਦਾ ਜਾ ਰਿਹਾ ਹੈ, ਇਸ ਨੂੰ ਧਿਆਨ ਵਿਚ ਰੱਖਦਿਆਂ ਵੱਖ-ਵੱਖ ਗੁਰਦੁਆਰਿਆਂ ਨਾਲ ਲੱਗਦੀ ਜ਼ਮੀਨ ਨੂੰ ਖਰੀਦ ਲਿਆ ਜਾਵੇ।

ਇਸ ਪਿੱਛੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਪ੍ਰਬੰਧਕਾਂ ਨੇ ਨਾਲ ਲੱਗਦੀਆਂ ਜ਼ਮੀਨਾਂ ਦੇ ਮਾਲਕਾਂ ਨਾਲ ਰਾਬਤਾ ਕਾਇਮ ਕਰਕੇ ਜ਼ਮੀਨ ਖਰੀਦਣ ਬਾਰੇ ਯਤਨ ਕੀਤੇ। ਹੁਣ ਤੱਕ ਖਰੀਦੀਆਂ ਗਈਆਂ ਜ਼ਮੀਨਾਂ ਬਾਰੇ ਜਾਣਕਾਰੀ ਦਿੰਦਿਆਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸੁਖਵਿੰਦਰ ਸਿੰਘ ਗਰੇਵਾਲ ਨੇ ਦੱਸਿਆ ਕਿ ਇਤਿਹਾਸਕ ਗੁਰਦੁਆਰਾ ਭੋਰਾ ਸਾਹਿਬ ਦੇ ਨਾਲ ਲੱਗਦੀ 34 ਮਰਲੇ ਜ਼ਮੀਨ ਸ਼੍ਰੋਮਣੀ ਕਮੇਟੀ ਨੇ 2.25 ਕਰੋੜ ਰੁਪਏ, ਸ੍ਰੀ ਗੁਰੂ ਗੋਬਿੰਦ ਸਿੰਘ ਯਾਤਰੀ ਨਿਵਾਸ ਦੇ ਨਾਲ ਲੱਗਦੀ 42 ਮਰਲੇ ਜ਼ਮੀਨ 2.50 ਕਰੋੜ ਰੁਪਏ ਜਦਕਿ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਜ਼ਦੀਕ 19 ਮਰਲੇ ਵਿਚ ਬਣੀ ਕੋਠੀ 2.70 ਕਰੋੜ ਰੁਪਏ ਵਿਚ ਖਰੀਦੀ ਗਈ ਹੈ। ਕੁੱਲ 95 ਮਰਲੇ ਜ਼ਮੀਨ ਸੱਤ ਕਰੋੜ 45 ਲੱਖ ਰੁਪਏ ਵਿਚ ਖਰੀਦੀ ਜਾ ਚੁੱਕੀ ਹੈ।

# ਗੈਰ ਅਕਾਦਮਿਕ ਅਫਸਰਾਂ ਕੋਲ ਹੈ ਉਚ ਸਿੱਖਿਆ ਵਿਭਾਗ ਦੀ ਕਮਾਨ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਉਚ ਸਿੱਖਿਆ ਵਿਭਾਗ ਦੀ ਵਾਗਡੋਰ ਗੈਰ ਅਕਾਦਮਿਕ ਅਧਿਕਾਰੀਆਂ ਦੇ ਹੱਥ ਫੜਾਈ ਹੋਈ ਹੈ। ਡੀ.ਪੀ.ਆਈ. ਕਾਲਜਾਂ ਦੇ ਅਹੁਦੇ ਦਾ ਚਾਰਜ ਪੀ.ਸੀ.ਐਸ. ਅਧਿਕਾਰੀਆਂ ਨੂੰ ਦਿੱਤਾ ਗਿਆ ਹੈ ਜਦੋਂਕਿ ਇਹ ਅਸਾਮੀ ਪ੍ਰਿੰਸੀਪਲ ਕੇਡਰ ਲਈ



ਰਾਖਵੀਂ ਕੀਤੀ ਗਈ ਹੈ। ਸਰਕਾਰ ਨੇ ਤਾਜ਼ਾ ਹੁਕਮਾਂ ਰਾਹੀਂ ਪੀ.ਸੀ.ਐਸ. ਅਫਸਰ ਟੀ.ਕੇ. ਗੋਇਲ ਨੂੰ ਕਾਲਜਾਂ ਦਾ ਡੀ.ਪੀ.ਆਈ. ਲਾ ਦਿੱਤਾ ਹੈ। ਇਸ ਤੋਂ ਪਹਿਲਾਂ ਗੁਰਦੇਵ ਸਿੰਘ ਘੁੰਮਣ ਆਈ. ਏ. ਐਸ. ਕੋਲ ਪੌਣੇ ਦੋ ਸਾਲਾਂ ਲਈ ਆਰਜ਼ੀ ਚਾਰਜ ਰਿਹਾ ਹੈ। ਦਿਲਚਸਪ ਗੱਲ ਇਹ ਹੈ ਕਿ ਵਿਭਾਗੀ ਤਰੱਕੀ ਕਮੇਟੀ ਵਲੋਂ ਪ੍ਰਿੰਸੀਪਲ ਗੁਰਪਾਲ ਸਿੰਘ ਦੀ ਡੀ.ਪੀ.ਆਈ. ਦੇ ਅਹੁਦੇ ਲਈ ਚੋਣ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਪੰਜਾਬ ਸਟੇਟ ਟੈਕਸਟ ਬੁੱਕ ਬੋਰਡ ਵਿਚ ਬਦਲ ਦਿੱਤਾ ਗਿਆ ਸੀ।

ਇਸ ਤਰ੍ਹਾਂ ਉਚ ਸਿੱਖਿਆ ਵਿਭਾਗ ਵਿਚ ਪਿਛਲੇ ਦੋ ਸਾਲਾਂ ਤੋਂ ਰੈਗੂਲਰ ਡਾਇਰੈਕਟਰ ਨਹੀਂ ਹੈ। ਡੀ.ਪੀ.ਆਈ. ਤੋਂ ਬਿਨਾਂ ਚਾਰ ਡਿਪਟੀ ਡਾਇਰੈਕਟਰਾਂ ਦੀਆਂ ਅਸਾਮੀਆਂ ਵਿਚੋਂ ਦੋ ਖਾਲੀ ਪਈਆਂ ਹਨ ਜਦੋਂਕਿ ਦੋ ਦਾ ਚਾਰਜ ਆਰਜ਼ੀ ਤੌਰ 'ਤੇ ਦੇ ਕੇ ਕੰਮ ਚਲਾਇਆ ਜਾ ਰਿਹਾ ਹੈ। ਇਹ ਅਸਾਮੀਆਂ ਵੀ ਕਾਲਜ ਕੇਡਰ ਲਈ ਰਾਖਵੀਆਂ ਕੀਤੀਆਂ ਗਈਆਂ ਹਨ। ਉਚ ਸਿੱਖਿਆ ਵਿਭਾਗ ਵਿਚ ਸੰਯੁਕਤ ਡਾਇਰੈਕਟਰ ਦੀ ਅਸਾਮੀ ਵੀ ਦੋ ਸਾਲਾਂ ਤੋਂ ਵੱਧ ਸਮੇਂ ਤੋਂ ਖਾਲੀ ਪਈ ਹੈ। ਇਸ ਦਾ ਆਰਜ਼ੀ ਤੌਰ 'ਤੇ ਚਾਰਜ ਡਾਇਰੈਕਟਰ ਦਫਤਰ ਦੇ ਇਕ ਅਧਿਕਾਰੀ ਨੂੰ ਦਿੱਤਾ ਗਿਆ ਸੀ।

ਜਾਣਕਾਰੀ ਮੁਤਾਬਕ ਇਹ ਅਸਾਮੀ ਪੀ.ਸੀ.ਐਸ. ਅਧਿਕਾਰੀ ਲਈ ਰਾਖਵੀਂ ਕੀਤੀ ਗਈ ਹੈ ਪਰ ਕਾਲਜ ਕੇਡਰ ਦੇ ਡੀ.ਪੀ.ਆਈ. ਦੇ ਮਾਤਹਿਤ ਪੀ.ਸੀ.ਐਸ. ਅਫਸਰ ਕੰਮ ਕਰਨ ਲਈ ਰਾਜ਼ੀ ਨਹੀਂ ਹਨ। ਦੱਸਣਯੋਗ ਹੈ ਕਿ ਉਚ ਸਿੱਖਿਆ ਵਿਭਾਗ ਵਿਚ ਪਿਛਲੇ ਡੇਢ ਦਹਾਕੇ ਵਿਚ ਤਿੰਨ ਸਾਲ ਤੋਂ ਵੱਧ ਸਮੇਂ ਲਈ ਰੈਗੂਲਰ ਡਾਇਰੈਕਟਰ ਨਹੀਂ ਲਾਇਆ ਗਿਆ ਹੈ। ਇਸ ਸਮੇਂ ਦੌਰਾਨ ਵੀ ਵੱਖ-ਵੱਖ ਅੱਠ ਪ੍ਰਿੰਸੀਪਲਾਂ ਦੀ ਨਿਯੁਕਤੀ ਕੀਤੀ ਗਈ ਸੀ। ਇਨ੍ਹਾਂ ਵਿਚੋਂ ਪ੍ਰਿੰਸੀਪਲ ਰੂਪ ਔਲਖ ਸਿਰਫ 13 ਦਿਨਾਂ ਲਈ ਰੈਗੂਲਰ ਡਾਇਰੈਕਟਰ ਲਾਏ ਗਏ ਸਨ। ਸਕੂਲ ਸਿੱਖਿਆ ਦਾ ਡੀ.ਪੀ.ਆਈ. ਵੀ ਪੀ.ਸੀ.ਐਸ. ਅਧਿਕਾਰੀ ਨੂੰ ਲਾਇਆ ਜਾ ਰਿਹਾ ਹੈ ਹਾਲਾਂਕਿ ਇਹ ਅਸਾਮੀ ਸਕੂਲ ਕੇਡਰ ਦੇ ਪ੍ਰਿੰਸੀਪਲ ਦੇ ਕੋਟੇ ਵਿਚੋਂ ਭਰਨੀ ਹੁੰਦੀ ਹੈ।

ਸਰਕਾਰ ਦੀਆਂ ਕੱਚ ਘਰੜ ਨੀਤੀਆਂ ਕਾਰਨ ਸਰਕਾਰੀ ਕਾਲਜਾਂ ਵਿਚ ਪ੍ਰਿੰਸੀਪਲਾਂ ਦੀਆਂ 48 ਵਿਚੋਂ 19 ਅਸਾਮੀਆਂ ਖਾਲੀ ਪਈਆਂ ਹਨ। ਇਹ ਅਸਾਮੀਆਂ ਭਰਨ ਵਾਸਤੇ ਵਿਭਾਗੀ ਤਰੱਕੀ ਕਮੇਟੀ ਦੀ ਸਤੰਬਰ 2014 ਨੂੰ ਮੀਟਿੰਗ ਹੋਈ ਸੀ ਪਰ ਇਸ ਦੇ ਬਾਵਜੂਦ ਅਜੇ ਤਾਈਂ ਨਿਯੁਕਤੀ ਪੱਤਰ ਜਾਰੀ ਨਹੀਂ ਹੋ ਸਕੇ। ਇਹ ਗੱਲ ਵੀ ਜ਼ਿਕਰਯੋਗ ਹੈ ਕਿ ਵਿਭਾਗੀ ਤਰੱਕੀ ਕਮੇਟੀ ਵਲੋਂ ਪਦ ਉਨਤੀ ਲਈ ਵਿਚਾਰੇ ਉਮੀਦਵਾਰਾਂ ਵਿਚੋਂ ਅੱਧੀ ਦਰਜਨ ਸੇਵਾਮੁਕਤ ਹੋ ਗਏ ਹਨ। ਸਰਕਾਰੀ ਕਾਲਜਾਂ ਵਿਚੋਂ 26 ਵਿਚ ਲਾਇਬ੍ਰੇਰੀਅਨ ਨਹੀਂ ਹਨ ਤੇ ਇਨ੍ਹਾਂ ਵਿਚ ਲਾਇਬ੍ਰੇਰੀਆਂ ਨੂੰ ਜੰਦਰੇ ਲੱਗੇ ਪਏ ਹਨ। ਸਰਕਾਰੀ ਕਾਲਜਾਂ ਵਿਚ ਅਧਿਆਪਕਾਂ ਦੀਆਂ 1873 ਵਿਚੋਂ 1080 ਖਾਲੀ ਹਨ। ਸਰਕਾਰੀ ਤੇ ਗੈਰਸਰਕਾਰੀ ਕਾਲਜਾਂ ਦਾ ਡੀ.ਪੀ.ਆਈ. ਸਾਂਝਾ ਹੁੰਦਾ ਹੈ ਪਰ ਇਸ ਅਹੁਦੇ 'ਤੇ ਸਰਕਾਰੀ ਕਾਲਜ ਦੇ ਸਭ ਤੋਂ ਸੀਨੀਅਰ ਪ੍ਰਿੰਸੀਪਲ ਨੂੰ ਨਿਯੁਕਤ ਕੀਤਾ ਜਾਂਦਾ ਹੈ। ਉਚ ਸਿੱਖਿਆ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਹੈ ਕਿ ਡੀ.ਪੀ.ਆਈ. ਦੇ ਅਹੁਦੇ ਲਈ ਕਿਸੇ ਯੋਗ ਉਮੀਦਵਾਰ ਦੀ ਭਾਲ ਕੀਤੀ ਜਾ ਰਹੀ ਹੈ। ਇਸ ਵਾਸਤੇ ਯੂਨੀਵਰਸਿਟੀਆਂ ਦੇ ਉਪ ਕੁਲਪਤੀਆਂ 'ਤੇ ਆਧਾਰਤ ਇਕ ਕਮੇਟੀ ਬਣਾਈ ਗਈ ਹੈ।

## ਹੁਣ ਜਾਤ ਤੇ ਧਰਮ ਦੇ ਆਧਾਰ 'ਤੇ ਲੱਗਣਗੀਆਂ ਕਲਾਸਾਂ

**ਚੰਡੀਗੜ੍ਹ:** ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਹੁਣ ਬੱਚਿਆਂ ਦੀ ਜਾਤ ਤੇ ਧਰਮ ਦੇ ਆਧਾਰ 'ਤੇ ਕਲਾਸਾਂ ਲੱਗਿਆ ਕਰਨਗੀਆਂ। ਸਿੱਖਿਆ ਵਿਭਾਗ ਵਲੋਂ ਜਾਰੀ ਤਾਜ਼ਾ ਹੁਕਮਾਂ ਮੁਤਾਬਕ ਸਰਕਾਰੀ ਸਕੂਲਾਂ ਵਿਚ ਪੜ੍ਹਾਈ ਵਿਚ ਕਮਜ਼ੋਰ ਵਿਦਿਆਰਥੀਆਂ ਲਈ ਲੱਗਣ ਵਾਲੀਆਂ ਵਿਸ਼ੇਸ਼ ਕਲਾਸਾਂ ਵਿਚ ਬੱਚਿਆਂ ਨੂੰ ਦਾਖਲਾ ਉਨ੍ਹਾਂ ਦੀ ਜਾਤ ਅਤੇ ਧਰਮ ਦੇ ਆਧਾਰ 'ਤੇ ਮਿਲਿਆ ਕਰੇਗਾ। ਹੁਕਮਾਂ ਮੁਤਾਬਕ ਇਨ੍ਹਾਂ ਕਲਾਸਾਂ ਵਿਚ ਬੈਠਣ ਵਾਲੇ ਪੜ੍ਹਾਈ ਪੱਖੋਂ ਕਮਜ਼ੋਰ ਵਿਦਿਆਰਥੀਆਂ ਵਿਚ 60 ਫੀਸਦੀ ਐਸ.ਸੀ. ਹੋਣੇ ਚਾਹੀਦੇ ਹਨ, 20 ਫੀਸਦੀ ਘੱਟ ਗਿਣਤੀ ਵਰਗ (ਮਿਨਿਓਰਿਟੀਜ਼) ਤੇ 20 ਫੀਸਦੀ ਹੋਰ ਵਰਗਾਂ ਨਾਲ ਸਬੰਧਤ ਹੋਣੇ ਚਾਹੀਦੇ ਹਨ। ਸਕੂਲਾਂ ਵਿਚ ਇਹ ਵਿਸ਼ੇਸ਼ (ਐਕਸਟ੍ਰਾ/ਰੈਮੀਡੀਅਲ ਕਲਾਸਿਜ਼) ਲੰਘੀ ਦੋ ਜਨਵਰੀ ਤੋਂ ਸ਼ੁਰੂ ਹੋ ਗਈਆਂ ਸਨ।

ਸੂਤਰਾਂ ਅਨੁਸਾਰ ਕਿਸੇ ਵੇਲੇ ਡੀ. ਜੀ. ਐਸ. ਈ. ਕ੍ਰਿਸ਼ਨ ਕੁਮਾਰ ਨੇ ਪੜ੍ਹਾਈ ਵਿਚ ਕਮਜ਼ੋਰ ਵਿਦਿਆਰਥੀਆਂ ਲਈ ਇਮਤਿਹਾਨਾਂ ਤੋਂ ਦੋ ਮਹੀਨੇ ਪਹਿਲਾਂ ਸਕੂਲੀ ਸਮੇਂ ਤੋਂ ਇਲਾਵਾ ਇਕ ਘੰਟੇ ਦੀਆਂ ਵਿਸ਼ੇਸ਼ ਕਲਾਸਾਂ ਦਾ ਰੁਝਾਨ ਸ਼ੁਰੂ ਕੀਤਾ ਗਿਆ ਸੀ। ਕ੍ਰਿਸ਼ਨ ਕੁਮਾਰ ਤੋਂ ਬਾਅਦ ਇਹ ਰੁਝਾਨ ਬੰਦ ਹੋ ਗਿਆ ਸੀ। ਮਹਿਕਮੇ ਦੇ ਹੁਕਮਾਂ 'ਤੇ ਅਧਿਆਪਕਾਂ ਨੇ ਦੋ ਜਨਵਰੀ ਨੂੰ ਕਲਾਸਾਂ ਸ਼ੁਰੂ ਕਰ ਦਿੱਤੀਆਂ ਪਰ ਉਸ ਤੋਂ ਬਾਅਦ ਮਹਿਕਮੇ ਨੇ ਨਵੇਂ ਹੁਕਮ ਜਾਰੀ ਕਰਦਿਆਂ ਇਹ ਕਲਾਸਾਂ ਸਿਰਫ 10ਵੀਂ ਦੇ ਵਿਦਿਆਰਥੀਆਂ ਦੀਆਂ ਹੀ ਲਾਉਣ ਤੇ 20 ਫੀਸਦੀ ਦੀ ਬਜਾਇ 10 ਫ਼ੀਸਦੀ ਕਮਜ਼ੋਰ ਵਿਦਿਆਰਥੀਆਂ ਤੇ ਉਪਰੋਕਤ ਰਾਖਵੇਂਕਰਨ ਦੇ ਹਿਸਾਬ ਨਾਲ ਬੱਚਿਆਂ ਦੀ ਚੋਣ ਦੇ ਜਾਰੀ ਹੁਕਮਾਂ ਨੇ ਅਧਿਆਪਕਾਂ ਨੂੰ ਸ਼ਸ਼ੋਪੰਜ ਵਿਚ ਪਾ ਦਿੱਤਾ ਹੈ। ਇਸ ਬਾਰੇ ਪੰਜਾਬ ਸਰਵ ਸਿੱਖਿਆ ਅਭਿਆਨ ਦੇ ਸਹਾਇਕ ਸਟੇਟ ਪ੍ਰਾਜੈਕਟ ਡਾਇਰੈਕਟਰ ਅਮਰਬੀਰ ਸਿੰਘ ਦਾ ਕਹਿਣਾ ਹੈ ਕਿ ਅਜਿਹਾ ਕੇਂਦਰੀ ਮਨੁੱਖੀ ਸ੍ਰੋਤ ਮੰਤਰਾਲੇ (ਐਮ.ਐਚ.ਆਰ.ਡੀ.) ਦੇ ਦਿਸ਼ਾ ਨਿਰਦੇਸ਼ਾਂ ਕਾਰਨ ਕਰਨਾ ਪੈ ਰਿਹਾ ਹੈ।

# ਅਣਖ ਲਈ ਕਤਲਾਂ ਦਾ ਜਰਖੇਜ ਮਾਹੌਲ

ਨੌਜਵਾਨ ਮੁੰਡੇ ਕੁੜੀਆਂ ਵਲੋਂ ਇੱਕ-ਦੂਜੇ ਨਾਲ ਰਹਿਣ ਦਾ ਫੈਸਲਾ ਮਾਪਿਆਂ ਨੂੰ ਇਸ ਹੱਦ ਤੱਕ ਨਾ-ਖੁਸ਼ਗਬਾਰ ਗੁਜ਼ਰਦਾ ਹੈ ਕਿ ਹੱਥੀਂ ਪਾਲੇ ਪੁੱਤਾਂ-ਧੀਆਂ ਨੂੰ ਕਤਲ ਕੀਤਾ ਜਾਂ ਕਰਵਾਇਆ ਜਾਂਦਾ ਹੈ। ਕਤਲ ਤੋਂ ਪਹਿਲਾਂ ਦਾ ਵਿਹਾਰ ਖਬਰ ਦਾ ਰੁਤਬਾ ਹਾਸਲ ਨਹੀਂ ਕਰਦਾ। ਕਤਲ ਤੋਂ ਪਹਿਲਾਂ ਦਾ ਵਿਹਾਰ ਨਿਜੀ ਜਾਂ ਪਰਿਵਾਰ ਦੇ ਘੇਰੇ ਵਿਚ ਰਹਿੰਦਾ ਹੈ। ਇਨ੍ਹਾਂ ਕਤਲਾਂ ਲਈ ਕਸੂਰਵਾਰ ਧਿਰ ਨਾਲ ਹਮਦਰਦੀ ਹਰ ਤਬਕੇ ਅਤੇ ਅਦਾਰੇ ਵਿਚ ਮਿਲ ਜਾਂਦੀ ਹੈ। ਨਤੀਜੇ ਵਜੋਂ ਕਾਤਲ ਨਮੋਸ਼ੀ ਅਤੇ ਸਜ਼ਾ ਤੋਂ ਬਚ ਜਾਂਦਾ ਹੈ ਅਤੇ ਸਮਾਜਕ ਰਹਿਤ ਦੇ ਰਾਖੇ ਵਜੋਂ ਵਡਿਆਇਆ ਜਾਂਦਾ ਹੈ। ਕਾਤਲ ਨੂੰ ਪੀੜਤ ਵਜੋਂ ਵੇਖਿਆ ਜਾਂਦਾ




**ਦਲਜੀਤ ਅਮੀ**

**ਫੋਨ: 91-97811-21873**


ਹੈ ਕਿਉਂ ਜੋ ਉਸ ਨੂੰ 'ਮਜਬੂਰੀਵਸ ਜਿਗਰ ਦੇ ਟੁਕੜਿਆਂ ਖਿਲਾਫ' ਇਹ ਕਾਰਵਾਈ ਕਰਨੀ ਪਈ ਹੈ। ਮੌਜੂਦਾ ਦੌਰ ਵਿਚ ਇਸ ਰੁਝਾਨ ਦੇ ਪੱਖ ਵਿਚ ਬੌਧਿਕ ਦਲੀਲ ਕਮਜ਼ੋਰ ਜਾਪਦੀ ਹੈ ਪਰ ਇਸ ਦੀ ਮੂੰਹ-ਜ਼ੋਰੀ ਹਰ ਤਬਕੇ ਦੇ ਵਿਹਾਰ ਵਿਚ ਝਲਕਦੀ ਰਹਿੰਦੀ ਹੈ। ਬੌਧਿਕ ਤਬਕੇ ਵਿਚ 'ਕਾਨੂੰਨੀ ਘੇਰੇ' ਦਾ ਚੋਖਾ ਲਿਹਾਜ ਰੱਖਿਆ ਜਾਂਦਾ ਹੈ। ਚਰਚਾ ਦਾ ਵਿਸ਼ਾ ਕਾਨੂੰਨ ਦੇ ਘੇਰੇ ਵਿਚ ਆਉਂਦੇ ਕਤਲ ਤੱਕ ਮਹਿਦੂਦ ਰਹਿੰਦਾ ਹੈ। ਇਨ੍ਹਾਂ ਕਤਲਾਂ ਬਾਬਤ ਕਾਨੂੰਨੀ ਦਲੀਲ 'ਆਤਮ ਰੱਖਿਆ ਲਈ ਕੀਤੇ ਕਤਲਾਂ' ਦੇ ਘੇਰੇ ਵਿਚ ਨਹੀਂ ਆਉਂਦੀ ਪਰ ਸਮਾਜਕ ਦਲੀਲ ਵਿਚ ਇਨ੍ਹਾਂ ਨੂੰ 'ਆਤਮ ਰੱਖਿਆ ਲਈ ਕੀਤੇ ਕਤਲਾਂ' ਦੀ ਥਾਂ ਮਿਲਦੀ ਹੈ।

ਸੁਆਲ ਇਹੋ ਹੈ ਕਿ 'ਆਤਮ ਰੱਖਿਆ' ਦਾ ਕਿਹੜਾ ਪੱਖ ਹੈ ਜੋ ਇੰਨਾ ਮੂੰਹ-ਜ਼ੋਰ ਹੈ? ਬੰਦੇ ਦੀ ਸਮਾਜਕ ਰੱਖਿਆ (ਅਣਖ) ਨੂੰ ਦੋ ਜੀਆਂ ਦੇ ਮੇਲ ਤੋਂ ਕੀ ਖਤਰਾ ਹੈ? ਇਸ ਅਣਖ ਦਾ ਸਭਿਆਚਾਰ ਨਾਲ ਕੀ ਰਿਸ਼ਤਾ ਹੈ? ਆਮ ਤੌਰ ਉਤੇ ਅਜਿਹੇ ਵਿਆਹਾਂ ਨੂੰ ਸਮਾਜਕ ਰਹਿਤ ਦੇ ਖਿਲਾਫ ਮੰਨਿਆ ਜਾਂਦਾ ਹੈ। ਇਹ ਸੁਆਲ ਸਮਾਜਕ ਰਹਿਤ ਦੇ ਘੇਰੇ ਵਿਚ ਆਉਂਦਾ ਹੈ ਕਿ ਕਿਸ ਦਾ ਵਿਆਹ ਕਿਸ ਨਾਲ ਹੋ ਸਕਦਾ ਹੈ ਅਤੇ ਕਿਸ ਦਾ ਵਿਆਹ ਕਿਸ ਨਾਲ ਨਹੀਂ ਹੋ ਸਕਦਾ। ਇਸ ਮਾਮਲੇ ਵਿਚ ਗੋਤ, ਜਾਤ, ਧਰਮ, ਸ਼ਰੀਕੇ ਅਤੇ ਬਰਾਦਰੀ ਦੀਆਂ ਹੱਦਾਂ ਹਨ ਜੋ ਮੌਕੇ ਅਤੇ ਬੰਦੇ ਮੁਤਾਬਕ ਸੌੜੀਆਂ ਜਾਂ ਮੋਕਲੀਆਂ ਹੁੰਦੀਆਂ ਰਹਿੰਦੀਆਂ ਹਨ। ਇਨ੍ਹਾਂ ਹੱਦਾਂ ਦੀ ਮਜ਼ਬੂਤੀ ਦੀਆਂ ਮਿਸਾਲਾਂ ਜੇ ਕਤਲ ਹਨ ਤਾਂ ਇਨ੍ਹਾਂ ਦੇ ਬੇਮਾਅਨਾ ਹੋਣ ਦਾ ਸਬੂਤ ਅਖਬਾਰਾਂ ਵਿਚ ਛਪਦੇ ਵਿਆਹਾਂ ਦੇ ਇਸ਼ਤਿਹਾਰ ਹਨ। ਇਨ੍ਹਾਂ ਇਸ਼ਤਿਹਾਰਾਂ ਵਿਚ ਆਮ ਤੌਰ ਉਤੇ ਧਰਮ, ਜਾਤ ਅਤੇ ਗੋਤ ਦੀ ਪਛਾਣ ਉਘੜਵੇਂ ਤੌਰ ਉਤੇ ਦੱਸੀ ਜਾਂਦੀ ਹੈ। ਵੱਡੀ ਗਿਣਤੀ ਵਿਚ ਇਸ਼ਤਿਹਾਰ ਹੁੰਦੇ ਹਨ ਜਿਨ੍ਹਾਂ ਵਿਚ ਧਰਮ, ਜਾਤ ਅਤੇ ਗੋਤ ਦੀ ਥਾਂ ਨਵੀਂ ਸ਼ਰਤ ਹੁੰਦੀ ਹੈ।

'ਅੰਗਰੇਜ਼ੀ ਦੇ ਇਮਤਿਹਾਨ ਪਾਸ ਕਰ' ਚੁੱਕੀਆਂ ਕੁੜੀਆਂ ਲਈ ਮੁੰਡੇ ਵਾਲੇ ਵਿਆਹ ਅਤੇ ਵਿਦੇਸ਼ ਜਾਣ ਦਾ ਖਰਚ ਚੁੱਕਣ ਲਈ ਤਿਆਰ ਹਨ। ਮੁੰਡੇ ਦੇ ਇਸ਼ਤਿਹਾਰ ਨਾਲ ਸ਼ਰਤ ਲੱਗਦੀ ਹੈ ਕਿ ਕੁੜੀ ਵਾਲਿਆਂ ਦੀ ਰਿਸ਼ਤੇਦਾਰੀ ਵਿਚੋਂ ਕੋਈ ਮੁੰਡਾ ਇਸ਼ਤਿਹਾਰ ਵਾਲਿਆਂ ਦੀ ਕੁੜੀ ਨੂੰ ਵਿਆਹ ਕਰਵਾ ਕੇ ਕਿਸੇ ਦੂਜੇ ਮੁਲਕ ਲੈ ਕੇ ਜਾਵੇ। ਇਨ੍ਹਾਂ ਤੋਂ ਬਿਨਾਂ ਕੱਚੇ, ਠੇਕੇ ਅਤੇ ਅੱਟੇ-ਸੱਟੇ ਦੇ ਵਿਆਹਾਂ ਦੇ ਇਸ਼ਤਿਹਾਰ ਛਪਦੇ ਹਨ। ਇਸ਼ਤਿਹਾਰ ਦੇਣ ਵਾਲਿਆਂ ਨਾਲ ਰਾਬਤਾ ਕਰਨ ਉਤੇ ਪਹਿਲੀ ਗੱਲ ਪੈਸੇ ਜਾਂ ਦੂਜੀਆਂ ਸ਼ਰਤਾਂ ਦੀ ਹੁੰਦੀ ਹੈ। ਵਿਦੇਸ਼ ਜਾਣ ਲਈ ਸਕੇ ਭੈਣ-ਭਰਾਵਾਂ ਤੱਕ ਨਾਲ ਵਿਆਹ ਕਰਵਾ ਕੇ ਵੀਜ਼ੇ ਲਗਵਾਉਣ ਦੀ ਮਿਸਾਲਾਂ ਬਹੁਤ ਹਨ। ਸਮਾਜਕ, ਧਾਰਮਿਕ ਅਤੇ ਕਾਨੂੰਨੀ ਅਦਾਰੇ ਇਨ੍ਹਾਂ ਕੱਚੇ, ਠੇਕੇ ਅਤੇ ਅੱਟੇ-ਸੱਟੇ ਦੇ ਵਿਆਹਾਂ ਨੂੰ ਧਾਰਮਿਕ, ਸਮਾਜਕ ਅਤੇ ਕਾਨੂੰਨੀ ਮਾਨਤਾ ਦੇਣ ਲਈ ਸਚੇਤ ਹਿੱਸਾ ਪਾਉਂਦੇ ਹਨ। ਰਿਸ਼ਤੇਦਾਰ ਅਤੇ ਸੱਜਣ-ਮਿੱਤਰ ਇਨ੍ਹਾਂ ਵਿਆਹਾਂ ਨੂੰ ਸਮਾਜਕ ਮੋਹਰ ਲਗਾਉਣ ਅਤੇ ਸਫਾਰਤਖਾਨਿਆਂ ਦੇ ਪੁਖਤਾ ਸਬੂਤ ਬਣਨ ਲਈ ਸਜਣ-ਧਜਣ, ਖਾਣ-ਪੀਣ, ਨੱਚਣ-ਗਾਉਣ ਅਤੇ ਹੱਸ-ਹੱਸ ਸ਼ਗਨ ਪਾਉਣ ਦੇ ਮੁਕਾਬਲੇ ਕਰਦੇ ਹਨ।

ਸਫਾਰਤਖਾਨਿਆਂ ਵਿਚ ਹਰ ਵਿਆਹ ਸ਼ੱਕ ਦੇ ਘੇਰੇ ਵਿਚ ਹੈ ਅਤੇ ਸ਼ੰਕਾ-ਨਵਿਰਤੀ ਲਈ ਕੁੱਖ ਤੋਂ ਘਰਾਂ ਤੱਕ ਦਾ ਹਰ ਸਾਂਗ ਰਚਿਆ ਜਾ ਰਿਹਾ ਹੈ। ਇਸ ਰੁਝਾਨ ਉਤੇ ਸਮਾਜਕ ਰਹਿਤ ਦੇ ਹਵਾਲੇ ਨਾਲ ਕੀਤਾ ਹਰ ਸੁਆਲ 'ਸਾਰੇ ਧੋਣੇ ਧੋ ਦੇਣ' ਜਾਂ 'ਸੱਤ ਪੁਸ਼ਤਾਂ ਤਾਰ ਦੇਣ' ਲਈ ਮਿਲਣ ਵਾਲੇ ਵੀਜ਼ਿਆਂ ਸਾਹਮਣੇ ਨਿਗੂਣਾ ਸਾਬਤ ਹੁੰਦਾ ਹੈ। ਨਤੀਜੇ ਵਜੋਂ ਵਿਦੇਸ਼ ਵਸਦੇ ਪਰਵਾਸੀ ਲਾੜਿਆਂ ਨੂੰ ਉਡੀਕਦੀਆਂ ਦੁਹਾਗਣਾਂ ਨੂੰ ਨੀਮ-ਵਿਧਵਾਵਾਂ ਦਾ ਵਿਸ਼ੇਸ਼ਣ ਮਿਲਿਆ ਹੈ। ਉਹ ਆਪਣੇ ਬੱਚਿਆਂ ਨੂੰ ਇੱਕਲੀਆਂ ਪਾਲਣ ਲਈ ਮਜਬੂਰ ਹੋਈਆਂ ਹਨ। ਜਹਾਜ ਚੜ੍ਹਨ ਦੀ ਆਸ ਲਗਾਈ ਬੈਠੇ ਮਾਪੇ ਅਤੇ ਭਾਈ-ਭਤੀਜੇ ਇਨ੍ਹਾਂ ਦੀਆਂ ਰੀਝਾਂ ਦੀ ਬੇਕਦਰੀ ਤੋਂ ਮੂੰਹ ਫੇਰ ਕੇ ਹੀ 'ਲੋਕ ਲਾਜ' ਪਾਲਦੇ ਹਨ।

ਇਸੇ ਦੌਰਾਨ ਕਾਨੂੰਨੀ ਪੱਧਰ ਉਤੇ ਰਸਮੀ ਵਿਆਹ ਤੋਂ ਬਿਨਾਂ ਇਕੱਠੇ ਰਹਿ ਰਹੇ ਜੀਆਂ ਨੂੰ ਜੋੜਿਆਂ ਵਾਲੇ ਅਖ਼ਤਿਆਰਾਂ ਦੇ ਘੇਰੇ ਵਿਚ ਲਿਆਂਦਾ ਗਿਆ ਹੈ। ਇਨ੍ਹਾਂ ਜੋੜਿਆਂ ਦੀ ਔਲਾਦ ਦੇ ਜਾਇਦਾਦ ਉਤੇ ਅਖ਼ਤਿਆਰਾਂ ਤੋਂ ਲੈ ਕੇ ਵੱਖ ਹੋਣ ਦੇ ਮਸਲੇ ਕਾਨੂੰਨ ਦੇ ਘੇਰੇ ਵਿਚ ਲਿਆਂਦੇ ਗਏ ਹਨ। ਵਿਆਹ ਦੇ ਵਾਅਦੇ ਨਾਲ ਕੀਤੀ ਨੇੜਤਾ ਨੂੰ ਵਾਅਦਾ-ਫਰੋਸ਼ੀ ਦੀ ਹਾਲਤ ਵਿਚ ਸਹਿਮਤੀ ਦੇ ਘੇਰੇ ਵਿਚੋਂ ਬਾਹਰ ਕੱਢ ਦਿੱਤਾ ਗਿਆ ਹੈ।

ਇਨ੍ਹਾਂ ਸਾਰੀਆਂ ਤਬਦੀਲੀਆਂ ਨੂੰ ਬਦਲਦੇ ਸਮਾਜਕ ਵਿਹਾਰ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਨੌਜਵਾਨ ਮੁੰਡੇ ਕੁੜੀਆਂ ਦੀ ਵੱਡੀ ਗਿਣਤੀ ਆਪਣੀ ਪੜ੍ਹਾਈ, ਨੌਕਰੀ, ਪੇਸ਼ੇ ਜਾਂ ਕਾਰੋਬਾਰ ਦੇ ਸਿਲਸਿਲੇ ਵਿਚ ਲਗਾਤਾਰ ਸਫਰਯਾਫਤਾ ਹੈ। ਇਨ੍ਹਾਂ ਦੀ ਸਫਰਯਾਫਤਾ ਜ਼ਿੰਦਗੀ ਆਪਣੇ ਰਿਸ਼ਤੇ ਤੈਅ ਕਰ ਰਹੀ ਹੈ। ਸਫਰਯਾਫਤਾ ਜੀਅ ਨੇ ਆਪਣੇ ਹਮਸਫਰਾਂ ਨਾਲ ਜਿਉਣ ਦਾ ਸਲੀਕਾ ਸਿੱਖਣਾ ਹੈ। ਜਦੋਂ ਸਫਰਯਾਫਤਾ ਜੀਅ ਦਾ ਪੜਾਅ 'ਰਵਾਇਤੀ ਘਰ' ਵਿਚ ਹੁੰਦਾ ਹੈ ਤਾਂ ਉਸ ਦੀਆਂ ਕਾਮਯਾਬੀਆਂ-ਨਾਕਾਮਯਾਬੀਆਂ ਨਾਲ ਪ੍ਰਵਾਨਗੀ-ਨਾਪ੍ਰਵਾਨਗੀ ਤੈਅ ਹੁੰਦੀ ਹੈ। ਕਾਮਯਾਬੀਆਂ-ਨਾਕਾਮਯਾਬੀਆਂ ਦੇ ਮਿਆਰ ਵੱਖ-ਵੱਖ ਹੋ ਸਕਦੇ ਹਨ। ਬੰਦੇ ਦੀ ਆਪਣੀ ਆਸ ਪ੍ਰਵਾਨ ਕੀਤੀ ਗਈ ਕਾਮਯਾਬੀ ਤੋਂ ਵਡੇਰੀ ਹੋ ਸਕਦੀ ਹੈ। ਬੰਦੇ ਤੋਂ ਕੀਤੀ ਗਈ ਆਸ ਉਸ ਦੀ ਪ੍ਰਾਪਤੀ ਤੋਂ ਵਡੇਰੀ ਹੋ ਸਕਦੀ ਹੈ। ਕਾਮਯਾਬੀਆਂ ਨਾਲ ਖੁੱਲ੍ਹ ਮਿਲਦੀ ਹੈ ਅਤੇ ਨਾਕਾਮਯਾਬੀਆਂ ਨਾਲ ਪਾਬੰਦੀ ਲੱਗਦੀ ਹੈ। ਕਾਮਯਾਬੀ-ਨਾਕਾਮਯਾਬੀ ਵਿਚਲਾ ਫਰਕ ਹਾਲਾਤ ਵਿਚ ਤਬਦੀਲੀ ਨਹੀਂ ਕਰਦਾ। ਨਤੀਜੇ ਵਜੋਂ ਬੰਦੇ ਦੇ ਅੰਦਰ ਲਗਾਤਾਰ ਟੁੱਟ-ਭੰਨ ਹੁੰਦੀ ਹੈ ਅਤੇ ਉਸ ਦੇ ਰਿਸ਼ਤੇ ਵੀ ਇਹੋ ਤਜਰਬਾ ਹੱਡੀਂ ਹੰਢਾਉਂਦੇ ਹਨ।

ਮੁੰਡੇ-ਕੁੜੀ ਦੇ ਰਿਸ਼ਤੇ ਦੀ ਸਾਰੀ ਸਿਆਸਤ ਸਿਰਫ ਘਰ, ਸ਼ਰੀਕੇ ਜਾਂ ਨਿੱਜੀ ਘੇਰਿਆਂ ਤੱਕ ਮਹਿਦੂਦ ਨਹੀਂ ਹੁੰਦੀ। ਸਿਆਸੀ ਪਾਰਟੀਆਂ ਦੀ ਸਰਪ੍ਰਸਤੀ ਵਿਚ ਜਥੇਬੰਦੀਆਂ ਮੁੰਡੇ-ਕੁੜੀ ਦੇ ਰਿਸ਼ਤੇ ਦੁਆਲੇ ਮੁਹਿੰਮਾਂ ਚਲਾਉਂਦੇ ਹਨ। ਇਨ੍ਹਾਂ ਜਥੇਬੰਦੀਆਂ ਦੀ ਦਲੀਲ ਰਹਿੰਦੀ ਹੈ ਕਿ ਕਿਸੇ ਧਰਮ ਦੇ ਮੁੰਡੇ ਵਿਉਂਤਬੰਦ ਢੰਗ ਨਾਲ ਦੂਜੇ ਧਰਮ ਦੀਆਂ ਕੁੜੀਆਂ ਨੂੰ ਵਰਗਲਾ ਰਹੇ ਹਨ। ਇਨ੍ਹਾਂ 'ਵਰਗਲਾਈਆਂ ਗਈਆਂ ਕੁੜੀਆਂ' ਦੀ ਵਾਪਸੀ ਲਈ ਮੁਹਿੰਮਾਂ ਚੱਲਦੀਆਂ ਹਨ। ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਆਗੂ ਇੰਦਰੀਸ਼ ਕੁਮਾਰ ਇਸ ਰੁਝਾਨ ਨੂੰ ਇੱਕ ਫਿਕਰੇ ਵਿਚ ਬਿਆਨ ਕਰਦੇ ਹਨ, "ਜੋ ਹਮਾਰੀ ਬੇਟੀਆਂ ਵਰਗਲਾਈ ਗਈ ਹੈਂ, ਉਨ ਕੋ ਵਾਪਸ ਲਾਨਾ; ਔਰ ਅਗਰ ਹਮਾਰੇ ਬੇਟੋਂ ਨੇ ਉਨ ਕੀ ਬੇਟੀਓਂ ਸੇ ਸ਼ਾਦੀ ਕਰ ਲੀ ਹੈ, ਤੋ ਬਹੂਰਾਨੀ ਕਾ ਧਿਆਨ ਰਖਨਾ ਹਮਾਰਾ ਧਰਮ ਹੈ।" ਇਹ ਦਲੀਲ ਸਮਾਜਕ ਪੱਧਰ ਉਤੇ ਕਈ ਤਰ੍ਹਾਂ ਲਾਗੂ ਹੁੰਦੀ ਹੈ। ਜਾਤ ਦੇ ਮਾਮਲੇ ਵਿਚ ਇਹੋ ਦਲੀਲ ਦਿੱਤੀ ਜਾਂਦੀ ਹੈ। ਅਮੀਰ ਤਬਕਾ ਮੰਨਦਾ ਹੈ ਕਿ ਗਰੀਬ ਤਬਕੇ ਦੇ ਮੁੰਡੇ ਵਿਉਂਤਬੰਦ ਢੰਗ ਨਾਲ ਅਮੀਰਜ਼ਾਦੀਆਂ ਨੂੰ ਫੁਸਲਾਉਂਦੇ ਹਨ। ਇਸ ਦਲੀਲ ਤਹਿਤ ਕੁੜੀ ਨੂੰ ਵਰਗਲਾਈ ਜਾ ਸਕਣ ਵਾਲੀ ਕਮ-ਅਕਲ ਵਜੋਂ ਪ੍ਰਵਾਨ ਕਰ ਲਿਆ ਗਿਆ ਹੈ ਜਿਸ ਦੀ ਰਾਖੀ ਕਰਨੀ ਮਰਦਾਂ ਦੀ 'ਜ਼ਿੰਮੇਵਾਰੀ' ਬਣਦੀ ਹੈ।

ਜਦੋਂ ਅਣਖ ਲਈ ਕਤਲ ਕੀਤੇ ਜਾਂਦੇ ਹਨ ਤਾਂ ਅਫਸੋਸ ਵਿਚ ਦਲੀਲ ਦਿੱਤੀ ਜਾਂਦੀ ਸੀ ਕਿ 'ਮਾਪੇ ਆਪਣੀਆਂ ਰੀਝਾਂ ਨੂੰ ਦਰਕਿਨਾਰ ਕਰ ਕੇ ਬੱਚਿਆਂ ਦੇ ਪਾਲਣ-ਪੋਸ਼ਣ ਅਤੇ ਪੜ੍ਹਾਈ-ਲਿਖਾਈ ਉਤੇ ਖ਼ਰਚ ਕਰਦੇ ਹਨ। ਬੱਚਿਆਂ ਨੂੰ ਖ਼ੁਦਗਰਜ਼ੀ ਨਹੀਂ ਕਰਨੀ ਚਾਹੀਦੀ।' ਜਦੋਂ ਬੱਚਿਆਂ ਨੂੰ ਪਾਲਿਆ ਹੀ ਗਰਜ਼ਾਂ ਤਹਿਤ ਜਾਂਦਾ ਹੈ ਤਾਂ ਨੌਜਵਾਨ ਹੋਏ ਮੁੰਡੇ-ਕੁੜੀਆਂ ਨੂੰ ਆਪਣੀ ਮਰਜ਼ੀ ਨਾਲ ਫੈਸਲੇ ਕਰਨ ਦੀ ਇਜਾਜ਼ਤ ਕਿਵੇਂ ਮਿਲ ਸਕਦੀ ਹੈ? ਕੁਝ ਲੋਕ 'ਆਪਣੇ ਮਨ ਨੂੰ ਸਮਝਾ ਲੈਂਦੇ ਹਨ' ਪਰ ਕਈਆਂ ਤੋਂ ਇਹ 'ਸਦਮਾ' ਬਰਦਾਸ਼ਤ ਨਹੀਂ ਹੁੰਦਾ। ਇਸੇ ਮੋੜ ਉਤੇ ਮਾਪਿਆਂ ਦੀ ਬੇਗਰਜ਼ੀ ਦਾ ਦਾਅਵਾ ਬੇਪਰਦ ਹੁੰਦਾ ਹੈ।

ਆਪਣੀ ਬੰਦਖਲਾਸੀ ਦਾ ਸਭ ਤੋਂ ਵੱਡਾ ਦਾਅ ਜਦੋਂ ਬੱਚਿਆਂ ਉਤੇ ਲਗਾਇਆ ਜਾਂਦਾ ਹੈ ਤਾਂ ਉਨ੍ਹਾਂ ਤੋਂ ਸੀਲ ਹੋਣ ਦੀ ਤਵੱਕੋ ਤਾਂ ਹੀ ਕੀਤੀ ਜਾਵੇਗੀ। ਬੱਚਿਆਂ ਦੇ 'ਕਹਿਣੇ ਵਿਚ ਹੋਣ' ਅਤੇ 'ਲਾਇਕ ਹੋਣ' ਦੀ ਪ੍ਰਾਪਤੀ ਉਤੇ ਮਾਪਿਆਂ ਦੇ ਨਾਲ ਪਰਿਵਾਰ, ਸ਼ਰੀਕਾ, ਰਿਸ਼ਤੇਦਾਰ ਅਤੇ ਸਮੁੱਚੀ ਬਰਾਦਰੀ ਮਾਣ ਕਰਦੀ ਹੈ। ਆਪਣੀ ਮਰਜ਼ੀ ਦੇ ਜੀਵਨ ਸਾਥੀ ਨਾਲ ਰਹਿਣ ਦਾ ਇੱਕੋ ਫ਼ੈਸਲਾ ਇਸ ਪ੍ਰਾਪਤੀ ਉਤੇ ਕਾਟਾ ਮਾਰ ਦਿੰਦਾ ਹੈ। ਇਸ ਪ੍ਰਾਪਤੀ ਨਾਲ ਵਡਿਆਇਆ ਗਿਆ ਬੰਦਾ ਆਪਣੀ ਔਲਾਦ ਦੀ ਹਰ ਕਾਣ-ਕੱਜ ਢੱਕ ਲੈਂਦਾ ਹੈ ਪਰ ਇਸ ਫੈਸਲੇ ਦੀ 'ਨਮੋਸ਼ੀ' ਬਰਦਾਸ਼ਤ ਨਹੀਂ ਕਰਦਾ। ਸਕੂਲਾਂ/ਕਾਲਜਾਂ ਦੇ ਨਤੀਜਿਆਂ ਵੇਲੇ ਆਪੇ ਤੋਂ ਬਾਹਰ ਹੋਏ ਮਾਪੇ ਖਬਰਾਂ ਬਣਦੇ ਹਨ। ਮਾਪਿਆਂ ਦੀਆਂ ਉਮੀਦਾਂ ਮੁਤਾਬਕ ਨਤੀਜੇ ਨਾ ਆਉਣ ਉਤੇ ਬੱਚੇ ਮਨੋਰੋਗੀ ਹੋ ਜਾਂਦੇ ਹਨ। ਕਦੀ ਖੁਦਕੁਸ਼ੀਆਂ ਦੀਆਂ ਖਬਰਾਂ ਆਉਂਦੀਆਂ ਹਨ।

ਇਨ੍ਹਾਂ ਹਾਲਾਤ ਵਿਚੋਂ ਨਿਕਲ ਕੇ ਮਾਪੇ ਵਿਆਹ ਰਾਹੀਂ ਆਪਣੀ ਮਲਕੀਅਤ ਦੀ ਦਾਅਵੇਦਾਰੀ ਕਰਨਾ ਚਾਹੁੰਦੇ ਹਨ। ਜਦੋਂ ਇਹ ਮਲਕੀਅਤ ਖੁੱਸ ਜਾਂਦੀ ਹੈ ਤਾਂ ਬੱਚਿਆਂ ਦੀ ਹਰ ਗਲਤੀ ਨਜ਼ਰਅੰਦਾਜ਼ ਕਰਨ ਵਾਲੇ ਮਾਪੇ ਉਨ੍ਹਾਂ ਦੇ ਕਿਸੇ ਗੁਣ ਦੀ ਕਦਰ ਨਹੀਂ ਕਰਦੇ। ਜੱਦੀ ਜਾਇਦਾਦ ਤੋਂ ਬੇਦਖ਼ਲੀ ਦੀਆਂ ਧਮਕੀਆਂ ਕੰਮ ਨਹੀਂ ਕਰਦੀਆਂ ਤਾਂ 'ਔਲਾਦ ਰੂਪੀ ਆਪਣੀ ਕਮਾਈ' ਦੇ ਹੱਥੋਂ ਖੁੱਸਣ ਦਾ 'ਅਹਿਸਾਸ' ਹਮਲਾਵਰ ਰੂਪ ਅਖ਼ਤਿਆਰ ਕਰ ਲੈਂਦਾ ਹੈ। ਇਸ ਦੌਰ ਵਿਚ ਵਿਦਿਅਕ ਅਦਾਰਿਆਂ ਨੇ ਵਿਦਿਆਰਥੀਆਂ ਨੂੰ ਖਪਤਕਾਰ ਕਰਾਰ ਦਿੱਤਾ ਹੈ। ਹਸਪਤਾਲਾਂ ਨੇ ਮਰੀਜ਼ਾਂ ਨੂੰ ਖਪਤਕਾਰ ਮੰਨ ਲਿਆ ਹੈ। ਸਰਕਾਰ ਮੁਨਾਫ਼ੇ ਕਮਾਉਣ ਵਾਲੇ ਨਿਜੀ ਅਦਾਰਿਆਂ ਨੂੰ ਸਮਾਜਕ ਪ੍ਰਾਪਤੀ ਵਜੋਂ ਪੇਸ਼ ਕਰਦੀ ਹੈ। ਇਹੋ ਰੁਝਾਨ ਮਾਪਿਆਂ ਉਤੇ ਅਸਰਅੰਦਾਜ਼ ਹੁੰਦਾ ਹੈ ਅਤੇ ਉਹ ਔਲਾਦ ਨੂੰ ਨਿਵੇਸ਼ ਦੀ ਉਪਜ ਮੰਨਦੇ ਹਨ। ਇਸ ਉਪਜ ਦਾ ਇੱਕ ਫੈਸਲਾ ਮੁਨਾਫ਼ੇ ਤੋਂ ਮੁਨਕਰ ਹੋਣ ਦੇ ਤੁੱਲ ਮੰਨਿਆ ਜਾਂਦਾ ਹੈ। ਖੁੱਲ੍ਹੀ ਮੰਡੀ ਦੀਆਂ ਕਦਰਾਂ-ਕੀਮਤਾਂ ਮੁਤਾਬਕ ਬੰਦਾ ਇੱਕੋ ਵੇਲੇ ਖਪਤਕਾਰ ਅਤੇ ਵਸਤੂ ਹੈ। ਜੇ ਮਾਪੇ ਸਾਰੀ ਮੁਸ਼ੱਕਤ ਔਲਾਦ ਰੂਪੀ ਵਸਤੂ ਦਾ ਮੁੱਲ ਵਧਾਉਣ ਲਈ ਕਰਦੇ ਹਨ ਤਾਂ ਖਪਤਕਾਰ ਵਜੋਂ ਲੁੱਟੇ ਜਾਣ ਦਾ ਅਹਿਸਾਸ ਤਾਂ ਹਮਲਾਵਰ ਰੂਪ ਵਿਚ ਸਾਹਮਣੇ ਆ ਹੀ ਸਕਦਾ ਹੈ।

ਇਹ ਜ਼ਰੂਰੀ ਨਹੀਂ ਕਿ ਅਣਖ ਲਈ ਹੁੰਦੇ ਹਰ ਕਤਲ ਵਿਚ ਇਹ ਸਾਰੇ ਕਾਰਨ ਸਰਗਰਮ ਹੋਣ। ਇਨ੍ਹਾਂ ਦਾ ਕੋਈ ਵੀ ਜਮ੍ਹਾਂਜੋੜ ਹੋ ਸਕਦਾ ਹੈ ਪਰ ਇਨ੍ਹਾਂ ਕਾਰਨਾਂ ਨਾਲ 'ਅਣਖ ਲਈ ਹੁੰਦੇ ਕਤਲਾਂ' ਨੂੰ ਪ੍ਰਵਾਨਗੀ ਮਿਲਦੀ ਹੈ। ਮੌਜੂਦਾ ਦੌਰ ਵਿਚ ਟੈਲੀਵਿਜ਼ਨ ਅਤੇ ਇੰਟਰਨੈਟ ਰਾਹੀਂ ਬੰਦਾ ਆਲਮੀ ਪੱਧਰ ਉਤੇ ਜਾਣਕਾਰੀ ਰਾਹੀਂ ਜੁੜ ਗਿਆ ਹੈ। ਉਸ ਦਾ ਰਾਬਤਾ ਹਰ ਤਰ੍ਹਾਂ ਦੀ ਜੀਵਨ-ਸ਼ੈਲੀ ਨਾਲ ਪੈ ਰਿਹਾ ਹੈ। ਉਸ ਦੀ ਸਫਰਯਾਫਤਾ ਜ਼ਿੰਦਗੀ ਦਾ ਇੱਕ ਪੱਖ ਇੱਕ ਥਾਂ ਤੋਂ ਦੂਜੀ ਥਾਂ ਵੱਲ ਜਾਣ ਨਾਲ ਜੁੜਿਆ ਹੋਇਆ ਹੈ ਪਰ ਦੂਜਾ ਪੱਖ ਉਸ ਦੇ ਅੰਦਰ ਚੱਲਦੀ ਹਿੱਲਜੁਲ ਨਾਲ ਜੁੜਿਆ ਹੋਇਆ ਹੈ।

ਖੁੱਲ੍ਹੀ ਮੰਡੀ ਇੱਕ ਪਾਸੇ ਉਸ ਤੋਂ ਸਿਰ-ਵੱਢ ਮੁਕਾਬਲੇ ਵਿਚ ਪੈਣ ਦੀ ਮੰਗ ਕਰਦੀ ਹੈ ਅਤੇ ਦੂਜੇ ਪਾਸੇ ਸੀਲ ਖਪਤਕਾਰ ਹੋਣ ਦੀ ਤਵੱਕੋ ਕਰਦੀ ਹੈ। ਮਾਪੇ ਇੱਕ ਪਾਸੇ ਬੱਚਿਆਂ ਤੋਂ ਦੁਨੀਆਂ ਦੇ ਗਿਆਨ-ਵਿਗਿਆਨ ਅਤੇ ਖੁਸ਼ਹਾਲੀ ਦੀਆਂ ਸਿਖਰਾਂ ਸਰ ਕਰਨ ਦੀ ਆਸ ਕਰਦੇ ਹਨ ਅਤੇ ਦੂਜੇ ਪਾਸੇ ਉਨ੍ਹਾਂ ਨੂੰ ਆਪਣੀ 'ਰਜ਼ਾ ਵਿਚ ਰਾਜ਼ੀ ਰੱਖਣਾ' ਚਾਹੁੰਦੇ ਹਨ।

'ਅਣਖ' ਦੇ ਨਾਮ ਉਤੇ ਹੁੰਦੀ ਹਿੰਸਾ ਨੂੰ ਠੱਲ੍ਹ ਪਾਉਣ ਦੀ ਜ਼ਿੰਮੇਵਾਰੀ ਕਾਨੂੰਨ ਉਤੇ ਨਹੀਂ ਪਾਈ ਜਾ ਸਕਦੀ। ਕਾਨੂੰਨ ਦੇ ਘੇਰੇ ਵਿਚ ਤਾਂ ਹਿੰਸਾ ਤੋਂ ਬਾਅਦ ਦੇ ਸੁਆਲ ਆਉਂਦੇ ਹਨ ਜੋ ਇਨਸਾਫ ਅਤੇ ਸਜ਼ਾ ਨਾਲ ਜੁੜਦੇ ਹਨ। ਪੇਸ਼ਬੰਦੀਆਂ ਦਾ ਸੁਆਲ ਸਮਾਜਕ ਅਤੇ ਸਿਆਸੀ ਘੇਰੇ ਵਿਚ ਆਉਂਦਾ ਹੈ ਪਰ ਇਸ ਮਾਮਲੇ ਵਿਚ ਪਹਿਲਕਦਮੀਆਂ ਸਾਹਿਤਕ, ਬੌਧਿਕ, ਸਭਿਆਚਾਰਕ ਅਤੇ ਸਮਾਜਕ ਜਥੇਬੰਦੀਆਂ ਕਰ ਸਕਦੀਆਂ ਹਨ। ਸੰਵਾਦ ਤੋਰਨ ਦੀ ਜ਼ਿੰਮੇਵਾਰੀ ਬੌਧਿਕ ਅਦਾਰਿਆਂ ਉਤੇ ਪੈਂਦੀ ਹੈ। ਇਸ ਧਾਰਨਾ ਨੂੰ ਹਰ ਪੱਖ ਤੋਂ ਵਿਚਾਰਿਆ ਜਾਣਾ ਚਾਹੀਦਾ ਹੈ ਕਿ ਸਭਿਆਚਾਰ ਸਦਾ ਸਫਰਯਾਫਤਾ ਹੈ। ਲਗਾਤਾਰ ਤਬਦੀਲੀ ਵਾਪਰਦੀ ਰਹਿੰਦੀ ਹੈ ਅਤੇ ਸਭਿਆਚਾਰ ਦੀ ਵੰਨ-ਸਵੰਨਤਾ ਵਿਚ ਵਾਧਾ ਹੁੰਦਾ ਰਹਿੰਦਾ ਹੈ। ਮਨੁੱਖੀ ਕਦਰਾਂ-ਕੀਮਤਾਂ ਸਦੀਵੀ ਹਨ ਪਰ ਇਨ੍ਹਾਂ ਦੀ ਸਮਕਾਲੀ ਵਿਆਖਿਆ ਸਭ ਤੋਂ ਅਹਿਮ ਹੈ।

ਇਹ ਸੁਆਲ ਅਹਿਮ ਰਹੇਗਾ ਕਿ ਹਰ ਦੌਰ ਦੇ ਸਲੀਕੇ ਵਿਚ ਮਨੁੱਖੀ ਕਦਰਾਂ-ਕੀਮਤਾਂ ਕਿਵੇਂ ਪਾਲੀਆਂ ਜਾਣਗੀਆਂ? ਜੇ ਇਸੇ ਸੁਆਲ ਨੂੰ ਖੋਲ੍ਹ ਕੇ ਵੇਖਿਆ ਜਾਵੇ ਤਾਂ ਬੰਦਾ ਸ਼ਾਇਦ ਆਪਣੇ ਆਪ ਨੂੰ ਖਪਤਕਾਰ ਜਾਂ ਵਸਤੂ ਦੀ ਥਾਂ ਮਨੁੱਖ ਵਜੋਂ ਸਮਝ ਸਕਦਾ ਹੈ ਜਿਸ ਦੀ ਹੋਂਦ ਦਾ ਧੁਰਾ ਦਰਦਮੰਦੀ ਅਤੇ ਜਗਿਆਸਾ ਉਤੇ ਟਿਕਿਆ ਹੋਵੇ।

#

# ਫਲਸਤੀਨੀਆਂ ਦਾ ਸਦੀਵੀ ਦੁਖਾਂਤ

ਫਲਸਤੀਨੀਆਂ ਨਾਲ ਲੜਨ ਦੇ ਇਜ਼ਰਾਇਲੀ ਢੰਗ-ਤਰੀਕਿਆਂ ਦੇ ਖਿਲਾਫ ਫਲਸਤੀਨੀ ਅਥਾਰਟੀ ਵਲੋਂ ਕੌਮਾਂਤਰੀ ਫੌਜਦਾਰੀ ਅਦਾਲਤ (ਆਈ.ਸੀ.ਸੀ.) ਦੀ ਮੈਂਬਰਸ਼ਿਪ ਮੰਗਣ ਦਾ ਫੈਸਲਾ ਇਸ ਅਥਾਰਟੀ ਦੇ ਨੇਤਾ ਮਹਿਮੂਦ ਅੱਬਾਸ ਦੀ ਮਾਯੂਸੀ ਦੀ ਨਿਸ਼ਾਨੀ ਹੈ। ਅੱਬਾਸ ਆਪਣਾ ਕਾਰਜਕਾਲ ਪੂਰਾ ਹੋਣ ਤੋਂ ਪੰਜ ਸਾਲ ਬਾਅਦ ਵੀ ਸਦਰ ਦੇ ਅਹੁਦੇ 'ਤੇ ਹਨ ਅਤੇ ਉਨ੍ਹਾਂ ਦੇ ਮੁਖਾਲਿਫਾਂ ਦੀ ਤਾਦਾਦ ਵੀ ਘੱਟ ਨਹੀਂ। ਦੂਜਾ, ਉਹ ਬਹੁਤ ਲੰਮੇ ਅਰਸੇ


**ਐਸ. ਨਿਹਾਲ ਸਿੰਘ**


ਤੋਂ ਇਹ ਵੀ ਇੰਤਜ਼ਾਰ ਕਰਦੇ ਆ ਰਹੇ ਹਨ ਕਿ ਅਮਰੀਕਾ, ਫਲਸਤੀਨੀਆਂ ਨੂੰ ਨਿਆਂ ਦੇਵੇਗਾ। ਨਿਆਂ ਦੀ ਅਣਹੋਂਦ ਵਿਚ ਉਨ੍ਹਾਂ ਲਈ ਸਥਿਤੀ ਕਸੂਤੀ ਹੈ।

ਸਾਫ ਹੈ ਕਿ ਸ੍ਰੀ ਅੱਬਾਸ ਜਿੱਥੇ ਆਪਣੀ ਹੋਂਦ ਨੂੰ ਬਚਾਉਣ ਦੀ ਲੜਾਈ ਲੜ ਰਹੇ ਹਨ, ਉਥੇ ਫਲਸਤੀਨੀ ਅਥਾਰਟੀ ਦੀ ਹੋਂਦ ਬਰਕਰਾਰ ਰੱਖਣ ਲਈ ਵੀ ਜੂਝ ਰਹੇ ਹਨ। ਇਜ਼ਰਾਈਲ ਨਾਲ ਗਾਜ਼ਾ ਵਿਚ ਹੋਈ ਪਿਛਲੀ ਲੜਾਈ ਵਿਚ 2000 ਤੋਂ ਵੱਧ ਫਲਸਤੀਨੀ, ਜਿਨ੍ਹਾਂ ਵਿਚੋਂ ਬਹੁਤੇ ਸਿਵਲੀਅਨ ਸਨ, ਅਤੇ 70 ਇਜ਼ਰਾਇਲੀ ਫੌਜੀ ਮਾਰੇ ਗਏ ਸਨ। ਇਸ ਲੜਾਈ ਵਿਚ ਭਾਵੇਂ ਅੱਬਾਸ-ਵਿਰੋਧੀ ਮੰਨੇ ਜਾਂਦੇ ਖਾੜਕੂ ਗੁੱਟ ਹਮਾਸ ਨੂੰ ਧੱਕਾ ਪਹੁੰਚਿਆ ਸੀ ਪਰ ਬਹੁਤਾ ਧੱਕਾ ਫਲਸਤੀਨੀ ਅਥਾਰਟੀ ਦੇ ਵੱਕਾਰ ਨੂੰ ਲੱਗਿਆ ਸੀ। ਫਲਸਤੀਨੀਆਂ ਵਿਚ ਇਹ ਪ੍ਰਭਾਵ ਲਗਾਤਾਰ ਵਧ ਰਿਹਾ ਹੈ ਕਿ ਸ੍ਰੀ ਅੱਬਾਸ ਤੇ ਉਨ੍ਹਾਂ ਦੇ ਸਾਥੀ ਸਿਰਫ਼ ਇਜ਼ਰਾਈਲ ਤੇ ਅਮਰੀਕਾ ਦੀ ਮਿਹਰਬਾਨੀ ਸਦਕਾ ਸੱਤਾ ਵਿਚ ਹਨ।

ਇਜ਼ਰਾਈਲ ਨੇ ਫਲਸਤੀਨੀ ਅਥਾਰਟੀ ਦੇ ਤਾਜ਼ਾ ਫੈਸਲੇ ਦੇ ਖਿਲਾਫ ਤਿੱਖਾ ਪ੍ਰਤੀਕਰਮ ਦਿਖਾਇਆ ਹੈ ਅਤੇ ਟੈਕਸਾਂ ਦੇ ਰੂਪ ਵਿਚ ਆਉਣ ਵਾਲੇ ਮਾਲੀਏ ਦਾ ਬਣਦਾ ਹਿੱਸਾ ਇਸ ਅਥਾਰਟੀ ਨੂੰ ਦੇਣਾ ਰੋਕ ਲਿਆ ਹੈ। ਅਮਰੀਕੀ ਪ੍ਰਸ਼ਾਸਨ ਨੇ ਵੀ ਫਲਸਤੀਨੀਆਂ ਨੂੰ ਹਰ ਸਾਲ ਦਿੱਤੀ ਜਾਂਦੀ 40 ਕਰੋੜ ਡਾਲਰਾਂ ਦੀ ਮਦਦ ਬੰਦ ਕਰਨ ਦੇ ਸੰਕੇਤ ਦਿੱਤੇ ਹਨ ਪਰ ਇਹ ਕਾਰਵਾਈਆਂ ਆਪਣੇ ਆਪ ਸਥਿਤੀ ਨੂੰ ਬਹੁਤਾ ਬਦਲਣ ਵਾਲੀਆਂ ਨਹੀਂ। ਅਮਰੀਕਾ ਦੀ ਸਥਿਤੀ ਤਾਂ ਵੱਧ ਕਸੂਤੀ ਹੈ ਕਿਉਂਕਿ ਉਹ ਫਲਸਤੀਨੀਆਂ ਨੂੰ ਅਜਿਹਾ ਕੁਝ ਵੀ ਨਹੀਂ ਦੇ ਸਕਦਾ ਜਿਸ ਦੇ ਉਹ ਹੱਕਦਾਰ ਹਨ ਅਤੇ ਨਾ ਹੀ ਦੇਣਾ ਚਾਹੁੰਦਾ ਹੈ। ਫਲਸਤੀਨੀਆਂ ਦੀ ਚਾਹਤ ਵੱਖਰੇ ਰਾਸ਼ਟਰ ਵਜੋਂ ਮਾਨਤਾ ਦੀ ਹੈ।

ਫਲਸਤੀਨੀ ਘਟਨਾਕ੍ਰਮ ਦੇ ਕਈ ਅਧਿਆਇ ਤੇ ਨਾਟਕੀ ਮੋੜ ਹਨ। ਜੌਹਨ ਕੈਰੀ ਨੇ ਹਿਲੇਰੀ ਕਲਿੰਟਨ ਦੀ ਥਾਂ ਅਮਰੀਕੀ ਵਿਦੇਸ਼ ਮੰਤਰੀ ਦਾ ਅਹੁਦਾ ਸੰਭਾਲਣ ਮਗਰੋਂ ਇਜ਼ਰਾਇਲੀਆਂ ਤੇ ਫਲਸਤੀਨੀਆਂ ਦਰਮਿਆਨ ਗੱਲਬਾਤ ਦਾ ਅਮਲ ਮੁੜ ਸ਼ੁਰੂ ਕਰਨ ਲਈ ਵਿਆਪਕ ਕੋਸ਼ਿਸ਼ਾਂ ਕੀਤੀਆਂ, ਪਰ ਇਨ੍ਹਾਂ ਯਤਨਾਂ ਨੂੰ ਬਹੁਤਾ ਬੂਰ ਨਹੀਂ ਪਿਆ। ਇਸ ਦੀ ਵਜ੍ਹਾ ਹੈ ਕਿ ਇਜ਼ਰਾਈਲ ਦੇ ਘਾਗ ਪ੍ਰਧਾਨ ਮੰਤਰੀ ਬੈਂਜੇਮਿਨ ਨੇਤਨਯਾਹੂ ਇਹ ਜਾਣਦੇ ਹਨ ਕਿ ਉਨ੍ਹਾਂ ਨੇ ਅਮਰੀਕਾ ਦੇ ਓਬਾਮਾ ਪ੍ਰਸ਼ਾਸਨ ਨੂੰ ਕਸੂਤੀ ਸਥਿਤੀ ਵਿਚ ਫਸਾਇਆ ਹੋਇਆ ਹੈ। ਉਂਜ ਵੀ, ਅਮਰੀਕੀ ਰਾਸ਼ਟਰਪਤੀ ਪ੍ਰਤੀ ਆਪਣੀ ਹਿਕਾਰਤ ਭਾਵਨਾ ਨੂੰ ਛੁਪਾਉਣ ਤੋਂ ਉਹ ਗੁਰੇਜ਼ ਨਹੀਂ ਕਰਦੇ।

ਇਹ ਤੱਥ ਜੱਗ ਜ਼ਾਹਿਰ ਹੈ ਕਿ ਯਹੂਦੀ ਲੌਬੀ ਦਾ ਅਮਰੀਕੀ ਰਾਜਸੀ ਜੀਵਨ ਉਪਰ ਭਰਵਾਂ ਦਬਦਬਾ ਹੈ। ਹਰ ਅਮਰੀਕੀ ਰਾਸ਼ਟਰਪਤੀ ਇਸ ਦਬਦਬੇ ਨੂੰ ਮਹਿਸੂਸ ਕਰਦਾ ਆਇਆ ਹੈ। ਮਹਿਮੂਦ ਅੱਬਾਸ ਦੇ ਨਜ਼ਦੀਕੀ ਸਲਾਹਕਾਰ ਇਹ ਵੀ ਮਹਿਸੂਸ ਕਰਦੇ ਹਨ ਕਿ ਅਮਰੀਕਾ ਵਲੋਂ ਇਜ਼ਰਾਈਲ ਦੀ ਸਿੱਧੀ ਹਮਾਇਤ ਦੇ ਭੂਗੋਲਿਕ-ਰਾਜਸੀ ਕਾਰਨ ਵੀ ਹਨ ਪਰ ਅਜਿਹੀ ਹਮਾਇਤ ਦੇ ਬਾਵਜੂਦ ਇਜ਼ਰਾਈਲ ਵਿਚ ਰਾਜਸੀ ਤੌਰ 'ਤੇ ਸੱਜੇ-ਪੱਖੀ ਸੋਚ ਭਾਰੂ ਹੈ। ਉਹ ਆਨੇ-ਬਹਾਨੇ ਫਲਸਤੀਨੀ ਭੂਮੀ ਹੜੱਪ ਰਿਹਾ ਹੈ ਅਤੇ ਅਮਰੀਕਾ ਉਹਨੂੰ ਵਰਜਣ ਲਈ ਨਿੱਗਰ ਕਦਮ ਚੁੱਕਣ ਦੀ ਥਾਂ ਫਲਸਤੀਨੀਆਂ ਨੂੰ ਉਨ੍ਹਾਂ ਦੇ ਹੱਕ ਦਿਵਾਉਣ ਦੀਆਂ ਗੱਲਾਂ ਨਾਲ ਬੁੱਤਾ ਸਾਰ ਰਿਹਾ ਹੈ।

ਦੂਜੇ ਪਾਸੇ ਇਜ਼ਰਾਈਲ ਆਪਣੀਆਂ ਇੱਛਾਵਾਂ ਮੁਤਾਬਿਕ ਆਪਣੇ ਢੰਗ ਦਾ ਮੁਲਕ ਖੜ੍ਹਾ ਕਰਨ ਦੇ ਹੀਲੇ ਕਰ ਰਿਹਾ ਹੈ। ਯਹੂਦੀ ਦੇਸ਼ ਵਜੋਂ ਇਹ ਆਪਣੇ ਅਰਬ ਨਾਗਰਿਕਾਂ ਨੂੰ ਦੂਜੇ ਦਰਜੇ ਦੇ ਨਾਗਰਿਕ ਬਣਾਉਣਾ ਲੋਚਦਾ ਹੈ। ਜੇ ਨੇਤਨਯਾਹੂ ਮਾਰਚ ਮਹੀਨੇ ਹੋਣ ਵਾਲੀਆਂ ਚੋਣਾਂ ਜਿੱਤ ਜਾਂਦੇ ਹਨ ਤਾਂ ਉਹ ਸ਼ਾਇਦ ਇਸੇ ਦਿਸ਼ਾ ਵੱਲ ਅਗਲੇ ਕਦਮ ਚੁੱਕ ਕੇ ਆਪਣੇ 'ਮਿਸ਼ਨ' ਦੀ ਪੂਰਤੀ ਕਰਨ ਦੀ ਕੋਸ਼ਿਸ਼ ਕਰਨਗੇ। ਦਰਅਸਲ, ਇਜ਼ਰਾਇਲੀ ਸਿਆਸਤ ਵਿਚ ਹੁਣ ਝਗੜਾ ਤੇ ਰੱਸਾਕਸ਼ੀ ਇਸ ਗੱਲ ਨੂੰ ਲੈ ਕੇ ਹੈ ਕਿ 'ਸ਼ਾਨਦਾਰ' ਇਜ਼ਰਾਇਲੀ ਦੇਸ਼ ਦੀ ਸਥਾਪਨਾ ਲਈ ਫਲਸਤੀਨੀਆਂ ਨੂੰ ਕਿਸ ਹੱਦ ਤਕ ਦਬਾਇਆ ਤੇ ਕੁਚਲਿਆ ਜਾਵੇ।

ਬਹੁਤ ਸਾਰੇ ਯੂਰਪੀ ਦੇਸ਼ਾਂ ਦੀਆਂ ਪਾਰਲੀਮੈਂਟਾਂ ਨੇ ਇਹ ਮਤੇ ਪਾਸ ਕਰ ਕੇ ਆਪੋ-ਆਪਣੀਆਂ ਸਰਕਾਰਾਂ ਨੂੰ ਕਿਹਾ ਹੈ ਕਿ ਉਹ ਫਲਸਤੀਨੀ ਰਾਜ ਨੂੰ ਮਾਨਤਾ ਦੇਣ, ਪਰ ਇਹ ਅਮਲ ਦਰਅਸਲ, ਆਪਣੀ ਜ਼ਮੀਰ ਦੀ ਆਵਾਜ਼ ਨੂੰ ਸ਼ਾਂਤ ਕਰਨ ਦਾ ਯਤਨ ਵੱਧ ਹੈ। ਫਲਸਤੀਨੀਆਂ ਲਈ ਇਹ ਇੱਕ ਕੌੜਾ ਸੱਚ ਹੈ ਕਿ ਫਲਸਤੀਨ ਨੂੰ ਵੱਖਰੇ ਰਾਜ ਵਜੋਂ ਉਭਾਰਨਾ ਹੈ ਜਾਂ ਨਹੀਂ ਜਾਂ ਕਿੰਨੀ ਕੁ ਖੁਦਮੁਖਤਾਰੀ ਦੇਣੀ ਹੈ, ਇਹ ਸਭ ਕੁਝ ਅਮਰੀਕਾ ਦੇ ਹੱਥ ਹੈ ਅਤੇ ਅਮਰੀਕਾ ਨੇ ਹਮੇਸ਼ਾ ਆਪਣੀਆਂ ਸਿਆਸੀ ਹਕੀਕਤਾਂ ਨੂੰ ਮੁੱਖ ਰੱਖ ਕੇ ਸਭ ਫੈਸਲੇ ਲਏ ਹਨ। ਸੰਯੁਕਤ ਰਾਸ਼ਟਰ ਆਪਣੀ ਥਾਂ ਨਿਤਾਣਾ ਹੈ। ਉਥੇ ਜਦੋਂ ਕੋਈ ਪਹਿਲਕਦਮੀ ਹੁੰਦੀ ਹੈ ਅਤੇ ਉਹ ਇਜ਼ਰਾਈਲ ਦੇ ਹਿੱਤਾਂ ਦੇ ਖਿਲਾਫ ਜਾਂਦੀ ਹੈ ਤਾਂ ਅਮਰੀਕਾ ਆਪਣੀ ਵੀਟੋ ਸ਼ਕਤੀ ਦੀ ਵਰਤੋਂ ਕਰ ਕੇ ਉਸ ਨੂੰ ਸਿਰੇ ਨਹੀਂ ਲੱਗਣ ਦਿੰਦਾ।

ਹਿੰਸਾ ਤੇ ਖੂਨ-ਖਰਾਬੇ ਨਾਲ ਲਗਾਤਾਰ ਜੂਝਦੇ ਆ ਰਹੇ ਇੱਕ ਅਹਿਮ ਖਿੱਤੇ ਵਿਚ ਅਮਨ-ਚੈਨ ਦੀ ਵਾਪਸੀ ਲਈ ਬਾਕੀ ਦੀ ਦੁਨੀਆਂ ਕੀ ਕਰ ਸਕਦੀ ਹੈ? ਇਸ ਸਵਾਲ ਦਾ ਜਵਾਬ ਲੱਭਣਾ ਆਸਾਨ ਨਹੀਂ। ਉਂਜ, ਸੰਚਾਰ ਦੇ ਨਵੇਂ ਮਾਧਿਅਮਾਂ ਦੀ ਵਰਤੋਂ ਕਰ ਕੇ ਇਜ਼ਰਾਇਲੀ ਧੱਕੇਸ਼ਾਹੀ ਖਿਲਾਫ ਲੋਕਾਂ ਨੂੰ ਆਲਮੀ ਪੱਧਰ 'ਤੇ ਲਾਮਬੰਦ ਜ਼ਰੂਰ ਕੀਤਾ ਜਾ ਸਕਦਾ ਹੈ। ਇਹ ਹੈਰਾਨੀ ਦੀ ਗੱਲ ਹੈ ਕਿ ਇੱਕ ਸਮੁੱਚੀ ਕੌਮ ਆਪਣੀ ਜੱਦੀ ਜ਼ਮੀਨ 'ਤੇ ਆਪਣੇ ਘਰ-ਬਾਰ ਵਸਾਉਣਾ ਚਾਹੁੰਦੀ ਹੈ ਪਰ ਉਸ ਨੂੰ ਇਸ ਹੱਕ ਤੋਂ ਵੀ ਜਬਰੀ ਮਹਿਰੂਮ ਕੀਤਾ ਜਾਣਾ ਜਾਰੀ ਹੈ।

# ਸ਼ਿਕਾਗੋ ਵਿਚ ਪੰਜਾਬੀਅਤ ਜਾਗੀ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਨਵੇਂ ਸਾਲ ਦੀਆਂ ਵਧਾਈਆਂ ਵਿਚ ਇਕ ਚਿੱਠੀ ਸ਼ਿਕਾਗੋ ਤੋਂ ਹੈ। ਕੁਲਵੰਤ ਸਿੰਘ ਵਿਰਕ ਦੇ ਕੁਲੀਗ ਤੇ ਬਲਵੰਤ ਗਾਰਗੀ ਦੇ ਗਰਾਈਂ ਰੋਸ਼ਨ ਖਿਪਲ ਦੀ ਪਤਨੀ ਕਾਂਤਾ ਵਲੋਂ। ਇਸ ਵਿਚ ਸਵਰਗੀ ਰੋਸ਼ਨ ਖਿੱਪਲ ਦੀ ਗੁਰਮੁਖੀ ਅਖਰਾਂ ਵਿਚ ਲਿਖੀ ਇਕ ਦਹਾਕਾ ਪੁਰਾਣੀ ਘਟਨਾ ਦਰਜ ਹੈ। ਸਿਰਲੇਖ ਹੈ 'ਸ਼ਿਕਾਗੋ ਵਿਚ ਪੰਜਾਬੀਅਤ ਜਾਗੀ।'

ਰੋਸ਼ਨ ਖਿੱਪਲ ਸ਼ਿਕਾਗੋ ਦੇ ਕਾਮਦਾਰ ਪਲਾਜ਼ਾ ਵਿਚ ਭੇਲ ਪੂਰੀ ਖਾਣ ਗਿਆ ਤਾਂ ਉਸ ਨੂੰ ਉਸ ਦਾ ਪੁਰਾਣਾ ਮਿੱਤਰ ਮੇਹਰ ਸਿੰਘ ਮਿਲ ਪਿਆ। ਉਸ ਦੇ ਹੱਥ ਵਿਚ ਸ਼ਿਕਾਗੋ ਤੋਂ ਪੰਜਾਬੀ ਭਾਸ਼ਾ ਵਿਚ ਨਿਕਲਦੇ ਹਫਤਾਵਾਰੀ ਅਖਬਾਰ 'ਪੰਜਾਬ ਟਾਈਮਜ਼' ਦੀ ਕਾਪੀ ਸੀ। ਉਹ ਖੁਸ਼ੀ ਵਿਚ ਫੁੱਲਿਆ ਨਹੀਂ ਸੀ ਸਮਾਉਂਦਾ। ਉਸ ਨੂੰ ਅਚਾਨਕ ਮਿਲੇ ਮਿੱਤਰ ਦੀ ਏਨੀ ਖੁਸ਼ੀ ਨਹੀਂ ਜਿੰਨੀ ਪੰਜਾਬੀ ਵਿਚ ਛਪਣ ਵਾਲੇ ਏਸ ਪਰਚੇ ਦੀ। ਉਸ ਨੂੰ ਆਪਣੀ ਜਵਾਨੀ ਦੇ ਉਹ ਦਿਨ ਚੇਤੇ ਆ ਗਏ ਸਨ, ਜਦੋਂ ਉਹ ਮੁੰਬਈ ਦੀ ਫਿਲਮ ਲਾਈਨ ਵਿਚ ਕਿਸਮਤ ਅਜ਼ਮਾਈ ਕਰਨ ਗਿਆ ਏਧਰ-ਉਧਰ ਧੱਕੇ ਖਾਣ ਤੋਂ ਪਿਛੋਂ ਅਮਰੀਕਾ ਜਾ ਕੇ ਇੰਜੀਨੀਅਰ ਬਣ ਗਿਆ ਸੀ। ਮਕਾਨਾਂ ਦੇ ਨਕਸ਼ੇ ਬਣਾਉਂਦਿਆਂ ਉਹਦੇ ਅੰਦਰਲੀ ਕਵਿਤਾ ਦਾ ਗਲਾ ਘੁੱਟਿਆ ਗਿਆ ਸੀ। ਉਹ ਗੱਲ ਕਰਨ ਦੀ ਥਾਂ ਕੋਈ ਕਾਵਿ ਟੋਟਕਾ ਗੁਣਗੁਣਾਈ ਜਾ ਰਿਹਾ ਸੀ। ਰੋਸ਼ਨ ਖਿੱਪਲ ਦੇ ਕਹਿਣ ਉਤੇ ਉਸ ਨੇ ਉਹ ਟੋਟਕਾ ਖੁਲ੍ਹ ਕੇ ਸੁਣਾਇਆ:

ਹੱਟੀ ਨੂੰ ਸੀ ਚੱਲੇ ਭਾਈ ਹੀਰਾ ਨੰਦ ਜੀ
ਮਾਰ ਕੇ ਛੜੱਪਾ ਉਨ੍ਹਾਂ ਟੱਪੀ ਕੰਧ ਜੀ
ਮੂਧੇ ਮੂੰਹ ਡਿੱਗੇ, ਟੁੱਟੇ ਪੰਜ ਦੰਦ ਜੀ
ਏਸੇ ਲਈ ਅੱਜ ਹੈ ਦੁਕਾਨ ਬੰਦ ਜੀ।

ਇਸ ਤੋਂ ਪਿੱਛੋਂ ਮੇਹਰ ਸਿੰਘ ਨੇ ਮੁੰਬਈ ਵਿਚ ਲੇਖਕਾਂ ਤੇ ਕਵੀਆਂ ਨਾਲ ਗੁਜ਼ਾਰੇ ਕਿੱਸੇ ਸ਼ੁਰੂ ਕਰ ਲਏ। ਮੇਹਰ ਸਿੰਘ ਦੇ ਕਾਵਿ ਟੋਟਕੇ ਸੁਣਦਿਆਂ ਦੋਵਾਂ ਦੇ ਪਾਰਕਿੰਗ ਲਈ ਭਰੇ ਪੈਸਿਆਂ ਤੋਂ ਵੱਧ ਸਮਾਂ ਹੋ ਗਿਆ। ਅੰਤ ਦੋਨਾਂ ਦੋਸਤਾਂ ਨੇ ਵਾਧੂ ਪੈਸੇ ਭਰ ਕੇ ਕਾਰਾਂ ਕੱਢੀਆਂ। ਵਿਦੇਸ਼ਾਂ ਵਿਚ ਮਾਂ ਬੋਲੀ ਦਾ ਪਿਆਰ ਮਹਿੰਗਾ ਵੀ ਪੈ ਸਕਦਾ ਹੈ, ਉਨ੍ਹਾਂ ਨੇ ਸੋਚਿਆ ਤੱਕ ਨਹੀਂ ਸੀ। ਕਾਂਤਾ ਖਿੱਪਲ ਦੀ ਚਿੱਠੀ ਨੇ ਮੈਨੂੰ ਗਾਰਗੀ, ਵਿਰਕ ਤੇ ਰੋਸ਼ਨ ਖਿੱਪਲ ਹੀ ਚੇਤੇ ਨਹੀਂ ਕਰਾਏ, ਸਗੋਂ ਮੇਰੀ ਪੰਜਾਬੀ ਟ੍ਰਿਬਿਊਨ ਦੀ ਸੰਪਾਦਕੀ ਵੇਲੇ ਦਾ ਪੁਰਾਣਾ ਕੁਲੀਗ ਅਮੋਲਕ ਸਿੰਘ ਵੀ ਚੇਤੇ ਕਰਾ ਦਿੱਤਾ ਹੈ ਜਿਸ ਨੇ ਸ਼ਿਕਾਗੋ ਜਾ ਕੇ ਪੰਜਾਬੀਅਤ ਜਗਾਈ। ਉਹ ਕਿਸੇ ਗੰਭੀਰ ਰੋਗ ਕਾਰਨ ਅਪੰਗ ਹੋ ਚੁੱਕਾ ਹੈ ਪਰ ਬਿਸਤਰੇ ਵਿਚ ਲੇਟਿਆ 'ਪੰਜਾਬ ਟਾਈਮਜ਼' ਕੱਢੀ ਜਾਂਦਾ ਹੈ। ਆਮੀਨ!

**ਪੁਸਤਕ 'ਖੁਸ਼ਵੰਤਨਾਮਾ' ਵਿਚ ਸੰਤਾ ਬੰਤਾ:** ਸੰਤਾ ਸਿੰਘ ਤੇ ਬੰਤਾ ਸਿੰਘ ਸਦਾ ਆਪਣੇ ਮਾਪਿਆਂ ਦੀਆਂ ਫੜਾਂ ਮਾਰਦੇ।

**ਸੰਤਾ ਸਿੰਘ:** ਤੂੰ ਯੁਏਜ਼ ਕੈਨਾਲ (ਸੁਏਜ਼ ਨਹਿਰ) ਬਾਰੇ ਸੁਣਿਆ ਹੈ?

**ਬੰਤਾ ਸਿੰਘ:** ਹਾਂ ਸੁਣਿਆ ਹੈ।

**ਸੰਤਾ ਸਿੰਘ:** ਠੀਕ ਹੈ। ਇਹ ਮੇਰੇ ਬਾਪ ਨੇ ਪੁੱਟੀ ਸੀ।

**ਬੰਤਾ ਸਿੰਘ:** ਫੇਰ ਇਹ ਕਿਹੜੀ ਗੱਲ ਹੈ? ਤੂੰ ਡੈਡ ਸੀ (ਮੁਰਦਾ ਸਮੁੰਦਰ) ਬਾਰੇ ਸੁਣਿਆ ਹੈ?

**ਸੰਤਾ ਸਿੰਘ:** ਹਾਂ!

**ਬੰਤਾ ਸਿੰਘ:** ਇਹ ਮੇਰੇ ਬਾਪ ਨੇ ਮਾਰਿਆ ਸੀ।

**ਸ੍ਰੀਮਦ ਭਗਵਦ ਗੀਤਾ ਯਥਾਰੂਪ:** ਮੈਂ ਚੰਡੀਗੜ੍ਹ ਦੇ 36 ਸੈਕਟਰ ਦਾ ਵਸਨੀਕ ਹਾਂ। ਮੇਰੇ ਘਰ ਤੋਂ ਸਰਕਾਰੀ ਮਾਡਲ ਹਾਈ ਸਕੂਲ 50 ਗਜ਼ ਦੀ ਦੂਰੀ ਉਤੇ ਹੈ। ਲੰਘੇ ਵਰ੍ਹੇ ਦੇ ਅੰਤਲੇ ਦਿਨਾਂ ਵਿਚ ਉਧਰੋਂ ਲੰਘ ਰਿਹਾ ਸਾਂ ਤਾਂ ਸਕੂਲ ਦੇ ਦਰਵਾਜ਼ੇ ਉਤੇ ਇਕ ਹੀ ਤਰ੍ਹਾਂ ਦੀਆਂ ਜਿਲਦਾਂ ਵਾਲੀਆਂ ਪੁਸਤਕਾਂ ਦਾ ਭਰਿਆ ਇਕ ਟਰੱਕ ਖੜਾ ਸੀ। ਚਾਰ ਕਾਮੇ ਇਸ ਵਿਚਲੀਆਂ ਪੁਸਤਕਾਂ ਦੇ ਬੰਡਲ ਸਕੂਲ ਦੇ ਅੰਦਰ ਲਿਜਾ ਰਹੇ ਸਨ।

ਮੇਰੇ ਘਰ ਦੇ ਦੋ ਬੱਚੇ ਏਸ ਸਕੂਲ ਵਿਚ ਪੜ੍ਹਦੇ ਹਨ। ਵੱਡੀ ਬੱਚੀ ਯਾਸ਼ਿਕਾ ਛੇਵੀਂ ਕਲਾਸ ਵਿਚ ਹੈ ਤੇ ਛੋਟੀ ਮੋਨਿਕਾ ਨਰਸਰੀ ਵਿਚ। ਉਨ੍ਹਾਂ ਤੋਂ ਪਤਾ ਲਗਿਆ ਕਿ ਸਕੂਲ ਵਿਚ ਪੜ੍ਹਦੇ ਛੇਵੀਂ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਲਈ ਸ੍ਰੀਮਦ ਭਗਵਦ ਗੀਤਾ ਦੀਆਂ ਕਾਪੀਆਂ ਮੁਫਤ ਵੰਡੀਆਂ ਜਾਣੀਆਂ ਸਨ। ਪਰ ਜਦੋਂ ਪੰਜਵੀਂ ਜਮਾਤ ਵਾਲੀ ਮੈਡਮ ਨੂੰ ਪਤਾ ਲਗਿਆ ਤਾਂ ਉਸ ਨੇ ਆਪਣੀ ਜਮਾਤ ਦੇ ਵਿਦਿਆਰਥੀਆਂ ਨੂੰ ਵੀ ਗੀਤਾ ਦੀਆਂ ਕਾਪੀਆਂ ਦਿੱਤੇ ਜਾਣ ਦੀ ਜ਼ਿੱਦ ਕੀਤੀ। ਉਨ੍ਹਾਂ ਲਈ ਹੋਰ ਕਾਪੀਆਂ ਮੰਗਵਾਈਆਂ ਗਈਆਂ। ਨਿਸਚੇ ਹੀ ਇਹ ਕਾਪੀਆਂ ਬਾਕੀ ਦੇ ਸਰਕਾਰੀ ਸਕੂਲਾਂ ਵਿਚ ਵੀ ਮੁਫਤ ਵੰਡੀਆਂ ਜਾਣੀਆਂ ਸਨ। ਗੀਤਾ ਦੀਆਂ ਏਨੀਆਂ ਕਾਪੀਆਂ ਦਾ ਮੁੱਲ ਕਿਸ ਨੇ ਤਾਰਿਆ ਮੇਰੇ ਲਈ ਗੁੰਝਲ ਬਣਿਆ ਹੋਇਆ ਸੀ ਕਿ ਹਰਿਆਣਾ ਦੇ ਵਿਦਿਆ ਮੰਤਰੀ ਰਾਮ ਬਿਲਾਸ ਸ਼ਰਮਾ ਦਾ ਬਿਆਨ ਮੀਡੀਆ ਵਿਚ ਆ ਗਿਆ। ਉਹ ਇਹ ਕਿ ਹਰਿਆਣਾ ਦੇ ਸਕੂਲਾਂ ਵਿਚ ਸ੍ਰੀਮਦ ਭਗਵਦ ਗੀਤਾ ਦੇ ਚੋਣਵੇਂ ਅੰਸ਼ ਸਿਲੇਬਸ ਦਾ ਹਿੱਸਾ ਬਣਾਏ ਜਾਣਗੇ।

ਮੈਂ ਯਾਸ਼ਿਕਾ ਨੂੰ ਕਿਹਾ ਕਿ ਉਹ ਮੈਨੂੰ ਵੀ ਇਕ ਕਾਪੀ ਲਿਆ ਦੇਵੇ। ਸ੍ਰੀ ਸ੍ਰੀਮਦ ਏ.ਸੀ ਭਗਤਿਵੇਦਾਂਤ ਸਵਾਮੀ ਪ੍ਰਭੂਪਦ ਦੀ ਵਿਆਖਿਆ ਸਮੇਤ ਛਪਿਆ ਇਹ ਸੰਪੂਰਣ ਤੇ ਅਖੰਡ ਸੰਸਕਰਣ 576 ਪੰਨੇ ਦਾ ਹੈ। ਪੋਥੀ ਉਤੇ ਮੁੱਲ ਨਹੀਂ ਲਿਖਿਆ ਹੋਇਆ ਪਰ ਇਹ ਗੱਲ ਸਪਸ਼ਟ ਹੈ ਕਿ ਪਹਿਲਾ ਐਡੀਸ਼ਨ ਜਦੋਂ ਵੀ ਛਪਿਆ, ਦਸ ਹਜ਼ਾਰ ਸੀ। ਹਥਲਾ ਐਡੀਸ਼ਨ ਛੇ ਲੱਖ ਛੱਪਿਆ ਹੈ।

ਮੈਂ ਹਿੰਦੀ ਭਾਸ਼ਾ ਚੰਗੀ ਖਾਸੀ ਸਮਝਦਾ ਹਾਂ। ਸਵਾਮੀ ਜੀ ਦੀ ਵਿਆਖਿਆ ਵਾਲੀ ਹਿੰਦੀ ਬੜੀ ਕਠਿਨ ਹੈ ਛੋਟੀ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਸਮਝ ਆਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਹਰਿਆਣਾ ਦੇ ਜਾਟਾਂ ਤੇ ਖੇਤ ਮਜ਼ਦੂਰਾਂ ਦੇ ਬੱਚੇ ਕਿਵੇਂ ਸਮਝਣਗੇ, ਵਿਦਿਆ ਮੰਤਰੀ ਜੀ ਹੀ ਜਾਨਣ! ਆਮੁਖ ਦਾ ਇਕ ਵਾਕ ਹੈ:

ਹਮਾਰਾ ਕ੍ਰਿਸ਼ਨਾ ਭਾਵਨਾਮ੍ਰਿਤ ਅੰਦੋਲਨ ਮੌਲਿਕ ਇਤਿਹਾਸਕ ਦ੍ਰਿਸ਼ਟੀ ਸੇ ਪ੍ਰਮਾਣਿਕ, ਸਹਿਜ ਤਥਾ ਦਿਵਯ ਹੈ ਕਿਉਂਕਿ ਯਿਹ ਭਗਵਦ ਗੀਤਾ ਯਥਾਰੂਪ ਪਰ ਆਧਾਰਿਤ ਹੈ।

**ਅੰਤਿਕਾ:** (ਟੀ ਐਨ ਰਾਜ਼)

ਹੋ ਮੁਬਾਰਕ ਸਾਲ ਕਾ
ਪਹਿਲਾ ਮਹੀਨਾ ਆਪ ਕੋ।
ਔਰ ਮਿਲ ਜਾਏ ਨਈ
ਕੋਈ ਹਸੀਨਾ ਆਪ ਕੋ।
ਹਮ ਦਸੰਬਰ ਮੇਂ ਮਗਰ ਪੂਛੇਂਗੇ
ਹਜ਼ਰ ਯੇਹ ਜ਼ਰੂਰ,
ਮਿਲ ਗਿਆ ਕਿਆ
ਇਸ਼ਕ ਕੀ ਮੰਜ਼ਿਲ ਕਾ ਜ਼ੀਨਾ ਆਪ ਕੋ।

## ਸਾਲ 2015 ਮੁਬਾਰਕ ਹੋਵੇ

ਚੌਦਾਂ ਵਿਚ ਕੀ ਚੰਗਾ ਕੀਤਾ?
ਪੰਦਰਾਂ ਵਿਚ ਕੀ ਕਰਨਾ ਹੈ?
ਡੂੰਘੀ ਇਸ 'ਤੇ ਝਾਤ ਮਾਰੀਏ।
ਜਸ਼ਨ ਮਨਾਉਣ ਦਾ ਲੱਭ ਬਹਾਨਾ,
ਫੋਕਾ ਜਿਹਾ ਮੁਬਾਰਕ ਕਹਿ ਕੇ,
ਨਾਲ ਦਿਖਾਵੇ ਡੰਗ ਨਾ ਸਾਰੀਏ।

**-ਜਗਮੀਤ ਸਿੰਘ ਪੰਧੇਰ**

# ਜਹਾਂ ਕਰੋਧ ਤਹਾਂ ਕਾਲ ਹੈ

ਟੀ.ਆਰ. ਸ਼ਰਮਾ

ਅੱਗ ਤਾਂ ਅੱਗ ਹੁੰਦੀ ਹੈ, ਚਾਹੇ ਅੰਦਰ ਲੱਗੀ ਹੋਵੇ, ਚਾਹੇ ਬਾਹਰ। ਅੱਗ ਦਾ ਸੁਭਾਓ ਹੀ ਸਾੜਨਾ ਹੁੰਦਾ ਹੈ। ਬਾਹਰਲੀ ਅੱਗ ਬਾਲਣ ਸਾੜਦੀ ਹੈ, ਜੋ ਵੀ ਇਸ ਦੇ ਮੂੰਹ ਵਿਚ ਆ ਡਿੱਗੇ, ਇਸ ਨੇ ਸਾੜਨਾ ਹੀ ਹੈ। ਇਸ ਨੂੰ ਸ਼ਾਂਤ ਕਰਨ ਦੇ ਦੋ ਢੰਗ ਹਨ- ਇਕ ਹੈ ਇਸ ਨੂੰ ਬਾਲਣ ਨਾ ਦੇਣਾ ਤੇ ਦੂਜਾ ਹੈ ਇਸ ਦਾ ਸਾਹ ਬੰਦ ਕਰਨਾ ਜਾਂ ਇਸ ਉਤੇ ਠੰਢਾ ਪਾਣੀ ਪਾਉਣਾ।

ਅੰਦਰਲੀ ਅੱਗ ਵੀ ਸਾੜਦੀ ਹੈ, ਉਸ ਵਿਚ ਮਨੁੱਖ ਆਪ ਸੜਦਾ ਹੈ, ਉਸ ਦਾ ਵਿਵੇਕ ਸੜਦਾ ਹੈ, ਅਕਲ ਸੜਦੀ ਹੈ, ਰਿਸ਼ਤੇ, ਸਲੀਕਾ, ਸਿਸ਼ਟਾਚਾਰ ਤੇ ਇੱਜ਼ਤ-ਮਾਣ ਸੜਦਾ ਹੈ; ਜੇ ਸੜਦਾ ਨਹੀਂ ਤਾਂ ਝੁਲਸਿਆ ਜ਼ਰੂਰ ਜਾਂਦਾ ਹੈ। ਅੰਦਰਲੀ ਅੱਗ ਬੁਝਦੀ ਨਹੀਂ, ਇਸ ਨੂੰ ਬਲਦੀ ਰਹਿਣ ਲਈ ਹੋਰ ਬਾਲਣ ਦੀ ਲੋੜ ਨਹੀਂ ਹੁੰਦੀ, ਇਕ ਵੇਰ ਜਦੋਂ ਮਚਣਾ ਸ਼ੁਰੂ ਕਰਦੀ ਹੈ, ਮਚਦੀ ਹੀ ਰਹਿੰਦੀ ਹੈ, ਸਮਾਂ ਵੀ ਇਸ ਨੂੰ ਮੱਠੀ ਨਹੀਂ ਕਰ ਸਕਦਾ। ਇਸ ਨੂੰ ਬੁਝਾਉਣਾ ਪੈਂਦਾ ਹੈ। ਉਹ ਕਿਵੇਂ?

ਜਦੋਂ ਗੁੱਸਾ ਆਉਂਦਾ ਹੈ ਤਾਂ ਅੰਦਰ ਅੱਗ ਲਗਦੀ ਹੈ। ਜੇ ਗੁੱਸਾ ਕੱਢ ਲਿਆ ਜਾਵੇ, ਬੋਲ ਕੇ, ਝਿੜਕ ਕੇ, ਕੋਈ ਭੰਨ ਤੋੜ ਕਰਕੇ, ਥਾਲੀ ਵਗ੍ਹਾ ਕੇ ਪਰੇ ਮਾਰ ਕੇ, ਅੱਥਰੂ ਕੇਰ ਕੇ, ਦੋ-ਚਾਰ ਦਿਨ ਅਣ-ਬੋਲਣਾ ਪਾ ਕੇ, ਚੁਗਲੀਆਂ ਕਰ ਕੇ, ਮੁਆਫੀ ਮੰਗਵਾ ਕੇ, ਪੈਰੀਂ ਹੱਥ ਲਗਵਾ ਕੇ, ਸ਼ਿਕਾਇਤ ਕਰਕੇ ਜਾਂ ਆਪਣੇ ਆਪ ਨੂੰ ਕੁੱਟ ਕੇ ਤੇ ਹੋਰਨਾਂ ਨੂੰ ਰੁਆ ਕੇ ਜਾਂ ਇਸੇ ਤਰ੍ਹਾਂ ਕੁਝ ਕਰਕੇ ਤਾਂ ਭੜਾਸ ਨਿਕਲ ਜਾਂਦੀ ਹੈ, ਅੱਗ ਦੀ ਕਰੋਪੀ ਘਟ ਜਾਂਦੀ ਹੈ, ਭਾਂਬੜ ਮੱਠਾ ਹੋ ਜਾਂਦਾ ਹੈ ਪਰ ਅੱਗ ਧੁਖਦੀ ਜ਼ਰੂਰ ਰਹਿੰਦੀ ਹੈ। ਜਦੋਂ ਵੀ ਮੌਕਾ ਮਿਲਦਾ ਹੈ, ਹਵਾ ਚਲਦੀ ਹੈ, ਸੁੱਕੇ ਪੱਤੇ ਨੇੜੇ-ਨੇੜੇ ਨੂੰ ਹੋ ਕੇ ਬਹਿੰਦੇ ਹਨ, ਚੰਗਿਆੜੀ ਭੜਕ ਪੈਂਦੀ ਹੈ, ਜਿਹੜੀ ਅੱਗ ਹੁਣ ਤਕ ਆਪਣੇ ਆਪ ਨੂੰ ਸਾੜਦੀ ਰਹੀ ਹੈ, ਉਹ ਹੁਣ ਹੋਰਨਾਂ ਨੂੰ ਜਾਂ ਅੱਗ ਲਾਉਣ ਵਾਲਿਆਂ ਨੂੰ ਸਾੜਨਾ ਸ਼ੁਰੂ ਕਰ ਦਿੰਦੀ ਹੈ।


ਕ੍ਰਿਆ, ਪ੍ਰਤੀਕ੍ਰਿਆ ਤੋਂ ਬਿਨਾਂ ਸ਼ਾਂਤ ਨਹੀਂ ਹੁੰਦੀ। ਪ੍ਰਤੀਕ੍ਰਿਆ ਤੋਂ ਬਿਨਾਂ ਅੰਦਰਲੀ ਅੱਗ ਨੂੰ ਬੁਝਾਉਣ ਦੀ ਖਮਤਾ ਵੀ ਮਨੁੱਖ ਵਿਚ ਹੈ ਪਰ ਇਸ ਖਮਤਾ ਨੂੰ ਵਿਕਸਿਤ ਕਰਨਾ ਪੈਂਦਾ ਹੈ। ਆਪ ਸੜ ਕੇ ਹੋਰਨਾਂ ਨੂੰ ਅੱਗ ਤੋਂ ਬਚਾਉਣਾ ਵਡੱਪਣ ਦੀ ਨਿਸ਼ਾਨੀ ਹੁੰਦੀ ਹੈ, ਅਜਿਹੀ ਵਡਿਆਈ ਕਿਸੇ ਕਿਸੇ ਵਿਚ ਹੁੰਦੀ ਹੈ ਪਰ ਯਤਨ ਕੀਤਿਆਂ ਹਰ ਕੋਈ ਇਹ ਗੁਣ ਪ੍ਰਾਪਤ ਕਰ ਸਕਦਾ ਹੈ। ਮੰਨ ਲਿਆ ਜਾਵੇ ਕਿ ਗਲਤੀ ਹਰੇਕ ਤੋਂ ਹੋ ਸਕਦੀ ਹੈ। ਜਿਸ ਨੇ ਤੁਹਾਨੂੰ ਕੁਝ ਬੁਰਾ ਭਲਾ ਕਿਹਾ ਹੈ, ਤੁਹਾਡਾ ਹੱਕ ਮਾਰਿਆ ਹੈ, ਤੁਹਾਡੇ ਨਾਲ ਅਨਿਆਂ ਜਾਂ ਵਧੀਕੀ ਕੀਤੀ ਹੈ ਉਹ ਵੀ ਗਲਤੀ ਕਰ ਸਕਦਾ ਹੈ। ਅਜਿਹਾ ਮੰਨਣ ਨਾਲ ਅੱਗ ਦਾ ਸੇਕ ਕਾਫੀ ਘਟ ਜਾਂਦਾ ਹੈ। ਜੇ ਗਲਤੀ ਕਰਨ ਵਾਲਾ ਜਾਂ ਜਾਣ ਬੁੱਝ ਕੇ ਤੁਹਾਡਾ ਅਪਮਾਨ ਕਰਨ ਵਾਲਾ ਜਾਂ ਤੁਹਾਨੂੰ ਨੁਕਸਾਨ ਪਹੁੰਚਾਉਣ ਵਾਲਾ ਮੁਆਫੀ ਮੰਗ ਲਵੇ ਤਾਂ ਵੀ ਕਾਫੀ ਹੱਦ ਤਕ ਅੱਗ ਸ਼ਾਂਤ ਹੋ ਜਾਂਦੀ ਹੈ। ਪੂਰੀ ਤਰ੍ਹਾਂ ਅੱਗ ਤਾਂ ਬੁਝਦੀ ਹੈ ਜੇ ਤੁਸੀਂ ਉਸ ਨੂੰ ਮੁਆਫ ਕਰ ਦਿੰਦੇ ਹੋ, ਅੰਦਰੋਂ ਹੀ, ਦਿਲੋਂ ਹੀ, ਕੇਵਲ ਵਿਖਾਵੇ ਲਈ ਨਹੀਂ, ਉਤੋਂ ਉਤੋਂ ਹੀ ਨਹੀਂ।

ਇਥੇ ਇਕ ਉਦਾਹਰਣ ਯੂਸਫ ਦਾ ਦਿੱਤਾ ਜਾ ਸਕਦਾ ਹੈ। ਇਕ ਆਦਮੀ ਯੂਸਫ ਦੇ ਜਵਾਨ ਲੜਕੇ ਦਾ ਕਤਲ ਕਰ ਦਿੰਦਾ ਹੈ। ਪੁਲਿਸ ਉਸ ਨੂੰ ਲੱਭਦੀ ਫਿਰਦੀ ਹੈ। ਉਹ ਜਾਨ ਬਚਾਉਣ ਲਈ ਇਧਰ-ਉਧਰ ਭਟਕਦਾ ਫਿਰਦਾ ਹੈ। ਅਚਾਨਕ ਉਹ ਕਾਤਲ ਯੂਸਫ ਦਾ ਹੀ ਬੂਹਾ ਖੜਕਾਉਂਦਾ ਹੈ। ਉਹ ਨਹੀਂ ਜਾਣਦਾ ਕਿ ਇਹ ਯੂਸਫ ਦਾ ਘਰ ਹੈ ਤੇ ਯੂਸਫ ਉਸ ਦੇ ਦੁਸ਼ਮਣ ਦਾ, ਜਿਸ ਨੂੰ ਉਸ ਨੇ ਮਾਰ ਮੁਕਾਇਆ ਹੈ, ਦਾ ਹੀ ਬਾਪ ਹੈ। ਜਦੋਂ ਯੂਸਫ ਬੂਹਾ ਖੋਲ੍ਹਦਾ ਹੈ ਤਾਂ ਕਾਤਲ ਯੂਸਫ ਨੂੰ ਦੱਸਦਾ ਹੈ, ''ਮੈਂ ਯੂਸਫ ਦੇ ਲੜਕੇ ਦਾ ਕਾਤਲ ਹਾਂ, ਪੁਲਿਸ ਮੇਰਾ ਪਿੱਛਾ ਕਰ ਰਹੀ ਹੈ, ਮੈਨੂੰ ਇਕ ਰਾਤ ਲਈ ਪਨਾਹ ਦਿਓ। ਮੈਂ ਤੜਕੇ ਹੀ ਚਲੇ ਜਾਵਾਂਗਾ।'' ਯੂਸਫ ਉਸ ਨੂੰ ਪਨਾਹ ਦਿੰਦਾ ਹੈ। ਤੜਕਸਾਰ ਆਪਣਾ ਘੋੜਾ ਅਤੇ ਬਹੁਤ ਸਾਰਾ ਧਨ ਉਸ ਨੂੰ ਦੇ ਕੇ ਕਹਿੰਦਾ ਹੈ, ''ਤੂੰ ਹੁਣ ਜਾ ਸਕਦਾ ਹੈਂ।'' ਕਾਤਲ ਚਲਾ ਜਾਂਦਾ ਹੈ।

ਯੂਸਫ ਦੇ ਅੰਦਰ ਅੱਗ ਲੱਗੀ ਹੋਈ ਹੈ, ਉਸ ਦੇ ਬੇਟੇ ਦਾ ਕਤਲ ਕਰ ਦਿੱਤਾ ਗਿਆ ਹੈ। ਕਾਤਲ ਉਸ ਦੇ ਸਾਹਮਣੇ ਖੜ੍ਹਾ ਹੈ। ਜੇ ਯੂਸਫ ਚਾਹੁੰਦਾ ਤਾਂ ਅੰਦਰਲੀ ਅੱਗ ਨੂੰ ਕਾਤਲ ਤੋਂ ਬਦਲਾ ਲੈ ਕੇ ਠੰਢੀ ਕਰ ਸਕਦਾ ਸੀ ਪਰ ਨਹੀਂ, ਉਸ ਨੇ ਅੱਗ ਠੰਢੀ ਨਹੀਂ ਕੀਤੀ ਸਗੋਂ ਕਾਤਲ ਨੂੰ ਮੁਆਫ ਕਰਕੇ ਅੱਗ ਨੂੰ ਪੂਰੀ ਤਰ੍ਹਾਂ ਬੁਝਾਇਆ ਹੈ।

ਜਦੋਂ ਈਸਾ ਨੂੰ ਜਬਰਨ ਲੋਕ 'ਸੂਲੀ' 'ਤੇ ਚੜ੍ਹਾ ਰਹੇ ਸਨ, ਉਸ ਦੀਆਂ ਹਥੇਲੀਆਂ ਵਿਚ ਮੇਖਾਂ ਠੋਕ ਰਹੇ ਸਨ, ਈਸਾ ਨੇ ਕੇਵਲ ਇੰਨਾ ਹੀ ਕਿਹਾ ਸੀ, ''ਹੇ ਪਰਮਾਤਮਾ ਇਨ੍ਹਾਂ ਲੋਕਾਂ ਨੂੰ ਮੁਆਫ ਕਰ, ਇਹ ਨਹੀਂ ਜਾਣਦੇ ਕਿ ਇਹ ਕੀ ਕਰ ਰਹੇ ਹਨ।'' ਅਜਿਹੀਆਂ ਢੇਰ ਸਾਰੀਆਂ ਮਿਸਾਲਾਂ ਵੱਡੇ ਵੱਡੇ ਮਹਾਂ ਪੁਰਖਾਂ ਦੀਆਂ ਹਨ।

ਆਮ ਸਾਧਾਰਨ ਆਦਮੀ ਦਾ ਇਸ ਪੱਧਰ ਤਕ ਪਹੁੰਚਣਾ ਕਠਿਨ ਹੁੰਦਾ ਹੈ, ਉਹ ਅੰਦਰਲੀ ਅੱਗ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਜੇ ਉਹ ਅੰਦਰ ਹੀ ਧੁਖਦਾ ਰਹਿੰਦਾ ਹੈ ਤਾਂ ਉਹ ਜ਼ਿੰਦਗੀ ਜੀ ਨਹੀਂ ਸਕਦਾ, ਉਹ ਕਿਸੇ ਭਿਆਨਕ ਮਾਨਸਿਕ ਰੋਗ ਦਾ ਸ਼ਿਕਾਰ ਹੋ ਸਕਦਾ ਹੈ। ਉਸ ਨੂੰ ਭੜਾਸ ਕੱਢਣ ਦਾ ਕੋਈ ਨਾ ਕੋਈ ਰਸਤਾ ਅਖਤਿਆਰ ਕਰਨਾ ਹੀ ਚਾਹੀਦਾ ਹੈ। ਇਕ ਤਰੀਕਾ ਇਹ ਹੈ ਕਿ ਅੱਗ ਲੱਗਣ ਦੇ ਕਾਰਨ ਦੀ ਸਾਂਝ ਕਿਸੇ ਸਿਆਣੇ ਬੰਦੇ ਜਾਂ ਮਿੱਤਰ/ਸਹੇਲੀ ਨਾਲ ਕੀਤੀ ਜਾਵੇ। ਕਹਿੰਦੇ ਹਨ ਕਿ ਦੁੱਖ ਤਾਂ ਕੰਧ ਨਾਲ ਵੀ ਸਾਂਝਾ ਕਰ ਲੈਣਾ ਚਾਹੀਦਾ ਹੈ, ਜੇ ਕੋਈ ਬੰਦਾ ਨੇੜੇ-ਤੇੜੇ ਨਾ ਮਿਲੇ। ਸਾਡੇ ਦੇਸ਼ ਵਿਚ ਇਹ ਰਿਵਾਜ਼ ਨਹੀਂ ਹੈ ਕਿ ਜਿਸ ਨੇ ਅੱਗ ਲਗਾਈ ਹੈ, ਉਸੇ ਨੂੰ ਦੱਸਿਆ ਜਾਵੇ ਕਿ ਉਸ ਨੇ ਅਜਿਹਾ ਕੀਤਾ ਹੈ। ਹੋਰਨਾਂ ਦੇਸ਼ਾਂ ਅਤੇ ਆਧੁਨਿਕ ਸਮਾਜਾਂ ਵਿਚ ਰਿਵਾਜ਼ ਹੈ ਕਿ ਅੱਗ ਲਾਉਣ ਵਾਲਿਆਂ ਨਾਲ ਗੱਲ ਕਰਕੇ ਅੱਗ ਸ਼ਾਂਤ ਕੀਤੀ ਜਾਂਦੀ ਹੈ। ਦਿਲ ਸਾੜਨ ਵਾਲੀਆਂ ਬਹੁਤੀਆਂ ਅੱਗਾਂ ਦਾ ਕਾਰਨ ਗਲਤਫਹਿਮੀਆਂ ਅਤੇ ਬੇਬੁਨਿਆਦ ਖੁਸ਼ਫਹਿਮੀਆਂ ਹੁੰਦੀਆਂ ਹਨ। ਕੁਝ ਕੁ ਕਰਮਚਾਰੀਆਂ ਨੂੰ ਅਫਸਰਾਂ ਬਾਰੇ ਗਲਤਫਹਿਮੀ



ਹੁੰਦੀ ਹੈ ਕਿ ਉਹ ਉਨ੍ਹਾਂ ਨਾਲ ਨਾਰਾਜ਼ ਹਨ, ਉਨ੍ਹਾਂ ਨਾਲ ਲਗਦੇ ਹਨ, ਉਨ੍ਹਾਂ ਦੇ ਕੰਮ ਤੋਂ ਖੁਸ਼ ਨਹੀਂ ਹਨ। ਇਸ ਗਲਤਫਹਿਮੀ ਵਜੋਂ ਹੀ ਉਹ ਅੰਦਰ ਹੀ ਅੰਦਰ ਸੜਦੇ ਰਹਿੰਦੇ ਹਨ, ਆਪ ਵੀ ਸੜਦੇ ਹਨ ਤੇ ਆਂਢ-ਗੁਆਂਢ ਨੂੰ ਵੀ ਸਾੜਦੇ ਹਨ, ਨਾਰਮਲ ਨਾ ਹੋਣ ਕਰਕੇ ਕੰਮ ਵਿਚ ਵੀ ਗਲਤੀਆਂ ਕਰਦੇ ਹਨ। ਕਈ ਮੁਲਾਜ਼ਮਾਂ ਨੂੰ ਖੁਸ਼ਫਹਿਮੀ ਹੁੰਦੀ ਹੈ ਕਿ ਉਨ੍ਹਾਂ ਦਾ ਅਫਸਰ ਉਨ੍ਹਾਂ ਤੋਂ ਖੁਸ਼ ਹੈ, ਇਸੇ ਕਰਕੇ ਉਹ ਕੰਮ ਨਹੀਂ ਕਰਦੇ। ਜਦੋਂ ਉਨ੍ਹਾਂ ਨੂੰ ਮੁਅੱਤਲ ਕੀਤਾ ਜਾਂਦਾ ਹੈ ਅਤੇ ਅਸਲੀਅਤ ਖੁੱਲ੍ਹਦੀ ਹੈ ਤਾਂ ਉਹ ਅੰਦਰਲੀ ਅੱਗ ਦਾ ਸ਼ਿਕਾਰ ਹੋ ਜਾਂਦੇ ਹਨ। ਹਰੇਕ ਬਸ਼ਰ ਨੂੰ ਗਲਤਫਹਿਮੀ ਅਤੇ ਖੁਸ਼ਫਹਿਮੀ ਤੋਂ ਬਚਣਾ ਚਾਹੀਦਾ ਹੈ। ਹਰ ਘਰ ਵਿਚ ਕੋਈ ਨਾ ਕੋਈ ਹੋਰਨਾਂ ਨਾਲੋਂ ਵੱਧ ਸਿਆਣਾ, ਸੰਜਮੀ ਅਤੇ ਭਰੋਸੇ ਵਾਲਾ ਵਿਅਕਤੀ ਹੁੰਦਾ ਹੈ। ਇਸੇ ਤਰ੍ਹਾਂ ਹੀ ਹਰ ਕਿਸੇ ਦਾ ਕੋਈ ਜਿਗਰੀ, ਹਿਤੈਸ਼ੀ ਅਤੇ ਬਾ-ਰਸੂਖ ਦੋਸਤ ਵੀ ਹੁੰਦਾ ਹੈ, ਹਰੇਕ ਸੰਸਥਾ ਵਿਚ ਕੋਈ ਅਤਿ ਸਨਮਾਨਤ ਅਤੇ ਨਿਰਪੱਖ ਬੰਦਾ ਜ਼ਰੂਰ ਹੁੰਦਾ ਹੈ ਜੋ ਔਕੜ ਦੇ ਸਮੇਂ, ਵਿਅਰਥ ਦੀਆਂ ਅੱਗਾਂ ਦੇ ਸਮੇਂ ਤੁਹਾਡੀ ਸਹਾਇਤਾ ਕਰ ਸਕਦਾ ਹੈ। ਅਜਿਹੇ ਬੰਦੇ ਕੋਲ ਜਾ ਕੇ ਅੰਦਰਲਾ ਗੁਬਾਰ ਕੱਢ ਲੈਣਾ ਚਾਹੀਦਾ ਹੈ।

ਮਨੋਵਿਗਿਆਨੀ ਤਾਂ ਇਹ ਵੀ ਕਹਿੰਦੇ ਹਨ ਕਿ ਜਿਸ ਨੇ ਤੁਹਾਡੇ ਅੰਦਰ ਅੱਗ ਲਗਾਈ ਹੈ ਉਸ ਨੂੰ ਇਕ ਲੰਬੀ ਚੌੜੀ ਚਿੱਠੀ ਲਿਖੋ, ਚਿੱਠੀ ਵਿਚ ਜੋ ਝਿੜਕੇ ਦੇਣੇ ਹਨ, ਦਿਓ, ਜੋ ਗਾਲ੍ਹਾਂ ਕੱਢਣੀਆਂ ਹਨ ਕੱਢੋ, ਜੋ ਵੀ ਬੁਰਾ ਉਸ ਨੇ ਤੁਹਾਡੇ ਨਾਲ ਕੀਤਾ ਹੈ, ਉਸ ਨੂੰ ਵੇਰਵੇ ਨਾਲ ਬਿਆਨ ਕਰੋ, ਉਸ ਦੀਆਂ ਬੁਰਾਈਆਂ ਦਾ ਜ਼ਿਕਰ ਕਰੋ, ਜੋ ਦੁਰਸੀਸ ਦੇਣੀ ਹੈ, ਦਿਓ। ਅੰਤ ਨੂੰ ਇਹ ਚਿੱਠੀ ਫਾੜ ਦਿਓ, ਤਾਂ ਵੀ ਅੰਦਰਲੀ ਅੱਗ ਕਾਫੀ ਹੱਦ ਤੱਕ ਸ਼ਾਂਤ ਹੋ ਜਾਂਦੀ ਹੈ।

ਆਪਣੇ ਆਪ ਨੂੰ ਸਮਝਾ ਕੇ ਵੀ ਅੱਗ ਸ਼ਾਂਤ ਹੋ ਜਾਂਦੀ ਹੈ। ਕਹਿੰਦੇ ਹਨ ਕਿ ਭਰਿਗੂ ਰਿਸ਼ੀ ਇਹ ਪਤਾ ਕਰਨਾ ਚਾਹੁੰਦੇ ਸਨ ਕਿ ਸ਼ਿਵ, ਬ੍ਰਹਮਾ ਅਤੇ ਵਿਸ਼ਨੂੰ ਵਿਚੋਂ ਘੱਟ ਗੁਸੈਲਾ ਕੌਣ ਹੈ। ਉਹ ਬ੍ਰਹਮਾ ਅਤੇ ਸ਼ਿਵ ਕੋਲ ਗਏ, ਅਵਾ-ਤਵਾ ਬੋਲੇ। ਦੋਵਾਂ ਨੇ ਉਨ੍ਹਾਂ ਨੂੰ ਘੂਰਿਆ, ਉਹ ਜਾਨ ਬਚਾ ਕੇ ਦੌੜੇ। ਫਿਰ ਉਹ ਵਿਸ਼ਨੂੰ ਦੇ ਲੋਕ ਵਿਚ ਗਏ। ਵਿਸ਼ਨੂੰ ਸੁੱਤੇ ਪਏ ਸਨ। ਭਰਿਗੂ ਨੇ ਉਨ੍ਹਾਂ ਦੀ ਛਾਤੀ ਵਿਚ ਲੱਤ ਮਾਰੀ ਤੇ ਕਿਹਾ- ਕੁਝ ਕਰਿਆ ਵੀ ਕਰੋ, ਸਾਰਾ ਦਿਨ ਸੁੱਤੇ ਰਹਿੰਦੇ ਹੋ। ਵਿਸ਼ਨੂੰ ਨੇ ਚਰਨ ਫੜ ਕੇ ਭਰਿਗੂ ਨੂੰ ਪ੍ਰਣਾਮ ਕੀਤਾ ਤੇ ਕਿਹਾ- ਮਹਾਰਾਜ ਮੈਨੂੰ ਖਿਮਾ ਕਰੋ, ਮੇਰੀ ਛਾਤੀ ਕਠੋਰ ਹੈ ਤੁਹਾਡੇ ਚਰਨ ਕੋਮਲ ਹਨ, ਤੁਹਾਡੇ ਸੱਟ ਵੱਜੀ ਹੋਵੇਗੀ। ਵਿਸ਼ਨੂੰ ਨੇ ਭਰਿਗੂ ਦੇ ਪੈਰ ਘੁੱਟਣੇ ਸ਼ੁਰੂ ਕਰ ਦਿੱਤੇ। ਦਿਆਲੂ ਸੁਭਾਅ ਦੀ ਇਹ ਚਰਮ ਸੀਮਾ ਹੈ ਜਿਸ ਤਕ ਪਹੁੰਚਣ ਦੀ ਇਹ ਕਹਾਣੀ ਮਨੁੱਖ ਨੂੰ ਸਿੱਖਿਆ ਦਿੰਦੀ ਹੈ। ਖਿਮਾ ਕਰਨਾ ਬਹੁਤ ਹੀ ਵੱਡਾ ਗੁਣ ਹੈ। ਜੋ ਇਸ ਨੂੰ ਅਰਜਿਤ ਕਰ ਲੈਂਦਾ ਹੈ ਉਸ ਦੇ ਅੰਦਰ ਕਦੇ ਵੀ ਅੱਗ ਨਹੀਂ ਮਚ ਸਕਦੀ, ਉਹ ਤਾਂ ਸਾਰੀਆਂ ਮਚਦੀਆਂ ਅੱਗਾਂ ਨੂੰ ਸ਼ਾਂਤ ਕਰ ਸਕਦਾ ਹੈ। ਮਨੁੱਖ ਨੂੰ ਸਹਿਜੇ ਸਹਿਜੇ ਇਸੇ ਆਦਰਸ਼ ਵੱਲ ਵਧਣਾ ਚਾਹੀਦਾ ਹੈ। ਹਿੰਦੀ ਦੇ ਇਕ ਦੋਹੇ 'ਚ ਖਿਮਾ ਦੀ ਤੁਲਨਾ ਪ੍ਰਭੂ-ਪ੍ਰਾਪਤੀ ਨਾਲ ਕੀਤੀ ਗਈ ਹੈ। ਦੋਹਾ ਇਸ ਤਰ੍ਹਾਂ ਹੈ,

ਜਹਾਂ ਦਇਆ ਤਹਾਂ ਧਰਮ ਹੈ,
ਜਹਾਂ ਲੋਭ ਤਹਾਂ ਪਾਪ,
ਜਹਾਂ ਕਰੋਧ, ਤਹਾਂ ਕਾਲ ਹੈ,
ਜਹਾਂ ਕਸ਼ਮਾਂ ਤਹਾਂ ਆਪ।

ਜੋ ਖਿਮਾ ਕਰਨ ਦਾ ਗੁਣ ਰੱਖਦਾ ਹੈ, ਉਹੋ ਹੀ ਪਰਮਾਤਮਾ ਹੈ। ਖਿਮਾ ਮੰਗਣਾ ਵੀ ਔਖਾ ਹੁੰਦਾ ਹੈ, ਉਨ੍ਹਾਂ ਲਈ ਜਿਹੜੇ ਅਹਮ ਨੂੰ ਤਿਆਗ ਨਹੀਂ ਸਕਦੇ ਅਤੇ ਖਿਮਾ ਦੇਣਾ ਵੀ ਔਖਾ ਹੁੰਦਾ ਹੈ ਜੋ ''ਸ੍ਵੈ'' ਦੇ ਗੁਲਾਮ ਹੁੰਦੇ ਹਨ। ਇਨ੍ਹਾਂ ਦੇ ਅੰਦਰ ਅੱਗ ਬਲਦੀ ਹੀ ਰਹਿੰਦੀ ਹੈ, ਇਨ੍ਹਾਂ ਨੂੰ ਤਾਂ ਉਹ ਸਾੜਦੀ ਹੀ ਹੈ, ਇਨ੍ਹਾਂ ਦੇ ਸਾਥੀਆਂ ਨੂੰ ਵੀ ਨਹੀਂ ਬਖਸ਼ਦੀ। ਜਿਹੜੇ ਆਪਣੇ ਆਪ ਨੂੰ ਕੰਟਰੋਲ ਨਹੀਂ ਕਰ ਸਕਦੇ, ਨਾ ਹੀ ਖਿਮਾ ਕਰ ਸਕਦੇ ਹਨ, ਉਨ੍ਹਾਂ ਨੂੰ ਦਿਲਾਂ ਦਾ ਗੁਬਾਰ ਕੱਢਣ ਦਾ ਕੋਈ ਤਰੀਕਾ ਕੱਢ ਲੈਣਾ ਚਾਹੀਦਾ ਹੈ। ਬਿਲਕੁਲ ਉਸੇ ਤਰ੍ਹਾਂ ਜਿਵੇਂ ਇਕ ਲਕੀਰ ਨੂੰ ਬਿਨਾਂ ਮਿਟਾਇਆਂ ਉਸ ਦੇ ਨੇੜੇ ਵੱਡੀ ਲਕੀਰ ਖਿੱਚ ਕੇ ਛੁਟਿਆਇਆ ਜਾ ਸਕਦਾ ਹੈ। ਅੱਗ ਦਾ ਸ਼ਾਂਤ ਹੋਣਾ ਜ਼ਰੂਰੀ ਹੈ ਚਾਹੇ ਉਹ ਅੰਦਰਲੀ ਅੱਗ ਹੈ, ਚਾਹੇ ਬਾਹਰਲੀ।

ਮਨੋਵਿਗਿਆਨ ਅੰਦਰਲੀ ਅੱਗ ਨੂੰ ਸ਼ਾਂਤ ਕਰਨ ਦਾ ਇਕ ਵਿਸ਼ਲੇਸ਼ਆਤਮਕ ਢੰਗ ਵੀ ਹੈ। ਜਦੋਂ ਵੀ ਤੁਹਾਨੂੰ ਮਹਿਸੂਸ ਹੋ ਰਿਹਾ ਹੋਵੇ ਕਿ ਕਿਸੇ ਦੇ ਕੌੜੇ ਸ਼ਬਦਾਂ ਨੇ, ਕੋਹਜੇ ਵਿਵਹਾਰ ਨੇ, ਸਹਿਵਨ ਹੀ ਜਾਂ ਜਾਣ-ਬੁੱਝ ਕੇ ਤੁਹਾਡੇ ਉਤੇ ਹਮਲਾ ਕੀਤਾ ਹੈ, ਤੁਹਾਨੂੰ ਛੁਟਿਆਇਆ ਹੈ ਜਾਂ ਅਪਮਾਨਤ ਕੀਤਾ ਹੈ, ਜਿਸ ਦੇ ਸਿੱਟੇ ਵਜੋਂ ਤੁਹਾਨੂੰ ਗੁੱਸਾ ਆ ਰਿਹਾ ਹੈ, ਅੰਦਰ ਅੱਗ ਲੱਗ ਗਈ ਹੈ, ਤੁਸੀਂ ਛਟਪਟਾ ਰਹੇ ਹੋ, ਗੁੱਸੇ ਨਾਲ ਕੰਬ ਰਹੇ ਹੋ, ਬਦਲੇ ਦੀ ਭਾਵਨਾ ਤੁਹਾਡੇ 'ਤੇ ਹਾਵੀ ਹੋ ਰਹੀ ਹੈ, ਤੁਸੀਂ ਆਪੇ ਤੋਂ ਬਾਹਰ ਹੋ ਰਹੇ ਹੋ, ਤੁਹਾਨੂੰ ਚਾਹੀਦਾ ਹੈ ਕਿ ਜਿਥੇ ਘਟਨਾ ਘਟੀ ਹੈ ਤੁਸੀਂ ਉਸ ਥਾਂ ਤੋਂ ਲਾਂਭੇ ਹੋ ਜਾਓ ਅਤੇ ਜੋ ਕੁਝ ਹੋਇਆ ਹੈ, ਉਸ ਦਾ ਵਿਸ਼ਲੇਸ਼ਣ ਕਰੋ ਅਤੇ ਇਹ ਜਾਣਨ ਦਾ ਯਤਨ ਕਰੋ ਕਿ ਜੋ ਵੀ ਕਿਸੇ ਨੇ ਕਿਹਾ ਹੈ, ਕਿਉਂ ਕਿਹਾ ਹੈ, ਜੋ ਉਸ ਨੇ ਕੀਤਾ ਹੈ ਉਸ ਦਾ ਕਾਰਨ ਕੀ ਹੈ, ਉਸ ਦਾ ਕਿੰਨਾ ਦੋਸ਼ ਹੈ, ਤੁਹਾਡਾ ਕਿੰਨਾ ਹੈ, ਕਿਸੇ ਹੋਰ ਦਾ ਕਿੰਨਾ ਹੈ, ਹੁਣ ਕੀ ਕਰਨਾ ਚਾਹੀਦਾ ਹੈ, ਉਸ ਦਾ ਕੀ ਸਿੱਟਾ ਹੋਵੇਗਾ ਆਦਿ। ਜਦੋਂ ਸਥਿਤੀ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ, ਅਟਕਾਂ ਸਾਫ ਹੋ ਜਾਂਦੀਆਂ ਹਨ, ਗੁੰਝਲਾਂ ਸੁਲਝ ਜਾਂਦੀਆਂ ਹਨ, ਗੁੱਸੇ-ਗਿਲੇ ਖਤਮ ਹੋ ਜਾਂਦੇ ਹਨ, ਅੱਗ ਸ਼ਾਂਤ ਹੋ ਜਾਂਦੀ ਹੈ, ਜ਼ਿੰਦਗੀ ਦੀ ਗੱਡੀ ਮੁੜ ਲਾਈਨ 'ਤੇ ਆ ਜਾਂਦੀ ਹੈ।

ਸਰੀਰ ਦੇ ਭਾਰ ਚੁੱਕਣ ਵਾਂਗ ਮਨ ਵੀ ਲੋੜ ਤੋਂ ਵੱਧ ਭਾਰ ਨਹੀਂ ਚੁੱਕ ਸਕਦਾ, ਬਹੁਤੀ ਦੇਰ ਤਣਾਓ ਦੀ ਸਥਿਤੀ ਵਿਚ ਨਹੀਂ ਰਹਿ ਸਕਦਾ, ਨਾ ਹੀ ਅੰਦਰਲੀ ਬਲਦੀ ਅੱਗ ਦਾ ਸੇਕ ਝੱਲ ਸਕਦਾ ਹੈ। ਮਨ ਵਿਚ ਪੈਦਾ ਹੋਇਆ ਨਿੱਕਾ ਜਿਹਾ ਵਿਕਾਰ ਵੀ ਸਰੀਰ ਨੂੰ ਨਿਰਬਲ ਅਤੇ ਅਸਹਾਇ ਬਣਾ ਸਕਦਾ ਹੈ। ਪਾਗਲਖਾਨਿਆਂ ਦੇ ਸਾਰੇ ਮਰੀਜ਼ ਇਸ ਗੱਲ ਦੇ ਗਵਾਹ ਹਨ ਕਿ ਮਨ ਸਰੀਰ ਨਾਲੋਂ ਵੱਧ ਸੰਵੇਦਨਸ਼ੀਲ ਹੁੰਦਾ ਹੈ, ਇਸ ਲਈ ਸਰੀਰ ਨਾਲੋਂ ਵੱਧ ਖਿਆਲ ਮਨ ਦਾ ਰੱਖਣਾ ਚਾਹੀਦਾ ਹੈ। ਸਵਸਥ ਮਨ ਕੇਵਲ ਹੌਲਾ, ਚਿੰਤਾ ਮੁਕਤ ਅਤੇ ਧਨਾਤਮਿਕ ਵੇਖਣੀ ਵਾਲਾ ਹੀ ਹੁੰਦਾ ਹੈ।

# ਪੰਜਾਬ, ਪੰਜਾਬੀਅਤ ਅਤੇ ਨਸ਼ਿਆਂ ਦਾ ਵਧ ਰਿਹਾ ਰੁਝਾਨ

**ਵਿਚਾਰ-ਚਰਚਾ**



ਡਾ. ਗੁਰਨਾਮ ਕੌਰ, ਕੈਨੇਡਾ

ਪੰਜਾਬ ਅੱਜ ਪਹਿਲਾਂ ਵਾਲਾ ਪੰਜਾਬ ਨਹੀਂ ਰਿਹਾ। ਰਾਜਨੀਤਕ ਤਾਕਤ ਤੇ ਕਾਬਜ ਹੋਣ ਦੀ ਹਵਸ ਨੇ ਇਸ ਦਾ ਬਹੁਤ ਨੁਕਸਾਨ ਕੀਤਾ ਹੈ। ਰਾਜਨੀਤਕ ਤਾਕਤ ਤੇ ਕਬਜੇ ਦੀ ਇਹ ਲਾਲਸਾ ਹੀ ਸੀ ਜਿਸ ਨੇ ਆਜ਼ਾਦੀ ਮਿਲਣ ਦੇ ਨਾਲ ਨਾਲ ਦੇਸ਼ ਦੇ ਦੋ ਟੁਕੜੇ ਕੀਤੇ। ਇਸ ਵੰਡ ਦਾ ਸਭ ਤੋਂ ਵੱਧ ਨੁਕਸਾਨ ਪੰਜਾਬ ਨੂੰ ਹੋਇਆ। ਪੰਜਾਬ ਦੀ ਧਰਤੀ ਨਾ ਸਿਰਫ ਪੰਜਾਂ ਦਰਿਆਵਾਂ ਤੋਂ ਢਾਈ ਦਰਿਆਵਾਂ ਦੀ ਰਹਿ ਗਈ ਬਲਕਿ ਜਿਸ ਤਰ੍ਹਾਂ ਨਾਲ ਦੋਹਾਂ ਪਾਸੇ ਦੇ ਲੋਕਾਂ ਦਾ ਤਬਾਦਲਾ ਅਤੇ ਉਜਾੜਾ ਹੋਇਆ ਉਸ ਨਾਲ ਕਦੇ ਵੀ ਨਾ ਪੂਰੇ ਜਾ ਸਕਣ ਵਾਲਾ ਜਾਨੀ ਅਤੇ ਮਾਲੀ ਨੁਕਸਾਨ ਪੰਜਾਬੀਆਂ ਨੂੰ ਝੱਲਣਾ ਪਿਆ। ਆਜ਼ਾਦੀ ਤੋਂ ਬਾਅਦ ਜਿੱਥੇ ਬਹੁਤੇ ਸੂਬਿਆਂ ਦੀ ਬੋਲੀ ਨੂੰ ਰਾਜਸੀ ਮਾਨਤਾ ਦੇ ਦਿੱਤੀ ਗਈ, ਉਥੇ ਪੰਜਾਬੀ ਬੋਲੀ ਨੂੰ ਇਸ ਦੇ ਬਣਦੇ ਸਤਿਕਾਰ ਤੋਂ ਵਾਂਝਾ ਰੱਖਿਆ ਗਿਆ।

ਆਖਰ ਵਰ੍ਹਿਆਂ ਦੇ ਸੰਘਰਸ਼ ਤੋਂ ਬਾਅਦ ਜੇ ਇਹ ਮਾਨਤਾ ਮਿਲੀ ਤਾਂ ਪੰਜਾਬ ਦੇ ਫਿਰ ਟੋਟੇ-ਟੋਟੇ ਹੋ ਗਏ। ਇਸ ਵੰਡ ਨਾਲ ਜਿੱਥੇ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼- ਦੋ ਨਵੇਂ ਸੂਬੇ ਹੋਂਦ ਵਿਚ ਆ ਗਏ, ਉਥੇ ਪੰਜਾਬ ਤੋਂ ਉਸ ਦੇ ਪਾਣੀਆਂ ਦਾ ਕੰਟਰੋਲ, ਪੰਜਾਬੀ ਬੋਲਦੇ ਇਲਾਕੇ, ਉਸ ਦੀ ਨਵੀਂ ਉਸਰੀ ਰਾਜਧਾਨੀ ਚੰਡੀਗੜ੍ਹ ਜਿਸ ਨੂੰ ਵਸਾਉਣ ਲਈ ਪੰਜਾਬ ਦੇ ਅਨੇਕਾਂ ਪਿੰਡਾਂ ਦਾ ਉਜਾੜਾ ਕੀਤਾ ਗਿਆ, ਖੋਹ ਲਏ ਗਏ। ਪੰਜਾਬ ਵਿਚੋਂ ਇੰਡਸਟਰੀ ਅਤੇ ਟੂਰਿਜ਼ਮ ਥਾਂਵਾਂ ਬਾਹਰ ਹੋ ਗਈਆਂ ਜੋ ਉਸ ਦੀ ਆਮਦਨ ਦਾ ਸਾਧਨ ਸਨ ਅਤੇ ਪੰਜਾਬ ਮਹਿਜ ਖੇਤੀ 'ਤੇ ਨਿਰਭਰ ਹੋ ਕੇ ਰਹਿ ਗਿਆ। ਪੰਜਾਬ ਦੇ ਸ਼੍ਰੋਮਣੀ ਅਕਾਲੀ ਦਲ ਨੇ ਇਸ ਵੰਡ ਨੂੰ ਮਨਜ਼ੂਰ ਕਰ ਲਿਆ ਕਿਉਂਕਿ ਇਸ ਨਾਲ ਉਨ੍ਹਾਂ ਨੂੰ ਸਿੱਖ ਬਹੁ-ਗਿਣਤੀ ਵਾਲਾ ਇਲਾਕਾ ਮਿਲਣ ਨਾਲ ਇਕੱਲਿਆਂ 'ਰਾਜ' ਸ਼ਕਤੀ ਵਿਚ ਬਣੇ ਰਹਿਣ ਦੀ ਸੰਭਾਵਨਾ ਨਜ਼ਰ ਆਈ।

ਇਹ ਤੱਥ ਜੱਗ ਜ਼ਾਹਿਰ ਹੈ ਕਿ ਬੀ.ਜੇ.ਪੀ. ਦੀ ਸਾਂਝ ਤੋਂ ਬਿਨਾ ਅਕਾਲੀ ਦਲ ਕਦੇ ਸਰਕਾਰ ਨਹੀਂ ਬਣਾ ਸਕਿਆ ਅਤੇ ਬੀ.ਜੇ.ਪੀ. ਅਰਥਾਤ ਜਨ ਸੰਘ ਹੀ ਪੰਜਾਬੀ ਬੋਲੀ ਨੂੰ ਇਸ ਦਾ ਬਣਦਾ ਮਾਣ-ਸਨਮਾਨ ਦੇਣ ਦੇ ਸਭ ਤੋਂ ਵੱਧ ਖਿਲਾਫ ਸੀ ਅਤੇ ਅੱਜ ਵੀ ਹੈ। ਭਾਵੇਂ ਪੰਜਾਬ ਭਾਰਤ ਦਾ ਅੰਨ ਭੰਡਾਰ ਰਿਹਾ ਹੈ ਪਰ ਵੱਧ ਫਸਲ ਪੈਦਾ ਕਰਨ ਦੇ ਲਾਲਚ ਨੇ ਇਸ ਦਾ ਕਿੰਨਾ ਨੁਕਸਾਨ ਕੀਤਾ ਹੈ, ਇਸ ਦਾ ਖੁਲਾਸਾ ਹਰ ਰੋਜ ਅਰਥ ਸ਼ਾਸਤਰੀ ਆਪਣੇ ਲੇਖਾਂ ਵਿਚ ਗਾਹੇ-ਬਗਾਹੇ ਕਰਦੇ ਰਹਿੰਦੇ ਹਨ। ਪੰਜਾਬ ਦਾ ਪਾਣੀ, ਮਿੱਟੀ, ਹਵਾ ਸਭ ਪਲੀਤ ਹੋ ਗਏ ਹਨ, ਪਾਣੀ ਦਾ ਪੱਧਰ ਦਿਨੋ-ਦਿਨ ਨੀਵਾਂ ਹੋਈ ਜਾ ਰਿਹਾ ਹੈ। ਪੰਜਾਬ ਵਿਚ ਕੈਂਸਰ ਇੱਕ ਮਾਰੂ ਰੋਗ ਦੀ ਤਰ੍ਹਾਂ ਫੈਲ ਗਿਆ ਹੈ। ਤੰਗੀਆਂ ਅਤੇ ਕਰਜੇ ਨਾਲ ਜੂਝ ਰਹੇ ਕਿਸਾਨਾਂ ਦੀਆਂ ਖੁਦਕਸ਼ੀਆਂ ਦੀ ਗਿਣਤੀ ਵਧ ਰਹੀ ਹੈ। ਇਸ ਵੇਲੇ ਵੱਡੀ ਚਿੰਤਾ ਦਾ ਵਿਸ਼ਾ ਜੋ ਸਭ ਸੋਚ ਸਕਣ ਵਾਲੇ ਦਾਨਿਸ਼ਵਰਾਂ ਨੂੰ ਪ੍ਰੇਸ਼ਾਨ ਕਰ ਰਿਹਾ ਹੈ, ਉਹ ਹੈ ਪੰਜਾਬ ਦੀ ਨੌਜੁਆਨ ਪੀੜ੍ਹੀ ਦਾ ਨਸ਼ਿਆਂ ਹੱਥੋਂ ਹੋ ਰਿਹਾ ਨੁਕਸਾਨ। ਪੰਜਾਬ ਦੀ ਨਾ ਸਿਰਫ ਵਰਤਮਾਨ ਪੀੜ੍ਹੀ ਹੀ ਤਬਾਹ ਹੋ ਰਹੀ ਹੈ, ਇਸ ਦਾ ਅਸਰ ਆਉਣ ਵਾਲੀਆਂ ਨਸਲਾਂ 'ਤੇ ਵੀ ਘਾਤਕ ਸਿੱਧ ਹੋ ਸਕਦਾ ਹੈ।

ਹਰ ਮਰਜ਼ ਦੇ ਕਾਰਨ ਵੀ ਹੁੰਦੇ ਹਨ ਅਤੇ ਜੇ ਕਾਰਨ ਲੱਭ ਪੈਣ ਤਾਂ ਉਸ ਦਾ ਇਲਾਜ ਵੀ ਹੋ ਸਕਦਾ ਹੈ। ਕੀ ਕਾਰਨ ਹੈ ਕਿ ਉਹ ਪੰਜਾਬ ਜੋ ਸਦੀਆਂ ਤੋਂ ਭਾਰਤ ਦੀ ਸੁਰੱਖਿਆ ਬਾਹੀ ਬਣ ਕੇ ਵਿਚਰਿਆ, ਜਿਸ ਨੇ ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਸਭ ਤੋਂ ਵੱਧ ਘੁਲਾਟੀਏ ਦਿੱਤੇ, ਬਿਹਤਰ ਫੌਜੀ ਅਤੇ ਖਿਡਾਰੀ ਦਿੱਤੇ, ਭਾਰਤ ਦਾ ਅੰਨ-ਦਾਤਾ ਬਣ ਕੇ ਵਿਚਰਿਆ ਹੈ ਅਤੇ ਨੰਬਰ ਇੱਕ ਸੂਬਾ ਰਿਹਾ ਹੈ, ਅੱਜ ਬਿਹਾਰ ਵਰਗੇ ਪੱਛੜੇ ਸੂਬੇ ਵੀ ਇਸ ਤੋਂ ਅੱਗੇ ਲੰਘ ਗਏ ਹਨ ਅਤੇ ਪੰਜਾਬ ਦਾ ਸ਼ੁਮਾਰ ਭਾਰਤ ਦੇ ਪੱਛੜੇ ਸੂਬਿਆਂ ਵਿਚ ਹੋਣ ਲੱਗ ਪਿਆ ਹੈ, ਇਸ ਦੀ ਜੁਆਨ ਪੀੜ੍ਹੀ ਤਬਾਹੀ ਵੱਲ ਪੂਰੇ ਜੋਰ-ਸ਼ੋਰ ਨਾਲ ਦੌੜੀ ਜਾ ਰਹੀ ਹੈ। ਸਰਕਾਰ ਭਾਵੇਂ ਇਸ ਨੂੰ ਪੰਜਾਬ ਨੂੰ ਬਦਨਾਮ ਕਰਨ ਲਈ ਛੱਡਿਆ ਸ਼ੋਸ਼ਾ ਦੱਸੀ ਜਾ ਰਹੀ ਹੈ ਪਰ ਅੰਕੜਿਆਂ ਮੁਤਾਬਕ ਪੰਜਾਬ ਦੀ ਜੁਆਨੀ ਨਾਲ 'ਸਭ ਅੱਛਾ' ਨਹੀਂ ਹੋ ਰਿਹਾ ਹੈ।

ਉਪਰ ਪੰਜਾਬ ਦੇ ਹਵਾ, ਪਾਣੀ ਅਤੇ ਮਿੱਟੀ ਦੇ ਪਲੀਤ ਹੋਣ ਦੀ ਗੱਲ ਕੀਤੀ ਹੈ। ਪ੍ਰਦੂਸ਼ਣ ਸਿਰਫ ਪੰਜਾਬ ਦੇ ਕੁਦਰਤੀ ਸੋਮਿਆਂ ਨੂੰ ਹੀ ਤਬਾਹ ਨਹੀਂ ਕਰ ਰਿਹਾ ਸਗੋਂ ਪ੍ਰਦੂਸ਼ਣ ਤਾਂ ਪੰਜਾਬ ਦੇ ਸਭਿਆਚਾਰ, ਇਸ ਦੀਆਂ ਨੈਤਿਕ ਕੀਮਤਾਂ ਵਿਚ ਵੀ ਫੈਲ ਰਿਹਾ ਹੈ। ਪੰਜਾਬ, ਜਿਸ ਬਾਰੇ ਪ੍ਰੋ. ਪੂਰਨ ਸਿੰਘ ਨੇ ਕਿਹਾ ਸੀ ਕਿ ਇਹ ਗੁਰੂ ਦੇ ਨਾਂ 'ਤੇ ਜੀਅ ਰਿਹਾ ਹੈ, ਅੱਜ ਗੁਰੂ ਦੇ ਨਾਂ 'ਤੇ ਰਾਜ ਕਰਨ ਵਾਲੀ ਪਾਰਟੀ ਹੀ ਸਭ ਤੋਂ ਵੱਧ ਲਾਲਚੀ ਅਤੇ ਭ੍ਰਿਸ਼ਟ ਹੋ ਗਈ ਹੈ ਜਿਸ ਨੇ ਸਾਰੇ ਸਿਸਟਮ ਨੂੰ ਹੀ ਭ੍ਰਿਸ਼ਟ ਕਰ ਦਿੱਤਾ ਹੈ। ਇਥੇ ਇਸ ਦੇ ਵਿਸਥਾਰ ਵਿਚ ਜਾਣ ਦੀ ਜ਼ਰੂਰਤ ਨਹੀਂ ਜਾਪਦੀ ਕਿਉਂਕਿ ਜਿਵੇਂ ਪੰਜਾਬ ਦੇ ਮੰਤਰੀਆਂ, ਪੁਲਿਸ ਅਫਸਰਾਂ ਦੇ ਨਾਂ ਨਸ਼ਿਆਂ ਦੀ ਸਮਗਲਿੰਗ ਨਾਲ ਜੁੜ ਗਏ ਹਨ, ਉਹ ਸਭ ਹਰ ਰੋਜ਼ ਹੀ ਅਖਬਾਰਾਂ ਦੀਆਂ ਸੁਰਖੀਆਂ ਬਣ ਰਿਹਾ ਹੈ। ਲਾਲਚ ਨੇ ਪ੍ਰਬੰਧਕੀ ਮਸ਼ੀਨਰੀ, ਵਜ਼ੀਰਾਂ ਤੇ ਪਰਜਾ ਦੀ ਸੁਰੱਖਿਆ ਅਤੇ ਭਲਾਈ ਨਾਲ ਜੁੜੇ ਅਫਸਰਾਂ ਦੀ ਬੁੱਧੀ ਭ੍ਰਿਸ਼ਟ ਕਰ ਦਿੱਤੀ ਹੈ। ਜੇ ਵਾੜ ਹੀ ਖੇਤ ਨੂੰ ਖਾਣ ਲੱਗ ਪਵੇ ਫਿਰ ਖੇਤ ਦਾ ਤਾਂ ਰੱਬ ਹੀ ਰਾਖਾ ਹੈ। ਇਹ ਵਜ਼ੀਰੀਆਂ ਵਾਲੇ ਨਾ ਸਿਰਫ ਨਸ਼ਿਆਂ ਦਾ ਵਿਉਪਾਰ ਹੀ ਕਰਦੇ ਹਨ ਬਲਕਿ ਵੋਟਾਂ ਬਟੋਰਨ ਲਈ ਲੋਕਾਂ ਵਿਚ ਨਸ਼ੇ ਵੀ ਵੰਡਦੇ ਹਨ ਅਤੇ ਨਸ਼ਿਆਂ ਦੀ ਲਤ ਲਾਉਂਦੇ ਹਨ। ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਇਸ ਦਾ ਖੁਲਾਸਾ ਇਸ ਤਰ੍ਹਾਂ ਕੀਤਾ ਹੈ,

ਕਲਿ ਆਈ ਕੁਤੇ ਮੁਹੀ
ਖਾਜੁ ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪੁ ਕਮਾਂਵਦੇ
ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ
ਕੂੜ ਕੁਸਤੁ ਮੁਖਹੁ ਆਲਾਈ।...
(ਵਾਰਾਂ ਭਾਈ ਗੁਰਦਾਸ 1/30)

ਸਿੱਖ ਧਰਮ ਵਿਚ ਹਰ ਤਰ੍ਹਾਂ ਦੇ ਨਸ਼ੇ ਕਰਨ ਦੀ ਮਨਾਹੀ ਹੈ। ਪੰਜਾਬ ਵਿਚ ਸਿੱਖ ਧਰਮ ਦਾ ਬੋਲਬਾਲਾ ਰਿਹਾ ਹੈ ਅਤੇ ਇਸ ਦਾ ਅਸਰ, ਜਿਵੇਂ ਪ੍ਰੋ. ਪੂਰਨ ਸਿੰਘ ਨੇ ਕਿਹਾ ਹੈ, ਪੰਜਾਬ ਵਿਚ ਵੱਸਣ ਵਾਲੇ ਸਾਰੇ ਧਰਮਾਂ ਦੇ ਲੋਕਾਂ ਦੀ ਰਹਿਣੀ ਬਹਿਣੀ 'ਤੇ ਬਹੁਤ ਗਹਿਰਾ ਰਿਹਾ ਹੈ। ਇਹੀ ਕਾਰਨ ਸੀ ਕਿ ਪੰਜਾਬ ਵਿਚ ਨਾ ਸਿਰਫ ਅਫੀਮ, ਡੋਡਿਆਂ ਜਾਂ ਤੰਬਾਕੂ ਦੀ ਖੇਤੀ ਦੀ ਮਨਾਹੀ ਰਹੀ ਹੈ, ਬਾਕੀ ਸੂਬਿਆਂ ਦੇ ਮੁਕਾਬਲੇ ਇਥੇ ਇਨ੍ਹਾਂ ਵਸਤਾਂ ਦੀ ਵਰਤੋਂ ਵੀ ਮਨਫੀ ਸੀ ਪਰ ਹੁਣ ਨਸ਼ਿਆਂ ਦੇ ਟੀਕੇ, ਕੈਪਸੂਲਾਂ ਅਤੇ ਸਿੰਥੈਟਿਕ ਡਰੱਗ ਦੇ ਨਾਲ ਨਾਲ ਡੋਡੇ ਅਤੇ ਤੰਬਾਕੂ ਦੀ ਖਪਤ ਵੀ ਖੂਬ ਹੋ ਰਹੀ ਹੈ ਜਿਸ ਲਈ ਆਰਥਿਕ ਤੇ ਰਾਜਨੀਤਕ ਕਾਰਨਾਂ ਦੇ ਨਾਲ ਸਭਿਆਚਾਰਕ ਪ੍ਰਦੂਸ਼ਣ ਵੀ ਜ਼ਿੰਮੇਵਾਰ ਹੈ।

ਸਭਿਆਚਾਰਕ ਪ੍ਰਦੂਸ਼ਣ ਸਭ ਤੋਂ ਪਹਿਲਾਂ ਪੰਜਾਬ ਵਿਚ ਨਕਸਲਵਾੜੀ ਲਹਿਰ ਦੀ ਚੜ੍ਹਤ ਵੇਲੇ ਸ਼ੁਰੂ ਹੋਇਆ ਜਦੋਂ ਨੌਜੁਆਨ ਪੀੜ੍ਹੀ ਨੂੰ ਲਹਿਰ ਨਾਲ ਜੋੜਨ ਲਈ ਧਰਮ ਨਾਲੋਂ ਤੋੜਨਾ ਜ਼ਰੂਰੀ ਮੰਨ ਲਿਆ ਗਿਆ। ਪੰਜਾਬੀ ਨੌਜੁਆਨ ਬਹੁਤੇ ਸਿੱਖ ਧਰਮ ਨਾਲ ਜੁੜੇ ਹੋਏ ਸਨ ਅਤੇ ਸਿੱਖ ਧਰਮ ਵਿਚ 'ਕੁੜੀ ਮਾਰ ਅਤੇ ਨੜੀ ਮਾਰ ਨਾਲ' ਸਮਾਜਿਕ ਵਰਤੋਂ ਰੱਖਣ ਦੀ ਵੀ ਮਨਾਹੀ ਹੈ। 60ਵਿਆਂ-70ਵਿਆਂ ਵਿਚ ਪੰਜਾਬ ਵਿਚ 'ਪੀ. ਐਸ. ਯੂ.' ਦੀ ਚੜ੍ਹਾਈ ਸੀ ਅਤੇ ਨੌਜੁਆਨਾਂ ਵਲੋਂ ਪੀ. ਐਸ. ਯੂ. ਦੇ ਮੈਂਬਰ ਹੋਣਾ ਫਖਰ ਸਮਝਿਆ ਜਾਂਦਾ ਸੀ। ਸਿੱਖ ਧਰਮ ਨਾਲੋਂ ਤੋੜਨ ਵਾਸਤੇ ਨਕਸਲਵਾੜੀ ਲਹਿਰ ਨਾਲ ਜੁੜਨ ਵਾਲੇ ਬਹੁਤੇ ਮੁੰਡਿਆਂ ਦੇ ਹੱਥ ਸਿਗਰਟ ਫੜਾਈ ਜਾਂਦੀ ਸੀ। ਉਦੋਂ ਦੇ ਨੌਜੁਆਨ ਹੁਣ ਢਲਦੀ ਉਮਰ ਵਿਚ ਵੀ ਸਿਗਰਟ ਤੋਂ ਖਹਿੜਾ ਨਹੀਂ ਛੁੜਾ ਸਕੇ। ਇਸੇ ਸੋ ਕਾਲਡ ਪ੍ਰੋਗਰੈਸਿਵ ਲਹਿਰ ਦੇ 'ਇੰਟਲੈਕਚੁਅਲ ਵਿੰਗ' ਦੀ ਦੇਣ ਸ਼ਰਾਬ ਦੀ ਆਦਤ ਵੀ ਹੈ ਕਿਉਂਕਿ ਪੱਛਮੀ ਸਾਹਿਤ ਪੜ੍ਹ ਕੇ ਹੋਰ ਕੁਝ ਭਾਵੇਂ ਸਿੱਖਿਆ ਹੋਵੇ ਭਾਵੇਂ ਨਾ ਪਰ ਇਹ ਗੱਲ ਪੱਕੀ ਘਰ ਕਰ ਗਈ ਹੈ ਕਿ ਸ਼ਰਾਬ ਦੀਆਂ ਚੁਸਕੀਆਂ ਨਾਲ ਹੀ 'ਇੰਟਲੈਕਚੁਅਲ' ਬਹਿਸ ਜਾਂ ਵਾਰਤਾਲਾਪ ਸੰਭਵ ਹੈ ਅਤੇ ਜਿਹੜੇ ਲੋਕ ਸ਼ਰਾਬ ਨਹੀਂ ਪੀਂਦੇ ਉਹ ਸ਼ਾਇਦ ਬੁੱਧੀ ਜੀਵੀ ਹਨ ਹੀ ਨਹੀਂ।

ਸਿੱਖ ਭਾਈਚਾਰੇ ਦੇ ਮਨ ਵਿਚ ਪਤਾ ਨਹੀਂ ਕਿੱਥੋਂ ਇਹ ਗਲਤਫਹਿਮੀ ਘਰ ਕਰ ਗਈ ਹੈ ਕਿ ਸ਼ਾਇਦ ਸ਼ਰਾਬ ਅਜਿਹਾ ਨਸ਼ਾ ਨਹੀਂ ਹੈ ਜਿਸ ਦੀ ਸਿੱਖ ਧਰਮ ਵਿਚ ਮਨਾਹੀ ਕੀਤੀ ਗਈ ਹੋਵੇ। ਇਸੇ ਲਈ ਸਭਿਆਚਾਰਕ ਪ੍ਰਦੂਸ਼ਣ ਦਾ ਇੱਕ ਹੋਰ ਪੱਖ ਹੈ ਸ਼ਰਾਬ ਨੂੰ ਹੀ ਪ੍ਰਾਹੁਣਚਾਰੀ ਦਾ ਜ਼ਰੂਰੀ ਹਿੱਸਾ ਮੰਨਣਾ। ਪਹਿਲੇ ਸਮਿਆਂ ਵਿਚ ਸ਼ਰਾਬ ਦੀ ਵਰਤੋਂ ਆਮ ਨਹੀਂ ਸੀ ਹੁੰਦੀ। ਕਿਧਰੇ ਲੋਹੜੀ, ਦੀਵਾਲੀ ਜਾਂ ਕਿਸੇ ਖਾਸ ਮੌਕੇ ਹੀ ਹੁੰਦੀ ਸੀ, ਉਹ ਵੀ ਸੀਮਤ ਮਾਤਰਾ ਵਿਚ। ਮੈਨੂੰ ਹੁਣ ਵੀ ਯਾਦ ਹੈ ਕਿ ਪਿੰਡ ਦੀ ਸਿੰਘ ਸਭਾ ਤੇ ਜਦੋਂ ਤਿੰਨ ਦਿਨ ਦੀਵਾਨ ਸਜਦਾ ਸੀ ਤਾਂ 'ਪੰਮਿਆ' ਪਿੰਡ ਦਾ ਕਵੀਸ਼ਰੀ ਜਥਾ ਜ਼ਰੂਰ ਆਪਣੀ ਹਾਜ਼ਰੀ ਲੁਆਉਂਦਾ ਸੀ। ਉਹ ਹਰ ਵਾਰ ਇੱਕ ਗੱਲ ਸੰਗਤਾਂ ਨੂੰ ਸਮਝਾਉਣ ਲਈ ਬੜੇ ਮਜਾਕੀਆ ਲਹਿਜੇ ਵਿਚ ਕਹਿੰਦੇ ਹੁੰਦੇ ਸੀ, "ਸੰਗਤ ਜੀ! ਕਿਸੇ ਦੇ ਘਰ ਮੁੰਡਾ ਜੰਮਿਆ ਤਾਂ ਵੀ ਸ਼ਰਾਬ, ਉਸ ਦੀ ਲੋਹੜੀ ਆ ਗਈ ਤਾਂ ਵੀ ਸ਼ਰਾਬ ਅਤੇ ਜਦੋਂ ਮੰਗਣਾ ਆ ਗਿਆ ਤਾਂ ਵੀ ਸ਼ਰਾਬ, ਵਿਆਹ 'ਤੇ ਵੀ ਸ਼ਰਾਬ। ਇਹ ਮੁੰਡਾ ਨਾ ਹੋਇਆ, ਸ਼ਰਾਬ ਦਾ ਡਰੰਮ ਜੰਮ ਪਿਆ।" ਪਰ ਸੱਚੀ ਗੱਲ ਇਹ ਹੈ ਕਿ ਸ਼ਰਾਬ ਸਿਰਫ ਅਜਿਹੇ ਮੌਕਿਆਂ 'ਤੇ ਹੀ ਮਹਿਦੂਦ ਹੁੰਦੀ ਸੀ। ਹੁਣ ਆਮ ਘਰਾਂ ਵਿਚ ਵੀ ਆਏ ਗਏ ਦੀ 'ਖਾਤਰ' ਸ਼ਰਾਬ ਨਾਲ ਕੀਤੀ ਜਾਂਦੀ ਹੈ, ਨਾ ਕੀਤੀ ਜਾਵੇ ਤਾਂ ਆਉਣ ਵਾਲਾ ਇਸ ਨੂੰ ਆਪਣੀ ਬੇਇਜ਼ਤੀ ਮੰਨਦਾ ਅਤੇ ਮੇਜ਼ਬਾਨ ਦੀ ਬਦਨਾਮੀ ਕਰਦਾ ਹੈ।

ਰੀਸ ਅਤੇ ਦਿਖਾਵਾ ਕਰਨਾ ਪੰਜਾਬੀਆਂ ਦਾ ਸੁਭਾਅ ਬਣ ਚੁੱਕਾ ਹੈ ਜਿਸ ਵਿਚ ਬਹੁਤ ਹੋਛਾਪਣ ਵੀ ਸ਼ਾਮਲ ਹੈ। ਇੱਕ ਦੂਸਰੇ ਦੀ ਰੀਸ ਕਰਨਾ ਅਤੇ ਉਸ ਤੋਂ ਵਧ ਕੇ ਕਰਨਾ ਉਨ੍ਹਾਂ ਦੀ ਫਿਤਰਤ ਦਾ ਹਿੱਸਾ ਬਣ ਗਿਆ ਹੈ। ਰੀਸੋ ਰੀਸੀ ਵਿਆਹਾਂ 'ਤੇ ਫਜ਼ੂਲ ਖਰਚੀ ਦੇ ਨਾਲ 'ਮੈਰਿਜ ਪੈਲੇਸ ਕਲਚਰ' ਨੇ ਵੀ ਸਭਿਆਚਾਰਕ ਵਿਗਾੜ ਪੈਦਾ ਕਰਨ ਵਿਚ ਬਹੁਤ ਵੱਡੀ ਭੂਮਿਕਾ ਨਿਭਾਈ ਹੈ। ਪਹਿਲੀਆਂ ਵਿਚ ਵੀ ਭਾਵੇਂ ਲੋਕ ਵਿਤ ਮੁਤਾਬਿਕ ਖਰਚ ਕਰਦੇ ਸਨ ਜਿਵੇਂ ਸਰਦੇ ਪੁਜਦੇ ਲੋਕ ਕੁੜੀਆਂ ਦੇ ਵਿਆਹਾਂ 'ਤੇ ਹੋਰ ਦਾਜ ਦੇ ਨਾਲ ਨਾਲ ਘੋੜੀ-ਕੰਠਾ ਦੇਣਾ ਜਾਂ ਵਧੀਆ ਸੇਵਾ ਕਰਨਾ ਆਪਣੀ ਸ਼ਾਨ ਸਮਝਦੇ ਸਨ ਪਰ ਇਸ ਦੇ ਬਾਵਜੂਦ ਵਿਆਹ ਸਾਦੇ ਅਤੇ ਘਰਾਂ ਵਿਚ ਹੀ ਕੀਤੇ ਜਾਂਦੇ ਸਨ। ਸ਼ਰਾਬ ਆਦਿ ਜੰਞ-ਘਰਾਂ ਵਿਚ ਮੁੰਡੇ ਵਾਲਿਆਂ ਵਲੋਂ ਹੀ ਦਿੱਤੀ ਜਾਂਦੀ ਸੀ। ਸਭ ਕੁਝ ਸਿੱਧਾ ਸਾਦਾ ਅਤੇ ਰੌਲੇ-ਰੱਪੇ ਤੋਂ ਰਹਿਤ ਸੁਖਾਵੇਂ ਵਾਤਾਵਰਨ ਵਿਚ ਚਾਅ ਨਾਲ ਹੁੰਦਾ ਸੀ। ਨਾ ਕੋਈ ਬਹੁਤੀ ਫਜ਼ੂਲ-ਖਰਚੀ ਅਤੇ ਨਾ ਹੀ ਧਮੱਚੜ। ਵੱਧ ਤੋਂ ਵੱਧ ਬੈਂਡ-ਵਾਜੇ ਨਾਲ ਕੁੜੀਆਂ ਵਾਲੇ ਕਪੜੇ ਪਾਈ ਨਚਾਰ ਨੱਚਦਾ ਜਾਂਦਾ ਸੀ। ਬਰਾਤ ਭਾਵੇਂ ਦੋ ਰਾਤਾਂ ਠਹਿਰਦੀ ਸੀ ਪਰ ਸਭ ਕੁਝ ਸੁਖਾਵਾਂ ਹੁੰਦਾ ਸੀ। 'ਮੈਰਿਜ ਪੈਲੇਸ' ਕਲਚਰ ਨੇ ਜਿੱਥੇ ਕੁੜੀ ਵਾਲਿਆਂ ਦੇ ਖਰਚੇ ਵਧਾਏ ਹਨ, ਉਥੇ 'ਸ਼ਰਾਬ' ਵਰਗੇ ਨਸ਼ੇ ਨੂੰ ਵੀ ਆਮ ਕੀਤਾ ਹੈ। ਹੁਣ ਹਰ ਮੁੰਡੇ ਵਾਲਾ ਇਹ ਸਿਰਫ ਇੱਛਾ ਹੀ ਨਹੀਂ ਰੱਖਦਾ ਬਲਕਿ ਇਹ ਲਾਜ਼ਮੀ ਹੋ ਗਿਆ ਹੈ ਕਿ ਕੁੜੀ ਵਾਲਿਆਂ ਨੂੰ 'ਮੈਰਿਜ ਪੈਲੇਸ' ਵਿਚ ਆਉਣ ਵਾਲੀ 'ਭੀੜ' ਲਈ ਰੰਗ-ਬਿਰੰਗੀ ਮਹਿੰਗੀ ਸ਼ਰਾਬ ਵੀ ਰੱਖਣੀ ਪੈਂਦੀ ਹੈ। ਇਹ ਬਰਾਤ ਨਹੀਂ ਹੁੰਦੀ 'ਭੀੜ' ਹੀ ਹੁੰਦੀ ਹੈ ਕਿਉਂਕਿ ਇਸ ਵਿਚ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਤੋਂ ਬਿਨਾ ਪੋਲੀਟੀਕਲ ਬੰਦਿਆਂ ਦੀ ਭੀੜ ਦੇ ਨਾਲ ਨਾਲ ਹੋਰ ਵੀ ਜਿਸ ਨੂੰ ਵੀ 'ਓਬਲਾਈਜ਼' ਕਰਨਾ ਹੁੰਦਾ ਹੈ- ਮੁੰਡੇ ਵਾਲੇ 'ਵਿਆਹ' ਤੇ ਸੱਦ ਲੈਂਦੇ ਹਨ। ਦੋ-ਚਾਰ ਸੌ ਕਹਿ ਕੇ ਇਹ 'ਭੀੜ' ਵਿਆਹ ਤੱਕ ਪਹੁੰਚਦੇ ਪਹੁੰਚਦੇ ਕਈ ਵਾਰ ਹਜ਼ਾਰਾਂ ਦੀ ਗਿਣਤੀ ਟੱਪ ਜਾਂਦੀ ਹੈ। ਓਨੇ ਲੱਖ ਰੁਪਿਆ ਕੁੜੀ ਅਤੇ ਸਹੁਰਿਆਂ ਦੇ ਕੱਪੜੇ ਗਹਿਣੇ 'ਤੇ ਖ਼ਰਚ ਨਹੀਂ ਆਉਂਦਾ ਜਿੰਨੇ ਲੱਖ ਦਾ ਬਿਲ ਮੈਰਿਜ ਪੈਲੇਸ ਦਾ ਬਣ ਜਾਂਦਾ ਹੈ।

ਪਹਿਲੇ ਸਮਿਆਂ ਵਿਚ ਵਿਆਹਾਂ ਦੌਰਾਨ ਪਿਉ-ਪੁੱਤ ਇਕੱਠੇ ਬੈਠ ਕੇ ਨਹੀਂ ਸੀ ਪੀਂਦੇ ਪਰ ਇਸ ਨਵੇਂ ਸਭਿਆਚਾਰ ਦੀ ਦੇਣ ਹੀ ਹੈ ਕਿ ਪੁੱਤਾਂ ਨੇ ਆਪਣੇ ਦੋਸਤਾਂ ਨਾਲ ਅਲੱਗ ਟੇਬਲ ਸਜਾਇਆ ਹੁੰਦਾ ਹੈ ਅਤੇ ਬਾਪ ਨੇ ਅਲੱਗ। ਕਈ ਵਾਰ ਤਾਂ ਇੱਕੋ ਟੇਬਲ ਤੇ ਪਿਉ, ਦਾਦਾ ਤੇ ਪੋਤਾ ਬੈਠ ਕੇ ਪੀਂਦੇ ਹਨ। ਇਸ ਨਾਲ ਬੱਚਿਆਂ ਵਿਚ ਜੋ ਝਾਕਾ ਜਾਂ ਅੱਖ ਦੀ ਸ਼ਰਮ ਹੁੰਦੀ ਸੀ, ਉਹ ਜਾਂਦੀ ਲੱਗੀ ਹੈ। ਕੌਣ ਕਿਸ ਨੂੰ ਕਹੇਗਾ ਕਿ ਕਿਹੜਾ ਰਾਹ ਗਲਤ ਹੈ ਅਤੇ ਕਿਹੜਾ ਠੀਕ? ਮੈਰਿਜ ਪੈਲੇਸ ਕਲਚਰ ਨੇ ਹੀ ਨਵੇਂ ਨਵੇਂ ਗਾਇਕਾਂ ਨੂੰ ਜਨਮ ਦਿੱਤਾ ਹੈ ਜਿਹੜੇ ਆਪਣੇ ਗੀਤਾਂ ਰਾਹੀਂ ਜਿੱਥੇ ਪੰਜਾਬੀ ਸਭਿਆਚਾਰ ਨੂੰ ਆਪਣੀ ਗਾਇਕੀ ਅਤੇ ਇਸ ਦੇ ਪ੍ਰਦਰਸ਼ਨ ਰਾਹੀਂ ਤਰ੍ਹਾਂ ਤਰ੍ਹਾਂ ਨਾਲ ਗੰਧਲਾ ਕਰ ਰਹੇ ਹਨ, ਉਥੇ ਆਪਣੀ ਗਾਇਕੀ ਰਾਹੀਂ ਸ਼ਰਾਬ ਦਾ ਵੀ ਖੂਬ ਪ੍ਰਚਾਰ ਕਰਦੇ ਹਨ ਜਿਵੇਂ ਸ਼ਰਾਬ ਤੋਂ ਬਿਨਾ ਪੰਜਾਬੀ ਬੰਦੇ ਦੀ ਹੋਰ ਕੋਈ ਪਹਿਚਾਣ ਹੀ ਨਹੀ ਹੈ। ਪੰਜਾਬੀ ਦਾ ਕੋਈ ਵਿਰਲਾ ਹੀ ਗਾਇਕ ਹੋਵੇਗਾ ਜਿਸ ਨੇ ਆਪਣੇ ਇੱਕ ਜਾਂ ਦੂਜੇ ਗੀਤ ਵਿਚ ਸ਼ਰਾਬ ਦੇ ਸੋਹਲੇ ਨਾ ਗਾਏ ਹੋਣ।

ਸਰਕਾਰਾਂ ਕਦੀ ਵੀ ਨਹੀਂ ਚਾਹੁੰਦੀਆਂ ਕਿ ਲੋਕ ਜਾਗਣ ਜਾਂ ਚੇਤੰਨ ਹੋਣ ਕਿਉਂਕਿ ਲੋਕ ਜਿੰਨੀ ਮਾਤਰਾ ਵਿਚ ਵੱਧ ਨਸ਼ੇੜੀ ਜਾਂ ਸੁੱਤੇ ਹੋਏ ਹੋਣਗੇ, ਓਨੀ ਮਾਤਰਾ ਵਿਚ ਹੀ ਉਹ ਸਰਕਾਰ ਦੀ ਨਾਲਾਇਕੀ ਤੇ ਕਿੰਤੂ-ਪ੍ਰੰਤੂ ਘੱਟ ਕਰਨਗੇ, ਬਲਕਿ ਅਵੇਸਲੇ ਹੀ ਹੋ ਰਹਿਣਗੇ। ਇਸ ਲਈ ਇਹ ਸਮਾਜ-ਸੇਵੀ ਸੰਸਥਾਵਾਂ ਅਤੇ ਲੋਕਾਂ ਦਾ ਭਲਾ ਚਾਹੁਣ ਵਾਲਿਆਂ ਦਾ ਫ਼ਰਜ਼ ਬਣਦਾ ਹੈ ਕਿ ਉਹ ਨੌਜੁਆਨਾਂ ਅੰਦਰ ਚੇਤਨਾ ਪੈਦਾ ਕਰਨ, ਉਨ੍ਹਾਂ ਨੂੰ ਸੁਚਾਰੂ ਪਾਸੇ ਲਾਉਣ ਅਤੇ ਆਪਣੇ ਹੱਕਾਂ ਲਈ ਸੁਚੇਤ ਕਰਨ। ਪੰਜਾਬ ਤਬਾਹੀ ਵੱਲ ਬੜੀ ਤੀਬਰਤਾ ਨਾਲ ਵੱਧ ਰਿਹਾ ਹੈ। ਜੇ ਇਸ ਦੀ ਨੌਜੁਆਨ ਪੀੜ੍ਹੀ ਹੀ ਨਸ਼ਿਆਂ ਵਿਚ ਗਰਕ ਗਈ ਫਿਰ ਕਿਹੜਾ ਖਾਲਸਾ ਅਤੇ ਕੀਹਦੇ ਲਈ ਉਹ ਸਭ ਕੁਝ ਜਿਸ ਦੇ ਰੋਜ਼ ਨਾਹਰੇ ਲਗਦੇ ਹਨ।

## ਬਾਬੇ-ਕੇ ਬਨਾਮ ਪਾਧੇ-ਕੇ

ਹੱਕ ਸੱਚ ਦੇ ਮਾਪ ਵਾਲਾ,
ਚੰਗੇ ਇਖਲਾਕ ਵਾਲਾ।
ਬਿਪਰਾਂ ਨੂੰ ਭਾ ਨਹੀਂ ਸਕਦਾ,
ਨਾਨਕ ਦੇ ਜਾਪ ਵਾਲਾ।
ਪਾਧੇ ਤੇ ਪਾਧੇ ਕਿਆਂ ਨੂੰ,
ਬਾਬੇ ਤੇ ਬਾਬੇ ਕਿਆਂ ਵਿਚ,
ਲਗਦਾ ਸੀ ਕੋਈ ਵੱਖਰਾ,
ਜਜ਼ਬਾ ਖੜਾਕ ਵਾਲਾ।
ਲੁੱਟਦੇ ਜੋ ਕਿਰਤੀਆਂ ਨੂੰ,
ਮਜ਼ਹਬ ਦੀ ਆੜ ਲੈ ਕੇ,
ਘੜ-ਘੜ ਕੇ ਸ਼ਰਧਾ-ਊਲ੍ਹ,
ਧੰਦਾ ਜੋ ਪਾਪ ਵਾਲਾ।
ਨਸਲਾਂ ਦੀ ਘਾਤ ਖਾਤਿਰ,
ਕੀਤੇ ਜੋ ਘੱਲੂਘਾਰੇ,
ਕਿੱਦਾਂ ਸਮਾਂ ਉਹ ਭੁੱਲੇ,
ਭੋਗੇ ਸੰਤਾਪ ਵਾਲਾ।
ਅਣਖਾਂ ਦੇ ਨਾਲ ਜੀਣਾ,
ਹੱਕ-ਸੱਚ ਲਈ ਲੜ ਕੇ ਮਰਨਾ,
ਨਾਨਕ ਨੇ ਦੱਸਿਆ ਰਸਤਾ,
ਕਿਰਦਾਰ ਪਾਕ ਵਾਲਾ।
ਲੋਕਾਂ ਨੂੰ ਵੰਡ ਕੇ ਵਰਗੀਂ,
ਚੱਲਦੀ ਹੈ ਜਿਸ ਦੀ ਰੋਟੀ,
ਰਸਤਾ ਉਹ ਕਿੰਜ ਕਬੂਲੇ,
ਸਭ ਦੇ ਮਿਲਾਪ ਵਾਲਾ।
ਲਗਦਾ ਹੈ ਪਾਧੇ ਕਿਆਂ ਨੂੰ,
ਝੰਡਾ ਬਗਾਵਤੀ ਜਿਹਾ,
ਭਾਵੇਂ ਕੈਲੰਡਰ ਹੋਵੇ,
ਨਾਨਕ ਦੀ ਛਾਪ ਵਾਲਾ।
ਬਾਬੇ ਦੇ ਦੱਸੇ ਰਸਤੇ,
ਬਾਬੇ-ਕੇ ਤੁਰ ਰਹੇ ਨੇ,
ਛਿੱਤਰਾਂ 'ਨਾ ਕੁੱਟ ਕੇ ਫਤਵਾ,
ਬਿਪਰਾਂ ਦੇ ਬਾਪ ਵਾਲਾ।

-ਡਾ. ਗੁਰਮੀਤ ਸਿੰਘ ਬਰਸਾਲ

**ਗੁਰਬਾਣੀ ਗਿਆਨ**

## ਜੀਅ ਜੁਗਤਿ ਜਾ ਕੈ ਹੈ ਹਾਥ

**ਗਉੜੀ ਗੁਆਰੇਰੀ ਮਹਲਾ ੫**
ਜੀਅ ਜੁਗਤਿ ਜਾ ਕੈ ਹੈ ਹਾਥ॥
ਸੋ ਸਿਮਰਹੁ ਅਨਾਥ ਕੋ ਨਾਥੁ॥
ਪ੍ਰਭ ਚਿਤਿ ਆਏ ਸਭੁ ਦੁਖੁ ਜਾਇ॥
ਭੈ ਸਭ ਬਿਨਸਹਿ ਹਰਿ ਕੈ ਨਾਇ॥੧॥
ਬਿਨੁ ਹਰਿ ਭਉ ਕਾਹੇ ਕਾ ਮਾਨਹਿ॥
ਹਰਿ ਬਿਸਰਤ
ਕਾਹੇ ਸੁਖੁ ਜਾਨਹਿ॥੧॥ਰਹਾਉ॥
ਜਿਨਿ ਧਾਰੇ ਬਹੁ ਧਰਣਿ ਅਗਾਸ॥
ਜਾ ਕੀ ਜੋਤਿ ਜੀਅ ਪਰਗਾਸ॥
ਜਾ ਕੀ ਬਖਸ ਨ ਮੇਟੈ ਕੋਇ॥
ਸਿਮਰਿ ਸਿਮਰਿ
ਪ੍ਰਭੁ ਨਿਰਭਉ ਹੋਇ॥੨॥
ਆਠ ਪਹਰ ਸਿਮਰਹੁ ਪ੍ਰਭ ਨਾਮੁ॥
ਅਨਿਕ ਤੀਰਥ ਮਜਨੁ ਇਸਨਾਨੁ॥
ਪਾਰਬ੍ਰਹਮ ਕੀ ਸਰਣੀ ਪਾਹਿ॥
ਕੋਟਿ ਕਲੰਕ
ਖਿਨ ਮਹਿ ਮਿਟਿ ਜਾਹਿ॥੩॥
ਬੇਮੁਹਤਾਜੁ ਪੂਰਾ ਪਾਤਿਸਾਹੁ॥
ਪ੍ਰਭ ਸੇਵਕ ਸਾਚਾ ਵੇਸਾਹੁ॥
ਗੁਰਿ ਪੂਰੈ ਰਾਖੇ ਦੇ ਹਾਥ॥
ਨਾਨਕ ਪਾਰਬ੍ਰਹਮ ਸਮਰਾਥ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸ਼ਬਦ ਵਿਚ ਉਪਦੇਸ਼ ਕਰਦੇ ਹਨ- ਹੇ ਭਾਈ! ਉਹ ਮਿਹਰਵਾਨ ਪ੍ਰਭੂ ਜੋ ਅਨਾਥਾਂ ਦਾ ਨਾਥ ਹੈ, ਉਸ ਦੇ ਨਾਮ ਦਾ ਸਿਮਰਨ ਕਰ, ਜਿਸ ਦੇ ਹੱਥ ਵਿਚ ਸਭ ਜੀਵਾਂ ਦੇ ਜੀਵਨ ਚਲਾਉਣ ਦੀ ਜੁਗਤਿ ਹੈ; ਪ੍ਰਭ ਚਿਤਿ ਆਏ ਸਭੁ ਦੁਖੁ ਜਾਇ, ਉਹ ਪਿਆਰਾ ਪ੍ਰਭੂ ਜੋ ਜੀਵ ਦੇ ਮਨ ਵਿਚ ਵੱਸ ਪਵੇ, ਤਾਂ ਜੀਵ ਦਾ ਹਰ ਦੁੱਖ ਦੂਰ ਹੋ ਜਾਂਦਾ ਹੈ; ਭੈ ਸਭ ਬਿਨਸਹਿ ਹਰਿ ਕੈ ਨਾਇ, ਪਰਮੇਸ਼ਰ ਦੇ ਨਾਮ ਸਿਮਰਨ ਦੀ ਬਰਕਤਿ ਨਾਲ ਸਾਰੇ ਡਰ-ਭੈਅ ਨਾਸ ਹੋ ਜਾਂਦੇ ਹਨ।

ਬਿਨੁ ਹਰਿ ਭਉ ਕਾਹੇ ਕਾ ਮਾਨਹਿ॥
ਹਰਿ ਬਿਸਰਤ
ਕਾਹੇ ਸੁਖੁ ਜਾਨਹਿ॥੧॥ਰਹਾਉ॥

ਰਹਾਉ ਦੀ ਪੰਕਤੀ ਵਿਚ ਸੰਸਾਰ ਦੇ ਤਾਰਨਹਾਰ ਗੁਰਦੇਵ ਪਿਤਾ ਜੀਵ ਨੂੰ ਕਿੰਨੇ ਪਿਆਰ ਨਾਲ ਸਮਝਾਉਂਦੇ ਹੋਏ ਆਖਦੇ ਹਨ- ਹੇ ਜੀਵ! ਤੂੰ ਉਸ ਜਗਤ ਦੇ ਮਾਲਕ ਪ੍ਰਭੂ ਤੋਂ ਬਿਨਾਂ ਹੋਰ ਕਿਸੇ ਦਾ ਡਰ ਕਿਉਂ ਮੰਨਦਾ ਹੈਂ। ਹੇ ਭਾਈ! ਉਸ ਮਾਲਕ ਹਰੀ ਪਰਮਾਤਮਾ ਨੂੰ ਵਿਸਾਰ ਕੇ ਤੂੰ ਇਸ ਸੰਸਾਰ ਵਿਚ ਹੋਰ ਕਿਹੜਾ ਸੁੱਖ ਪ੍ਰਾਪਤ ਕਰ ਸਕਦਾ ਹੈਂ; ਸਾਰੇ ਸੁੱਖ, ਸਾਰੀਆਂ ਬਖਸ਼ਿਸ਼ਾਂ ਦਾ ਮਾਲਕ ਉਹ ਪ੍ਰਭੂ ਹੀ ਹੈ, ਤੂੰ ਉਸੇ ਦਾ ਸਿਮਰਨ ਕਰ।

ਜਿਨਿ ਧਾਰੇ ਬਹੁ ਧਰਣਿ ਅਗਾਸ॥
ਜਾ ਕੀ ਜੋਤਿ ਜੀਅ ਪਰਗਾਸ॥
ਜਾ ਕੀ ਬਖਸ ਨ ਮੇਟੈ ਕੋਇ॥
ਸਿਮਰਿ ਸਿਮਰਿ ਪ੍ਰਭੁ ਨਿਰਭਉ ਹੋਇ॥੨॥

ਪੰਜਵੇਂ ਸਤਿਗੁਰੂ ਉਸ ਮਾਲਕ ਵੀ ਸਿਫਤਿ ਸਾਲਾਹ ਕਰਦੇ ਆਖਦੇ ਹਨ- ਹੇ ਭਾਈ! ਉਸ ਮਾਲਕ ਦੇ ਨਾਮ ਦਾ ਸਿਮਰਨ ਕਰਦਾ ਰਹੁ ਜਿਸ ਨੇ ਅਨੇਕਾਂ ਹੀ ਧਰਤੀਆਂ ਅਤੇ ਅਕਾਸ਼ਾਂ ਨੂੰ ਸਹਾਰਾ ਦੇ ਕੇ ਰੱਖਿਆ ਹੋਇਆ ਹੈ, ਤੇ ਜਿਸ ਦੀ ਜੋਤਿ ਸਾਰੇ ਹੀ ਜੀਵਾਂ ਵਿਚ ਚਾਨਣ ਕਰ ਰਹੀ ਹੈ। ਹੇ ਭਾਈ! ਜਿਸ ਦੀ ਕੀਤੀ ਹੋਈ ਬਖ਼ਸ਼ਿਸ਼ ਨੂੰ ਕੋਈ ਮਿਟਾ ਨਹੀਂ ਸਕਦਾ; ਜੋ ਜੀਵ ਪ੍ਰਭੂ ਦਾ ਸਿਮਰਨ ਕਰਦਾ ਹੈ, ਉਹ ਸਾਰੇ ਡਰਾਂ ਵਲੋਂ ਨਿਡਰ ਹੋ ਜਾਂਦਾ ਹੈ।

ਆਠ ਪਹਰ ਸਿਮਰਹੁ ਪ੍ਰਭ ਨਾਮੁ॥
ਅਨਿਕ ਤੀਰਥ ਮਜਨੁ ਇਸਨਾਨੁ॥
ਪਾਰਬ੍ਰਹਮ ਕੀ ਸਰਣੀ ਪਾਹਿ॥
ਕੋਟਿ ਕਲੰਕ
ਖਿਨ ਮਹਿ ਮਿਟਿ ਜਾਹਿ॥੩॥

ਆਠ ਪਹਰ ਸਿਮਰਹੁ ਪ੍ਰਭ ਨਾਮੁ, ਇਨ੍ਹਾਂ ਪੰਕਤੀਆਂ ਵਿਚ ਸਤਿਗੁਰੂ ਆਖਦੇ ਹਨ- ਹੇ ਭਾਈ! ਤੂੰ ਉਸ ਮਿਹਰਵਾਨ ਪ੍ਰਭੂ ਦਾ ਨਾਮ ਅੱਠੇ ਪਹਿਰ, ਭਾਵ ਹਰ ਵੇਲੇ ਹੀ ਸਿਮਰਦਾ ਰਿਹਾ ਕਰ; ਪ੍ਰਭੂ ਦਾ ਨਾਮ ਸਿਮਰਨ ਹੀ ਅਨੇਕਾਂ ਤੀਰਥਾਂ ਦਾ ਇਸ਼ਨਾਨ ਹੈ। ਹੇ ਜੀਵ ਸੁਣ! ਜੇ ਤੂੰ ਉਸ ਬਖਸ਼ਣਹਾਰ ਪ੍ਰਭੂ ਦੀ ਸ਼ਰਨ ਪੈ ਜਾਵੇਂ ਤਾਂ ਤੇਰੇ ਕਰੋੜਾਂ ਹੀ ਪਾਪ, ਕਲੰਕ ਇਕ ਪਲ ਵਿਚ ਨਾਸ ਹੋ ਜਾਣ। ਸੋ, ਤੂੰ ਸਿਮਰਨ ਕਰ।

ਬੇਮੁਹਤਾਜੁ ਪੂਰਾ ਪਾਤਿਸਾਹੁ॥
ਪ੍ਰਭ ਸੇਵਕ ਸਾਚਾ ਵੇਸਾਹੁ॥
ਗੁਰਿ ਪੂਰੈ ਰਾਖੇ ਦੇ ਹਾਥ॥
ਨਾਨਕ ਪਾਰਬ੍ਰਹਮ ਸਮਰਾਥ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਆਖਦੇ ਹਨ- ਹੇ ਭਾਈ! ਉਸ ਸੰਸਾਰ ਦੇ ਮਾਲਕ ਨੂੰ ਕਿਸੇ ਦੀ ਵੀ ਮੁਥਾਜੀ ਨਹੀਂ ਹੈ, ਉਹ ਸਭ ਤਾਕਤਾਂ ਦਾ ਮਾਲਕ ਹੈ, ਪਾਤਸ਼ਾਹ ਹੈ; ਉਸ ਵੱਡੇ ਪਾਤਸ਼ਾਹ ਦੇ ਸੇਵਕਾਂ ਨੂੰ ਆਪਣੇ ਮਾਲਕ ਦਾ ਅਟੱਲ ਭਰੋਸਾ ਰਹਿੰਦਾ ਹੈ। ਹੇ ਭਾਈ! ਉਹ ਪਾਤਸ਼ਾਹ ਪੂਰੇ ਗੁਰੂ ਦੇ ਰਾਹੀਂ ਆਪਣੇ ਪਿਆਰਿਆਂ ਨੂੰ ਸਭ ਤਕਲੀਫਾਂ ਤੋਂ ਆਪ ਹੱਥ ਦੇ ਕੇ ਬਚਾਉਂਦਾ ਹੈ, ਉਸ ਬੇਮੁਥਾਜੇ ਮਾਲਕ ਦਾ ਨਾਮ ਜਪ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਕਹਾਣੀ ਇਉਂ ਤੁਰੀ-4



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com

# ਦਿੱਲੀ ਦੇ ਸਾਹਿਤਕ ਦਰਿਆ


*ਪੰਜਾਬੀ ਕਹਾਣੀ ਜਗਤ ਵਿਚ ਗੁਰਬਚਨ ਸਿੰਘ ਭੁੱਲਰ ਦਾ ਨਿਵੇਕਲਾ ਅਤੇ ਨਿਆਰਾ ਸਥਾਨ ਹੈ। ਉਨ੍ਹਾਂ ਦੀਆਂ ਕਹਾਣੀਆਂ ਵਿਚ ਪੰਜਾਬ, ਖਾਸ ਕਰ ਕੇ ਮਾਲਵਾ ਖਿੱਤੇ ਦਾ ਰੰਗ ਪੂਰੇ ਜਲੌਅ ਅਤੇ ਸਿਦਕ ਨਾਲ ਪੇਸ਼ ਹੋਇਆ ਹੈ। ਆਪਣੀ ਪਹਿਲੀ ਹੀ ਕਹਾਣੀ 'ਰਾਤਾਂ ਕਾਲੀਆਂ' ਅਤੇ ਫਿਰ ਪਹਿਲੀ ਹੀ ਕਿਤਾਬ 'ਓਪਰਾ ਮਰਦ' ਨਾਲ ਉਨ੍ਹਾਂ ਪੰਜਾਬੀ ਸਾਹਿਤ ਜਗਤ ਦਾ ਧਿਆਨ ਵਾਹਵਾ ਖਿੱਚ ਲਿਆ ਸੀ, ਤੇ ਚੋਟੀ ਦੇ ਲੇਖਕਾਂ ਵਿਚ ਸ਼ੁਮਾਰ ਹੋ ਗਏ ਸਨ। ਹਾਲ ਹੀ ਵਿਚ ਉਨ੍ਹਾਂ ਦਾ ਪਲੇਠਾ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਪ੍ਰਕਾਸ਼ਤ ਹੋਇਆ ਹੈ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਆਪਣੀ ਲੰਮੀ ਲੇਖ ਲੜੀ 'ਕਹਾਣੀ ਇਉਂ ਤੁਰੀ' ਭੇਜੀ ਹੈ ਜਿਸ ਵਿਚ ਉਨ੍ਹਾਂ ਆਪਣੀ ਕਹਾਣੀ ਯਾਤਰਾ ਬਾਰੇ ਨਿੱਠ ਕੇ ਗੱਲਾਂ ਕੀਤੀਆਂ ਹਨ। ਉਂਜ, ਇਸ ਕਹਾਣੀ ਯਾਤਰਾ ਵਿਚ ਉਨ੍ਹਾਂ ਅਜਿਹਾ ਸਭਿਆਚਾਰਕ-ਸਮਾਜਕ ਰੰਗ ਭਰਿਆ ਹੈ ਕਿ ਇਸ ਕਹਾਣੀ ਯਾਤਰਾ ਦੇ ਪਿਛੇ ਪੰਜਾਬ ਦੀਆਂ ਹੇਕਾਂ ਸੁਣਾਈ ਦਿੰਦੀਆਂ ਹਨ। ਇਹ ਦਿਲਚਸਪ ਲੇਖ ਲੜੀ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਐਤਕੀਂ ਉਨ੍ਹਾਂ ਦਿੱਲੀ ਦੀਆਂ ਸਾਹਿਤਕ ਹਸਤੀਆਂ ਬਾਰੇ ਗੱਲਾਂ ਛੇੜੀਆਂ ਹਨ। -ਸੰਪਾਦਕ*



*ਲੋਕਧਾਰਾ ਦੇ ਕੋਸ਼ ਡਾ. ਵਣਜਾਰਾ ਬੇਦੀ*

ਹੁਣ ਤਾਂ ਪੰਜਾਬ ਅੰਗ-ਅੰਗ ਕੱਟੇ ਜਾਣ ਨਾਲ ਢਾਈ ਆਬ ਬਣ ਗਿਆ ਹੈ। ਪੂਰੇ ਪੰਜਾਬ ਦਾ ਤਾਂ ਨਾਂ ਹੀ ਉਸ ਵਿਚ ਵਗਦੇ ਪੰਜ ਦਰਿਆਵਾਂ ਸਦਕਾ ਪਿਆ ਸੀ। ਜਦੋਂ ਮੈਂ ਦਿੱਲੀ ਪਹੁੰਚਿਆ, ਉਥੇ ਪੰਜਾਬੀ ਸਾਹਿਤ ਦੇ ਢਾਈ ਨਹੀਂ, ਪੰਜ ਵੀ ਨਹੀਂ, ਅਨੇਕ ਦਰਿਆ ਭਰ ਵਗਦੇ ਸਨ। ਇਹ ਸਭ ਅਜਿਹੇ ਲੋਕ ਸਨ ਜਿਨ੍ਹਾਂ ਨੂੰ ਜਦੋਂ ਵੀ ਮਿਲੋ, ਤੁਹਾਡੇ ਪੱਲੇ ਕੁਝ ਨਾ ਕੁਝ ਜ਼ਰੂਰ ਪੈਂਦਾ ਸੀ।

ਪ੍ਰਮੁੱਖ ਪ੍ਰਕਾਸ਼ਕ ਭਾਪਾ ਪ੍ਰੀਤਮ ਸਿੰਘ ਅਤੇ ਪ੍ਰਮੁੱਖ ਕਵਿੱਤਰੀ ਅੰਮ੍ਰਿਤਾ ਪ੍ਰੀਤਮ ਨਾਲ ਵਾਹ



*ਗਿਆਨ ਦਾ ਭੰਡਾਰ ਡਾ. ਹਰਿਭਜਨ ਸਿੰਘ*

ਪੈਣ ਮਗਰੋਂ ਮੇਰਾ ਵਾਹ ਦੇਵਿੰਦਰ ਸਤਿਆਰਥੀ ਨਾਲ ਪਿਆ। ਉਨ੍ਹਾਂ ਨੂੰ ਜੇ ਸਾਕਾਰ ਸ਼ਬਦ ਤੇ ਸਾਕਾਰ ਸਾਹਿਤ ਆਖ ਲਈਏ, ਕੋਈ ਅਤਿਕਥਨੀ ਨਹੀਂ। ਮਗਰੋਂ ਦੇ ਬਹੁਤ ਲੰਮੇ ਤੇ ਨੇੜਲੇ ਵਾਹ ਸਮੇਂ ਮੈਂ ਦੇਖਿਆ, ਸਾਹਿਤ ਤੋਂ ਬਿਨਾਂ ਉਨ੍ਹਾਂ ਦਾ ਹੋਰ ਕੋਈ ਜੀਵਨ ਹੈ ਹੀ ਨਹੀਂ ਸੀ। ਘਰ-ਕਬੀਲਦਾਰੀ ਦੇ ਨੰਗਪੁਣੇ ਦੀਆਂ ਕੁੰਜੀਆਂ ਜੀਵਨ-ਸਾਥਣ, ਜਿਸ ਨੂੰ ਉਹ ਲੋਕ-ਮਾਤਾ ਆਖਦੇ ਸਨ, ਨੂੰ ਸੌਂਪ ਕੇ ਉਹ ਪੂਰੀ ਤਰ੍ਹਾਂ ਸਾਹਿਤ-ਸੰਨਿਆਸੀ ਹੋ ਗਏ। ਕਦੋਂ ਘਰੋਂ ਨਿਕਲਦੇ ਤੇ ਕਦੋਂ ਘਰ ਵੜਦੇ, ਇਹਦੀ ਪਰਵਾਹ ਉਨ੍ਹਾਂ ਨੂੰ ਕਦੀ ਹੋਈ ਹੀ ਨਹੀਂ ਸੀ, ਅੱਕ-ਥੱਕ ਕੇ ਲੋਕ-ਮਾਤਾ ਨੇ ਵੀ ਇਹ ਪਰਵਾਹ ਕਰਨੀ ਛੱਡ ਦਿੱਤੀ ਸੀ। ਕੱਛੇ ਮਾਰਿਆ ਕਿਤਾਬਾਂ-ਰਸਾਲਿਆਂ ਤੇ ਆਪਣੇ ਖਰੜਿਆਂ ਦਾ ਪੁਲੰਦਾ, ਉਹ ਕਾਫ਼ੀ ਹਾਊਸ ਜਾਂ ਨਵਯੁਗ ਬੈਠੇ ਮਿਲਦੇ ਜਾਂ ਫੇਰ ਕਿਸੇ ਸੜਕ ਦੇ ਕਿਨਾਰੇ ਕਿਨਾਰੇ ਤੁਰੇ ਜਾਂਦੇ ਦਿਸਦੇ।


ਇਕ ਵਾਰ ਮੈਂ ਪੁੱਛਿਆ, "ਸਤਿਆਰਥੀ ਜੀ, ਤੁਸੀਂ ਅੰਮ੍ਰਿਤ ਵੇਲੇ ਘਰੋਂ ਨਿੱਕਲ ਤੁਰਦੇ ਹੋ ਤੇ ਡੂੰਘੇ ਸੋਤੇ ਘਰ ਵੜਦੇ ਹੋ, ਲਿਖਦੇ ਕਿਸ ਸਮੇਂ ਹੋ?" ਬੋਲੇ, "ਸੁਬਹ-ਸਵੇਰੇ ਜਦੋਂ ਮੇਰੀ ਨੀਂਦ ਪਹਿਲੀ ਵਾਰ ਟੁਟਦੀ ਹੈ, ਤਿੰਨ ਵੱਜੇ ਹੋਣ ਚਾਹੇ ਚਾਰ, ਮੈਂ ਜਾਗ ਕੇ ਕਾਨੀ-ਕਾਗ਼ਜ਼ ਚੁੱਕ ਲੈਂਦਾ ਹਾਂ। ਭੁੱਲਰ ਜੀ, ਇਸ ਉਮਰ ਵਿਚ ਨੀਂਦ ਦੁਬਾਰਾ ਤਾਂ ਚੱਜ ਨਾਲ ਆਉਂਦੀ ਨਹੀਂ। ਅਧ-ਸੁੱਤੇ, ਅਧ-ਜਾਗਦੇ ਉਸਲਵੱਟੇ ਲੈਂਦੇ ਰਹਿਣ ਦਾ ਕੀ ਫ਼ਾਇਦਾ?" ਹੁਣ ਜਦੋਂ ਮੈਂ ਆਪ ਉਨ੍ਹਾਂ ਦੀ ਉਸ ਸਮੇਂ ਦੀ ਉਮਰ ਨੂੰ ਪਹੁੰਚ ਗਿਆ ਹਾਂ, ਉਨ੍ਹਾਂ ਦਾ ਇਹ ਗੁਰ ਬਹੁਤ ਕੰਮ ਆਉਂਦਾ ਹੈ।

ਕੁਲਵੰਤ ਸਿੰਘ ਵਿਰਕ ਪੰਜਾਬ ਸਰਕਾਰ ਦੇ ਇਕ ਦਿੱਲੀ ਦਫ਼ਤਰ ਵਿਚ ਅਧਿਕਾਰੀ ਸਨ। ਉਨ੍ਹਾਂ ਦਾ ਦਫ਼ਤਰ ਮੇਰੇ ਦਫ਼ਤਰ ਦੇ ਨੇੜੇ ਹੀ ਹੋਣ ਕਰ ਕੇ ਉਨ੍ਹਾਂ ਨਾਲ ਕਈ ਵਾਰ ਮਿਲਣ ਦਾ ਮੌਕਾ ਬਣ ਜਾਂਦਾ। ਉਹ ਉਨ੍ਹਾਂ ਕਹਾਣੀਕਾਰਾਂ ਵਿਚੋਂ ਮੁੱਖ ਸਨ ਜਿਨ੍ਹਾਂ ਦੀ ਕਹਾਣੀ ਲਿਖਣ ਦੀ ਜੁਗਤ ਨੇ ਮੈਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਸੀ। ਉਨ੍ਹਾਂ ਦੀ ਕਹਾਣੀ ਦਾ ਵੱਡਾ ਗੁਣ ਇਹ ਸੀ ਕਿ ਉਸ ਵਿਚ ਵਾਧੂ ਫ਼ਿਕਰਾ ਇਕ ਵੀ ਨਹੀਂ ਸੀ ਹੁੰਦਾ। ਫ਼ਿਕਰੇਬਾਜ਼ੀ ਦੇ ਲੋਭ ਵਿਚ ਉਹ ਭਾਸ਼ਾ ਦਾ ਖਿਲਾਰਾ ਨਹੀਂ ਸਨ ਪਾਉਂਦੇ। ਉਨ੍ਹਾਂ ਦੀ ਕਹਾਣੀ ਵਿਚਲੀ ਕਹਾਣੀ ਬਿਲਕੁਲ ਲੋੜੀਂਦੀ ਭਾਸ਼ਾ ਦੇ ਸਹਾਰੇ, ਘੁੰਮਦੀ ਮੱਛੀ ਦੀ ਅੱਖ ਵੱਲ ਸਿੱਧੇ ਜਾ ਰਹੇ ਅਰਜਨ ਦੇ ਤੀਰ ਵਾਂਗ, ਸਿੱਧੀ ਆਪਣੇ ਨਿਸ਼ਾਨੇ ਵੱਲ ਵਧਦੀ।

ਗੱਲਾਂ ਕਰਦਿਆਂ ਉਹ ਚੁੱਪ ਕਰ ਕੇ ਜਾਂ ਵੱਧ ਤੋਂ ਵੱਧ ਹੁੰਗਾਰੇ ਵਜੋਂ ਮੁਸਕਰਾਉਂਦੇ ਰਹਿ ਕੇ ਤੁਹਾਡੀ ਬਹੁਤੀ ਸੁਣਦੇ, ਆਪਣੀ ਘੱਟ ਸੁਣਾਉਂਦੇ। ਤੁਹਾਡੇ ਚਾਰ ਫ਼ਿਕਰਿਆਂ ਦਾ ਮੁਕੰਮਲ ਜਵਾਬ ਉਹ ਚਾਰ ਸ਼ਬਦਾਂ ਵਿਚ ਨਬੇੜ ਦਿੰਦੇ। ਜੇ ਤੁਹਾਡੇ ਬੈਠਿਆਂ ਕਿਸੇ ਦਾ ਫੋਨ ਆ ਜਾਂਦਾ, ਉਹ "ਹੂੰ...ਹਾਂ...ਅੱਛਾ..." ਵਿਚ ਜਵਾਬ ਦਿੰਦੇ ਤੇ ਫੋਨ ਰੱਖ ਦਿੰਦੇ। ਉਨ੍ਹਾਂ ਦਾ ਮੱਤ ਸੀ, ਭਾਸ਼ਾ ਲੇਖਕ ਦੀ ਪੂੰਜੀ ਹੁੰਦੀ ਹੈ। ਕੋਈ ਵੀ ਸਿਆਣਾ ਬੰਦਾ ਪੂੰਜੀ ਨੂੰ ਐਵੇਂ ਹੀ ਨਹੀਂ ਰੋੜ੍ਹਦਾ। ਲੇਖਕ ਨੂੰ ਵੀ ਆਪਣੀ ਸ਼ਬਦਾਂ ਦੀ ਪੂੰਜੀ ਅਜਾਈਂ ਨਹੀਂ ਗੁਆਉਣੀ ਚਾਹੀਦੀ। ਜਿਹੜੀ ਗੱਲ ਤੁਸੀਂ ਆਪਣੀ ਕਹਾਣੀ ਰਾਹੀਂ ਪਾਠਕ ਤੱਕ ਪੁੱਜਦੀ ਕਰਨੀ ਹੈ, ਜੇ ਉਹ ਕਿਸੇ ਘਾਟ ਤੋਂ ਬਿਨਾਂ ਚਾਰ ਪੰਨਿਆਂ ਵਿਚ ਮੁਕੰਮਲ ਹੋ ਜਾਂਦੀ ਹੈ ਤਾਂ ਪੰਜਵਾਂ ਪੰਨਾ ਕਾਹਦੇ ਲਈ ਕਾਲਾ ਕਰਨਾ ਹੋਇਆ!

ਮਹਿੰਦਰ ਸਿੰਘ ਸਰਨਾ ਬਾਰੇ ਜੇ ਮੈਂ ਕਹਿ ਦੇਵਾਂ ਕਿ ਉਹ ਮੇਰੇ ਸੰਪਰਕ ਵਿਚ ਆਏ ਸਭ ਤੋਂ ਵੱਧ ਕੋਮਲ-ਚਿੱਤ ਕਥਾਕਾਰ ਸਨ, ਇਸ ਵਿਚ ਰੱਤੀ-ਭਰ ਵੀ ਝੂਠ ਨਹੀਂ ਹੋਵੇਗਾ। ਉਨ੍ਹਾਂ ਨੇ ਬਹੁਤ ਖ਼ੂਬਸੂਰਤ ਕਹਾਣੀਆਂ ਲਿਖੀਆਂ, ਪਰ ਜੋ ਕਹਾਣੀਆਂ ਸੰਤਾਲੀ ਬਾਰੇ ਲਿਖੀਆਂ, ਉਹ ਬੇਜੋੜ ਹਨ। ਸ਼ਾਇਦ ਹੀ ਕੋਈ ਹੋਰ ਪੰਜਾਬੀ ਲੇਖਕ ਉਸ ਮਨੁੱਖੀ ਪੀੜ ਨੂੰ ਏਨੀ ਸ਼ਿੱਦਤ ਨਾਲ ਮਹਿਸੂਸ ਕਰ ਸਕਿਆ ਹੋਵੇ। ਇਹ ਗੱਲ ਸ਼ਾਇਦ ਪਾਠਕਾਂ ਨੂੰ ਹੈਰਾਨ ਕਰੇ ਕਿ ਸਾਡੀਆਂ ਮੁਲਾਕਾਤਾਂ ਦੇ ਸਮੇਂ, ਸੰਤਾਲੀ ਤੋਂ ਕਈ ਦਹਾਕੇ ਮਗਰੋਂ ਵੀ ਉਨ੍ਹਾਂ ਦੇ ਮਨ ਦੇ ਜ਼ਖ਼ਮ ਅੱਲੇ ਸਨ। ਜਦੋਂ ਚੁਰਾਸੀ ਦੀ ਸੱਟ ਉਨ੍ਹਾਂ ਦੇ ਇਨ੍ਹਾਂ ਅੱਲੇ ਜ਼ਖ਼ਮਾਂ ਉਤੇ ਐਨ ਸਿੱਧੀ ਲੱਗੀ, ਪੀੜ ਨਾਲ ਉਨ੍ਹਾਂ ਦੀ ਬਿਲਬਿਲਾਹਟ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ।

ਏਨਾ ਦੱਸਣਾ ਕਾਫ਼ੀ ਹੋਵੇਗਾ ਕਿ ਇਨ੍ਹਾਂ ਕਾਰਨਾਂ ਕਰਕੇ ਉਨ੍ਹਾਂ ਦੇ ਸਦੀਵੀ ਅਸ਼ਾਂਤ ਰਹਿੰਦੇ ਮਨ ਨੂੰ ਸੋਚ-ਸੋਚ ਕੇ ਵੀ ਇਹ ਸਮਝ ਨਹੀਂ ਸੀ ਆਉਂਦੀ ਕਿ ਇਕ ਮਨੁੱਖ ਦੂਜੇ ਮਨੁੱਖ ਵਾਸਤੇ ਏਨਾ ਬੇਕਿਰਕ, ਏਨਾ ਜ਼ਾਲਮ, ਏਨਾ ਵਹਿਸ਼ੀ ਕਿਵੇਂ ਹੋ ਸਕਦਾ ਹੈ! ਜੇ ਮਨੁੱਖ ਦੀ ਮਨੁੱਖ ਵੱਲ ਇਸ ਬੇਕਿਰਕੀ ਦੀ ਥਾਹ ਪਾਉਣੀ ਹੋਵੇ, ਦੇਸ ਦੀ ਵੰਡ ਬਾਰੇ ਲਿਖੀਆਂ ਸਰਨਾ ਦੀਆਂ ਕਹਾਣੀਆਂ ਪੜ੍ਹ ਲੈਣੀਆਂ ਕਾਫ਼ੀ ਹਨ। ਤੁਸੀਂ ਪੜ੍ਹੋ ਸਹੀ, ਜੋ ਹੰਝੂ ਉਹਨੇ ਲਿਖਦਿਆਂ ਵਗਾਏ ਸਨ, ਪੜ੍ਹਦਿਆਂ ਤੁਹਾਡੇ ਆਪੇ ਵਗ ਪੈਣਗੇ। ਉਹ ਇਸ ਗੱਲ ਦੀ ਮਿਸਾਲ ਸਨ ਕਿ ਜੇ ਲੇਖਕ ਨੇ ਸੱਚੇ ਅਰਥਾਂ ਵਿਚ ਲੋਕਤਾ



*ਹੱਦ-ਬੇਹੱਦ ਟੱਪੇ ਹੋਏ ਫ਼ਕੀਰ ਸ਼ਾਇਰ ਬਾਵਾ ਬਲਵੰਤ*

ਦੇ ਦਰਦ ਦਾ ਚਿਤੇਰਾ ਬਣਨਾ ਹੈ, ਉਹਨੂੰ ਮਨ-ਚਿੱਤ ਦੇ ਲਹੂ ਤੇ ਹੰਝੂਆਂ, ਦੋਵਾਂ ਨਾਲ ਮੁੱਲ ਤਾਰਨ ਲਈ ਤਿਆਰ ਰਹਿਣਾ ਹੋਵੇਗਾ।

ਡਾ. ਹਰਿਭਜਨ ਸਿੰਘ ਗਿਆਨ ਦਾ ਭੰਡਾਰ ਸਨ। ਹਿੰਦੀ-ਸੰਸਕ੍ਰਿਤ ਪਿਛੋਕੜ ਨਾਲ ਮਧਕਾਲੀ ਤੇ ਆਧੁਨਿਕ ਪੰਜਾਬ ਦਾ ਸਾਹਿਤਕ-ਸਭਿਆਚਾਰਕ ਅਧਿਐਨ ਉਨ੍ਹਾਂ ਦੇ ਗਿਆਨ ਦਾ ਆਧਾਰ ਸੀ। ਕਵਿਤਾ ਉਨ੍ਹਾਂ ਨੂੰ ਰਚਣੀ ਨਹੀਂ ਸੀ ਪੈਂਦੀ, ਉਤਰਦੀ ਸੀ। ਕਵਿਤਾ ਉਤਰਨ ਸਮੇਂ ਦੀ ਉਨ੍ਹਾਂ ਦੀ ਕਰਤਾਰੀ ਅਵਸਥਾ ਦਾ ਅੰਦਾਜ਼ਾ ਕਵਿਤਾ ਸੁਣਾਉਣ ਸਮੇਂ ਦੀ ਉਨ੍ਹਾਂ ਦੀ ਕਾਵਿਕ ਮਸਤੀ ਤੋਂ ਲਾਇਆ ਜਾ ਸਕਦਾ ਹੈ। ਖਾਸ ਕਰਕੇ ਜਦੋਂ ਉਹ ਕਿਸੇ ਛੋਟੀ ਜਿਹੀ ਨਿਜੀ ਮਹਿਫ਼ਲ ਵਿਚ ਕਵਿਤਾਵਾਂ ਸੁਣਾਉਂਦੇ, ਉਨ੍ਹਾਂ ਦਾ ਸੁਣਾਉਣ ਦਾ ਅਤੇ ਸਰੋਤਿਆਂ ਦੇ ਸੁਣਨ ਦਾ ਅਨੰਦ ਹੀ ਹੋਰ ਹੁੰਦਾ।

ਦਰਬਾਰ ਸਾਹਿਬ ਦਾ ਉਨ੍ਹਾਂ ਦੇ ਮਨ ਵਿਚ ਵਿਸ਼ੇਸ਼ ਸਥਾਨ ਸੀ। ਜਦੋਂ ਦਰਬਾਰ ਸਾਹਿਬ ਦੇ ਪਸਾਰੇ ਵਿਚ ਫ਼ੌਜਾਂ ਦਾਖ਼ਲ ਹੋਈਆਂ ਅਤੇ ਖੰਡਰ ਬਣਾ ਦਿੱਤੇ ਗਏ ਅਕਾਲ ਤਖ਼ਤ ਦੇ ਨਾਲ ਹੀ ਦਰਬਾਰ ਸਾਹਿਬ ਨੂੰ ਵੀ ਨੁਕਸਾਨ ਪੁੱਜਿਆ, ਡਾਕਟਰ ਸਾਹਿਬ ਨੇ ਕੁਝ ਕਵਿਤਾਵਾਂ ਲਿਖੀਆਂ। ਇਹ ਕਵਿਤਾਵਾਂ ਉਨ੍ਹਾਂ ਦੀ ਅੰਦਰਲੀ ਪੀੜ ਦਾ ਸ਼ਬਦੀਕਰਨ ਸਨ। ਉਹਨੀਂ ਦਿਨੀਂ ਸਾਨੂੰ ਚਾਰ ਕੁ ਦੋਸਤਾਂ ਨੂੰ ਡੂੰਘੀ ਸ਼ਾਮ ਇਕ ਮਿੱਤਰ ਦੇ ਘਰ ਦੀ ਛੱਤ ਉਤੇ ਤਾਰਿਆਂ ਦੀ ਛਾਂਵੇਂ ਉਹ ਕਵਿਤਾਵਾਂ ਉਨ੍ਹਾਂ ਦੇ ਮੂੰਹੋਂ ਸੁਣਨ ਦਾ ਮੌਕਾ ਮਿਲਿਆ। ਪਹਿਲੀ ਵਾਰ ਮਹਿਸੂਸ ਹੋਇਆ, ਦਿਲ ਨਾਲ ਰਚੀ ਗਈ ਕਵਿਤਾ ਦਾ ਦਿਮਾਗ਼ ਨਾਲ ਰਚੀ ਗਈ ਕਵਿਤਾ ਨਾਲੋਂ ਕੀ ਫ਼ਰਕ ਹੁੰਦਾ ਹੈ। ਜਿਥੋਂ ਤੱਕ ਮੈਨੂੰ ਪਤਾ ਹੈ, ਉਹ ਕਵਿਤਾਵਾਂ ਉਨ੍ਹਾਂ ਦੀ ਕਿਸੇ ਪੁਸਤਕ ਵਿਚ ਛਪੀਆਂ ਨਹੀਂ। ਜੇ ਉਹ ਕਿਸੇ ਤਰੀਕੇ ਛਪ ਸਕਣ, ਇਹ ਪੰਜਾਬੀ ਸਾਹਿਤ ਦੀ ਇਕ ਪ੍ਰਾਪਤੀ ਹੋਵੇਗੀ।

ਪ੍ਰੋ. ਕਿਸ਼ਨ ਸਿੰਘ ਵਰਗਾ ਸਿਆਣਾ ਤੇ ਨਾਲ ਹੀ ਗੰਭੀਰ ਸਾਹਿਤ-ਪਾਰਖੂ ਉਹਦੇ ਸਮਕਾਲੀਆਂ ਵਿਚ ਲੱਭਣਾ ਔਖਾ ਹੈ। ਪ੍ਰਸ਼ੰਸਾ, ਮਾਣ-ਸਨਮਾਨ ਤੇ ਇਨਾਮਾਂ-ਪੁਰਸਕਾਰਾਂ ਤੋਂ ਉਹ ਪੂਰੀ ਤਰ੍ਹਾਂ ਬੇਲਾਗ ਸਨ। ਉਨ੍ਹਾਂ ਦਾ ਮੱਤ ਸੀ, ਸਾਹਿਤ ਕਿਸੇ ਵੀ ਕਾਲ ਦਾ ਹੋਵੇ, ਵਿਚਾਰਧਾਰਾ ਸੰਸਾਰ ਵਿਚ ਕਿਤੋਂ ਵੀ ਆਈ ਹੋਈ ਹੋਵੇ, ਉਹ ਪੇਸ਼ ਸਮਕਾਲੀ ਪੰਜਾਬੀ ਮੁਹਾਵਰੇ ਵਿਚ ਹੀ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੇ ਗੁਰਬਾਣੀ ਦਾ ਆਧੁਨਿਕ ਮੁਹਾਵਰੇ ਵਿਚ ਵਿਆਖਿਆ ਦਾ ਵਡਮੁੱਲਾ ਕਾਰਜ ਕੀਤਾ।

ਦਿੱਲੀ ਹਰ ਤਰ੍ਹਾਂ ਦੀ ਰਾਜਨੀਤੀ ਤੇ ਸੱਤਾ ਦਾ ਗੜ੍ਹ ਹੈ। ਇਸ ਵਿਚ ਸਾਹਿਤਕ ਰਾਜਨੀਤੀ ਤੇ ਸੱਤਾ ਵੀ ਸ਼ਾਮਲ ਹੈ। ਇਕ ਤਰ੍ਹਾਂ ਨਾਲ ਹਰ ਖੇਤਰ ਦੀ ਰਾਜਨੀਤੀ ਤੇ ਸੱਤਾ ਦੀਆਂ ਤਾਰਾਂ ਇਥੋਂ ਹੀ ਹਿਲਦੀਆਂ ਹਨ। ਇਸ ਹਾਲਤ ਵਿਚ ਦਿੱਲੀ ਵਿਚ ਕਿਸੇ ਸਾਹਿਤਕ ਫ਼ਕੀਰ ਦਾ ਲੱਭਣਾ ਅਸੰਭਵ ਹੀ ਮੰਨਿਆ ਜਾਣਾ ਚਾਹੀਦਾ ਹੈ। ਬਾਵਾ ਬਲਵੰਤ ਜਦੋਂ ਮਿਲਦੇ, ਬਾਰਾਂ ਮਹੀਨੇ ਤੀਹ ਦਿਨ, ਉਨ੍ਹਾਂ ਦੇ ਮੋਢੇ ਲੰਮੀ ਵੱਧਰੀ ਵਾਲਾ ਖੱਦਰ ਦਾ ਥੈਲਾ ਹੁੰਦਾ ਅਤੇ ਹੱਥ ਵਿਚ ਛਤਰੀ ਹੁੰਦੀ। ਮੇਲ-ਮਿਲਾਪ ਵਧਿਆ ਤਾਂ ਪਤਾ ਲੱਗਿਆ, ਇਹੋ ਉਨ੍ਹਾਂ ਦੀ ਕੁੱਲ ਜਾਇਦਾਦ ਸੀ। ਉਹ ਪੰਜਾਬੀ ਦੇ ਅਜਿਹੇ ਵੱਡੇ ਸ਼ਾਇਰ ਸਨ, ਜਿਨ੍ਹਾਂ ਦੀ ਕੋਈ ਆਮਦਨ ਨਹੀਂ ਸੀ। ਕਦੇ ਕੋਈ ਕਵੀ ਦਰਬਾਰ ਆ ਗਿਆ ਜਾਂ ਰੇਡੀਓ ਵਾਲਿਆਂ ਦੀ ਕਿਰਪਾ ਹੋ ਗਈ ਤਾਂ ਮਾਇਆ ਦੀਆਂ ਚਾਰ ਕਣੀਆਂ ਪੈ ਗਈਆਂ, ਨਹੀਂ ਤਾਂ ਸਦੀਵੀ ਸੋਕਾ ਪਿਆ ਰਹਿੰਦਾ।

ਪਹਿਲੀ ਵਾਰ ਉਨ੍ਹਾਂ ਦੇ ਨਿਵਾਸ ਦੇ ਦਰਸ਼ਨ ਕੀਤੇ ਤਾਂ ਇਸ ਤੱਥ ਦੀ ਪੁਸ਼ਟੀ ਹੋ ਗਈ। ਉਹ ਪੁਰਾਣੇ ਢੰਗ ਦੇ ਬਣੇ ਹੋਏ ਘਰ ਦੇ ਮਾਲਕ ਵਲੋਂ ਸੋਚ ਕੇ ਨੀਵੀਂ ਰੱਖੀ ਗਈ ਡਿਉਢੀ ਉਤੇ ਵਾਧੂ ਚੀਜ਼ਾਂ ਸੁੱਟਣ ਵਾਸਤੇ ਬਣਾਏ ਹੋਏ ਘੋਰਨੇ ਜਿਹੇ ਵਿਚ ਰਹਿ ਰਹੇ ਸਨ। ਕੰਧ ਦੀ ਇਕ ਕਿੱਲੀ ਉਤੇ ਉਹੋ ਮੋਢੇ ਵਾਲਾ ਥੈਲਾ ਟੰਗਿਆ ਹੋਇਆ ਸੀ ਤੇ ਦੂਜੀ ਉਤੇ ਛਤਰੀ। ਇਕ ਹੋਰ ਕਿੱਲੀ ਉਤੇ ਖੱਦਰ ਦਾ ਕੁਰਤਾ-ਪਜਾਮਾ ਟੰਗਿਆ ਹੋਇਆ ਸੀ ਜੋ ਪਹਿਨਿਆ ਹੋਇਆ ਮੈਲਾ ਹੋਣ ਵੇਲੇ ਬਦਲ ਲਿਆ ਜਾਂਦਾ ਸੀ। ਇਕ ਪ੍ਰਸਿੱਧ ਦੋਹਾ ਹੈ, "ਹੱਦ ਟੱਪੇ ਸੋ ਔਲੀਆ, ਬੇਹੱਦ ਟੱਪੇ ਸੋ ਪੀਰ। ਹੱਦ-ਬੇਹੱਦ ਦੋਨੋਂ ਟੱਪੇ, ਉਸ ਦਾ ਨਾਮ ਫ਼ਕੀਰ!" ਬਾਵਾ ਬਲਵੰਤ ਇਨ੍ਹਾਂ ਅਰਥਾਂ ਵਿਚ ਹੱਦ-ਬੇਹੱਦ ਟੱਪੇ ਹੋਏ ਫ਼ਕੀਰ ਸਨ।

ਇਨ੍ਹਾਂ ਤੋਂ ਇਲਾਵਾ ਕਥਾਕਾਰ ਕਰਤਾਰ ਸਿੰਘ ਦੁੱਗਲ, ਨਾਟਕਕਾਰ ਬਲਵੰਤ ਗਾਰਗੀ, ਲੋਕਧਾਰਾਈ ਡਾ. ਵਣਜਾਰਾ ਬੇਦੀ, ਭਾਸ਼ਾ ਤੇ ਸਾਹਿਤ ਦੇ ਗੰਭੀਰ ਗਿਆਤਾ ਸੋਹਨ ਸਿੰਘ ਜੋਸ਼, ਨਾਟਕਕਾਰ ਸੀ. ਡੀ. ਸਿੱਧੂ, ਵਾਰਾਂ ਦਾ ਬਾਦਸ਼ਾਹ ਹਜ਼ਾਰਾ ਸਿੰਘ ਗੁਰਦਾਸਪੁਰੀ, ਕਵੀ ਤਾਰਾ ਸਿੰਘ, ਕਥਾਕਾਰ ਬੂਟਾ ਸਿੰਘ, ਕਹਾਣੀਕਾਰ ਗੁਲਜ਼ਾਰ ਸਿੰਘ ਸੰਧੂ, ਕਹਾਣੀਕਾਰ ਗੁਰਦੇਵ ਸਿੰਘ ਰੁਪਾਣਾ ਜਿਹੇ ਲੇਖਕਾਂ ਦੀ ਨੇੜਤਾ ਮੇਰੇ ਸਾਹਿਤਕ ਸਫ਼ਰ ਵਿਚ ਸਹਾਈ ਰਹੀ। ਪਿਆਰਾ ਸਿੰਘ ਸਹਿਰਾਈ, ਤੇਰਾ ਸਿੰਘ ਚੰਨ ਤੇ ਗੁਰਵੇਲ ਪੰਨੂ ਤਾਂ ਮੇਰੇ ਸਹਿਕਰਮੀ ਰਹੇ। ਦਿੱਲੀ ਪੁੱਜੇ ਬਿਨਾਂ ਇਹ ਸਭ ਕਿੱਥੋਂ ਸੰਭਵ ਹੋਣਾ ਸੀ? ਸਗੋਂ ਪੰਜਾਬ ਵਸਦੇ ਅਣਗਿਣਤ ਲੇਖਕਾਂ ਨਾਲ ਨੇੜਤਾ ਵੀ ਉਨ੍ਹਾਂ ਦੀਆਂ ਦਿੱਲੀ ਦੀਆਂ ਫੇਰੀਆਂ ਸਦਕਾ ਹੀ ਬਣ ਸਕੀ। ਜੇ ਉਨ੍ਹਾਂ ਦੇ ਨਾਂ ਗਿਣਨ ਲੱਗਿਆ, ਸੂਚੀ ਬਹੁਤ ਲੰਮੀ ਹੋ ਜਾਵੇਗੀ।

**(ਚਲਦਾ)**



*ਨਵੀਂ ਦਿੱਲੀ ਵਿਚ 26 ਮਈ 1957 ਨੂੰ ਹੋਏ ਕਵੀ ਦਰਬਾਰ ਵਿਚ ਕਵਿਤਾ ਪੜ੍ਹ ਰਹੇ ਦੇਵਿੰਦਰ ਸਤਿਆਰਥੀ*

## ਧੀਆਂ-ਪੁੱਤਾਂ 'ਚ ਫਰਕ ਨਾ ਕੋਈ

ਧੀਆਂ-ਪੁੱਤਾਂ 'ਚ ਫਰਕ ਨਾ ਕੋਈ, ਲੋਕੋ! ਛੱਡੋ ਗੱਲਾਂ ਕੂੜ੍ਹੀਆਂ।
ਦੋਵਾਂ ਨਾਲ ਨੇ ਜਹਾਨ ਵਿਚ ਰੌਣਕਾਂ, ਮਨਾਂ 'ਚੋਂ ਮੇਟ ਦੇਵੋ ਰੂੜ੍ਹੀਆਂ।

ਹੈਨ ਸਾਡੀਆਂ ਬਣਾਈਆਂ ਕੂੜ੍ਹ ਰਸਮਾਂ ਜਿਨ੍ਹਾਂ ਨੇ ਧੀਆਂ ਰੋਲ ਸੁੱਟੀਆਂ।
ਇਹ ਦੁਨੀਆਂ ਦੇ ਬਾਗ ਦੀਆਂ ਕਲੀਆਂ ਅਸੀਂ ਹੀ ਮਧੋਲ ਸੁੱਟੀਆਂ।
ਪੁੱਤ ਜੰਮੇ ਤੋਂ ਵਧਾਈਆਂ ਦਿੰਦੇ ਫਿਰਦੇ, ਧੀਆਂ ਲਈ ਮੱਥੇ 'ਚ ਤਿਊੜੀਆਂ।

ਇਹ ਮੰਨਿਆ ਪੁੱਤਾਂ ਤੋਂ ਘਰ ਚੱਲਦੇ, ਧੀਆਂ ਵੀ ਸਾਡਾ ਹੀ ਨਿਸ਼ਾਨ ਨੇ।
ਜਿਵੇਂ ਮਾਣਦੇ ਅਸੀਂ ਹਾਂ ਨਿੱਤ ਜ਼ਿੰਦਗੀ, ਇਨ੍ਹਾਂ ਦੇ ਵੀ ਤਾਂ ਅਰਮਾਨ ਨੇ।
ਲੋਹੜੀ ਇਨ੍ਹਾਂ ਦੀ ਵੀ ਪਾਈਏ ਵਾਂਗ ਪੁੱਤਰਾਂ, ਮੁਹੱਲੇ ਵੰਡ ਦੇਈਏ ਰਿਊੜੀਆਂ।

ਹੋਂਦ ਸਾਡੀ ਹੈ ਇਨ੍ਹਾਂ ਦੀ 'ਹੋਂਦ' ਸਦਕਾ, ਇਹੋ ਨੇ ਜ਼ਰਖੇਜ਼ ਭੂਮੀਆਂ।
ਇਹ ਸੋਮਾ ਨੇ ਹਯਾਤੀਆਂ, ਮੁਹੱਬਤਾਂ ਦਾ, ਨੂਰੀਂ ਲਬਰੇਜ਼ ਭੂਮੀਆਂ।
ਦੇਈਏ ਬਣਦੀ ਆਜ਼ਾਦੀ ਜੀਣ-ਥੀਣ ਦੀ, ਨੇ ਕਾਹਤੋਂ ਬੰਦਸ਼ਾਂ 'ਚ ਨੂੜੀਆਂ।

ਅਣਜੰਮੀਆਂ ਧੀਆਂ ਨੂੰ ਨਿੱਤ ਮਾਰ ਕੇ, ਕੁੱਖਾਂ ਤੋਂ ਕਬਰਾਂ ਬਣਾਓ ਨਾ।
ਮੁੱਖ ਪੁੱਤਾਂ ਦੇ ਚਾਹੁੰਦੇ ਜੇ ਤੁਸੀਂ ਹੱਸਦੇ ਤਾਂ ਧੀਆਂ ਮਾਰ ਕੇ ਮੁਕਾਓ ਨਾ।
ਧੀਆਂ ਖੁਦ ਹੀ ਮੁਕਾ ਕੇ ਏਸ ਜੱਗ 'ਚੋਂ ਕਿ ਪੱਲੇ ਮਾਣੋ ਨਾ ਭਸੂੜੀਆਂ।

ਮਾਣ ਵਧੂਗਾ, ਪਿਆਰ ਬੜਾ ਮਿਲੂਗਾ, ਧੀਆਂ ਦਾ ਜਦੋਂ ਮਾਣ ਕਰਾਂਗੇ।
ਜੱਗ ਜਨਣੀ ਦੇ ਜਦੋਂ ਸਤਿਕਾਰ ਦੇ, ਮਨਾਂ 'ਚ ਅਸੀਂ ਦੀਪ ਧਰਾਂਗੇ।
ਧੀਆਂ ਰੂਪ ਜਗਦੀਸ਼! ਸੋਹਣੇ ਰੱਬ ਦਾ, ਪ੍ਰੀਤਾਂ ਇਹ ਪੁਗਾਉਣ ਗੂੜ੍ਹੀਆਂ।

*-ਜਗਦੀਸ਼ ਬਹਾਦਰਪੁਰੀ*

## ਭਾਈ ਮੇਵਾ ਸਿੰਘ ਲੋਪੋਕੇ-2



*ਭਾਈ ਮੇਵਾ ਸਿੰਘ ਦੀ ਸ਼ਹੀਦੀ ਸ਼ਤਾਬਦੀ (11 ਜਨਵਰੀ 1915-11 ਜਨਵਰੀ 2015) ਮੌਕੇ ਕਥਾਕਾਰ ਵਰਿਆਮ ਸਿੰਘ ਸੰਧੂ ਨੇ ਆਪਣੇ ਲੇਖ 'ਭਾਈ ਮੇਵਾ ਸਿੰਘ ਲੋਪੋਕੇ' ਵਿਚ ਇਤਿਹਾਸ ਦੇ ਇਸ ਅਹਿਮ ਸਫੇ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ। ਇਮੀਗਰੇਸ਼ਨ ਅਫਸਰ ਵਿਲੀਅਮ ਹਾਪਕਿਨਸਨ ਨੂੰ ਮਾਰਨ ਦੇ ਦੋਸ਼ ਵਿਚ ਭਾਈ ਮੇਵਾ ਸਿੰਘ ਨੂੰ 11 ਜਨਵਰੀ 1915 ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਸ਼ਖਸ ਵਲੋਂ ਦੇਸ਼ ਭਗਤਾਂ ਖਿਲਾਫ ਵਿੱਢੀ ਮੁਹਿੰਮ ਬਾਰੇ ਚਰਚਾ ਲੇਖ ਦੀ ਪਹਿਲੀ ਕਿਸ਼ਤ ਵਿਚ ਕੀਤੀ ਜਾ ਚੁੱਕੀ ਹੈ। ਐਤਕੀਂ ਦੂਜੀ ਕਿਸ਼ਤ ਵਿਚ ਉਨ੍ਹਾਂ ਹਾਲਾਤ ਬਾਰੇ ਤਬਸਰਾ ਕੀਤਾ ਗਿਆ ਹੈ ਜਿਨ੍ਹਾਂ ਕਰ ਕੇ ਭਾਈ ਮੇਵਾ ਸਿੰਘ ਨੇ ਦੇਸ਼ ਭਗਤਾਂ ਅਤੇ ਸਮੁੱਚੇ ਭਾਈਚਾਰੇ ਦੇ ਰਾਹ ਦਾ ਰੋੜਾ ਬਣ ਰਹੇ ਹਾਪਕਿਨਸਨ ਨੂੰ ਪਾਰ ਬੁਲਾਉਣ ਦਾ ਫੈਸਲਾ ਕੀਤਾ। ਭਾਈ ਮੇਵਾ ਸਿੰਘ ਅੰਮ੍ਰਿਤਸਰ ਜ਼ਿਲ੍ਹੇ ਵਿਚ ਪੈਂਦੇ ਪਿੰਡ ਲੋਪੋਕੇ ਵਿਚ ਸ. ਨੰਦ ਸਿੰਘ ਔਲਖ ਦੇ ਘਰ 1881 ਵਿਚ ਪੈਦਾ ਹੋਏ ਅਤੇ ਰੁਜ਼ਗਾਰ ਖਾਤਰ ਹੋਰ ਪੰਜਾਬੀਆਂ ਵਾਂਗ 1906 ਵਿਚ ਕੈਨੇਡਾ ਪਹੁੰਚੇ, ਪਰ ਕੈਨੇਡਾ ਪੁੱਜੇ ਪੰਜਾਬੀ ਛੇਤੀ ਹੀ ਕੈਨੇਡੀਅਨ ਸਰਕਾਰ ਵਲੋਂ ਪਰਵਾਸੀਆਂ ਨਾਲ ਕੀਤੇ ਜਾ ਰਹੇ ਧੱਕੇ ਅਤੇ ਵਿਤਕਰੇ ਖਿਲਾਫ ਆਵਾਜ਼ ਬੁਲੰਦ ਕਰਨ ਦੀ ਸੋਚਣ ਲੱਗੇ। ਉਨ੍ਹਾਂ ਸਿੰਘ ਸਭਾ ਲਹਿਰ ਤੋਂ ਪ੍ਰੇਰਨਾ ਲੈ ਕੇ ਖ਼ਾਲਸਾ ਦੀਵਾਨ ਸੁਸਾਇਟੀ ਬਣਾਈ ਅਤੇ ਫਿਰ ਗੱਲ ਅਗਾਂਹ ਤੋਰਨ ਅਤੇ ਇਕੱਠੇ ਬੈਠ ਕੇ ਲਾਮਬੰਦੀ ਕਰਨ ਲਈ ਗੁਰਦੁਆਰਾ ਉਸਾਰਨ ਦਾ ਫ਼ੈਸਲਾ ਕਰ ਲਿਆ। ਜਿਹੜੇ ਆਗੂ ਗੁਰਦੁਆਰਾ ਉਸਾਰਨ ਦੀ ਮੁਹਿੰਮ ਵਿਚ ਅਗਲੀਆਂ ਸਫ਼ਾਂ ਵਿਚ ਕਾਰਜਸ਼ੀਲ ਸਨ, ਭਾਈ ਮੇਵਾ ਸਿੰਘ ਦਾ ਉਨ੍ਹਾਂ ਨਾਲ ਬੜਾ ਨੇੜਲਾ ਸਬੰਧ ਸੀ। ਇਸ ਲੰਮੇ ਲੇਖ ਰਾਹੀਂ ਅਸੀਂ ਭਾਈ ਮੇਵਾ ਸਿੰਘ ਅਤੇ ਉਨ੍ਹਾਂ ਦੇ ਜੁਝਾਰੂ ਸਾਥੀਆਂ ਨੂੰ ਯਾਦ ਕਰ ਰਹੇ ਹਾਂ। -ਸੰਪਾਦਕ*

# ਹਾਪਕਿਨਸਨ ਨਾਲ ਸਿੱਧਾ ਟਾਕਰਾ

ਇਮੀਗਰੇਸ਼ਨ ਅਫਸਰ ਵਿਲੀਅਮ ਹਾਪਕਿਨਸਨ ਨਾਲ ਮੇਵਾ ਸਿੰਘ ਦਾ ਸਿੱਧਾ ਮੇਲ ਉਦੋਂ ਹੋਇਆ ਜਦੋਂ ਉਹ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ ਤੇ ਹਰਨਾਮ ਸਿੰਘ ਸਾਹਰੀ ਨਾਲ ਅਮਰੀਕਾ ਤੋਂ ਹਥਿਆਰ ਖ਼ਰੀਦ ਕੇ ਕੈਨੇਡਾ ਵਾਪਸ ਮੁੜਦਿਆਂ ਹੱਦ 'ਤੇ ਗ੍ਰਿਫ਼ਤਾਰ ਹੋਇਆ ਸੀ। ਇਹ ਹਥਿਆਰ ਉਨ੍ਹਾਂ ਨੇ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਨੂੰ ਦੇਣੇ ਸਨ।

ਹਾਪਕਿਨਸਨ ਤੇ ਇਮੀਗਰੇਸ਼ਨ ਏਜੰਟ ਮੈਲਕਮ ਰੀਡ ਲਈ ਇਹ ਸੁਨਹਿਰੀ ਮੌਕਾ ਸੀ ਕਿ ਜੇ ਉਹ ਮੇਵਾ ਸਿੰਘ ਕੋਲੋਂ ਦੂਜੇ ਇਨਕਲਾਬੀਆਂ- ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ, ਭਾਈ ਹਰਨਾਮ ਸਿੰਘ ਸਾਹਰੀ ਤੇ ਹਸਨ ਰਹੀਮ ਆਦਿ ਖ਼ਿਲਾਫ਼ ਬਿਆਨ ਦਿਵਾ ਲੈਂਦੇ ਹਨ ਤਾਂ ਉਹ ਉਨ੍ਹਾਂ ਨੂੰ ਲੰਮੇ ਸਮੇਂ ਲਈ ਜੇਲ੍ਹ ਦੀਆਂ ਸੀਖਾਂ ਪਿੱਛੇ ਬੰਦ ਕਰਵਾ ਸਕਣ ਦੇ ਆਪਣੇ ਮਨਸੂਬੇ ਵਿਚ ਕਾਮਯਾਬ ਹੋ ਸਕਦੇ ਹਨ। ਉਨ੍ਹਾਂ ਨੇ ਭਾਈ ਮੇਵਾ ਸਿੰਘ ਨੂੰ ਇਹ ਆਖ ਕੇ ਡਰਾਉਣਾ ਤੇ ਫੁਸਲਾਉਣਾ ਚਾਹਿਆ ਕਿ ਜੇ ਉਹ ਉਨ੍ਹਾਂ ਦੀ ਮਰਜ਼ੀ ਮੁਤਾਬਕ ਬਿਆਨ ਦੇ ਦੇਵੇ ਤਾਂ ਉਹ ਉਸ ਨੂੰ ਨਾਜਾਇਜ਼ ਰਿਵਾਲਵਰ ਰੱਖਣ ਦੇ ਦੋਸ਼ ਵਿਚ ਕੇਵਲ ਪੰਜਾਹ ਡਾਲਰ ਜੁਰਮਾਨਾ ਕਰਵਾ ਕੇ ਛੁਡਵਾ ਸਕਦੇ ਹਨ, ਪਰ ਜੇ ਉਹ ਅਜਿਹਾ ਨਹੀਂ ਕਰਦਾ ਤਾਂ ਹਥਿਆਰ ਸਮਗਲ ਕਰਨ ਤੇ ਕਸਟਮ ਅਦਾ ਨਾ ਕਰਨ ਦੇ ਦੋਸ਼ ਵਿਚ ਉਹਨੂੰ ਦਸ ਸਾਲ ਦੀ ਕੈਦ ਵੀ ਹੋ ਸਕਦੀ ਹੈ। ਬੇਲਾ ਸਿੰਘ ਨੇ ਉਸ ਨੂੰ ਇਹ ਵੀ ਕਿਹਾ ਕਿ ਜੇ ਉਹ ਹਾਪਕਿਨਸਨ ਨੂੰ ਚਾਲੀ ਡਾਲਰ ਰਿਸ਼ਵਤ ਦੇ ਦੇਵੇ, ਤਾਂ ਉਹ ਮੁਕੱਦਮੇ ਵਿਚੋਂ ਬਾਹਰ ਕੱਢਣ ਵਿਚ ਉਹਦੀ ਮਦਦ ਕਰ ਸਕਦਾ ਹੈ। ਮੇਵਾ ਸਿੰਘ ਨੇ ਇਹ ਰਿਸ਼ਵਤ ਵੀ ਦੇ ਦਿੱਤੀ। ਹਾਪਕਿਨਸਨ ਤੇ ਜੋਟੀਦਾਰ ਪ੍ਰਸਿੱਧ ਆਗੂ ਹਸਨ ਰਹੀਮ ਨੂੰ ਵੀ ਇਸ ਕੇਸ ਵਿਚ ਅੜੁੰਗਣਾ ਚਾਹੁੰਦੇ ਸਨ। ਉਨ੍ਹਾਂ ਦਾ ਜ਼ੋਰ ਸੀ ਕਿ ਭਾਈ ਮੇਵਾ ਸਿੰਘ ਇਹ ਬਿਆਨ ਦੇ ਦੇਵੇ ਕਿ ਇਹ ਸਾਰੇ ਹਥਿਆਰ ਭਾਈ ਹਸਨ ਰਹੀਮ ਨੂੰ ਦੇਣ ਵਾਸਤੇ ਸਨ, ਪਰ ਉਹਨੇ ਇਹ ਬਿਆਨ ਦੇਣ ਤੋਂ ਇਨਕਾਰ ਕਰ ਦਿੱਤਾ। ਪਹਿਲੀ ਵਾਰ ਦਿੱਤੇ ਬਿਆਨ ਤੋਂ ਜਦੋਂ ਉਨ੍ਹਾਂ ਦੀ ਤਸੱਲੀ ਨਾ ਹੋਈ ਤਾਂ ਉਨ੍ਹਾਂ ਨੇ ਫ਼ੈਸਲਾ ਇਕ ਹੋਰ ਤਰੀਕ ਤੱਕ ਪਿੱਛੇ ਪਵਾ ਦਿੱਤਾ ਅਤੇ ਆਪਣੀ ਮਰਜ਼ੀ ਮੁਤਾਬਕ ਬਿਆਨ ਵਿਚ ਤਬਦੀਲੀ ਕਰਨ ਲਈ ਮੇਵਾ ਸਿੰਘ ਉਤੇ ਦੁਬਾਰਾ ਜ਼ੋਰ ਪਾਇਆ, ਪਰ ਮੇਵਾ ਸਿੰਘ ਬਿਆਨ ਬਦਲਣ ਲਈ ਰਾਜ਼ੀ ਨਾ ਹੋਇਆ। ਆਖ਼ਰਕਾਰ ਸੱਤ ਅਗਸਤ ਦੀ ਅਗਲੀ ਤਰੀਕ ਨੂੰ 50 ਡਾਲਰ ਜੁਰਮਾਨਾ ਕਰਵਾ ਕੇ ਇਸ ਆਸ ਨਾਲ ਭਾਈ ਮੇਵਾ ਸਿੰਘ ਨੂੰ ਰਿਹਾ ਕਰਵਾ ਦਿੱਤਾ ਕਿ ਉਹ ਅੱਗੇ ਤੋਂ ਜ਼ਰੂਰ ਉਸ ਨੂੰ ਆਪਣੇ ਮਕਸਦ ਲਈ ਵਰਤ ਸਕਦੇ ਸਨ। ਪਹਿਲਾਂ ਕਿਸੇ ਨੂੰ ਕੋਈ ਰਿਆਇਤ ਦਿਵਾਉਣੀ ਤੇ ਫਿਰ ਉਹਨੂੰ ਆਪਣੇ ਇਸ਼ਾਰਿਆਂ 'ਤੇ ਨੱਚਣ ਲਈ ਮਜਬੂਰ ਕਰਨਾ, ਇਹ ਹਾਪਕਿਨਸਨ ਦੀ ਪਰਖ਼ੀ ਹੋਈ ਜੁਗਤ ਸੀ।



**ਵਰਿਆਮ ਸਿੰਘ ਸੰਧੂ**

e-mail: waryamsandhu@gmail.com

ਹੁਣ ਤੱਕ ਮੇਵਾ ਸਿੰਘ ਨੇ ਇਹ ਤਾਂ ਸੁਣਿਆ ਹੋਇਆ ਸੀ ਕਿ ਹਾਪਕਿਨਸਨ ਉਹਦੇ ਕਈ ਦੇਸ਼ ਵਾਸੀਆਂ ਕੋਲੋਂ, ਇਮੀਗਰੇਸ਼ਨ ਜਾਂ ਹੋਰ ਮਾਮਲਿਆਂ ਵਿਚ ਦਿੱਤੀਆਂ ਗਈਆਂ ਜਾਂ ਦਿਵਾਈਆਂ ਗਈਆਂ ਰਿਆਇਤਾਂ ਬਦਲੇ ਆਪਣੇ ਦੱਲਿਆਂ- ਬੇਲਾ ਸਿੰਘ, ਬਾਬੂ ਸਿੰਘ ਤੇ ਗੰਗਾ ਰਾਮ ਆਦਿ ਰਾਹੀਂ ਮਹੀਨਾਵਾਰ ਰਿਸ਼ਵਤ ਉਗਰਾਹੁੰਦਾ ਸੀ ਪਰ ਹੁਣ ਜਦੋਂ ਉਸ ਨੂੰ ਖ਼ੁਦ ਇਸ ਅਨੁਭਵ ਵਿਚੋਂ ਗੁਜ਼ਰਨਾ ਪਿਆ ਤਾਂ ਉਹਦੇ ਮਨ ਵਿਚ ਹਾਪਕਿਨਸਨ ਪ੍ਰਤੀ ਨਫ਼ਰਤ ਹੋਰ ਗੂੜ੍ਹੀ ਹੋ ਗਈ।

**ਭਾਈ ਭਾਗ ਸਿੰਘ ਤੇ ਭਾਈ ਬਦਨ ਸਿੰਘ ਦੀ ਸ਼ਹੀਦੀ:** ਇਸੇ ਦੌਰਾਨ ਇਕ ਹੋਰ ਮੰਦਭਾਗੀ ਘਟਨਾ ਵਾਪਰ ਗਈ। ਅਸੀਂ ਜਾਣ ਲਿਆ ਹੈ ਕਿ ਵੈਨਕੂਵਰ ਵਿਚ ਰਹਿੰਦੇ ਹਿੰਦੀਆਂ ਦੇ ਸਰਕਾਰ-ਪ੍ਰਸਤ ਤੇ ਇਨਕਲਾਬੀ ਧੜਿਆਂ ਵਿਚ ਤਿੱਖਾ ਵਿਰੋਧ ਚੱਲ ਰਿਹਾ ਸੀ। ਦੋਵੇਂ ਧਿਰਾਂ ਇਕ ਦੂਜੇ ਨੂੰ ਅਤਿ ਦੀ ਨਫ਼ਰਤ ਕਰਦੇ ਤੇ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਸਨ। ਇਹ ਰੰਜਿਸ਼ ਹੋਰ ਵੀ ਤਿੱਖੀ ਹੋ ਗਈ ਜਦੋਂ ਦਲਾਲ ਧੜੇ ਦੇ ਇਕ ਆਦਮੀ ਹੁਕਮਾ ਸਿੰਘ ਅੱਚਰਵਾਲ ਨੇ ਪ੍ਰਸਿੱਧ ਆਗੂ ਹਸਨ ਰਹੀਮ 'ਤੇ ਤਲਵਾਰ ਨਾਲ ਹਮਲਾ ਕਰ ਦਿੱਤਾ। ਹਸਨ ਰਹੀਮ ਦਾ ਤਾਂ ਬਚਾਅ ਹੋ ਗਿਆ, ਪਰ ਆਪਸੀ ਦੁਸ਼ਮਣੀ ਦੀ ਧੂਣੀ ਤੇਜ਼ੀ ਨਾਲ ਧੁਖਣ ਲੱਗੀ। ਇਸੇ ਦੌਰਾਨ ਭਾਈ ਜਗਤ ਸਿੰਘ ਸੁਰ ਸਿੰਘ ਨੇ ਜੰਗਲ ਵਿਚ ਲਿਜਾ ਕੇ, ਬੇਲਾ ਸਿੰਘ ਗਰੁਪ ਦੇ ਹਰਨਾਮ ਸਿੰਘ ਦਾ ਕਤਲ ਕਰ ਦਿੱਤਾ। ਇੰਜ ਹੀ ਉਨ੍ਹਾਂ ਦਾ ਇਕ ਹੋਰ ਸਾਥੀ ਅਰਜਨ ਸਿੰਘ ਦਾ ਕਤਲ ਹੋ ਗਿਆ। ਹਾਪਕਿਨਸਨ ਤੇ ਬੇਲਾ ਸਿੰਘ ਨੂੰ ਯਕੀਨ ਸੀ ਕਿ ਇਹ ਕੰਮ ਦੇਸ਼ ਭਗਤ ਧੜੇ ਦਾ ਹੈ।

ਪੰਜ ਸਤੰਬਰ ਦੇ ਦਿਨ ਅਰਜਨ ਸਿੰਘ ਦਾ ਸਸਕਾਰ ਸੀ। ਸਸਕਾਰ ਤੋਂ ਵਿਹਲਾ ਹੁੰਦਿਆਂ ਹੀ ਬੇਲਾ ਸਿੰਘ ਸ਼ਾਮ ਦੇ ਸੱਤ ਕੁ ਵਜੇ ਦੇ ਕਰੀਬ ਗੁਰਦੁਆਰੇ ਵਿਚ ਪੁੱਜਾ। ਪੌੜੀਆਂ ਚੜ੍ਹ ਕੇ ਦੂਜੀ ਮੰਜ਼ਿਲ 'ਤੇ ਜਿੱਥੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਪ੍ਰਕਾਸ਼ ਸੀ, ਉਸ ਹਾਲ ਵਿਚ ਉਹ ਪਿਛਲੇ ਦਰਵਾਜ਼ੇ ਰਾਹੀਂ ਦਾਖ਼ਲ ਹੋਇਆ। ਹਾਲ ਵਿਚ ਉਸ ਸਮੇਂ ਰਲਾ-ਮਿਲਾ ਕੇ ਅਠੱਤੀ ਤੋਂ ਚਾਲੀ ਬੰਦੇ ਬੈਠੇ ਹੋਏ ਸਨ। ਭਾਈ ਬਲਵੰਤ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਹੋਏ ਸਨ ਤੇ ਭਾਈ ਭਾਗ ਸਿੰਘ ਵੀ ਉਨ੍ਹਾਂ ਦੇ ਨਾਲ ਹੀ ਤਖ਼ਤਪੋਸ਼ 'ਤੇ ਬੈਠਾ ਹੋਇਆ ਸੀ। ਬੇਲਾ ਸਿੰਘ ਨੇ ਗੋਲਕ ਵਿਚ ਪੈਸੇ ਪਾਏ ਤੇ ਮੱਥਾ ਟੇਕਿਆ। ਕੁਝ ਚਿਰ ਸਾਹਮਣੇ ਬੈਠਣ ਉਪਰੰਤ ਉਹ ਉਠਿਆ ਤੇ ਭਾਈ ਭਾਗ ਸਿੰਘ ਦੇ ਪਿੱਛੇ ਜਾ ਕੇ ਚਾਰ-ਪੰਜ ਫੁੱਟ ਦੀ ਵਿੱਥ 'ਤੇ ਬੈਠ ਗਿਆ। ਹਿਊ ਜਾਹਨਸਟਨ ਮੁਤਾਬਕ ਉਹ ਗੋਲਕ ਵਿਚ ਸਿੱਕਾ ਪਾਉਣ ਉਪਰੰਤ ਮੱਥਾ ਟੇਕ ਕੇ ਸਾਹਮਣੇ ਬੈਠ ਗਿਆ। ਇਸ ਵੇਲੇ ਸ਼ਬਦ ਕੀਰਤਨ ਹੋ ਰਿਹਾ ਸੀ ਤੇ ਭਾਈ ਮੇਵਾ ਸਿੰਘ ਵਜਦ ਵਿਚ ਆ ਕੇ ਰਾਗੀ ਜਥੇ ਦੀ ਅਗਵਾਈ ਕਰਦਾ ਸ਼ਬਦ ਗਾਇਨ ਕਰ ਰਿਹਾ ਸੀ। ਕੀਰਤਨ ਦੀ ਸਮਾਪਤੀ ਉਪਰੰਤ ਅਰਦਾਸ ਹੋਣ ਲੱਗੀ। ਸੰਗਤ ਅਰਦਾਸ ਵਿਚ ਜੁੜੀ ਹੋਈ ਸੀ ਜਦੋਂ ਬੇਲਾ ਸਿੰਘ ਨੇ ਦੋਵਾਂ ਹੱਥਾਂ ਵਿਚ ਫੜੇ ਪਿਸਤੌਲਾਂ ਨਾਲ ਭਾਈ ਭਾਗ ਸਿੰਘ 'ਤੇ ਗੋਲੀਆਂ ਦੀ ਵਾਛੜ ਕਰ ਦਿੱਤੀ। ਇਸੇ ਵੇਲੇ ਭਾਈ ਬਦਨ ਸਿੰਘ ਭਾਈ ਭਾਗ ਸਿੰਘ ਦਾ ਬਚਾਅ ਕਰਨ ਲਈ ਅੱਗੇ ਵਧਿਆ ਤੇ ਉਸ ਨੂੰ ਕਿਹਾ, "ਓ ਦੁਸ਼ਟਾ! ਕੀ ਕਰਦਾ ਏਂ, ਉਏ ਹਨ੍ਹੇਰ ਨਾ ਕਰ", ਤਾਂ ਬੇਲਾ ਸਿੰਘ ਨੇ ਪਿਸਤੌਲ ਉਸ ਵੱਲ ਸੇਧ ਲਏ। ਗੋਲੀਆਂ ਵੱਜਣ ਤੋਂ ਬਾਅਦ ਵੀ ਭਾਈ ਬਦਨ ਸਿੰਘ ਨੇ ਬੇਲਾ ਸਿੰਘ ਨੂੰ ਗਲਿਓਂ ਜਾ ਫੜਿਆ, ਪਰ ਬੇਲਾ ਸਿੰਘ ਨੇ ਪਿਸਤੌਲਾਂ ਵਾਲੇ ਹੱਥਾਂ ਨਾਲ ਧੱਕ ਕੇ ਉਹਨੂੰ ਫ਼ਰਸ਼ 'ਤੇ ਸੁੱਟ ਦਿੱਤਾ। ਚੀਕ-ਚਿਹਾੜਾ ਤੇ ਭਗਦੜ ਮੱਚ ਗਈ। ਬੇਲਾ ਸਿੰਘ ਬੇਖ਼ੌਫ਼ ਹੋ ਕੇ ਅੰਨੇਵਾਹ ਗੋਲੀਆਂ ਚਲਾਉਂਦਾ ਰਿਹਾ। ਸਾਰਾ ਹਾਲ ਧੂੰਏ ਨਾਲ ਭਰ ਗਿਆ। ਇਸੇ ਭਗਦੜ ਤੇ ਧੂੰਆਂ-ਰੌਲੀ ਵਿਚ ਬੇਲਾ ਸਿੰਘ ਬਚ ਕੇ ਭੱਜ ਗਿਆ। ਕੁਝ ਚਿਰ ਬਾਅਦ ਜਦੋਂ ਪੁਲਿਸ ਪਹੁੰਚੀ ਤਾਂ ਸਾਰਾ ਹਾਲ ਲਹੂ ਨਾਲ ਲੱਥ-ਪੱਥ ਸੀ। ਕਈ ਜਣੇ ਜ਼ਖ਼ਮੀ ਹੋਏ ਸਨ। ਲਹੂ ਵਗ ਕੇ ਪੌੜੀਆਂ ਤੱਕ ਅੱਪੜ ਗਿਆ ਸੀ। ਜ਼ਖ਼ਮੀਆਂ ਨੂੰ ਤੁਰਤ ਹਸਪਤਾਲ ਪਹੁੰਚਾਇਆ ਗਿਆ। ਸੋਹਨ ਸਿੰਘ ਪੂਨੀ ਅਨੁਸਾਰ ਕੁੱਲ ਅੱਠ ਜਣੇ ਜ਼ਖ਼ਮੀ ਹੋਏ। ਬੇਲਾ ਸਿੰਘ ਭੱਜ ਕੇ ਘਰ ਗਿਆ ਤੇ ਕੱਪੜੇ ਬਦਲ ਕੇ ਵਾਪਸ ਆ ਗਿਆ। ਉਹ ਗਲੀ ਵਿਚ ਖਲੋ ਕੇ ਐਂਬੂਲੈਂਸ ਵਿਚ ਲਿਜਾਏ ਜਾਣ ਵਾਲੇ ਜ਼ਖ਼ਮੀਆਂ ਨੂੰ ਵੇਖਣ ਲੱਗਾ। ਸ਼ਾਇਦ ਪੁਸ਼ਟੀ ਕਰਨਾ ਚਾਹੁੰਦਾ ਹੋਵੇ ਕਿ ਉਸ ਦਾ 'ਸ਼ਿਕਾਰ' ਮਾਰਿਆ ਜਾ ਚੁੱਕਾ ਹੈ ਜਾਂ ਨਹੀਂ। ਮੇਵਾ ਸਿੰਘ ਸਮੇਤ ਕਈਆਂ ਨੇ ਉਸ ਨੂੰ ਗੋਲੀਆਂ ਚਲਾਉਂਦੇ ਨੂੰ ਵੇਖਿਆ ਸੀ, ਇਸ ਲਈ ਉਹਨੂੰ ਮੌਕੇ ਤੋਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ। ਸ਼ੂਟਿੰਗ ਲਈ ਵਰਤੇ ਗਏ ਰਿਵਾਲਵਰਾਂ ਵਿਚੋਂ ਇਕ ਤਾਂ ਗੁਰਦੁਆਰੇ ਦੇ ਸਾਹਮਣੇ ਡਿੱਗਾ ਮਿਲ ਗਿਆ ਤੇ ਦੂਜਾ ਬੇਲਾ ਸਿੰਘ ਦੇ ਘਰੋਂ ਮਿਲ ਗਿਆ। ਤਿੰਨ ਸੌ ਗੋਲੀਆਂ ਤੇ ਹੋਰ ਅਸਲਾ ਵੀ ਪੁਲਿਸ ਨੇ ਉਹਦੇ ਘਰੋਂ ਕਬਜ਼ੇ ਵਿਚ ਲੈ ਲਿਆ। ਸਿਤਮਜ਼ਰੀਫ਼ੀ ਇਹ ਕਿ ਭਾਈ ਮੇਵਾ ਸਿੰਘ ਨੂੰ ਵੀ ਫੜ ਕੇ ਪੁਲਿਸ ਨੇ ਥਾਣੇ ਵਿਚ ਡੱਕ ਦਿੱਤਾ। ਇੰਜ ਹੀ ਭਾਈ ਬਲਵੰਤ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ।



*ਭਾਈ ਭਾਗ ਸਿੰਘ ਤੇ ਭਾਈ ਬਦਨ ਸਿੰਘ*


ਹਸਪਤਾਲ ਵਿਚ ਭਾਈ ਭਾਗ ਸਿੰਘ ਨੇ ਪੁਲਿਸ ਦੀ ਹਾਜ਼ਰੀ ਵਿਚ ਬੇਲਾ ਸਿੰਘ ਨੂੰ ਪਛਾਣ ਕੇ ਆਪਣਾ ਅੰਤਿਮ ਬਿਆਨ ਦਿੰਦਿਆਂ ਇਸ ਗੱਲ ਦੀ ਪੁਸ਼ਟ ਕੀਤੀ ਕਿ ਗੁਰਦੁਆਰੇ ਵਿਚ ਗੋਲੀਆਂ ਚਲਾਉਣ ਵਾਲਾ ਬੇਲਾ ਸਿੰਘ ਹੀ ਸੀ। ਬਿਆਨ ਦੇਣ ਸਾਰ ਭਾਈ ਭਾਗ ਸਿੰਘ ਨੇ ਪ੍ਰਾਣ ਤਿਆਗ ਦਿੱਤੇ। ਭਾਈ ਬਦਨ ਸਿੰਘ ਵੀ ਹਸਪਤਾਲ ਵਿਚ ਦਾਖ਼ਲ ਹੋਣ ਤੋਂ ਛੇਤੀ ਬਾਅਦ ਹੀ ਸਵਾਸ ਤਿਆਗ ਗਿਆ ਸੀ। ਦੂਜੇ ਜ਼ਖ਼ਮੀਆਂ ਨੇ ਵੀ ਸਾਫ਼ ਸ਼ਬਦਾਂ ਵਿਚ ਭਾਈ ਭਾਗ ਸਿੰਘ ਨਾਲ ਮਿਲਦਾ ਜਵਾਬ ਦੇ ਕੇ ਇਸ ਗੋਲੀ ਕਾਂਡ ਦਾ ਦੋਸ਼ੀ ਬੇਲਾ ਸਿੰਘ ਨੂੰ ਹੀ ਦੱਸਿਆ।

**ਬੇਲਾ ਸਿੰਘ ਦਾ ਮੁਕੱਦਮਾ ਤੇ ਹਾਪਕਿਨਸਨ ਦੀ ਗਵਾਹੀ:** ਬੇਲਾ ਸਿੰਘ 'ਤੇ ਮੁਕੱਦਮਾ ਚੱਲਿਆ। ਬਚਾਓ ਪੱਖ ਲਈ ਜ਼ਰੂਰੀ ਸੀ ਕਿ ਅਜਿਹੀਆਂ ਗਵਾਹੀਆਂ ਜੁਟਾਈਆਂ ਜਾਂਦੀਆਂ ਜਿਨ੍ਹਾਂ ਤੋਂ ਇਹ ਸਾਬਤ ਹੁੰਦਾ ਹੋਵੇ ਕਿ ਬੇਲਾ ਸਿੰਘ ਨੂੰ ਧਮਕੀਆਂ ਮਿਲਦੀਆਂ ਰਹੀਆਂ ਹੋਣ ਕਰ ਕੇ ਮਾਰੇ ਜਾਣ ਦਾ ਖ਼ਤਰਾ ਸੀ। ਅਜਿਹੀਆਂ ਗਵਾਹੀਆਂ ਦੇਣ ਲਈ ਉਹਦੇ ਦੋਸਤ ਤਾਂ ਹਾਜ਼ਰ ਹੀ ਸਨ। ਕਾਮਾਗਾਟਾ ਮਾਰੂ ਜਹਾਜ਼ ਵਿਚ ਆਇਆ ਡਾਕਟਰ ਰਘੂਨਾਥ ਸਿੰਘ, ਜਿਹੜਾ ਅਜੇ ਵੈਨਕੂਵਰ ਵਿਚ ਹੀ ਸੀ, ਬੇਲਾ ਸਿੰਘ ਨੂੰ ਮਾਰਨ ਲਈ ਦਿੱਤੀਆਂ ਜਾਂਦੀਆਂ ਧਮਕੀਆਂ ਨੂੰ ਪੁਸ਼ਟ ਕਰਨ ਲਈ ਹਾਜ਼ਰ ਸੀ। ਸਭ ਤੋਂ ਵਧ ਕੇ ਹਾਪਕਿਨਸਨ ਆਪਣੇ ਸਭ ਤੋਂ ਵੱਧ ਮਦਦਗਾਰ ਬੰਦੇ ਬੇਲਾ ਸਿੰਘ ਨੂੰ ਇਸ ਤਰ੍ਹਾਂ ਨਹੀਂ ਸੀ ਗਵਾਉਣਾ ਚਾਹੁੰਦਾ। ਉਹਦੀ ਗਵਾਹੀ ਬਹੁਤ ਲਾਜ਼ਮੀ ਸੀ। ਇਮੀਗ੍ਰੇਸ਼ਨ ਵਿਭਾਗ ਕੋਲ ਦਸੰਬਰ 1913 ਵਿਚ ਲਏ ਗਏ ਕੁਝ ਬਿਆਨ ਸਨ ਜਿਨ੍ਹਾਂ ਰਾਹੀਂ ਇਹ ਸਾਬਤ ਕਰਨਾ ਸੀ ਕਿ ਕੁਝ ਬੰਦਿਆਂ ਨੇ ਹਸਨ ਰਹੀਮ, ਸੋਹਨ ਲਾਲ ਤੇ ਗੁਰਦੁਆਰਾ ਕਮੇਟੀ ਦੇ ਹੋਰ ਮੈਂਬਰਾਂ ਨੂੰ ਗੱਲਾਂ ਕਰਦਿਆਂ ਸੁਣਿਆ ਸੀ ਕਿ ਉਹ ਬੇਲਾ ਸਿੰਘ ਨੂੰ ਹੀ ਨਹੀਂ, ਸਗੋਂ ਬਾਬੂ ਸਿੰਘ ਤੇ ਗੰਗਾ ਰਾਮ ਨੂੰ ਮਾਰਨ ਦੇ ਨਾਲ ਨਾਲ ਹਾਪਕਿਨਸਨ ਅਤੇ ਮੈਲਕਮ ਰੀਡ ਨੂੰ ਵੀ ਕਤਲ ਕਰਨਾ ਚਾਹੁੰਦੇ ਹਨ। ਹਾਪਕਿਨਸਨ ਨੇ ਹੀ ਵਿਭਾਗ ਵਲੋਂ ਇਨ੍ਹਾਂ 'ਕਹਾਣੀਆਂ' ਦੇ ਹਵਾਲੇ ਨਾਲ ਗਵਾਹੀ ਦੇ ਕੇ ਪੁਸ਼ਟੀ ਕਰਨੀ ਸੀ ਕਿ ਗੁਰਦੁਆਰੇ ਵਿਚ ਹਮਲਾ ਬੇਲਾ ਸਿੰਘ ਨੇ ਨਹੀਂ ਸੀ ਕੀਤਾ, ਸਗੋਂ ਬੇਲਾ ਸਿੰਘ ਉਤੇ ਹਮਲਾ ਹੋਇਆ ਸੀ ਤੇ ਉਹਨੇ ਸੱਚਮੁੱਚ ਆਪਣਾ ਬਚਾਓ ਕਰਨ ਲਈ ਹੀ ਗੋਲੀ ਚਲਾਈ ਸੀ।

ਹਾਪਕਿਨਸਨ ਮੁਢਲੀ ਪੁਲਿਸ ਕੋਰਟ ਵਿਚ ਤਾਂ ਪੇਸ਼ ਨਹੀਂ ਸੀ ਹੋਇਆ, ਪਰ ਜਦੋਂ ਭਾਈ ਭਾਗ ਸਿੰਘ ਦੇ ਕਾਤਲ ਬੇਲਾ ਸਿੰਘ ਦਾ ਵੈਨਕੂਵਰ ਵਿਚਲੀ ਬ੍ਰਿਟਿਸ਼ ਕੋਲੰਬੀਆ ਦੀ ਅਦਾਲਤ ਵਿਚ ਮੁਕੱਦਮਾ ਸ਼ੁਰੂ ਹੋਇਆ ਤਾਂ ਹਾਪਕਿਨਸਨ ਨੇ ਕੋਰਟ ਵਿਚ ਗਵਾਹੀ ਦੇਣ ਜਾਣ ਦਾ ਫ਼ੈਸਲਾ ਕੀਤਾ। ਇਸ ਤੋਂ ਪਹਿਲਾਂ ਵੀ ਉਸ ਨੇ ਕਿਸੇ ਭਾਰਤੀ ਦੇ ਕਤਲ ਕੇਸ ਵਿਚ ਆਪਣੇ ਕਿਸੇ ਮੁਖ਼ਬਰ ਦੇ ਹੱਕ ਵਿਚ ਗਵਾਹੀ ਦੇ ਕੇ ਉਸ ਨੂੰ ਬਚਾ ਲਿਆ ਸੀ। ਹੁਣ ਉਹ ਬੇਲਾ ਸਿੰਘ ਨੰ ਬਚਾਉਣ ਲਈ ਮੈਦਾਨ ਵਿਚ ਨਿੱਤਰਿਆ ਸੀ।

ਦੂਜੇ ਪਾਸੇ ਭਾਈ ਮੇਵਾ ਸਿੰਘ ਤੇ ਦੂਜੇ ਸਾਥੀ ਸਮਝਦੇ ਸਨ ਕਿ ਜੇ ਭਾਈ ਭਾਗ ਸਿੰਘ ਦੇ ਕਾਤਲ ਨੂੰ ਸਜ਼ਾ ਨਹੀਂ ਮਿਲਦੀ, ਤੇ ਉਹ ਕੱਲ੍ਹ ਨੂੰ ਰਿਹਾ ਹੋ ਕੇ ਉਨ੍ਹਾਂ ਸਾਹਮਣੇ ਹਿੱਕ ਚੌੜੀ ਕਰ ਕੇ ਤੁਰਿਆ ਫਿਰੇਗਾ, ਤਾਂ ਉਨ੍ਹਾਂ ਦੇ ਜਿਉਣ ਖੁਣੋਂ ਕੀ ਥੁੜਿਆ ਹੈ! ਮੇਵਾ ਸਿੰਘ ਖ਼ੁਦ ਵੀ ਬੇਲਾ ਸਿੰਘ ਦੇ ਖ਼ਿਲਾਫ਼ ਗਵਾਹੀ ਦੇਣ ਵਾਲਿਆਂ ਵਿਚ ਸੀ। ਹਾਪਕਿਨਸਨ ਦੀ ਬੇਲਾ ਸਿੰਘ ਦੇ ਹੱਕ ਵਿਚ ਦਿੱਤੀ ਜਾਣ ਵਾਲੀ ਗਵਾਹੀ ਨੇ ਨਿਸਚੈ ਹੀ ਬੇਲਾ ਸਿੰਘ ਦੀ ਬੰਦ-ਖ਼ਲਾਸੀ ਕਰਵਾ ਦੇਣੀ ਸੀ, ਕਿਉਂਕਿ ਵੇਲੇ ਦੀ ਹਕੂਮਤ ਤਾਂ ਪਹਿਲਾਂ ਹੀ ਦੇਸ਼ ਭਗਤ ਧੜੇ ਦੀਆਂ ਸਰਗਰਮੀਆਂ ਨੂੰ ਨਾ-ਪਸੰਦ ਕਰਦੀ ਸੀ। ਹਾਪਕਿਨਸਨ ਕੇਵਲ ਬੇਲਾ ਸਿੰਘ ਦੇ ਬਚਾਓ ਲਈ ਹੀ ਗਵਾਹੀ ਨਹੀਂ ਸੀ ਦੇਣਾ ਚਾਹੁੰਦਾ, ਸਗੋਂ ਉਸ ਨੇ ਤੇ ਉਹਦੇ ਹਿੰਦੀ ਮੁਖ਼ਬਰਾਂ ਨੇ ਭਾਈ ਮੇਵਾ ਸਿੰਘ ਉਤੇ ਵੀ ਬੇਲਾ ਸਿੰਘ ਦੇ ਹੱਕ ਵਿਚ ਬਿਆਨ ਬਦਲਣ ਲਈ ਲਗਾਤਾਰ ਦਬਾਓ ਬਣਾਇਆ ਹੋਇਆ ਸੀ। ਭਾਈ ਮੇਵਾ ਸਿੰਘ ਅੰਦਰੇ-ਅੰਦਰ ਇਸ ਸਭ ਕੁਝ ਤੋਂ ਬਹੁਤ ਪ੍ਰੇਸ਼ਾਨ ਸੀ। ਮੇਵਾ ਸਿੰਘ ਸੱਚ 'ਤੇ ਪਹਿਰਾ ਦੇ ਕੇ ਬੇਲਾ ਸਿੰਘ ਖਿਲਾਫ਼ ਗਵਾਹੀ ਦੇਣ 'ਤੇ ਤੁਲਿਆ ਹੋਇਆ ਸੀ, ਪਰ ਸਰਕਾਰੀ ਮੁਖ਼ਬਰ ਹਰ ਰੋਜ਼ ਉਹਨੂੰ ਬੇਲਾ ਸਿੰਘ ਦੇ ਖ਼ਿਲਾਫ਼ ਗਵਾਹੀ ਦੇਣੋਂ ਵਰਜ ਰਹੇ ਸਨ। ਲਾਲਚ ਤੇ ਭੈਅ ਦੇ ਹੱਥਕੰਡੇ ਵਰਤ ਕੇ ਉਹਨੂੰ ਈਮਾਨ ਤੋਂ ਡੁਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਉਸ ਨੇ ਮਨ ਹੀ ਮਨ ਇਹ ਫ਼ੈਸਲਾ ਕਰ ਲਿਆ ਕਿ ਉਹ ਆਪ ਤਾਂ ਬੇਲਾ ਸਿੰਘ ਦੇ ਵਿਰੁਧ ਗਵਾਹੀ ਦੇਵੇਗਾ ਹੀ, ਸਗੋਂ ਉਹ ਹਾਪਕਿਨਸਨ ਨੂੰ ਕਿਸੇ ਵੀ ਸੂਰਤ ਵਿਚ ਬੇਲਾ ਸਿੰਘ ਨੂੰ ਬਚਾਉਣ ਦਾ ਮਾਧਿਅਮ ਨਹੀਂ ਬਣਨ ਦੇਵੇਗਾ। ਉਹ ਤਾਂ ਸਗੋਂ ਇਸ ਤੋਂ ਵੀ ਅੱਗੇ ਇਹ ਸੋਚਦਾ ਸੀ ਕਿ ਹੁਣ ਪੂਰੀ ਵਿਵਸਥਾ 'ਤੇ ਸੱਟ ਮਾਰਨ ਦਾ ਵੇਲਾ ਆ


*(ਬਾਕੀ ਅਗਲੇ ਸਫੇ 'ਤੇ)*



*ਇਮੀਗਰੇਸ਼ਨ ਏਜੰਟ ਮੈਲਕਮ ਰੀਡ ਵਲੋਂ 8 ਅਗਸਤ 1914 ਨੂੰ ਲਿਖੀ ਗਈ ਚਿੱਠੀ ਜਿਸ ਵਿਚ ਭਾਈ ਮੇਵਾ ਸਿੰਘ ਨੂੰ 50 ਡਾਲਰ ਜੁਰਮਾਨਾ ਕਰਨ ਬਾਰੇ ਲਿਖਿਆ ਗਿਆ ਹੈ। ਇਸ ਵਿਚ ਹਾਪਕਿਨਸਨ ਤੇ ਬੇਲਾ ਸਿੰਘ ਦੀ ਗਵਾਹੀ ਦਾ ਜ਼ਿਕਰ ਵੀ ਹੈ।*

ਸ਼ਰਧਾਂਜਲੀ

# ਬੁੱਤ ਤਰਾਸ਼ ਯੰਗੋ ਵਰਮਾ ਨੂੰ ਯਾਦ ਕਰਦਿਆਂ


ਯੰਗੋ ਵਰਮਾ

***ਯੰਗੋ ਵਰਮਾ ਟੋਰਾਂਟੋ ਦੇ ਕਲਾ ਅਤੇ ਸਾਹਿਤਕ ਹਲਕਿਆਂ ਵਿਚ ਚਰਚਿਤ ਨਾਂ ਸੀ। ਪਿਛਲੇ ਦਿਨੀਂ ਉਸ ਦਾ ਦਿਹਾਂਤ ਹੋ ਗਿਆ। ਉਹ ਕਈ ਵਰ੍ਹਿਆਂ ਤੋਂ ਡਾਇਬਿਟੀਜ਼ ਅਤੇ ਹਿਰਦੇ ਰੋਗ ਤੋਂ ਪੀੜਤ ਸੀ ਪਰ ਉਸ ਦਾ ਜ਼ਬਤ ਅਤੇ ਮਨੋਬਲ ਕਾਬਿਲੇ ਜ਼ਿਕਰ ਸੀ। ਕਲਾਕਾਰ ਵਜੋਂ ਉਸ ਨੇ ਆਪਣਾ ਸਫਰ ਬੁਤ ਤਰਾਸ਼ੀ ਤੋਂ ਕੀਤਾ ਪਰ ਪਿਛੋਂ ਚਿੱਤਰਕਾਰੀ ਸਮੇਤ ਕਲਾ ਦੇ ਕਈ ਮਾਧਿਅਮਾਂ ਉਤੇ ਹੱਥ ਅਜਮਾਈ ਕੀਤੀ। ਗੁਰਦੇਵ ਚੌਹਾਨ, ਜਿਸ ਨੇ ਯੰਗੋ ਨੂੰ ਟੋਰਾਂਟੋ ਰਹਿੰਦਿਆਂ ਬੜੇ ਕਰੀਬ ਹੋ ਕੇ ਦੇਖਿਆ ਹੈ, ਨੇ ਉਸ ਦੇ ਜੀਵਨ ਅਤੇ ਕਲਾਤਮਕ ਸਫਰ ਬਾਰੇ ਇਸ ਲੇਖ ਰਾਹੀਂ ਉਸ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ। -ਸੰਪਾਦਕ***

ਯੰਗੋ ਵਰਮਾ 30 ਦਸੰਬਰ, 2014 ਨੂੰ ਸਾਨੂੰ ਸਦਾ ਲਈ ਛੱਡ ਕੇ ਚਲਾ ਗਿਆ ਹੈ। ਉਹ ਟੋਰਾਂਟੋ ਵਿਚ ਇਕੱਲਾ ਹੀ ਰਹਿੰਦਾ ਸੀ ਅਤੇ ਖੁਸ਼ ਤਬੀਅਤ ਲਈ ਮਸ਼ਹੂਰ ਸੀ। ਕਲਾ ਉਸ ਦਾ ਜੀਵਨ ਬਣ ਗਈ ਸੀ, ਉਸ ਦੀ ਸਾਥਣ।

ਮਧਰਾ ਕੱਦ, ਚਮਕਦਾ ਮੱਥਾ, ਤੁਹਾਡੇ ਅੰਦਰ ਤੀਕ ਵੇਖ ਸਕਣ ਵਾਲੀਆਂ ਅੱਖਾਂ, ਲੰਮੀ ਚਿੱਟੀ ਆਬਸ਼ਾਰੀ ਦਾਹੜੀ। ਉਹ ਆਲੇ-ਦੁਆਲੇ ਵਿਚ ਇਸ ਤਰ੍ਹਾਂ ਸਮਾ ਜਾਂਦਾ ਸੀ, ਜਿਵੇਂ ਜੰਗਲ ਵਿਚ ਰੁਖ ਅਤੇ ਰੁਖ ਵਿਚ ਟਾਹਣ ਅਤੇ ਟਾਹਣਾਂ ਵਿਚ ਪੱਤੇ। ਪਰ ਉਸ ਦਾ ਚਿਹਰਾ ਤੁਹਾਡੇ ਅੰਦਰ ਇਕ ਸੁਖਾਂਤਕ ਜਗਿਆਸਾ ਛੇੜ ਜਾਂਦਾ ਸੀ। ਉਸ ਦੇ ਹਲਕੇ-ਫੁਲਕੇ ਸੁਭਾ ਅਤੇ ਚੁਸਤ ਫ਼ਿਕਰੇਬਾਜ਼ੀ ਨੇ ਉਸ ਦੀਆਂ ਬਹੁਤ ਸਾਰੀਆਂ ਦੋਸਤੀਆਂ ਬਣਾਈਆਂ ਸਨ। ਉਹ ਇਕ ਦਮ ਤੁਹਾਡੇ ਵਿਚੋਂ

**ਗੁਰਦੇਵ ਚੌਹਾਨ**
**ਫੋਨ: 647-866-2630**

ਹੀ ਇਕ ਲਗਦਾ ਸੀ ਅਤੇ ਇਕ ਦਮ ਤੁਹਾਡੇ ਤੋਂ ਅਲਗ ਵੀ। ਇਹ ਸਮਾਨਤਾ ਅਤੇ ਅਲਹਿਦਗੀ ਉਸ ਦੀ ਸ਼ਖ਼ਸ਼ੀਅਤ ਦਾ ਇਕ ਅਨਿਖੜਵਾਂ ਅੰਗ ਬਣ ਗਿਆ ਸੀ, ਉਸ ਦੀਆਂ ਕਲਾ ਕ੍ਰਿਤੀਆਂ ਦਾ ਵੀ।

ਇਨ੍ਹਾਂ ਪਛਾਣਾਂ ਅਤੇ ਗੁਣਾਂ ਵਾਲੀ ਸ਼ਖ਼ਸੀਅਤ ਸੀ, ਯੰਗੋ ਵਰਮਾ। ਯੰਗੋ ਆਪਣੇ ਭੈਣ ਭਰਾ ਨਾਲੋਂ ਛੋਟਾ ਹੋਣ ਕਰਕੇ ਘਰ ਵਿਚ ਉਸ ਨੂੰ ਪਿਆਰ ਨਾਲ ਯੰਗਮੈਨ ਕਿਹਾ ਜਾਂਦਾ ਸੀ। ਸਕੂਲ ਵਿਚ ਦਾਖ਼ਲੇ ਵੇਲੇ ਇਹੀ ਨਾਂ ਛੋਟਾ ਹੋ ਕੇ ਯੰਗੋ ਬਣ ਗਿਆ। ਫਰੀਦਾਦਾਬਾਦ (ਹਰਿਆਣਾ) ਦੇ ਕੋਲ ਇਕ ਪਿੰਡ ਖੇੜੀ ਕਲਾਂ ਵਿਚ ਪੈਦਾ ਹੋਇਆ ਇਹ ਯੰਗੋ ਹੁਣ ਭਾਰਤ, ਜਰਮਨੀ ਵਿਚ ਇਕ ਕਲਾਕਾਰ ਅਤੇ ਬੁੱਤਘਾੜੇ ਵਜੋਂ ਪਛਾਣ ਬਣਾ ਕੇ ਲਗਭਗ ਤਿੰਨ ਦਹਾਕਿਆਂ ਤੋਂ ਮਿਸੀਸਾਗਾ (ਨੇੜੇ ਟੋਰਾਂਟੋ) ਵਿਚ ਰਹਿੰਦਾ ਸੀ।

ਸੰਨ 1938 ਵਿਚ ਇਕ ਆਮ ਪਰਿਵਾਰ ਵਿਚ ਜੰਮਿਆਂ ਮਿੱਟੀ ਨਾਲ ਖੇਡਦਾ ਅਤੇ ਆਪਣੀਆਂ ਭੈਣਾਂ ਨਾਲ ਕੰਧਾਂ ਉਤੇ ਸਾਂਜੀ ਦੀਆਂ ਤਸਵੀਰਾਂ ਵਾਹੁੰਦਾ ਅਤੇ ਮਿੱਟੀ ਦੇ ਖਿਡੌਣੇ ਬਣਾਉਂਦਾ ਇਹ ਮੁੰਡਾ ਕਦੋਂ ਮਿੱਟੀ ਦੀਆਂ ਕਲਾ ਮੂਰਤਾਂ ਬਣਾਉਣ ਲਗ ਪਵੇਗਾ, ਇਹ ਕਿਸੇ ਨੂੰ ਪਤਾ ਨਹੀਂ ਸੀ। ਯੰਗੋ ਕਹਿੰਦਾ, ਉਸ ਨੂੰ ਮਿੱਟੀ ਕਦੇ ਧੋਖਾ ਨਹੀਂ ਦਿੰਦੀ, ਇਹ ਜਿਸ ਤਰ੍ਹਾਂ ਦੀ ਉਸ ਦੀ ਮਰਜੀ ਹੁੰਦੀ ਝੱਟ ਉਸੇ ਤਰ੍ਹਾਂ ਦੀ ਸ਼ਕਲ ਇਖ਼ਤਿਆਰ ਕਰ ਲੈਂਦੀ ਸੀ। ਉਹ ਕਹਿੰਦਾ ਹੁੰਦਾ ਕਿ ਉਸ ਦੇ ਆਰਟ ਸਕੂਲ ਦੀ ਪਹਿਲੀ ਕਲਾਸ ਤਾਂ ਪਿੰਡ ਦਾ ਟੋਬਾ ਸੀ ਜਿੱਥੋਂ ਕੋਠੇ ਲਿੱਪਣ ਵਾਲੀ ਚਿੱਕ ਨਿਕਲਦੀ ਸੀ ਜਿਸ ਨੂੰ ਵੱਖ-ਵੱਖ ਸ਼ਕਲਾਂ ਦੇ ਕੇ ਹੀ ਉਸ ਬੁੱਤ ਤਰਾਸ਼ੀ ਦੇ ਆਪਣੇ ਮੁਢਲੇ ਸਬਕ ਸਿੱਖੇ ਸਨ।

ਸੰਨ 1959 ਵਿਚ ਉਹ ਦਿੱਲੀ ਆ ਗਿਆ ਸੀ ਜਿਥੇ ਫ਼ਾਈਨ ਆਰਟਸ ਕਾਲਜ ਵਿਚ ਪੜ੍ਹਦਿਆਂ ਹੀ ਉਸ ਦਾ ਵਾਹ ਭਾਰਤ ਦੇ ਬਹੁਤ ਜਾਣੇ-ਪਛਾਣੇ ਕਲਾਕਾਰਾਂ ਨਾਲ ਪਿਆ ਜਿਨ੍ਹਾਂ ਵਿਚ ਧੰਨ ਰਾਜ ਭਗਤ, ਬੀ ਸੀ ਸਨਿਆਲ, ਕੇ ਐਸ ਕੁਲਕਰਨੀ, ਸੁਲਤਾਨ ਅਲੀ, ਮਨਸ਼ਾ ਰਾਮ ਆਦਿ ਸ਼ਾਮਲ ਸਨ। ਪਰ ਇਸ ਸਭ ਕੁਝ ਤੋਂ ਪਹਿਲਾਂ ਜਿਸ ਵਿਅਕਤੀ ਨੇ ਅਸਲ ਵਿਚ ਉਸ ਨੂੰ ਕਲਾ ਦੀ ਜਾਗ ਲਾਈ, ਉਹ ਸੀ ਭਾਰਤੀ ਹਵਾਈ ਫ਼ੌਜ ਵਿਚ ਕੰਮ ਕਰਨ ਵਾਲਾ ਉਸ ਦਾ ਇਕ ਗਵਾਂਢੀ, ਜਿਸ ਨੇ ਉਸ ਦਾ ਸ਼ੌਕ ਅਤੇ ਡਰਾਇੰਗ ਵੇਖ ਕੇ ਉਸ ਨੂੰ ਪੋਲੀਟੈਕਨਿਕ ਕਾਲਜ ਵਿਚ ਕਲੇਅ ਮੌਡਲਿੰਗ ਨੂੰ ਇਕ ਆਪਸ਼ਨਲ ਸਬਜੈਕਟ ਵਜੋਂ ਲੈਣ ਦੀ ਸਲਾਹ ਦਿੱਤੀ। ਇਸੇ ਪੋਲੀਟੈਕਨਿਕ ਕਾਲਜ ਵਿਚ ਪੜ੍ਹਦਿਆਂ ਤੀਜੇ ਸਾਲ ਵਿਚ ਉਸ ਆਖ਼ਰ ਬੁੱਤਤਰਾਸ਼ੀ ਦਾ ਵਿਸ਼ਾ ਲੈ ਲਿਆ, ਜਿਹੜਾ ਬਾਅਦ ਵਿਚ ਉਸ ਦਾ ਰੋਜ਼ਗ਼ਾਰ ਅਤੇ ਜਿੰਦਗੀ ਦਾ ਮਿਸ਼ਨ ਵੀ ਬਣ ਗਿਆ।

ਯੰਗੋ ਨੇ 1964 ਵਿਚ ਫਾਈਨ ਆਰਟਸ ਵਿਚ ਗਰੈਜੂਏਸ਼ਨ ਕਰ ਲਈ। ਉਸ ਨੇ ਕੁਝ ਬੁੱਤ ਵੀ ਤਰਾਸ਼ ਲਏ ਸਨ ਜਿਹੜੇ ਵੱਖ-ਵੱਖ ਇਮਾਰਤਾਂ ਦੀ ਸ਼ਾਨ ਬਣੇ। ਇਨ੍ਹਾਂ ਵਿਚ ਇਕ ਉਰਦੂ ਦੇ ਮਸ਼ਹੂਰ ਕਵੀ ਮਿਰਜ਼ਾ ਗ਼ਾਲਿਬ ਦਾ ਵੀ ਹੈ ਜਿਹੜਾ ਜਾਮੀਆ ਮਿਲੀਆ ਕਾਲੇਜ ਦੇ ਕੈਂਪਸ ਵਿਚ ਸੁਸ਼ੋਭਿਤ ਹੈ। ਇਹ ਉਸ ਨੇ ਚਾਰ ਮਹੀਨਿਆਂ ਦੇ ਥੋੜੇ ਜਿਹੇ ਸਮੇਂ ਵਿਚ ਹੀ ਪੂਰਾ ਕਰ ਲਿਆ ਸੀ। ਭਾਵੇਂ ਉਸ ਨੂੰ ਲਗਾਤਾਰ ਕੰਮ ਮਿਲ ਰਿਹਾ ਸੀ ਅਤੇ ਉਸ ਦੇ ਕੰਮ ਦੀ ਸਰਾਹਨਾ ਵੀ ਹੋ ਰਹੀ ਸੀ, ਉਸ ਨੂੰ ਜਾਮੀਆ ਮਿਲੀਆ ਵਿਚ ਕਲਾ ਅਧਿਆਪਕ ਦੀ ਨੌਕਰੀ ਵੀ ਮਿਲ ਗਈ ਸੀ, ਫਿਰ ਵੀ ਯੰਗੋ ਨੂੰ ਦਿੱਲੀ ਹੁਣ ਸੌੜੀ ਜਾਪਣ ਲਗ ਪਈ ਸੀ। ਆਪਣੀ ਕਲਾ ਲਈ ਉਸ ਨੂੰ ਆਪਣਾ ਵਤਨ ਤਿਆਗਣਾ ਪੈਣਾ ਸੀ। ਵਿਆਹ ਕਰਾਉਣ ਤੋਂ ਤਾਂ ਉਸ ਘਰ ਦਿਆਂ ਨੂੰ ਪਹਿਲਾਂ ਹੀ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਦਿਨਾਂ ਵਿਚ ਅਜ ਵਾਂਗ ਹੀ ਯੂਰਪ ਨੂੰ ਕਲਾ ਦਾ ਗੜ੍ਹ ਮੰਨਿਆ ਜਾਂਦਾ ਸੀ। ਇਥੇ ਹੀ ਨਵੇਂ ਕਲਾ ਸਿਧਾਂਤ ਪੈਦਾ ਹੁੰਦੇ ਸਨ। ਇਥੇ ਹੀ ਕਲਾ ਦਾ ਅਸਲ ਮੁੱਲ ਪੈਂਦਾ ਸੀ ਅਤੇ ਵਿਸ਼ਵ ਦੀਆਂ ਕਲਾ ਮੰਡੀਆ ਵਿਚ ਵੀ ਯੂਰਪੀ ਕਲਾ ਰੁਝਾਨ ਪ੍ਰਧਾਨ ਸਨ। ਫਿਰ ਆਧੁਨਿਕ ਬੁੱਤ ਤਰਾਸ਼ੀ ਦਾ ਪਿਤਾਮਾ ਮਾਈਕਲ ਐਂਜਲੋ ਵੀ ਤਾਂ ਇਥੇ ਹੀ ਪੈਦਾ ਹੋਇਆ ਸੀ। ਉਸ ਦੀਆਂ ਕਲਾ-ਕ੍ਰਿਤਾਂ ਆਪਣੀਆਂ ਅੱਖਾਂ ਨਾਲ ਵੇਖਣ ਦੀ ਚਾਹ ਵੀ ਕਿਸੇ ਤਰ੍ਹਾਂ ਛਡੀ ਨਹੀਂ ਸੀ ਜਾ ਸਕਦੀ। ਸੋ ਯੰਗੋ ਦਾ ਅਗਲਾ ਪੜਾਅ ਯੂਰਪ ਬਣਨਾ ਇਕ ਤਰ੍ਹਾਂ ਲਾਜ਼ਮੀ ਹੋ ਗਿਆ ਸੀ।

ਰੋਮ ਅਤੇ ਪੈਰਿਸ ਵਿਚ ਘੁੰਮਦਿਆਂ ਯੰਗੋ ਆਖ਼ਰ ਫਰੈਂਕਫ਼ਰਟ ਰੁਕ ਗਿਆ। ਉਥੇ ਉਸ ਨੂੰ ਕਲਾ ਦੀ ਕਦਰ ਆਮ ਲੋਕਾਈ ਵਿਚ ਸਾਫ਼ ਨਜ਼ਰ ਆਈ। ਉਥੇ ਉਸ ਮਿਸ਼ੇਲ ਕਰੌਇਸੈਂਟ ਦੀ ਦੇਖ-ਰੇਖ ਵਿਚ ਚਲਦੇ ਸਟੈਡਲ ਕਾਲਜ ਵਿਚ ਦਾਖ਼ਲਾ ਲੈ ਲਿਆ। ਇਥੇ ਹੀ ਉਸ ਦਾ ਵਾਹ ਆਪਣੇ ਟੀਚਰ ਰੋਮਾਨੀਆ ਦੇ ਬਰੈਂਕੂਜ਼ੀ ਨਾਲ ਪਿਆ ਜਿਹੜਾ ਉਸ ਦਾ ਸਦਾ ਲਈ ਕਲਾ ਆਦਰਸ਼ ਵੀ ਬਣ ਗਿਆ। ਬਰੈਂਕੂਜ਼ੀ ਦਾ ਸਭ ਤੋਂ ਵੱਡਾ ਗੁਣ ਸੀ, ਆਕਾਰ ਦੀ ਸਾਦਗੀ। ਇਸ ਨੂੰ ਯੰਗੋ ਨੇ ਸਦਾ ਲਈ ਲੜ ਬੰਨ੍ਹ ਲਿਆ। ਸਨ 1972 ਤੋਂ 1979 ਤੀਕ ਯੰਗੋ ਦੀਆਂ ਕਲਾ ਕ੍ਰਿਤਾਂ ਨੇ ਯੂਰਪ ਦੀਆਂ ਕਈ ਕਲਾ ਪ੍ਰਦਰਸ਼ਨੀਆਂ ਵਿਚ ਨਾਮਣਾ ਖੱਟਿਆ ਜਿਨ੍ਹਾਂ ਵਿਚ ਪ੍ਰਥ ਗੈਲਰੀ 1972 (ਫਰੈਂਕਫਰਟ, ਜਰਮਨੀ), ਗੈਲਰੀ ਦ ਆਰਟ ਡਸਲਡਰਫ਼ 1973 (ਜਰਮਨੀ), ਅਮੈਰੀਕਨ ਚੈਪਲ ਨੁਮਾਇਸ਼ 1974 ਅਤੇ ਜਰਮਨੀ ਦੇ ਹੋਰ ਸ਼ਹਿਰਾਂ ਵਿਚ ਚਾਰ ਹੋਰ ਕਲਾ-ਪ੍ਰਦਰਸ਼ਨੀਆਂ ਵਿਸੇਸ਼ ਹਨ। ਉਸ ਦੀ ਕਲਾ ਨੇ ਮਿਊਜ਼ੀਅਮ ਆਫ਼ ਮਾਡਰਨ ਆਰਟ ਦੀ ਹਵਾ ਵੀ ਚੱਖੀ ਹੈ।

1979 ਵਿਚ ਯੰਗੋ ਦੇ ਟੋਰਾਂਟੋ ਆਉਣ 'ਤੇ ਉਸ ਦੀ ਕਲਾ ਅਤੇ ਇਕ ਤਰ੍ਹਾਂ ਨਾਲ ਉਸ ਦੀ ਜਿੰਦਗੀ ਦਾ ਨਵਾਂ ਅਧਿਆਏ ਸ਼ੁਰੂ ਹੁੰਦਾ ਹੈ। ਇੱਥੇ ਆਉਂਦਿਆਂ ਸਾਰ ਉਸ ਦੀਆਂ ਕਲਾ ਕ੍ਰਿਤਾਂ ਦੀ ਪਹਿਲੀ ਪ੍ਰਦਰਸ਼ਨੀ 1980 ਵਿਚ ਉਤਰੀ ਕੈਨੇਡਾ ਦੇ ਸ਼ਹਿਰ ਔਰਡੀਆ ਵਿਚ ਲਗੀ, ਜਿਸ ਨੇ ਇਕ ਕਲਾਕਾਰ ਵਜੋਂ ਉਸ ਦੀਆਂ ਜੜਾਂ ਕੈਨੇਡਾ ਵਿਚ ਲਗਾ ਦਿੱਤੀਆਂ। ਉਸ ਨੇ ਹੁਣ ਵੱਖ ਵੱਖ ਮਾਧਿਅਮ ਬੁੱਤ ਤਰਾਸ਼ੀ ਲਈ ਵਰਤਣੇ ਸ਼ੁਰੂ ਕਰ ਦਿੱਤੇ ਸਨ। ਇਨ੍ਹਾਂ ਵਿਚ ਗਰੈਫਿਕ, ਸਿਰੈਮਿਕਸ, ਧਾਤ, ਲੱਕੜ, ਕਲੇਅ ਅਤੇ ਸੰਗਮਰਮਰ ਆਦਿ ਸ਼ਾਮਿਲ ਸੀ। ਉਸ ਬਸਟ ਬਣਾਉਣ ਵਿਚ ਵੀ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ, ਜੋ ਉਸ ਦੀ ਰਚਨਾਤਮਕ ਸ਼ਕਤੀ ਲਈ ਇਕ ਨਵੀਂ ਚੁਣੌਤੀ ਸੀ। ਉਸ ਦੀਆਂ ਕਲਾ ਕ੍ਰਿਤਾਂ ਵਿਚ ਸੰਸਾਰ ਭਰ ਦੀਆਂ ਕਈ ਇਮਾਰਤਾਂ ਦਾ ਸੁਹੱਪਣ ਬਣੇ ਅਨੇਕਾਂ ਬੁੱਤ ਆਉਂਦੇ ਹਨ। ਇਕ ਵਾਰ ਉਸ ਉਰਦੂ ਸ਼ਾਇਰ ਅਹਿਮਦ ਫ਼ਰਾਜ਼ ਦਾ ਬਸਟ ਵੀ ਬਣਾਇਆ ਸੀ। ਇਹ ਮਹਿਜ਼ ਉਸ ਸ਼ਾਇਰ ਲਈ ਉਸ ਦੇ ਪਿਆਰ ਦਾ ਪ੍ਰਤੀਕ ਸੀ। ਤਿੰਨ ਸਾਲ ਸਾਲ ਪਹਿਲਾਂ ਉਸ ਦੇ ਘਰ ਦੀ ਫੇਰੀ ਮੈਨੂੰ ਯਾਦ ਹੈ ਜਦੋਂ ਭਾਰਤ ਤੋਂ ਆਏ ਮਸ਼ਹੂਰ ਕਲਾਕਾਰ ਪ੍ਰੇਮ ਸਿੰਘ, ਸੁਰਜਣ ਜ਼ੀਰਵੀ ਅਤੇ ਬਲਰਾਜ ਚੀਮਾ ਵੀ ਮੇਰੇ ਨਾਲ ਸਨ। ਯੰਗੋ ਦੀ ਬੜੀ ਸ਼ਰਧਾ ਅਤੇ ਅਪਣੱਤ ਨਾਲ ਪਿਆਈ ਦਾਰੂ ਵੀ ਮੈਨੂੰ ਯਾਦ ਹੈ ਅਤੇ ਉਸ ਦੀਆਂ ਹਮੇਸ਼ਾ ਵਾਂਗ ਰੋਚਕ ਅਤੇ ਖੱਚਰੀਆਂ ਗੱਲਾਂ ਵੀ।


ਕਈ ਪੰਜਾਬੀ ਲੇਖਕਾਂ ਅਤੇ ਕਲਾਕਾਰਾਂ ਨਾਲ ਉਸ ਦਾ ਮੇਲ ਜੋਲ ਸੀ ਜਿਨ੍ਹਾਂ ਵਿਚ ਜੀਤ ਓਲਖ, ਨਵਤੇਜ ਭਾਰਤੀ, ਆਰਟਿਸਟ ਦਲਜੀਤ, ਮੀਨਾ ਚੋਪੜਾ, ਸੰਦੀਪ ਧੰਨੋਆ, ਆਰਟਿਸਟ ਜੈਡ ਜਸਵੰਤ, ਸ਼ਮਸ਼ੇਰ ਢੁਪਾਲੀ, ਨੀਰੂ ਅਸੀਮ, ਆਰਟਿਸਟ ਪ੍ਰਵੀਨ, ਗੁਰਦਿਆਲ ਬੱਲ, ਸੁਖਪਾਲ, ਅਮਰਜੀਤ ਸਾਥੀ ਦੇ ਨਾਂ ਲਏ ਜਾ ਸਕਦੇ ਹਨ। ਕਈ ਸਾਲ ਪਹਿਲਾਂ ਜਦੋ ਆਰਟਿਸਟ ਸ਼ਿਵ ਸਿੰਘ ਕੈਨੇਡਾ ਆਇਆ ਸੀ ਤਾਂ ਬਰੈਂਪਟਨ ਦੇ ਮੈਲਿਨੀ ਡਰਾਈਵ ਦੇ ਰੌਇਲ ਇੰਡੀਆ ਸਵੀਟਸ ਐਂਡ ਰੈਸਟੋਰੈਂਟ ਵਿਚ ਉਸ ਦੇ ਸਵਾਗਤ ਲਈ ਜੁੜੇ ਇਕੱਠ, ਜਿਸ ਵਿਚ ਮੈਂ ਵੀ ਸ਼ਾਮਿਲ ਸਾਂ, ਵਿਚ ਜਰਮਨੀ ਵਿਚ ਗੁਜ਼ਾਰੇ ਪੁਰਾਣੇ ਵਕਤਾਂ ਦੇ ਚਾਰ ਯਾਰ ਯੰਗੋ, ਗੁਰਪੂਰਨ ਸਿੰਘ ਵੜੈਚ, ਸ਼ਿਵ ਸਿੰਘ ਅਤੇ ਹਰਦੇਵ ਆਰਟਿਸਟ ਇਕ ਵਾਰੀ ਫਿਰ ਇਕੱਠੇ ਹੋ ਗਏ ਸਨ। ਸੁਭਾਗ ਨਾਲ ਇਨ੍ਹਾਂ ਸਭ ਦੀਆਂ ਪਤਨੀਆਂ ਵੀ ਯੂਰਪੀ ਹੀ ਸਨ, ਭਾਵੇਂ ਯੰਗੋ ਦਾ ਵਿਆਹ ਪੇਪਰ ਮੈਰਿਜ ਮਾਤਰ ਹੀ ਸੀ। ਉਨ੍ਹਾਂ ਦੀਆਂ ਗੱਲਾਂ ਦੀ ਗੜੁੱਚਤਾ ਅਤੇ ਤਾਜ਼ਗੀ ਨੂੰ ਮੈਂ ਹੁਣ ਵੀ ਮਹਿਸੂਸ ਕਰ ਸਕਦਾ ਹਾਂ। ਇਸ ਮੀਟਿੰਗ ਬਾਅਦ ਮੈਂ 'ਸ਼ਿਵ ਸਿੰਘ ਦੀ ਟੋਰਾਂਟੋ ਫੇਰੀ' ਲੇਖ ਵੀ ਲਿਖਿਆ ਸੀ ਜਿਹੜਾ 'ਵਤਨ' ਅਖਬਾਰ ਵਿਚ ਛਪਿਆ ਸੀ। ਯੰਗੋ ਨੂੰ ਮੈਂ ਕਈ ਵਾਰ ਬਲਰਾਜ ਚੀਮਾ ਦੇ ਘਰ ਮਿਲਿਆ ਜਿਥੇ ਯੰਗੋ ਦਾ ਅਕਸਰ ਗੇੜਾ ਵਜਦਾ ਰਹਿੰਦਾ ਸੀ। ਉਸ ਦੀ ਕਲਾ ਆਪਣੇ ਛੇਕੜਲੇ ਦੌਰ ਵਿਚ ਤੰਤਰ ਅਤੇ ਕੌਸਮਿਕ ਆਯਾਮਾਂ ਨਾਲ ਸਰਾਬੂਰ ਹੋਣੀ ਸ਼ੁਰੂ ਹੋ ਗਈ ਸੀ। ਮੰਡਲਾਂ ਅਤੇ ਬ੍ਰਹਿਮੰਡਲਾਂ ਦੀਆਂ ਸੁਝਾਵੀ ਆਕ੍ਰਿਤੀਆਂ ਨਾਲ। ਉਸ ਦੀਆਂ ਆਖਰੀ ਕਲਾ ਕ੍ਰਿਤਾਂ ਅਧਿਆਤਮਕ ਅਤੇ ਪਾਰਗਾਮੀ ਬਣ ਗਈਆਂ ਸਨ। ਕੁਦਰਤ ਨਾਲ ਇਕਮਿਕਤਾ ਵਿਚ ਰੰਗੇ ਚਿੱਤਰ ਉਸ ਦੇ ਘਰ ਦੀ ਕਿਸੇ ਨਾ ਕਿਸੇ ਵੱਖੀ ਵਿਚ ਰੱਖੇ ਨਜ਼ਰ ਆ ਸਕਦੇ ਸਨ। ਬੁੱਤਤਰਾਸ਼ੀ ਤੋਂ ਚਿਤਰਕਲਾ ਵਿਚ ਮੋੜ ਉਸ ਦੀ ਸਿਹਤ ਅਤੇ ਘਟ ਰਹੀ ਉਰਜਾ ਨੂੰ ਵੀ ਵੱਧ ਸੁਖਾਂਦਾ ਸੀ।

ਉਸ ਦਾ ਦੋ ਕਮਰਿਆਂ ਦਾ ਨਿੱਕਾ ਜਿਹਾ ਘਰ ਟੋਰਾਂਟੋ ਦੇ ਬਹੁਤ ਸਾਰੇ ਉਰਦੂ, ਹਿੰਦੀ ਅਤੇ ਪੰਜਾਬੀ ਲੇਖਕਾਂ ਤੇ ਕਲਾ ਦੇ ਕਦਰਦਾਨਾਂ ਲਈ ਮੱਕਾ ਬਣ ਗਿਆ ਸੀ। ਮੁਸਲਮਾਨ, ਸਿੱਖ, ਇਸਾਈ ਅਤੇ ਕਾਦੀਆਨੀ ਬਰਾਦਰੀਆਂ ਦੇ ਬਹੁਤ ਸਾਰੇ ਮਰਦ ਅਤੇ ਔਰਤਾਂ ਉਸ ਦੇ ਦੋਸਤ ਅਤੇ ਕਦਰਦਾਨ ਬਣ ਗਏ ਸਨ। ਉਰਦੂ ਸ਼ਾਇਰੀ ਦਾ ਉਹ ਬਹੁਤ ਸ਼ੁਕੀਨ ਸੀ ਅਤੇ ਅਨੇਕਾਂ ਸ਼ਿਅਰ ਅਤੇ ਜੁਮਲੇ ਉਸ ਨੂੰ ਜ਼ੁਬਾਨੀ ਯਾਦ ਸਨ। ਹਾਜ਼ਰ ਜੁਆਬੀ ਉਸ ਦਾ ਇਕ ਹੋਰ ਗਹਿਣਾ ਸੀ। ਉਸ ਦੇ ਬਹੁਤੇ ਲਤੀਫੇ ਘੱਸੇ ਹੋਏ ਜ਼ਰੂਰ ਹੁੰਦੇ ਸਨ ਪਰ ਸੁਣਾਉਂਦਾ ਉਹ ਇਵੇਂ, ਜਿਵੇਂ ਹੁਣੇ ਉਬਲੇ ਹੋਏ ਅੰਡੇ ਵਾਂਗ ਤਾਜ਼ਾ ਹੋਣ।

ਕੁਝ ਵਰ੍ਹੇ ਪਹਿਲਾਂ ਮੈਂ ਬਲਰਾਜ ਚੀਮੇ ਬਾਰੇ ਹਲਕੇ-ਫੁਲਕੇ ਅੰਦਾਜ਼ ਵਿਚ 'ਚਾਚੇ ਚੀਮੇ ਦਾ ਚੁਬਾਰਾ' ਨਾਮੀ ਲੇਖ ਲਿਖਿਆ ਸੀ ਜਿਸ ਵਿਚ ਯੰਗੋ ਵਰਮਾ ਦਾ ਨੀਮ ਗੁਲਾਬੀ ਜ਼ਿਕਰ ਹੈ:

"ਬਲਰਾਜ ਚੀਮਾ ਕਲਾ ਦੀ ਕਦਰ ਕਰਦਾ ਹੈ। ਉਹ ਆਪਣਾ ਬੁਢਾਪਾ ਭੁੱਲਣ ਲਈ ਸੁਰਜਨ ਜ਼ੀਰਵੀ ਵਰਗੇ ਜਵਾਨ ਮਿੱਤਰਾਂ ਦੀ ਸੰਗਤ ਵਿਚ ਰਹਿਣਾ ਪਸੰਦ ਕਰਦਾ ਹੈ। ਉਸ ਦੀ ਕਲਾਕਾਰਾਂ ਨਾਲ ਬਹੁਤ ਨਿਭਦੀ ਹੈ। ਯੰਗੋ ਵਰਮਾ ਤਾਂ ਉਸ ਦੀ ਸ਼ਾਮ ਦੀ ਸੈਰ ਦਾ ਸਾਥੀ ਬਣ ਗਿਆ ਹੈ। ਸੈਰ ਲਈ ਦੋਹਾਂ ਨੇ ਇਕੋ ਦੁਕਾਨ ਤੋਂ ਇਕੋ ਜਿਹੇ ਢਾਂਗੂ ਖਰੀਦ ਲਏ ਹਨ। ਚੀਮਾ ਢਾਂਗੂ ਆਪਣੀ ਕਾਰ ਵਿਚ ਰਖਦਾ ਹੈ ਅਤੇ ਯੰਗੋ ਚੀਮਾ ਦੀ ਕਾਰ ਵਿਚ ਜਾਂ ਆਪਣੇ ਪੇਕੇ ਘਰ ਵਿਚ। ਦੋਵੇਂ ਸਟੋਰਾਂ ਵਿਚ ਜਾਂ ਘਰਾਂ ਦੀਆਂ ਸੜਕਾਂ ਦਵਾਲੇ ਹੌਂਕਦੇ ਹੋਏ ਨਿੱਕੇ ਨਿੱਕੇ ਚੱਕਰ ਲਗਾਂਦੇ ਹਨ ਅਤੇ ਵੱਡੇ ਵੱਡੇ ਦਮਗ਼ਜ਼ੇ ਮਾਰਦੇ ਹਨ। ਦੋਹਾਂ ਵਿਚ ਉਨ੍ਹਾਂ ਦੇ ਗੰਜੇ ਸਿਰਾਂ ਅਤੇ ਛੜੀ ਛਟਾਂਕ ਜਿੰਦਗੀ ਤੋਂ ਬਗੈਰ ਹੋਰ ਕੁਝ ਵੀ ਸਾਂਝਾ ਨਹੀਂ। ਦਾਹੜੀ ਪੱਖੋਂ ਤਾਂ ਯੰਗੋ ਬਲਰਾਜ ਲਗਦਾ ਹੈ ਅਤੇ ਚੀਮਾ ਯੰਗੋ। ਯੰਗੋ ਸਭਿਅਕ ਭਾਸ਼ਾ ਦੀ ਜਹੀ ਤਹੀ ਫੇਰਦਾ ਹੈ ਅਤੇ ਚੀਮਾ ਖ਼ੁੱਦ ਸਭਿਅਕਤਾ ਦੀ। ਸ਼ਾਮ ਦੇ ਪਾਠ ਤੋਂ ਬਾਅਦ ਦੋਵੇਂ ਹੱਥ ਜੋੜ ਕੇ ਸ਼ਰਧਾ ਨਾਲ ਲੰਗਰ-ਪਾਣੀ ਛੱਕਦੇ।"

ਯੰਗੋ ਅੱਜ ਸਾਡੇ ਵਿਚਕਾਰ ਭਾਵੇਂ ਨਹੀਂ ਹੈ, ਪਰ ਉਸ ਦੀਆਂ ਕਲਾ ਕ੍ਰਿਤਾਂ ਅਤੇ ਯਾਦਾਂ ਹਮੇਸ਼ਾ ਸਾਡੇ ਨਾਲ ਰਹਿਣਗੀਆਂ।


ਯੰਗੋ ਵਰਮਾ ਦੀਆਂ ਕਲਾ ਕ੍ਰਿਤਾਂ

# ਹਾਪਕਿਨਸਨ ਨਾਲ ਸਿੱਧਾ ਟਾਕਰਾ

***(ਪਿਛਲੇ ਸਫੇ ਦੀ ਬਾਕੀ)***

ਗਿਆ ਹੈ।

**ਹਾਪਕਿਨਸਨ ਦਾ ਕਤਲ:** 21 ਅਕਤੂਬਰ 1914 ਦਾ ਦਿਨ ਸੀ। ਸਵੇਰ ਦੇ ਸਵਾ ਕੁ ਦਸ ਵਜੇ ਸਨ। ਹਾਪਕਿਨਸਨ ਜਿਊਰੀ ਅੱਗੇ ਗਵਾਹੀ ਦੇਣ ਤੋਂ ਪਹਿਲਾਂ ਅਦਾਲਤ ਦੇ ਕਮਰੇ ਦੇ ਐਨ ਬਾਹਰਵਾਰ ਕਾਰੀਡੋਰ ਵਿਚ ਕੰਧ ਨਾਲ ਢੋਅ ਲਾ ਕੇ ਖਲੋਤਾ ਸੀ ਜਦੋਂ ਭਾਈ ਮੇਵਾ ਸਿੰਘ ਪਤਲੂਨ ਦੀਆਂ ਜੇਬਾਂ ਵਿਚ ਹੱਥ ਪਾਈ ਹੌਲੀ ਹੌਲੀ ਤੁਰਦਾ ਉਹਦੇ ਕੋਲ ਪੁੱਜਾ। ਹਾਪਕਿਨਸਨ ਕਿਉਂਕਿ ਉਹਨੂੰ ਜਾਣਦਾ ਸੀ, ਤੇ ਉਹਨੂੰ ਸ਼ਾਇਦ ਇਹ ਵੀ ਆਸ ਸੀ ਕਿ ਉਹ ਮੇਵਾ ਸਿੰਘ ਦੀ ਗਵਾਹੀ ਵੀ ਬੇਲਾ ਸਿੰਘ ਦੇ ਹੱਕ ਵਿਚ ਦਿਵਾ ਲਵੇਗਾ, ਇਸ ਲਈ ਉਸ ਨੂੰ ਮੇਵਾ ਸਿੰਘ ਦਾ ਆਪਣੇ ਨੇੜੇ ਆਉਣਾ ਸ਼ੱਕੀ ਨਹੀਂ ਲੱਗਿਆ, ਪਰ ਮੇਵਾ ਸਿੰਘ ਤਾਂ ਆਪਣੀ ਤਾੜ ਵਿਚ ਸੀ। ਉਹਦੀ ਪਤਲੂਨ ਦੀਆਂ ਦੋਵਾਂ ਜੇਬਾਂ ਵਿਚ ਰਿਵਾਲਵਰ ਸਨ। ਮੇਵਾ ਸਿੰਘ ਨੇ ਆਪਣੀ ਸੱਜੀ ਜੇਬ ਵਿਚੋਂ 32 ਬੋਰ ਦਾ ਰਿਵਾਲਵਰ ਕੱਢਿਆ ਤੇ ਐਨ ਨੇੜਿਓਂ ਹਾਪਕਿਨਸਨ 'ਤੇ ਗੋਲੀਆਂ ਚਲਾ ਦਿੱਤੀਆਂ। ਹਾਪਕਿਨਸਨ ਨੇ ਗੋਡਿਆਂ ਪਰਨੇ ਹੋ ਕੇ ਭਾਈ ਮੇਵਾ ਸਿੰਘ ਨੂੰ ਪੱਟਾਂ ਤੋਂ ਜੱਫਾ ਮਾਰ ਕੇ ਡੇਗਣ ਦੀ ਕੋਸ਼ਿਸ਼ ਕੀਤੀ। ਮੇਵਾ ਸਿੰਘ ਮਜ਼ਬੂਤ ਜੁੱਸੇ ਵਾਲਾ ਸੀ। ਉਸ ਨੇ ਆਪਣੇ ਆਪ ਨੂੰ ਸੰਭਾਲਿਆ ਤੇ ਰਿਵਾਲਵਰ ਦੀ ਮੁੱਠ ਨਾਲ ਹਾਪਕਿਨਸਨ ਦੇ ਸਿਰ ਵਿਚ ਵਾਰ ਕਰਨੇ ਸ਼ੁਰੂ ਕਰ ਦਿੱਤੇ। ਫਿਰ ਉਸ ਨੇ ਰਿਵਾਲਵਰ ਪਰ੍ਹੇ ਸੁੱਟਿਆ ਤੇ ਖੱਬੇ ਹੱਥ ਵਾਲਾ ਰਿਵਾਲਵਰ ਸੱਜੇ ਹੱਥ ਵਿਚ ਫੜ ਕੇ ਗੋਲੀਆਂ ਚਲਾਉਣ ਲੱਗਾ।

ਅਦਾਲਤ ਵਿਚਲੇ ਕਈ ਜਣਿਆਂ ਨੇ ਆਪਣੀ ਅੱਖੀਂ ਹਾਪਕਿਨਸਨ ਦਾ ਕਤਲ ਹੁੰਦਾ ਵੇਖਿਆ। ਉਹ ਭੈਅ-ਭੀਤ ਤੇ ਹੱਕੇ-ਬੱਕੇ ਰਹਿ ਗਏ। ਕਿਸੇ ਨੇ ਵੀ ਅਦਾਲਤ ਦੇ ਕਮਰੇ ਵਿਚੋਂ ਬਾਹਰ ਨਿਕਲ ਕੇ ਹਾਪਕਿਨਸਨ ਨੂੰ ਬਚਾਉਣ ਦਾ ਚਾਰਾ ਨਾ ਕੀਤਾ। ਉਹ ਆਪਣੀ ਥਾਂ ਤੋਂ ਹਿੱਲੇ ਤੱਕ ਨਾ। ਹਾਂ, ਏਨਾ ਜ਼ਰੂਰ ਕਰ ਲਿਆ ਕਿ ਅਦਾਲਤ ਦੇ ਕਮਰੇ ਦੇ ਦਰਵਾਜ਼ੇ ਨੂੰ ਅੰਦਰੋਂ ਕੁੰਡੀ ਲਾ ਲਈ। ਜਦੋਂ ਮੇਵਾ ਸਿੰਘ ਨੇ ਆਪਣਾ ਕੰਮ ਪੂਰਾ ਕਰ ਲਿਆ ਤਾਂ ਉਸ ਨੇ ਕਿਧਰੇ ਦੌੜ ਜਾਣ ਦੀ ਕੋਸ਼ਿਸ਼ ਨਹੀਂ ਕੀਤੀ। ਉਹ ਬੇਖ਼ੌਫ਼ ਖਲੋਤਾ ਸੀ। ਅਦਾਲਤ ਦਾ ਇਕ ਮੁਲਾਜ਼ਮ ਰਿਚਰਡ ਪੌਲੀ ਜਿਹੜਾ ਮੇਵਾ ਸਿੰਘ ਹੁਰਾਂ ਤੋਂ ਕੁਝ ਮੀਟਰ ਦੂਰੀ 'ਤੇ ਖੜੋਤਾ ਸਾਰਾ ਕਾਂਡ ਆਪਣੀਆਂ ਅੱਖਾਂ ਨਾਲ ਵੇਖਦਾ ਰਿਹਾ ਸੀ, ਅੱਗੇ ਵਧਿਆ ਤੇ ਮੇਵਾ ਸਿੰਘ ਨੂੰ ਕਿਹਾ ਕਿ ਉਹ ਰਿਵਾਲਵਰ ਉਸ ਨੂੰ ਫੜਾ ਦੇਵੇ। ਉਸ ਨੇ ਜਵਾਬ ਦਿੱਤਾ, "ਮੈਂ ਇਹ ਪੁਲਿਸ ਨੂੰ ਦੇਵਾਂਗਾ।" ਏਨੇ ਚਿਰ ਵਿਚ ਸਫ਼ਾਈ ਕਰਮਚਾਰੀਆਂ ਦਾ ਮੁਖੀ ਜੇਮਜ਼ ਮੈਕਨਨ ਜਿਹੜਾ ਪਹਿਲੀ ਗੋਲੀ ਦਾ ਖੜਾਕ ਸੁਣ ਕੇ ਪੌੜੀਆਂ ਚੜ੍ਹ ਗਿਆ ਸੀ, ਮੇਵਾ ਸਿੰਘ ਨੂੰ ਸ਼ਾਂਤ ਚਿੱਤ ਖਲੋਤਾ ਵੇਖ ਕੇ ਉਹਨੂੰ ਕਾਬੂ ਕਰਨ ਲਈ ਅੱਗੇ ਵਧਿਆ, ਪਰ ਮੇਵਾ ਸਿੰਘ ਨੇ ਆਪ ਹੀ ਆਪਣਾ ਰਿਵਾਲਵਰ ਉਸ ਨੂੰ ਫੜਾਉਂਦਿਆਂ ਆਪਣੀ ਟੁੱਟੀ-ਫੁੱਟੀ ਅੰਗਰੇਜ਼ੀ ਵਿਚ ਕਿਹਾ, "ਆਈ ਸ਼ੂਟ! ਆਈ ਗੋ ਸਟੇਸ਼ਨ।"

***(ਚਲਦਾ)***



## ਚਿੱਤ ਚੇਤਾ

ਕਾਨਾ ਸਿੰਘ
ਫੋਨ:+91-95019-44944

**ਸ਼ਬਦਾਂ ਦੇ ਜਾਦੂਗਰ ਬਲਵੰਤ ਗਾਰਗੀ ਨੇ ਪੰਜਾਬੀ ਲੇਖਕਾਂ ਅਤੇ ਹੋਰ ਕਲਾਕਾਰਾਂ ਬਾਰੇ ਬੜੇ ਚਰਚਿਤ ਰੇਖਾ ਚਿੱਤਰ ਲਿਖੇ। ਇਨ੍ਹਾਂ ਉਤੇ ਵਿਵਾਦ ਵੀ ਬਥੇਰੇ ਛਿੜਦੇ ਰਹੇ। ਉਹਦੇ ਲਿਖੇ ਰੇਖਾ ਚਿੱਤਰਾਂ ਬਾਰੇ ਇਹ ਗੱਲ ਧੁੰਮ ਗਈ ਸੀ ਕਿ ਉਹ ਰੇਖਾ ਚਿੱਤਰ ਨੂੰ 'ਸੁਆਦਲਾ' ਬਣਾਉਣ ਲਈ ਸਬੰਧਤ ਲੇਖਕ ਬਾਰੇ ਕਾਫੀ ਕੁਝ ਆਪਣੇ ਕੋਲੋਂ ਜੋੜ ਲੈਂਦਾ ਹੈ ਪਰ ਲਿਖਤ ਵਿਚ ਇਹ ਜ਼ਿਕਰ ਇੰਨੀ ਜਾਨ ਨਾਲ ਗੁੰਦਦਾ ਕਿ ਉਸ ਜ਼ਿਕਰ ਤੋਂ ਬਗੈਰ ਲਿਖਤ ਅਧੂਰੀ ਜਾਪਦੀ। ਇਸ ਤੋਂ ਐਨ ਉਲਟ ਕਾਨਾ ਸਿੰਘ ਨੇ ਗਾਰਗੀ ਬਾਰੇ ਲਿਖੇ ਰੇਖਾ ਚਿੱਤਰ '...ਤੇ ਬਾਹਰ ਤਾਲਾ ਸੀ' ਵਿਚ ਐਨ ਸੱਚੋ-ਸੱਚ ਬਿਆਨ ਕਰ ਕੇ ਜਿਹੜਾ ਗਾਰਗੀ ਪਾਠਕਾਂ ਦੇ ਸਾਹਮਣੇ ਪੇਸ਼ ਕੀਤਾ ਹੈ, ਉਹ ਕੋਈ ਵੱਖਰਾ ਹੀ ਗਾਰਗੀ ਹੈ। ਪੂਰੇ 52 ਸਾਲ ਪਹਿਲਾਂ ਹੋਈ ਨਿੱਘੀ ਮਿਲਣੀ...ਇਸ ਲਿਖਤ ਵਿਚ ਕੁੜੀਆਂ ਦੀ ਸੰਗਤ ਵਿਚ ਬਲਦੀ ਮੋਮਬੱਤੀ ਵਾਂਗ ਪਿਘਲਦੇ ਬਲਵੰਤ ਗਾਰਗੀ ਦੇ ਭਰਪੂਰ ਦਰਸ਼ਨ ਹੁੰਦੇ ਹਨ। ਦੋ ਕਿਸ਼ਤਾਂ ਵਿਚ ਛਾਪੀ ਜਾ ਰਹੀ ਇਸ ਲਿਖਤ ਦਾ ਪਹਿਲਾ ਹਿੱਸਾ ਹਾਜ਼ਰ ਹੈ। -ਸੰਪਾਦਕ**

# ...ਤੇ ਬਾਹਰ ਤਾਲਾ ਸੀ

ਮੋਟੇ ਨਕਸ਼, ਛੋਟਾ ਕੱਦ, ਕਰੜਾ ਜੁੱਸਾ ਤੇ ਕੁੜੀਆਂ ਵਰਗੇ ਹਾਵ ਭਾਵ- ਠੀਕ ਮੇਰੀ ਨਜ਼ਰ ਸਾਹਵੇਂ, ਕੋਨੇ ਦੀ ਮੇਜ਼ ਉਤੇ, ਦੋ ਸਜੀਆਂ-ਧਜੀਆਂ ਫੈਸ਼ਨਦਾਰ ਕੁੜੀਆਂ ਨੂੰ ਹੱਥਾਂ ਦੀ ਮਦਦ ਨਾਲ ਕੁਝ ਸਮਝਾਉਂਦਾ, ਉਹ ਗੱਲਾਂ ਵਿਚ ਮਸਰੂਫ਼ ਸੀ।

ਲਾ ਬੋਹੀਮ ਕੌਫੀ ਹਾਊਸ ਵਿਚ ਆਪਣੀ ਸੀਟ ਉਤੇ ਮਸਾਂ ਬੈਠੀ ਹੀ ਸਾਂ ਕਿ ਮੇਰੀ ਨਜ਼ਰ ਉਸ ਉਤੇ ਪਈ, ਉਸ ਦੇ ਚਿਹਰੇ ਦੇ ਸੱਜੇ ਪਾਸੇ 'ਤੇ। ਉਹ ਸ਼ਾਇਦ ਉਨ੍ਹਾਂ ਕੁੜੀਆਂ ਨੂੰ ਕੁਝ ਸਮਝਾ ਰਿਹਾ ਸੀ। ਕਿਸੇ ਨਾਟਕ ਦਾ ਦ੍ਰਿਸ਼ ਜਾਂ ਪਾਤਰ ਦੀ ਭੂਮਿਕਾ, ਕੋਈ ਕਵਿਤਾ ਜਾਂ ਚਿੱਤਰ, ਕੁਝ ਵੀ ਅਨੋਖਾ ਜਿਹਾ।

ਏਨਾ ਅਨੋਖਾ ਬੰਦਾ, ਏਨੇ ਅਨੋਖੇ ਅੰਦਾਜ਼ ਵਿਚ ਭਲਾ ਕੋਈ ਆਮ ਜਿਹੀ ਗੱਲ ਕਿਵੇਂ ਕਰ ਸਕਦਾ ਸੀ?

ਉਸ ਮੈਨੂੰ ਵੇਖ ਵੀ ਲਿਆ ਹੁੰਦਾ ਤਾਂ ਧਿਆਨ ਨਾ ਦਿੰਦਾ। ਮੇਰੇ ਆਮ ਜਿਹੇ ਵਜੂਦ ਵਿਚੋਂ ਆਰ-ਪਾਰ ਹੋ ਜਾਂਦੀ ਉਸ ਦੀ ਇਕਸੁਰਤੀ ਨਜ਼ਰ। ਉਸ ਦੀ ਸਾਰੀ ਬਿਰਤੀ ਉਸ ਵੇਲੇ ਉਥੇ ਹੀ ਇਕਾਗਰ ਸੀ, ਉਸ ਦੀ ਮੁੱਠੀ ਵਿਚ।

"ਉਹ ਕੌਣ ਏ?"

"ਗਾਰਗੀ! ਬਲਵੰਤ ਗਾਰਗੀ।"

ਸਵਰਨ ਨੇ ਦੱਸਿਆ, ਐਸ. ਸਵਰਨ-'ਚੇਤਨਾ' ਦੇ ਸੰਪਾਦਕ ਨੇ।

ਅਸੀਂ ਨਵੇਂ-ਨਵੇਂ ਹੀ ਮਿੱਤਰ ਬਣੇ ਸਾਂ।

"ਬਲਵੰਤ ਗਾਰਗੀ?"

"ਲੋਹਾ ਕੁੱਟ ਵਾਲਾ?"

ਹਾਇ! ਉਸ ਦੀ 'ਪੱਤਣ ਦੀ ਬੇੜੀ', ਤੇ ਉਸੇ ਹੀ ਪਲ ਜਿਵੇਂ ਉਸ ਦੇ ਨਾਟਕ 'ਪੱਤਣ ਦੀ ਬੇੜੀ' ਦੀ ਨਾਇਕਾ 'ਦੀਪੋ' ਮੇਰੇ ਅੰਦਰ ਪ੍ਰਵੇਸ਼ ਕਰ ਗਈ। ਉਸ ਦੇ ਗਰਮ-ਗਰਮ ਪੋਟਿਆਂ ਦੀ ਝੁਣਝੁਣੀ ਮੇਰੇ ਲਹੂ ਵਿਚ ਘੁਲ ਗਈ।

ਮੇਰੇ ਦਿਲ ਦੀ ਧੜਕਣ ਤੇਜ਼ ਹੋ ਗਈ।

ਇਹ ਸੀ ਜਨਵਰੀ 1962 ਦੇ ਪਹਿਲੇ ਹਫਤੇ ਦੀ ਠੰਢੀ ਤੇ ਨਿੱਘੀ ਸ਼ਾਮ।

"ਕਦੇ ਮਿਲਾ ਨਾ ਗਾਰਗੀ ਨਾਲ।"

"ਮਿਲਾ ਦਿਆਂਗਾ।" ਕੌਫ਼ੀ ਦਾ ਘੁੱਟ ਭਰਦਿਆਂ ਸਵਰਨ ਨੇ ਕਿਹਾ।

'ਹੁਣੇ ਐਸ ਵੇਲੇ', ਚਾਹੁੰਦਿਆਂ ਹੋਇਆਂ ਵੀ ਆਖਣਾ ਮੈਂ ਮੁਨਾਸਿਬ ਨਾ ਸਮਝਿਆ।

ਗਾਰਗੀ ਕੁੜੀਆਂ ਨਾਲ ਸੀ, ਸੁਹਣੀਆਂ ਰੰਗੀਨ ਤੇ ਮੌਡ ਕੁੜੀਆਂ, ਜਿਨ੍ਹਾਂ ਨੇ ਸਿਰਾਂ ਉਤੇ ਕੰਘੀ ਨਾਲ ਉਲਝਾਏ ਹੋਏ ਪੁੱਠੇ ਵਾਲਾਂ ਦੇ ਉਚੇ-ਉਚੇ ਪੱਫ਼ ਅਤੇ ਪਿੱਛੇ ਫਰੈਂਚ ਰੋਲਾਂ ਜਿਹੇ ਜੂੜੇ ਕੀਤੇ ਹੋਏ ਸਨ। ਤਿਰਛੇ ਤਰਾਸ਼ੇ ਤੇ ਕਾਲੀ ਪੈਨਸਿਲ ਨਾਲ ਗੂੜ੍ਹੇ ਕੀਤੇ ਕਮਾਨੀਦਾਰ ਭਰਵੱਟੇ, ਮਸਕਾਰੇ ਨਾਲ ਸਿਆਹ-ਕਾਲੀਆਂ ਕੀਤੀਆਂ ਅੱਖਾਂ ਦੀਆਂ ਗੰਨੀਆਂ, ਚਮਕਦੇ ਲਿਪਸਟਿਕੀ ਹੋਠਾਂ ਅਤੇ ਉਨ੍ਹਾਂ ਵਰਗੀ ਹੀ ਭਾਅ ਮਾਰਦੀਆਂ ਸੁਰਖੀ ਰੱਤੀਆਂ ਗੱਲ੍ਹਾਂ, ਲਿੰਮੇ-ਪੋਚੇ ਚਿਹਰੇ (ਉਦੋਂ ਬੜੀ ਸ਼ੋਖ ਮੇਕ-ਅੱਪ ਦਾ ਰਿਵਾਜ ਸੀ। ਦੇਸ਼ ਨੂੰ ਨਵੀਂ-ਨਵੀਂ ਆਜ਼ਾਦੀ ਮਿਲੀ ਹੋਣ ਕਾਰਨ ਸਭਿਅਤਾ ਦੀਆਂ ਅੱਖਾਂ ਚੁੰਧਿਆਈਆਂ ਜਾਪਦੀਆਂ ਸਨ) ਤੇ ਹੱਥਾਂ ਵਿਚ ਸਿਗਰਟ, ਉਨ੍ਹਾਂ ਕੁੜੀਆਂ ਦੇ ਮੁਕਾਬਲੇ 'ਤੇ ਫੱਬਵੀਂ ਸਾੜ੍ਹੀ, ਕੋਟ ਤੇ ਪਰਸ ਦੇ ਬਾਵਜੂਦ ਮੈਨੂੰ ਆਪਣਾ ਆਪ ਫਿੱਕਾ ਲੱਗ ਰਿਹਾ ਸੀ।

ਉਸ ਸ਼ਾਮ ਸਾਡੀਆਂ ਗੱਲਾਂ ਦਾ ਵਿਸ਼ਾ ਗਾਰਗੀ ਹੀ ਰਿਹਾ ਤੇ ਅਗਲੇਰੇ ਦਿਨਾਂ ਵਿਚ 'ਪੱਤਣ ਦੀ ਬੇੜੀ' ਵਿਚ ਸਵਾਰ ਗਾਰਗੀ ਮੇਰੇ ਮਨ ਸਾਗਰ ਦੀ ਹਿੱਕ ਉਤੇ ਤੈਰਦਾ ਜਿਹਾ ਰਿਹਾ।

ਸਵਰਨ ਨੇ ਜ਼ਰੂਰ ਮਿਲਾ ਦੇਣਾ ਸੀ। ਉਹ ਮੇਰੀ ਨਿੱਕੀ ਤੋਂ ਨਿੱਕੀ ਖਾਹਿਸ਼ ਦਾ ਵੀ ਪੂਰਾ ਆਦਰ ਕਰਦਾ ਸੀ। ਉਂਜ ਵੀ ਉਹ ਈਰਖਾਲੂ ਨੱਢਾ ਨਹੀਂ ਸੀ, ਪਰ ਕੋਈ ਸਬੱਬ ਵੀ ਤਾਂ ਬਣੇ।

ਗਾਰਗੀ ਦੇ ਨਾਟਕਾਂ ਤੋਂ ਇਲਾਵਾ ਮੈਂ ਉਸ ਦੀ ਰੇਖਾ ਚਿਤਰਾਂ ਦੀ ਪੁਸਤਕ 'ਨਿੰਮ ਦੇ ਪੱਤੇ' ਪੜ੍ਹ ਚੁੱਕੀ ਸਾਂ ਜਿਸ ਵਿਚ ਉਸ ਦੇ ਖੁਦ ਬਾਰੇ ਲਿਖੇ ਲੇਖ ਵਿਚ ਉਸ ਦੀ ਆਧੁਨਿਕ ਰਸੋਈ, ਵਲੈਤੀ ਚੁਲ੍ਹੇ ਅਤੇ ਕੁੜੀ-ਦੋਸਤਾਂ ਦੀ ਉਸ ਦੇ ਘਰ ਵਿਚ ਖੁਲ੍ਹੀ ਆਮਦੋ-ਰਫਤ ਦਾ ਜ਼ਿਕਰ ਸੀ। ਇਹ ਸਭ ਮੈਂ ਆਪਣੇ ਚੇਤੇ ਵਿਚ ਟਿਕੇ ਉਦੋਂ ਦੇ ਪ੍ਰਭਾਵਾਂ ਦੇ ਆਧਾਰ 'ਤੇ ਹੀ ਲਿਖ ਰਹੀ ਹਾਂ।

ਮੈਨੂੰ ਆਪਣੇ ਘਰ ਵਿਚ ਸਭ ਤੋਂ ਵੱਧ ਅਗਰ ਕਿਸੇ ਕੋਨੇ ਤੋਂ ਨਫਰਤ ਸੀ ਤਾਂ ਉਹ ਸੀ ਬਰਾਂਡੇ ਵਿਚ ਬਣੀ ਰਸੋਈ ਜਿਸ ਵਿਚ ਪੱਥਰੀ ਕੋਲਿਆਂ ਦੀ ਅੰਗੀਠੀ ਸਾਰਾ ਦਿਨ ਭਖੀ ਰਹਿੰਦੀ। ਮੈਨੂੰ ਰਸੋਈ ਦੇ ਕੰਮ ਵਿਚ ਕੋਈ ਦਿਲਚਸਪੀ ਨਹੀਂ ਸੀ। ਨਾ ਮੈਨੂੰ ਅੰਗੀਠੀ ਬਾਲਣੀ ਆਉਂਦੀ ਸੀ ਤੇ ਨਾ ਹੀ ਕੁਝ ਰਿੰਨ੍ਹਣਾ-ਪਕਾਣਾ।

ਗਾਰਗੀ ਦੀ ਰਸੋਈ ਵੇਖਣ ਦੀ ਵੀ ਮੈਨੂੰ ਉਨੀ ਹੀ ਉਤਸੁਕਤਾ ਸੀ ਜਿੰਨੀ ਉਸ ਨੂੰ ਮਿਲਣ ਦੀ।

ਉਸ ਲੇਖ ਅਨੁਸਾਰ ਗਾਰਗੀ ਕੁੜੀਆਂ ਦਾ ਚਹੇਤਾ ਸੀ। ਕੁੜੀਆਂ ਆਪੇ ਹੀ ਉਸ ਦੇ ਘਰ ਆ ਧਮਕਦੀਆਂ ਤੇ ਰਿੰਨ੍ਹ-ਪਕਾ ਕੇ, ਖਾ-ਖੁਆ ਕੇ ਤੁਰਦੀਆਂ ਬਣਦੀਆਂ। ਮੈਂ ਅਜਿਹੀਆਂ ਕੁੜੀਆਂ ਵਿਚੋਂ ਨਹੀਂ ਸਾਂ। ਮੈਂ ਤੇ ਸ਼ਰਮਾਕਲ ਸਾਂ। ਪਹਿਲ ਕਰਨੀ ਮੇਰੇ ਸੁਭਾਅ ਦਾ ਅੰਗ ਨਹੀਂ ਸੀ। ਫਿਰ ਵੀ ਪਤਾ ਨਹੀਂ ਕਿਉਂ, ਕਿਵੇਂ ਤੇ ਕਿਸ ਸ਼ਰਾਰਤੀ ਮੂਡ ਵਿਚ ਮੈਂ ਡਾਇਰੈਕਟਰੀ ਵਿਚੋਂ ਗਾਰਗੀ ਦਾ ਨੰਬਰ ਲੱਭ ਕੇ ਫੋਨ ਘੁਮਾ ਦਿੱਤਾ।

"ਹੈਲੋ।"

"ਹੈਲੋ।"

"ਬੁੱਝੋ ਕੌਣ?"

"ਪਤਾ ਨਹੀ।"

"ਕੋਸ਼ਿਸ਼ ਕਰੋ।"

"ਯਾਦ ਨਹੀਂ ਆ ਰਿਹਾ।"

"ਅੰਦਾਜ਼ਾ ਲਗਾਓ।"

"ਤੂੰ ਸੁਹਣੀ ਕੁੜੀ ਏਂ ਤੇ ਰੋਮਾਂਟਿਕ ਵੀ,...ਕੀ ਨਾਂ ਏ ਤੇਰਾ?"

"ਕੀ ਹੋ ਸਕਦੈ ਭਲਾ?"

"ਕਹਿ ਨਹੀਂ ਸਕਦਾ। ਇਹੋ ਜਿਹੀ ਆਵਾਜ਼ ਦਾ ਤਾਂ ਚੰਗਾ ਹੀ ਨਾਂ ਹੋਣਾ ਚਾਹੀਦੈ। ਦੱਸ ਨਾ ਕੌਣ ਏਂ? ਕੀ ਕੰਮ ਕਰਦੀ ਏਂ?"

"ਕਿਆਫਾ ਲਗਾਓ...।"

"ਤੂੰ ਕਿਸੇ ਦਫਤਰ ਵਿਚ ਰਿਸੈਪਸ਼ਨਿਸਟ ਏਂ...ਨਹੀਂ ਨਹੀਂ, ਦਫਤਰ ਤਾਂ ਪੰਜ ਵਜੇ ਬੰਦ ਹੋ ਜਾਂਦੇ ਨੇ।...ਤੂੰ ਕਿਸੇ ਫਰਮ ਦੀ ਡਾਇਰੈਕਟਰ...?"

"ਨਹੀਂ...ਤੂੰ ਟੈਲੀਫੋਨ ਆਪਰੇਟਰ ਏਂ?"

"ਨਹੀਂ ਨਹੀਂ...ਸਮਝ ਗਿਆ, ਤੂੰ ਪੰਜਾਬੀ ਦੀ ਪ੍ਰੋਫੈਸਰ ਏਂ...।" ਉਸ ਦੇ ਨਾਟਕ 'ਪਤਣ ਦੀ ਬੇੜੀ' ਬਾਰੇ ਮੇਰੇ ਮੂੰਹੋਂ ਸੁਣੀ ਪ੍ਰਸ਼ੰਸਾ ਤੋਂ ਸ਼ਾਇਦ ਉਸ ਅੰਦਾਜ਼ਾ ਲਗਾਇਆ।

"ਪਰ ਤੇਰੀ ਅੰਗਰੇਜ਼ੀ ਬੋਲਣ ਦੀ ਮੁਹਾਰਤ ਤੋਂ ਮੈਨੂੰ ਇਸ ਵਿਚ ਵੀ ਸ਼ੱਕ ਏ।"

ਦਰਅਸਲ ਉਦੋਂ ਮੈਂ ਪ੍ਰਗਤੀ ਮੈਦਾਨ ਵਿਚ ਲੱਗੇ ਕੌਮਾਂਤਰੀ ਉਦਯੋਗ ਮੇਲੇ ਦੇ ਫਿਲਿੱਪਜ਼ ਡਿਵੀਜ਼ਨ ਦੇ ਨੁਮਾਇਸ਼ੀ ਮੰਡਪ ਵਿਚ ਕੰਮ ਕਰ ਰਹੀ ਸਾਂ। ਸਵੇਰੇ ਸਕੂਲ ਵਿਚ ਪੱਕੇ ਤੌਰ 'ਤੇ ਅਧਿਆਪਕਾ ਦੀ ਨੌਕਰੀ ਦੇ ਨਾਲ-ਨਾਲ ਸ਼ਾਮੀਂ ਚਾਰ ਵਜੇ ਤੋਂ ਨੌਂ ਵਜੇ ਤੱਕ ਦੀ ਇਹ ਆਰਜ਼ੀ ਨੌਕਰੀ ਵੀ ਮੈਂ ਫੜ ਲਈ ਸੀ। ਇਹ ਨੌਕਰੀ ਮੈਨੂੰ ਦਿੱਲੀ ਯੂਨੀਵਰਸਿਟੀ ਦੇ ਇੰਪਲਾਇਮੈਂਟ ਐਕਸਚੇਂਜ ਵਲੋਂ ਚੰਗੀ ਅੰਗਰੇਜ਼ੀ ਬੋਲ ਸਕਣ ਕਰ ਕੇ ਮਿਲੀ ਸੀ।

ਇਹ ਹਿੰਦੁਸਤਾਨ ਦਾ ਪਹਿਲਾ ਵਿਸ਼ਵ ਮੇਲਾ ਲੱਗਿਆ ਸੀ ਜਿਸ ਵਿਚ ਹਰ ਦੇਸ਼ ਅਤੇ ਹਰ ਸੂਬੇ ਦੇ ਵਿਸ਼ੇਸ਼ ਉਦਯੋਗਾਂ ਦੇ ਮੰਡਪਾਂ ਲਈ ਬੇਸ਼ੁਮਾਰ ਕੁੜੀਆਂ ਚਾਹੀਦੀਆਂ ਸਨ; ਚੁਸਤ, ਆਕਰਸ਼ਕ ਤੇ ਪੜ੍ਹੀਆਂ-ਲਿਖੀਆਂ ਆਧੁਨਿਕ ਕੁੜੀਆਂ ਜਿਨ੍ਹਾਂ ਦੀ ਉਨ੍ਹੀਂ ਦਿਨੀਂ ਬੜੀ ਘਾਟ ਸੀ।

ਮੈਂ ਉਸੇ ਸਾਲ ਯੂਨੀਵਰਸਿਟੀ ਦੇ ਈਵਨਿੰਗ ਕਾਲਜ ਤੋਂ ਪੰਜਾਬੀ ਦੀ ਐਮ.ਏ. ਪਾਸ ਕੀਤੀ ਸੀ, ਤੇ ਪੀਐਚ.ਡੀ. ਲਈ ਮਨ ਬਣਾ ਰਹੀ ਸਾਂ। ਐਮ.ਏ. ਦੀ ਪੜ੍ਹਾਈ ਤੋਂ ਫਾਰਗ ਹੋ ਜਾਣ ਕਰ ਕੇ ਮੇਰੀਆਂ ਸ਼ਾਮਾਂ ਵਿਹਲੀਆਂ ਹੋ ਗਈਆਂ ਸਨ। ਮੈਂ ਇਹ ਨਵਾਂ ਐਡਵੈਂਚਰ ਕਰਨਾ ਚਾਹਿਆ। ਜ਼ਿਆਦਾ ਕਰ ਕੇ ਰਿਸੈਪਸ਼ਨ ਉਤੇ ਹੀ ਮੇਰੀ ਡਿਊਟੀ ਹੋਣ ਕਾਰਨ ਫੋਨ ਮੇਰੇ ਹੱਥ ਵਿਚ ਹੀ ਹੁੰਦਾ ਸੀ। ਜਿਉਂ ਹੀ ਮੌਕਾ ਮਿਲਦਾ ਜਾਂ ਵਿਹਲ ਲਗਦੀ, ਮੈਂ ਗਾਰਗੀ ਦਾ ਨੰਬਰ ਘੁਮਾ ਦਿੰਦੀ।

"ਤੂੰ ਕੱਲ੍ਹ ਫੋਨ ਨਹੀਂ ਕੀਤਾ, ਮੈਨੂੰ ਉਡੀਕ ਸੀ।" ਜਦੋਂ ਗਾਰਗੀ ਕਹਿੰਦਾ ਤਾਂ ਮੈਨੂੰ ਬਹੁਤ ਚੰਗਾ ਲੱਗਦਾ।

"ਇਹ ਉਡੀਕ ਕਦੇ ਨਾ ਮੁੱਕੇ।" ਮੈਂ ਸੋਚਦੀ। ਮੇਰੀ ਗੱਲਬਾਤ ਤੋਂ ਉਸ ਨੇ ਮੇਰਾ ਜੋ ਤਸੱਵਰ ਬਣਾ ਲਿਆ ਸੀ, ਮੈਂ ਉਸ ਨੂੰ ਕਿਸੇ ਕੀਮਤ 'ਤੇ ਵੀ ਬਿਖਰਨ ਨਹੀਂ ਸਾਂ ਦੇਣਾ ਚਾਹੁੰਦੀ। ਸੋ ਨਾ ਤੇ ਮੈਂ ਗਾਰਗੀ ਨੂੰ ਆਪਣਾ ਨਾਂ ਹੀ ਦੱਸਿਆ ਤੇ ਨਾ ਹੀ ਕਿੱਤਾ ਜਾਂ ਥਹੁ-ਟਿਕਾਣਾ।

"ਅੱਛਾ ਫਿਰ ਮੈਂ ਆਪੇ ਹੀ ਤੇਰਾ ਨਾਂ ਰੱਖ ਦਿੰਦਾ ਹਾਂ। ਤੂੰ ਹੈਨਾ ਏ, ਹੈਨਾ।" ਹਾਰ ਕੇ ਉਸ ਇਕ ਦਿਨ ਕਿਹਾ।

"ਹੈਨਾ? ਕੀ ਮਤਲਬ?"

"ਹੈਨਾ ਤੇਰਾ ਤਕੀਆ ਕਲਾਮ ਜੁ ਹੈ।"

ਮੈਂ ਗਾਰਗੀ ਉਤੇ ਪ੍ਰਭਾਵ ਪਾਉਣ ਲਈ ਜ਼ਿਆਦਾ ਕਰ ਕੇ ਅੰਗਰੇਜ਼ੀ ਵਿਚ ਗੱਲ ਕਰਦੀ ਸਾਂ, ਪਰ ਅੰਤ ਵਿਚ ਪੰਜਾਬੀ ਵਿਚ 'ਹੈਨਾ?' ਬੋਲਣ ਦੀ ਮੇਰੀ ਆਦਤ ਜਿਹੀ ਸੀ।

"ਹੈਨਾ...ਹਿਨਾ...ਯਾਨਿ ਮਹਿੰਦੀ। ਮਹਿੰਦੀ ਵਰਗੀ ਖੁਸ਼ਬੂ ਏ ਤੇਰੀ ਆਵਾਜ਼ ਵਿਚ?" ਗਾਰਗੀ ਨੇ ਕਿਹਾ ਸੀ।

ਉਸ ਤੋਂ ਮਗਰੋਂ ਹੈਨਾ ਦੇ ਫੋਨਾਂ ਦੀ ਗਿਣਤੀ ਵਧਦੀ ਗਈ ਤੇ ਉਹ ਉਸ ਨੂੰ ਗਾਰਗੀ ਨਹੀਂ, 'ਬਲਵੰਤ' ਬੁਲਾਵੇ, ਗਾਰਗੀ ਦੀ ਪੁਰਜ਼ੋਰ ਤਾਕੀਦ ਸੀ।

"ਹੈਨਾ, ਮੈਂ ਤੈਨੂੰ ਨੇੜਿਉਂ ਵੇਖਣਾ ਚਾਹੁੰਦਾ ਹਾਂ, ਬਸ ਇਕ ਵਾਰ। ਦੱਸ ਕਦੋਂ ਆਵੇਂਗੀ?" ਗਾਰਗੀ ਨੇ ਇਕ ਦਿਨ ਪੁੱਛਿਆ।

ਇਨ੍ਹਾਂ ਸ਼ਬਦਾਂ ਵਿਚ ਪੁੱਛ ਘੱਟ ਸੀ ਤੇ ਆਦੇਸ਼ ਬਾਹਲਾ।

"ਅੱਛਾ ਆਵਾਂਗੀ।"

"ਕਦੋਂ?"

ਇਹ ਗੱਲਬਾਤ ਕਦੋਂ ਹੋਈ, ਇਹ ਤਾਂ ਯਾਦ ਨਹੀਂ, ਪਰ ਏਨਾ ਜ਼ਰੂਰ ਨਿਸ਼ਚਿਤ ਹੈ ਕਿ ਜਿਸ ਦਿਨ ਮੈਂ ਉਸ ਦੇ ਬੂਹੇ ਉਤੇ ਦਸਤਕ ਦਿੱਤੀ, ਉਹ ਇਤਿਹਾਸਕ ਦਿਨ ਸੀ, ਤੇ ਮੇਰੇ ਲਈ ਖਾਸ ਤੌਰ 'ਤੇ। ਜੇ ਨਹੀਂ ਸੀ ਹੋਣਾ ਤਾਂ ਗਾਰਗੀ ਲਈ। ਉਸ ਲਈ ਇਕ ਆਮ ਜਿਹੀ ਕੁੜੀ ਨਾਲ ਨਿੱਕੀ ਜਿਹੀ ਮੁਲਾਕਾਤ ਕਿੰਨੀ ਕੁ ਇਤਿਹਾਸਕ ਹੋ ਸਕਦੀ ਸੀ ਭਲਾ?

---

ਛੱਬੀ ਜਨਵਰੀ ਉਨੀ ਸੌ ਬਾਹਠ।

ਗਣਤੰਤਰ ਦਿਵਸ, ਤੇ ਸਵੇਰ ਦੇ ਸਾਢੇ ਗਿਆਰਾਂ ਵਜੇ। ਰਾਸ਼ਟਰੀ ਪਰੇਡ ਦੀ ਭੀੜ ਕਾਰਨ ਮੈਂ ਮਿਥੇ ਸਮੇਂ ਤੋਂ ਇਕ ਘੰਟਾ ਪਛੜ ਕੇ ਪੁੱਜੀ। ਮੀਂਹ ਪੈ ਰਿਹਾ ਸੀ। ਮੇਰਾ ਬਿਸਕੁਟੀ ਰੰਗ ਦਾ ਕੋਟ ਭਿੱਜਿਆ ਪਿਆ ਸੀ। ਪਤਲਾ ਮਹੀਨ ਅਸਮਾਨੀ ਸਕਾਰਫ਼ ਵਾਲਾਂ ਨਾਲ ਚਿਪਕਿਆ ਹੋਇਆ ਸੀ।

ਕਾਲ ਬੈਲ ਵੱਜਣ ਉਤੇ ਬੂਹਾ ਕਿਸ ਖੋਲ੍ਹਿਆ, ਯਾਦ ਨਹੀਂ।

ਗਾਰਗੀ ਨਾਲ ਮੇਰੀ ਮੁਲਾਕਾਤ ਦੀ ਯਾਦ ਬੈਠਵੇਂ ਜਿਹੇ ਦੀਵਾਨ ਤੋਂ ਸ਼ੁਰੂ ਹੁੰਦੀ ਹੈ। ਉਹ ਤੇ ਇਕ ਹੋਰ ਬੰਦਾ, ਗੋਰਾ-ਇਕਹਿਰਾ ਬਦਨ ਤੇ ਮੁਸਮੁਸ ਕਰਦਾ। ਗਾਰਗੀ ਨੇ ਉਸ ਨਾਲ ਦੋਸਤ ਵਜੋਂ ਪਰੀਚੈ ਕਰਾਇਆ ਸੀ, ਪਰ ਹੁਣ ਮੈਨੂੰ ਉਸ ਦੇ ਨਾਂ ਦਾ ਕੋਈ ਚੇਤਾ ਨਹੀਂ।

ਸਾਹਮਣੇ ਹੁੰਦਿਆਂ ਹੀ ਗਾਰਗੀ ਨੇ ਅੱਗੇ ਵੱਧ ਕੇ ਮੇਰਾ ਹੱਥ ਘੁੱਟ ਲਿਆ।

ਮੇਰੇ ਲਈ ਜੇ ਅੰਮ੍ਰਿਤਾ ਦੀ ਸ਼ਖਸੀਅਤ ਦਾ ਬਿੰਬ ਉਸ ਦੇ ਹੋਠ ਹਨ, ਤਾਂ ਗਾਰਗੀ ਦੇ ਹੱਥ। ਉਹ ਪੈਂਦੀ ਸਾਰ ਅਗਲੇ ਦੇ ਹੱਥ ਘੁੱਟ ਲੈਂਦਾ। ਬਸ ਮਿਲੇ ਨਹੀਂ ਕਿ ਤੁਹਾਡੇ ਹੱਥ ਉਸ ਦੀ ਮੁੱਠੀ ਵਿਚ। ਫੇਰ ਉਸ ਦੀ ਉਹ ਹੱਥ-ਘੁੱਟਣੀ ਤੁਸੀਂ ਹਮੇਸ਼ਾਂ ਲਈ ਨਾਲ ਲਈ ਫਿਰਦੇ ਹੋ।

ਕੁਝ ਮਿੰਟਾਂ ਵਿਚ ਹੀ ਉਸ ਦੇ ਮਿੱਤਰ ਨੇ ਵਿਦਿਆ ਲੈ ਲਈ। ਹੁਣ ਉਸ ਦੀਵਾਨ ਉਤੇ ਕੇਵਲ ਗਾਰਗੀ ਸੀ ਤੇ ਮੈਂ ਸਾਂ, ਸੁੰਗੜੀ ਸੁੰਗੜੀ, ਸ਼ਰਮਾਈ ਸ਼ਰਮਾਈ। ਉਸ ਮੇਰਾ ਗਿੱਲਾ ਕੋਟ ਤੇ ਸਕਾਰਫ ਲਾਹ ਕੇ ਹੈਂਗਰ ਉਤੇ ਟੰਗ ਦਿੱਤੇ ਤੇ ਮੇਰੀਆਂ ਲੱਤਾਂ ਉਪਰ ਕੰਬਲ ਪਾ ਦਿੱਤਾ।

"ਸੰਤੋ...ਖ।"

ਗਾਰਗੀ ਦੀ ਆਵਾਜ਼ ਦੇਣ 'ਤੇ ਸਾਫ-ਸੁਥਰਾ, ਪਤਲਾ ਗੋਰਾ ਤੇ ਖਿੜੇ ਮੱਥੇ ਵਾਲਾ ਜੁਆਨ ਚਾਹ ਦੀ ਟਰੇ ਲੈ ਕੇ ਹਾਜ਼ਰ ਹੋਇਆ। ਉਸ ਦਾ ਅਕਸ ਮੇਰੀਆਂ ਅੱਖਾਂ ਅੱਗੇ ਏਨਾ ਸਜੀਵ ਹੈ ਕਿ ਅੱਜ ਵੀ ਜੇ ਉਹ ਮੇਰੇ ਸਾਹਮਣੇ ਆ ਜਾਵੇ ਤਾਂ ਪਛਾਣਨ ਵਿਚ ਮੈਂ ਢਿੱਲ ਨਾ ਲਾਵਾਂ। ਉਹ ਚਾਹ ਰੱਖ ਕੇ ਚਲਾ ਗਿਆ। ਕਾਹਵਾ, ਦੁੱਧ ਤੇ ਚੀਨੀ ਵੱਖੋ-ਵੱਖ। ਨਾਲ ਬਿਸਕੁਟ, ਮਿੱਠੇ ਤੇ ਨਮਕੀਨ ਵੀ।

ਝੱਟ ਕੁ ਮਗਰੋਂ ਗਾਰਗੀ ਨੇ ਉਸ ਨੂੰ ਫੇਰ ਆਵਾਜ਼ ਮਾਰੀ, ਤੇ ਉਸ ਵੱਲ ਅਰਥ ਭਰਪੂਰ ਭਰਵੀਂ ਨਜ਼ਰ ਸੁੱਟੀ। ਉਹ ਚਾਹ ਦੀ ਟਰੇ ਲੈ ਕੇ ਤੁਰ ਗਿਆ।

ਚਾਹ ਪੀ ਕੇ ਮਸਾਂ ਤਾਜ਼ੀ ਹੀ ਹੋਈ ਸਾਂ, ਅਲਸਾਈ ਤੇ ਸਹਿਜ ਕਿ:

"ਸੰਤੋਖ ਚਲਾ ਗਿਆ ਹੈ...।"

ਗਾਰਗੀ ਦੇ ਕਹਿਣ ਉਤੇ ਮੈਂ ਚੌਂਕੀ।

"...ਤੇ ਬਾਹਰੋਂ ਤਾਲਾ ਲਗਾ ਗਿਆ ਹੈ। ਹੁਣ ਚਾਰ ਵਜੇ ਤਕ ਸਾਨੂੰ ਕੋਈ ਵੀ ਡਿਸਟਰਬ ਨਹੀਂ ਕਰ ਸਕਦਾ। ਤੂੰ ਨਿਸ਼ਚਿੰਤ ਹੋ ਕੇ ਬੈਠ। ਤੂੰ ਇਥੇ ਬਿਲਕੁਲ ਸੇਫ਼ ਏਂ।" ਮੇਰੇ ਚਿਹਰੇ ਉਤੇ ਘਬਰਾਹਟ ਨੂੰ ਭਾਂਪਦਿਆਂ ਉਸ ਕਿਹਾ।

"ਪਰ?"

"ਪਰ ਕੀ? ਮੈਂ ਬਿਲਕੁਲ ਹਾਰਮਲੈਸ ਹਾਂ। ਅਸਾਂ ਕੇਵਲ ਗੱਲਾਂ ਕਰਨੀਆਂ ਨੇ, ਸੁਹਣੀਆਂ ਸੁਹਣੀਆਂ। ਜੰਦਰਾ ਇਸ ਲਈ ਲਗਵਾ ਦਿੱਤਾ ਹੈ ਕਿ ਅੱਜ ਛੁੱਟੀ ਦਾ ਦਿਨ ਹੈ, ਤੇ ਐਵੇਂ ਹੀ ਕੋਈ ਰਾਹ ਜਾਂਦਾ ਸਾਡਾ ਵਕਤ ਬਰਬਾਦ ਨਾ ਕਰੇ।"

ਮੇਰੀ ਕਿਸ਼ੋਰ ਅਵਸਥਾ ਦੀ ਉਮਰ ਤੋਂ ਵੀਰ ਜੀ ਕਦੇ ਪੜ੍ਹਾਈ ਤੇ ਕਦੇ ਨੌਕਰੀ ਦੇ ਸਬੱਬ ਘਰੋਂ ਬਾਹਰ ਹੀ ਰਹੇ। ਕਦੇ-ਕਦਾਈਂ ਹੀ ਛੁੱਟੀ ਬਿਤਾਉਣ ਘਰ ਆਉਂਦੇ ਸਨ। ਜੁਆਨੀ ਵਿਚ ਮੇਰੀ ਸੰਭਾਲ ਲਈ ਉਨ੍ਹਾਂ ਦੀ ਚਿੰਤਾ ਸੁਭਾਵਕ ਹੀ ਸੀ।

ਮੇਰੇ ਕਾਲਜ ਪ੍ਰਵੇਸ਼ ਕਰਨ ਤੋਂ ਪਹਿਲਾਂ ਵੀਰ ਜੀ ਨੇ ਮੈਥੋਂ ਤਿੰਨ ਪ੍ਰਣ ਲਏ। ਪਹਿਲਾ, ਮੈਂ ਕਿਸੇ ਮਿੱਤਰ ਮੁੰਡੇ ਨਾਲ ਇਕੱਲੀ ਕੌਫੀ ਹਾਊਸ ਜਾਂ ਰੈਸਤਰਾਂ ਵਿਚ ਨਹੀਂ ਜਾਵਾਂਗੀ, ਤੇ ਜੇ ਜਾਣਾ ਹੀ ਪੈ ਜਾਵੇ ਤਾਂ ਉਸ ਨਾਲ ਸ਼ਰ੍ਹੇਆਮ ਹੀ ਬੈਠਾਂਗੀ, ਨਾ ਕਿ ਫੈਮਿਲੀ ਰੂਮ ਜਾਂ ਕੈਬਿਨ ਵਿਚ। ਦੂਜਾ, ਕਿਸੇ ਵੀ ਦੋਸਤ ਨਾਲ ਸਿਨਮਾ ਵੇਖਣ ਨਹੀਂ ਜਾਵਾਂਗੀ। ਤੀਜਾ, ਕਦੇ ਕਿਸੇ ਛੜੇ ਮਿੱਤਰ ਨਾਲ ਆਪਣੇ ਜਾਂ ਉਸ ਦੇ ਘਰ ਇਕੱਲੀ ਨਹੀਂ ਬੈਠਾਂਗੀ, ਤੇ ਜੇ ਰੱਬ ਸਬੱਬੀ ਬਹਿਣਾ ਹੀ ਪੈ ਜਾਵੇ ਤਾਂ ਪਹਿਲਾਂ ਪੱਕੇ ਤੌਰ 'ਤੇ ਵੇਖ ਲਾਂਗੀ ਕਿ ਉਸ ਕਮਰੇ ਦੇ ਬੂਹੇ-ਬਾਰੀਆਂ ਤੇ ਪਰਦੇ ਖੁੱਲ੍ਹੇ ਹੋਣ।


ਮੇਰੀ ਐਮ.ਏ. ਦੀ ਜਮਾਤ ਵਿਚ ਇੱਕੀ ਮੁੰਡੇ ਸਨ ਤੇ ਮੈਂ ਇਕੱਲੀ ਕੁੜੀ। ਅਕਸਰ ਮਿੱਤਰਾਂ ਦੇ ਝੁੰਡਾਂ ਵਿਚ ਘਿਰੀ ਰਹਿੰਦੀ, ਪਰ ਇਨ੍ਹਾਂ ਵਾਇਦਿਆਂ ਦਾ ਉਲੰਘਣ ਮੈਂ ਕਦੇ ਵੀ ਨਾ ਹੋਣ ਦਿੱਤਾ। ਸਵਰਨ

(ਬਾਕੀ ਅਗਲੇ ਸਫੇ 'ਤੇ)

*"ਸੱਚੀਂ ਤੁਹਾਡੀਆਂ ਬਹੁਤ ਸਹੇਲੀਆਂ ਨੇ?" ਰਸੋਈ ਵਿਚ ਖੜੋਤਿਆਂ ਜਦੋਂ ਗਾਰਗੀ ਆਪਣੇ ਵਲੈਤੀ ਚੁੱਲ੍ਹੇ ਦਾ ਇਸਤੇਮਾਲ ਮੈਨੂੰ ਸਮਝਾ ਰਿਹਾ ਸੀ ਤਾਂ ਮੈਂ ਪੁੱਛਿਆ। "ਹਾਂ ਬਹੁਤ।" "ਪਰ ਪਿਆਰ ਤਾਂ ਇਕੋ ਨਾਲ ਹੀ ਹੁੰਦਾ ਹੈ ਨਾ? ਸੱਚੋ ਸੱਚ ਦੱਸੋ ਤੁਹਾਡੀ ਪ੍ਰੇਮਿਕਾ ਕੌਣ ਹੈ?" ਮੈਂ ਜ਼ੋਰ ਦੇ ਕੇ ਪੁੱਛਿਆ ਸੀ। ਗਾਰਗੀ ਕੁਝ ਦੇਰ ਚੁੱਪ ਰਿਹਾ ਤੇ ਫੇਰ 'ਅਚਲਾ ਸਚਦੇਵ' ਆਖ ਮੁਸਕਰਾਇਆ। ਉਹ ਮੇਰੇ ਚੇਤੇ ਵਿਚ ਹੁਣ ਤਕ ਉਂਜ ਦਾ ਉਂਜ ਹੀ ਮੁਸਕਰਾ ਰਿਹਾ ਹੈ। ਅਚਲਾ ਸਚਦੇਵ ਨੂੰ ਉਸ ਤੋਂ ਕੁਝ ਸਾਲ ਪਹਿਲਾਂ ਮੈਂ 'ਇਪਟਾ' ਦੀ ਕਾਨਫਰੰਸ ਦੌਰਾਨ ਮਿਲੀ ਸਾਂ। ਉਸ ਨੇ ਉਥੇ ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਅੰਬੀ ਦਾ ਬੂਟਾ' ਦਾ ਮੋਨੋ/ਮੰਚੀਕਰਨ ਕੀਤਾ ਸੀ ਜਿਸ ਤੋਂ ਪ੍ਰਭਾਵਤ ਹੋ ਕੇ ਮੈਂ ਵੀ ਦਿੱਲੀ ਯੂਨੀਵਰਸਿਟੀ ਦੀ ਸਟੇਜ ਉਤੇ ਉਵੇਂ ਦਾ ਉਵੇਂ ਖੇਡ ਦਿੱਤਾ ਸੀ।*



ਅਚਲਾ ਸਚਦੇਵ



ਬਲਵੰਤ ਗਾਰਗੀ

ਨੇ ਮੇਰੀਆਂ ਇਨ੍ਹਾਂ ਤਿੰਨ ਸ਼ਰਤਾਂ ਦੀ ਸਦਾ ਇੱਜ਼ਤ ਕੀਤੀ ਸੀ, ਤੇ ਅੱਜ ਮੈਂ ਗਾਰਗੀ ਨਾਲ ਬੈਠੀ ਸਾਂ, ਉਸ ਦੇ ਘਰ, ਉਸ ਨਾਲ ਇਕੱਲੀ ਤੇ ਬਾਹਰ ਤਾਲਾ ਸੀ।

ਆਪਣੀ ਪ੍ਰੇਸ਼ਾਨੀ ਵਜੋਂ ਜਦੋਂ ਮੈਂ ਗਾਰਗੀ ਨੂੰ ਵੀਰ ਜੀ ਨਾਲ ਕੀਤੇ ਵਾਅਦਿਆਂ ਬਾਰੇ ਦੱਸਿਆ ਤਾਂ ਉਹ ਬੜਾ ਖੁੱਲ੍ਹ ਕੇ ਹੱਸਿਆ ਤੇ ਫਿਰ ਬੋਲਿਆ- "ਜਿਸ ਮਕਸਦ ਲਈ ਤੇਰੇ ਭਰਾ ਨੇ ਤੈਥੋਂ ਇਹ ਪ੍ਰਣ ਲਏ ਹਨ, ਉਸ ਦੀ ਉਲੰਘਣਾ ਬਿਲਕੁਲ ਨਹੀਂ ਹੋਵੇਗੀ। ਤੂੰ ਮੇਰੇ ਵਿਚ ਭਰੋਸਾ ਰੱਖ।"

ਉਸ ਦੀ ਹੱਥ-ਘੁੱਟਣੀ ਵਿਚ ਨਿੱਘ ਸੀ ਤੇ ਅੱਖਾਂ ਵਿਚ ਸਪਸ਼ਟ ਆਦਰ ਤੇ ਮੋਹ। ਉਸ ਦੀ ਸੁਹਿਰਦਤਾ ਮੇਰੇ ਦਿਲ ਨੂੰ ਛੋਹ ਗਈ।

ਮੈਂ ਸਹਿਜ ਹੋ ਗਈ।

"ਚੰਗੀਆਂ ਕੁੜੀਆਂ ਰਾਹ ਜਾਂਦਿਆਂ ਕਦੇ ਪਿੱਛੇ ਪਰਤ ਕੇ ਨਹੀਂ ਵੇਖਦੀਆਂ, ਤੇ ਨਾ ਹੀ ਆਪ ਪਹਿਲ ਕਰ ਕੇ ਕਿਸੇ ਮੁੰਡੇ ਨੂੰ ਬੁਲਾਉਂਦੀਆਂ ਹਨ।" ਵੀਰ ਜੀ ਮੈਨੂੰ ਸਮਝਾਉਂਦੇ ਹੁੰਦੇ ਸਨ।

ਗਾਰਗੀ ਨਾਲ ਮੈਂ ਪਹਿਲ ਕੀਤੀ ਸੀ। ਆਪੇ ਫੋਨ ਕੀਤੇ ਤੇ ਆਪੇ ਹੀ ਉਸ ਦੇ ਘਰ ਮਿਲਣ ਤੁਰ ਗਈ। 'ਉਸ ਉਤੇ ਮੇਰਾ ਪਹਿਲਾ ਪ੍ਰਭਾਵ ਪਤਾ ਨਹੀਂ ਕਿੰਜ ਦਾ ਪਿਆ ਹੋਣੈ? ਉਹ ਮੈਨੂੰ ਚੰਗੀ ਕੁੜੀ ਨਹੀਂ ਸਮਝਦਾ ਹੋਣਾ।'

ਮੈਂ ਮਨ ਹੀ ਮਨ ਸੋਚ ਹੀ ਰਹੀ ਸਾਂ- "ਤੂੰ ਸੋਫਿਸਟੀਕੇਟਿਡ ਏਂ", ਗਾਰਗੀ ਦੇ ਕਹਿਣ 'ਤੇ ਮੈਂ ਤ੍ਰਭਕੀ।

'ਇਹ ਤਾਂ ਕੋਈ ਜਾਣੀ-ਜਾਣ ਜਾਪਦੈ। ਵੀਰ ਜੀ ਨਾਲੋਂ ਵੀ ਵੱਧ ਪੈਨੀ ਦ੍ਰਿਸ਼ਟੀ ਰੱਖਣ ਵਾਲਾ। ਮਨ ਆਈਆਂ ਬੁੱਝਣ ਵਾਲਾ।'...ਮੈਂ ਸੋਚ ਰਹੀ ਸਾਂ।

ਮੈਨੂੰ 'ਸੋਫਿਸਟੀਕੇਟਿਡ' ਸ਼ਬਦ ਦੇ ਸਹੀ ਅਰਥਾਂ ਬਾਰੇ ਨਹੀਂ ਸੀ ਪਤਾ। ਮੇਰੀ ਸਮਝ ਮੁਤਾਬਿਕ ਇਸ ਦਾ ਮਤਲਬ ਆਧੁਨਿਕ ਜਾਂ ਫੈਸ਼ਨਦਾਰ ਸੀ, ਪਰ ਮੈਂ ਤਾਂ ਕੌਫੀ ਹਾਉਸ ਵਿਚ ਗਾਰਗੀ ਨਾਲ ਬੈਠੀਆਂ ਉਨ੍ਹਾਂ ਕੁੜੀਆਂ ਸਾਹਵੇਂ ਬਹੁਤ ਸਾਦੀ ਸਾਂ। ਉਹ ਮੇਰੀ ਸਿਫਤ ਕਰ ਰਿਹਾ ਸੀ ਜਾਂ ਐਵੇਂ ਫੂਕ ਦੇ ਰਿਹਾ, ਮੈਨੂੰ ਸਮਝ ਨਹੀਂ ਸੀ ਆ ਰਹੀ। ਮੈਨੂੰ ਯਾਦ ਹੈ ਕਿ ਉਸ ਮਿਲਣੀ ਮਗਰੋਂ ਘਰ ਪੁੱਜਦਿਆਂ ਹੀ ਮੈਂ ਡਿਕਸ਼ਨਰੀ ਖੋਲ੍ਹ ਕੇ ਇਸ ਸ਼ਬਦ ਦੇ ਅਰਥ ਲੱਭਣ ਲੱਗ ਪਈ ਸਾਂ। ਮੇਰੇ ਲਈ ਇਸ ਲਫਜ਼ ਨਾਲ ਗਾਰਗੀ ਦੀ ਸਾਂਝ ਸਦਾ ਬਣੀ ਰਹੀ।

ਗੱਲਾਂ ਦਾ ਪ੍ਰਸੰਗ ਕਿਧਰੋਂ ਕਿਧਰ ਜਾਂਦਾ ਰਿਹਾ, ਏਨੇ ਸਮੇਂ ਬਾਅਦ ਮੇਰੇ ਲਈ ਯਾਦ ਰੱਖਣਾ ਔਖਾ ਹੈ, ਪਰ ਗੱਲਾਂ ਕਾਫੀ ਚੇਤੇ ਹਨ- ਹੂ-ਬ-ਹੂ, ਇੰਨ-ਬਿੰਨ।

"ਹਰ ਬੰਦੇ ਦੇ ਚਿਹਰੇ ਉਤੇ ਕੋਈ ਖਾਸ ਨਕਸ਼ ਸਾਰਿਆਂ ਨਾਲੋਂ ਵਧੇਰੇ ਆਕਰਸ਼ਕ ਹੁੰਦਾ ਹੈ, ਉਸ ਦਾ ਕੇਂਦਰ ਬਿੰਦੂ।" ਗਾਰਗੀ ਨੇ ਕਿਹਾ ਸੀ।

"ਮੇਰਾ ਕਿਹੜੈ?"

"ਹੋਠ...ਪਰ ਜੇ ਤੂੰ ਐਨਕ ਲਾਹ ਦੇਵੇਂ ਤਾਂ ਤੇਰੀਆਂ ਅੱਖਾਂ ਵੀ ਬੜੀਆਂ ਸੁਹਣੀਆਂ ਲੱਗਣ?" ਉਸ ਮੇਰੀ ਐਨਕ ਲਾਹ ਕੇ ਮੇਜ਼ ਉਤੇ ਰੱਖਦਿਆਂ ਕਿਹਾ।

ਮੈਨੂੰ ਆਪਣੀਆਂ ਅੱਖਾਂ ਕਦੇ ਵੀ ਸੁਹਣੀਆਂ ਨਹੀਂ ਸਨ ਲੱਗੀਆਂ। ਨਿੱਕੀਆਂ, ਡੂੰਘੀਆਂ, ਸਿੱਧੇ ਭਰਵੱਟੇ ਤੇ ਪਲਕਾਂ ਵੀ ਵਿਰਲੀਆਂ ਵਿਰਲੀਆਂ।

ਮੇਰੀ ਦੂਰ ਦੀ ਨਜ਼ਰ ਕਮਜ਼ੋਰ ਸੀ। ਤੇਰ੍ਹਾਂ ਸਾਲਾਂ ਦੀ ਉਮਰ ਤੋਂ ਮੈਂ ਐਨਕ ਲਗਾ ਰਹੀ ਸਾਂ। ਮੇਰੀਆਂ ਐਨਕਾਂ ਦਾ ਨੰਬਰ ਮਨਫੀ ਚਾਰ ਸੀ। ਤਿੰਨ-ਚਾਰ ਫੁੱਟ ਦੀ ਦੂਰੀ ਤੋਂ ਵੀ ਬੰਦੇ ਦਾ ਚਿਹਰਾ ਧੁੰਦਲਾ-ਧੁੰਦਲਾ, ਨਜ਼ਰ ਆਉਂਦਾ ਸੀ। ਮੈਂ ਹਰ ਵੇਲੇ ਚਸ਼ਮਾ ਚੜ੍ਹਾਈ ਰੱਖਦੀ ਸਾਂ, ਕਈ ਵੇਰਾਂ ਤਾਂ ਸੁੱਤਿਆਂ ਵੀ। ਐਨਕ ਬਗੈਰ ਮੈਨੂੰ ਆਪਣਾ ਚਿਹਰਾ ਏਨਾ ਕੋਝਾ ਲੱਗਦਾ ਸੀ ਕਿ ਬਿਨਾਂ ਐਨਕ ਦੇ ਕਦੇ ਕਿਸੇ ਦੇ ਸਾਹਮਣੇ ਨਹੀਂ ਸਾਂ ਹੁੰਦੀ।

ਗਾਰਗੀ ਮੇਰੀਆਂ ਉਨ੍ਹਾਂ ਹੀ ਅੱਖਾਂ ਦੀ ਸਿਫਤ ਕਰ ਰਿਹਾ ਸੀ। ਮੇਰੇ ਲਈ ਇਸ ਤੋਂ ਵੱਡਾ ਮਜ਼ਾਕ ਹੋਰ ਕੀ ਹੋ ਸਕਦਾ ਸੀ ਭਲਾ?

"ਤੂੰ ਐਵੇਂ ਹੀ ਖੋਪੇ ਚੜ੍ਹਾ ਕੇ ਅੱਖਾਂ ਨੂੰ ਬੇਰੰਗ ਕੀਤਾ ਹੋਇਆ ਹੈ। ਵੇਖ ਤੇਰੀ ਨੱਕ ਦੀ ਘੋੜੀ ਉਤੇ ਪੱਕਾ ਐਨਕ ਦਾ ਨਿਸ਼ਾਨ ਪੈ ਗਿਆ ਹੈ। ਜੇ ਤੇਰੀ ਦੂਰ ਦੀ ਨਜ਼ਰ ਹੀ ਕਮਜ਼ੋਰ ਹੈ, ਤਾਂ ਫਿਰ ਨੇੜਿਓਂ ਵੇਖਣ ਲਈ ਐਨਕ ਦੀ ਕੀ ਲੋੜ? ਤੂੰ ਐਨਕ ਘਰੋਂ ਬਾਹਰ ਜਾਣ ਲਈ ਲਗਾਇਆ ਕਰ ਤੇ ਉਹ ਵੀ ਰਾਤ ਨੂੰ। ਐਨਕ ਵਾਲੀ ਕੁੜੀ ਦਾ ਰਾਤੀਂ ਮੁੰਡੇ ਪਿੱਛਾ ਨਹੀਂ ਕਰਦੇ। ਨਾਲੇ ਹਰ ਵੇਲੇ ਚਸ਼ਮਾ ਚੜ੍ਹਾਈ ਰੱਖਣ ਨਾਲ ਅੱਖਾਂ ਨੂੰ ਬਿਨਾਂ ਐਨਕ ਦੇ ਵੇਖਣ ਦੀ ਆਦਤ ਹੀ ਨਹੀਂ ਰਹਿੰਦੀ।"

ਵੀਰ ਜੀ ਦੀ ਨਜ਼ਰ ਮੈਥੋਂ ਵੀ ਜ਼ਿਆਦਾ ਕਮਜ਼ੋਰ ਸੀ। ਉਹ ਤਾਂ ਆਪ ਐਨਕ ਦੇ ਮੁਥਾਜ ਸਨ। ਉਦੋਂ ਦੇ ਡਾਕਟਰਾਂ ਦੀ ਨਸੀਹਤ ਮੁਤਾਬਕ ਉਹ ਵੀ ਮੈਨੂੰ ਲਗਾਤਾਰ ਐਨਕ ਲਗਾਈ ਰੱਖਣ 'ਤੇ ਜ਼ੋਰ ਦਿੰਦੇ ਸਨ। ਇਸ ਮਾਮਲੇ ਵਿਚ ਵੀ ਮੈਨੂੰ ਵਿਚ ਪੈ ਜਾਣ ਕਾਰਨ ਉਮਰ ਦੇ ਸੱਤਵੇਂ ਦਹਾਕੇ ਦੇ ਗੇੜ ਵਿਚ ਵੀ ਮੇਰੀ ਨਜ਼ਰ ਚੰਗੀ ਭਲੀ ਰਹੀ, ਨੇੜੇ ਦੀ ਵੀ ਤੇ ਦੂਰ ਦੀ ਵੀ ਅਤੇ ਛੋਟੀਆਂ ਹੋਣ ਦੇ ਬਾਵਜੂਦ ਮੈਨੂੰ ਆਪਣੀਆਂ ਅੱਖਾਂ ਮੁੜ ਕੋਝੀਆਂ ਨਾ ਲੱਗੀਆਂ।

"ਇਹ ਸਕਾਰਫ ਤੇਰੀ ਸਾੜ੍ਹੀ ਨਾਲ ਮੈਚ ਨਹੀਂ ਕਰਦਾ।"

ਮੇਰਾ ਸਕਾਰਫ ਸੁੱਕ ਗਿਆ ਸੀ। ਗਾਰਗੀ ਨੇ ਤਹਿ ਕਰ ਕੇ ਮੇਰੇ ਪਰਸ ਵਿਚ ਪਾਉਂਦਿਆਂ ਕਿਹਾ। ਉਹ ਸਾੜ੍ਹੀ ਵੀਰ ਜੀ ਨੇ ਨਿਊ ਯਾਰਕ ਤੋਂ ਲਿਆਂਦੀ ਸੀ। ਗੁਲਾਬੀ ਸ਼ਿਫੋਨ ਉਤੇ ਕਾਲੀਆਂ ਟਿੱਪੀਆਂ ਅਤੇ ਕਾਲਾ ਹੀ ਮਖਮਲੀ ਬਾਰਡਰ।

"ਤੇਰੀ ਸਾੜ੍ਹੀ ਬਹੁਤ ਸੁਹਣੀ ਹੈ, ਪਰ ਇਸ ਨਾਲ ਇਹ ਅਸਮਾਨੀ ਸਕਾਰਫ ਮੇਲ ਨਹੀਂ ਖਾਂਦਾ। ਤੈਨੂੰ ਕਾਲਾ ਜਾਂ ਗੁਲਾਬੀ ਸਕਾਰਫ ਬੰਨ੍ਹਣਾ ਚਾਹੀਦਾ ਸੀ, ਤੇ ਕੋਟ ਵੀ ਕਾਲਾ ਹੀ।"

'ਪਰ ਸਕਾਰਫ ਕੋਈ ਦਰਜਨਾਂ ਖਰੀਦੇ ਜਾਂਦੇ ਨੇ? ਮੇਰੇ ਕੋਲ ਤਾਂ ਇਹੋ ਇਕੋ ਇਕ ਸਕਾਰਫ ਹੈ, ਤੇ ਇਹ ਵੀ ਮੇਰੇ ਵੀਰ ਜੀ ਨੇ ਹੀ ਬਾਹਰੋਂ ਭੇਜਿਆ ਸੀ।'

ਉਦੋਂ ਕੋਈ ਵਿਰਲੀ ਕੁੜੀ ਹੀ ਕੋਟ ਖਰੀਦਣ ਦੀ ਤੌਫੀਕ ਰੱਖਦੀ ਸੀ। ਕੋਟ ਹਾਈ-ਮਾਈ ਦੇ ਵਿਤ ਤੋਂ ਬਾਹਰ ਸੀ। ਮੈਨੂੰ ਯਾਦ ਹੈ ਕਿ ਮੈਂ ਇਕ



ਨੌਜਵਾਨ ਬਲਵੰਤ ਗਾਰਗੀ



ਐਨਕਾਂ ਵਾਲੀ ਕਾਨਾ ਸਿੰਘ

ਗਾਰਗੀ, ਵੀਰ ਜੀ ਤੋਂ ਵਧੇਰੇ ਪ੍ਰੌੜ ਲੱਗਾ। ਉਸ ਦੀ ਗੱਲ ਦਾ ਮੇਰੇ ਉਤੇ ਅਜਿਹਾ ਅਸਰ ਹੋਇਆ ਕਿ ਉਸ ਦਿਨ ਤੋਂ ਬਾਅਦ ਸੱਚ ਮੁੱਚ ਹੀ ਮੈਂ ਘਰ ਵਿਚ ਐਨਕ ਲਗਾਉਣੀ ਛੱਡ ਦਿੱਤੀ ਤੇ ਅੱਖਾਂ ਦੀ ਸਿਹਤ ਦਾ ਖਾਸ ਧਿਆਨ ਰੱਖਣ ਲੱਗੀ।

ਦਿਨੇ ਵਾਰ-ਵਾਰ ਠੰਢੇ ਪਾਣੀ ਦੇ ਛੱਟੇ ਮਾਰਦੀ, ਰਾਤੀਂ ਅੱਖਾਂ ਵਿਚ ਗੁਲਾਬ ਜਲ ਦੀਆਂ ਬੂੰਦਾਂ ਪਾ ਕੇ ਸੌਂਦੀ। ਅੱਖਾਂ ਦੀ ਵਰਜ਼ਿਸ਼ ਕਰਦੀ, ਜਿਥੇ ਵੀ ਅੱਖਾਂ ਦੀ ਸਿਹਤ ਤੇ ਸੰਭਾਲ ਲਈ ਕੋਈ ਟੋਟਕੇ ਲਿਖੇ ਮਿਲਦੇ, ਕਾਤਰਾਂ ਸੰਭਾਲ ਲੈਂਦੀ ਤੇ ਉਨ੍ਹਾਂ ਉਤੇ ਅਮਲ ਕਰਦੀ। ਗਾਰਗੀ ਨੇ ਮੇਰੀਆਂ ਅੱਖਾਂ ਦੀ ਸਿਫਤ ਕੀ ਕਰ ਦਿੱਤੀ ਸੀ ਕਿ ਮੈਨੂੰ ਆਪਣੀਆਂ ਅੱਖਾਂ ਨੂੰ ਆਕਰਸ਼ਕ ਬਣਾਉਣ ਦਾ ਮਾਨੋ ਖਬਤ ਜਿਹਾ ਹੀ ਹੋ ਗਿਆ।

ਛੇਤੀ ਹੀ ਮੇਰੀਆਂ ਅੱਖਾਂ ਦੀ ਚਮਕ ਮੁੜ ਕਾਇਮ ਹੋ ਗਈ, ਤੇ ਮੈਨੂੰ ਆਪਣਾ ਚਿਹਰਾ ਬਗੈਰ ਐਨਕ ਦੇ ਵੀ ਚੰਗਾ ਲੱਗਣ ਲੱਗ ਪਿਆ।

ਵਿਆਹੁਤਾ ਜ਼ਿੰਦਗੀ ਦੌਰਾਨ ਜ਼ਿਆਦਾ ਕਰ ਕੇ ਘਰ ਵਿਚ ਹੀ ਰਹਿਣ, ਘਰ ਵਿਚ ਰਹਿੰਦਿਆਂ ਗਾਰਗੀ ਦੀ ਹਦਾਇਤ ਮੁਜਬ ਬਿਨਾਂ ਐਨਕ ਦੇ ਰਹਿਣ ਅਤੇ ਚਾਲੀਵੇਂ ਵਰ੍ਹੇ ਤੋਂ ਯੋਗ ਅਭਿਆਸ ਮਹੀਨੇ ਦੀ ਪੂਰੀ ਤਨਖਾਹ ਨਾਲ ਉਹ ਧਾਰੀਵਾਲ ਦਾ ਕੋਟ ਬਣਾਇਆ ਸੀ। ਆਪਣੇ ਹਿਸਾਬ ਨਾਲ ਮੈਂ ਬੜੀ ਸਜ-ਧਜ ਕੇ ਗਈ ਸਾਂ, ਖਾਸ ਉਚੇਚ ਕਰ ਕੇ। ਪੁਸ਼ਾਕ ਨਾਲ ਢੁਕਵੇਂ ਚਾਂਦੀ ਵਿਚ ਮੜ੍ਹੇ ਹੋਏ ਕਸ਼ਮੀਰੀ ਕਾਲੇ ਪੱਥਰਾਂ ਦੀ ਗਾਨੀ ਤੇ ਬੁੰਦੇ, ਪੈਨਸਿਲ-ਨੁਮਾ ਉਚੀ ਅੱਡੀ ਵਾਲੀ ਕਾਲੀ ਗੁਰਗਾਬੀ, ਮੋਢਿਆਂ ਉਤੇ ਝੂਲਦੀਆਂ ਭਾਰੀਆਂ ਗੁੱਤਾਂ, ਤੇ ਮੱਥੇ ਉਤੇ ਘੁੰਗਰਾਲੀ ਲਿੱਟ।...ਫੇਰ ਵੀ ਗਾਰਗੀ ਮੇਰੀਆਂ ਗਲਤੀਆਂ ਕੱਢ ਰਿਹਾ ਸੀ!

ਉਹ ਜਿਉਂ-ਜਿਉਂ ਮੇਰੇ ਨੁਕਸ ਕੱਢਦਾ, ਮੈਨੂੰ ਹੋਰ ਵੀ ਚੰਗਾ ਲੱਗਦਾ।

"ਇਹ ਦੋਸ਼ ਕੇਵਲ ਤੇਰੇ ਵਿਚ ਹੀ ਨਹੀਂ, ਸਾਡੀਆਂ ਕੁੜੀਆਂ ਵਿਚ ਰੰਗਾਂ ਦੀ ਸਮਝ ਬਹੁਤ ਘੱਟ ਹੈ। ਅੰਮ੍ਰਿਤਾ ਪ੍ਰੀਤਮ ਵਿਚ ਵੀ ਨਹੀਂ।"

"ਸੁਣਦੀ ਹਾਂ ਤੁਸੀਂ ਅੰਮ੍ਰਿਤਾ ਦੇ ਬਹੁਤ ਨੇੜੇ ਹੋ। ਉਹ ਬੰਬਈਓਂ ਵਾਪਸ ਆ ਕੇ ਤੁਹਾਡੇ ਹੀ ਘਰ ਵਿਚ ਰਹੀ ਸੀ ਨਾ?" ਮੈਥੋਂ ਕਹਿ ਹੋ ਗਿਆ।

ਨਾ ਹਾਂ ਤੇ ਨਾ ਨਾਂਹ। ਗਾਰਗੀ ਕੇਵਲ ਮੁਸਕਰਾਇਆ। ਮੈਂ ਸਮਝ ਗਈ ਕਿ ਮੈਨੂੰ ਇਹ ਸਵਾਲ ਨਹੀਂ ਸੀ ਕਰਨਾ ਚਾਹੀਦਾ। ਵੀਰ ਜੀ ਵੀ ਇਸੇ ਤਰ੍ਹਾਂ ਆਪਣੀ ਪਸੰਦਗੀ ਜਾਂ ਨਾਪਸੰਦਗੀ ਦੱਸਿਆ ਕਰਦੇ ਸਨ।

ਅੰਡਾਕਾਰ ਚਿਹਰਾ, ਗੰਧਮੀ ਰੰਗ, ਚਮਕਦੇ ਚਿੱਟੇ ਦੰਦ, ਤੀਖਣ ਅੱਖਾਂ, ਪ੍ਰਸ਼ੰਸਾਤਮਕ ਮੁਸਕਰਾਹਟ, ਖ਼ਲੂਸ, ਸਲੀਕਾ ਤੇ ਬੁੱਧੀਜੀਵੀਪਣ- ਮੈਨੂੰ ਗਾਰਗੀ ਵਿਚ ਬੜਾ ਕੁਝ ਵੀਰ ਜੀ ਵਰਗਾ ਲੱਗ ਰਿਹਾ ਸੀ।

"ਤੁਸੀਂ ਮੇਰੇ ਵੀਰ ਜੀ ਨਾਲ ਬਹੁਤ ਮਿਲਦੇ ਹੋ।"

"ਤੈਨੂੰ ਤੇਰੇ ਵੀਰ ਜੀ ਬਹੁਤ ਚੰਗੇ ਲੱਗਦੇ ਹਨ?"

"ਹਾਂ ਬਹੁਤ! ਮੈਂ ਜੋ ਕੁਝ ਵੀ ਹਾਂ, ਉਨ੍ਹਾਂ ਸਦਕੇ ਹੀ ਹਾਂ। ਉਹ ਮੇਰੇ ਮਿੱਤਰ ਵੀ ਹਨ, ਗੁਰੂ ਵੀ ਤੇ ਗਾਈਡ ਵੀ। ਮੈਂ ਉਨ੍ਹਾਂ ਕੋਲੋਂ ਕਦੇ ਕੁਝ ਨਹੀਂ ਲੁਕਾਇਆ।"

"ਫੇਰ ਤਾਂ ਤੂੰ ਉਨ੍ਹਾਂ ਨੂੰ ਇਸ ਮੁਲਾਕਾਤ ਬਾਰੇ ਵੀ ਜ਼ਰੂਰ ਦੱਸੇਂਗੀ।"

"ਹਾਂ ਜ਼ਰੂਰ।"

"ਮੇਰੇ ਖਿਆਲ ਵਿਚ ਤੈਨੂੰ ਨਹੀਂ ਦੱਸਣਾ ਚਾਹੀਦਾ।"

"ਕਿਉਂ?"

"ਇਹ ਤੇਰੇ ਹਿਤ ਵਿਚ ਨਹੀਂ ਹੋਵੇਗਾ।"

ਹੁਣ ਤਕ ਬਰਕਰਾਰ ਰੱਖੇ ਇਕਰਾਰਾਂ ਨੂੰ ਤੋੜਨ ਦਾ ਹਾਦਸਾ ਮੈਂ ਜਦ ਤਕ ਵੀਰ ਜੀ ਨੂੰ ਦੱਸ ਨਾ ਲੈਂਦੀ, ਕੀਕੂੰ ਚੈਨ ਲੈਂਦੀ?

ਵੀਰ ਜੀ ਅਮਰੀਕਾ ਤੋਂ ਵਾਪਸ ਆ ਚੁੱਕੇ ਸਨ। ਉਹ ਦਿੱਲੀ ਵਿਖੇ ਸੁਰੱਖਿਆ ਵਿਭਾਗ ਦੇ ਖੋਜ ਮਹਿਕਮੇ ਦੇ ਮੁੱਖ ਅਧਿਕਾਰੀ ਦੇ ਤੌਰ 'ਤੇ ਨਿਯੁਕਤ ਹੋਏ ਸਨ। ਗਾਰਗੀ ਨਾਲ ਹੋਈ ਮੁਲਾਕਾਤ ਦਾ ਪੂਰਾ ਵੇਰਵਾ ਮੈਂ ਉਸੇ ਸ਼ਾਮ ਵੀਰ ਜੀ ਨੂੰ ਦੇ ਕੇ ਹੀ ਸੁਰਖਰੂ ਹੋ ਸਕੀ।

"ਹੁਣ ਤੂੰ ਸਿਆਣੀ ਹੋ ਗਈ ਏਂ, ਤੇ ਆਪਣਾ ਨਫ਼ਾ-ਨੁਕਸਾਨ ਸਮਝਦੀ ਏਂ। ਹੁਣ ਮੈਂ ਤੈਨੂੰ ਇਨ੍ਹਾਂ ਵਾਅਦਿਆਂ ਤੋਂ ਮੁਕਤ ਕਰਦਾ ਹਾਂ।" ਵੀਰ ਜੀ ਨੇ ਕਿਹਾ ਸੀ।

ਸੱਚ ਤਾਂ ਇਹ ਹੈ ਕਿ ਇਹ ਵਾਅਦੇ ਮੇਰੇ ਜੀਵਨ ਵਿਚ ਅਜਿਹੇ ਘੁਲ-ਮਿਲ ਗਏ ਕਿ ਵੀਰ ਜੀ ਵਲੋਂ ਮੁਕਤ ਹੋ ਕੇ ਵੀ ਮੈਂ ਇਨ੍ਹਾਂ ਦੀ ਜਕੜ ਵਿਚੋਂ ਕਦੇ ਨਾ ਨਿਕਲ ਸਕੀ।

---

"ਸੱਚੀਂ ਤੁਹਾਡੀਆਂ ਬਹੁਤ ਸਹੇਲੀਆਂ ਨੇ?" ਰਸੋਈ ਵਿਚ ਖੜੋਤਿਆਂ ਜਦੋਂ ਗਾਰਗੀ ਆਪਣੇ ਵਲੈਤੀ ਚੁੱਲ੍ਹੇ ਦਾ ਇਸਤੇਮਾਲ ਮੈਨੂੰ ਸਮਝਾ ਰਿਹਾ ਸੀ ਤਾਂ ਮੈਂ ਪੁੱਛਿਆ।

"ਹਾਂ ਬਹੁਤ।"

"ਪਰ ਪਿਆਰ ਤਾਂ ਇਕੋ ਨਾਲ ਹੀ ਹੁੰਦਾ ਹੈ ਨਾ? ਸੱਚੋ ਸੱਚ ਦੱਸੋ ਤੁਹਾਡੀ ਪ੍ਰੇਮਿਕਾ ਕੌਣ ਹੈ?" ਮੈਂ ਜ਼ੋਰ ਦੇ ਕੇ ਪੁੱਛਿਆ ਸੀ। ਗਾਰਗੀ ਕੁਝ ਦੇਰ ਚੁੱਪ ਰਿਹਾ ਤੇ ਫੇਰ 'ਅਚਲਾ ਸਚਦੇਵ' ਆਖ ਮੁਸਕਰਾਇਆ। ਉਹ ਮੇਰੇ ਚੇਤੇ ਵਿਚ ਹੁਣ ਤਕ ਉਂਜ ਦਾ ਉਂਜ ਹੀ ਮੁਸਕਰਾ ਰਿਹਾ ਹੈ।

ਅਚਲਾ ਸਚਦੇਵ ਨੂੰ ਉਸ ਤੋਂ ਕੁਝ ਸਾਲ ਪਹਿਲਾਂ ਮੈਂ 'ਇਪਟਾ' ਦੀ ਕਾਨਫਰੰਸ ਦੌਰਾਨ ਮਿਲੀ ਸਾਂ। ਉਸ ਨੇ ਉਥੇ ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਅੰਬੀ ਦਾ ਬੂਟਾ' ਦਾ ਮੋਨੋ/ਮੰਚੀਕਰਨ ਕੀਤਾ ਸੀ, ਜਿਸ ਤੋਂ ਪ੍ਰਭਾਵਤ ਹੋ ਕੇ ਬਾਅਦ ਵਿਚ ਮੈਂ ਵੀ ਦਿੱਲੀ ਯੂਨੀਵਰਸਿਟੀ ਦੀ ਸਟੇਜ ਉਤੇ ਉਵੇਂ ਦਾ ਉਵੇਂ ਖੇਡ ਦਿੱਤਾ ਸੀ।

ਭਰਵਾਂ ਜਿਸਮ, ਮੋਟੇ ਨਕਸ਼, ਚਿੱਟੇ ਦੰਦ ਤੇ ਖੁੱਲ੍ਹਾ ਵਾਕ, ਗਾਰਗੀ ਦਾ ਅਕਸ ਅੱਖਾਂ ਸਾਹਵੇਂ ਆਉਂਦਿਆਂ ਹੀ ਮੈਂ ਮਹਿਸੂਸ ਕੀਤਾ ਕਿ ਗਾਰਗੀ ਤੇ ਅਚਲਾ ਦੇ ਨਕਸ਼ਾਂ, ਮੁਹਾਂਦਰਿਆਂ ਤੇ ਹਾਵਾਂ-ਭਾਵਾਂ ਵਿਚ ਬੜੀ ਸਮਾਨਤਾ ਹੈ। ਗਾਰਗੀ ਦੇ ਹੋਠਾਂ ਉਪਰ ਮੈਨੂੰ ਅਚਲਾ ਮੁਸਕਰਾਉਂਦੀ ਜਾਪੀ।

ਗਾਰਗੀ ਦਾ ਨਿਰਦੇਸ਼ਤ ਕੀਤਾ ਹੋਇਆ ਕੋਈ ਨਾਟਕ ਮੈਂ ਕਦੇ ਨਹੀਂ ਵੇਖਿਆ, ਤੇ ਨਾ ਹੀ ਉਸ ਦੀਆਂ ਪ੍ਰਵਾਨਿਤ ਅਦਾਕਾਰਾਂ ਬਾਰੇ ਮੈਨੂੰ ਕੁਝ ਪਤਾ ਹੈ, ਪਰ ਪਤਾ ਨਹੀਂ ਕਿਉਂ, ਮੈਨੂੰ ਹਮੇਸ਼ਾਂ ਇੰਜ ਮਹਿਸੂਸ ਹੁੰਦਾ ਰਿਹਾ ਹੈ ਕਿ ਗਾਰਗੀ ਦੇ ਨਾਟਕਾਂ ਦੀਆਂ ਨਾਇਕਾਵਾਂ ਜ਼ਰੂਰ ਭਰੀਆਂ-ਭਰੀਆਂ ਰਹੀਆਂ ਹੋਣਗੀਆਂ। ਉਨ੍ਹਾਂ ਦੇ ਨਕਸ਼ ਮੋਟੇ ਹੋਣਗੇ ਤੇ ਦੰਦ ਸੁਹਣੇ। ਉਨ੍ਹਾਂ ਦੀਆਂ ਛਾਤੀਆਂ ਭਾਰੀਆਂ ਰਹੀਆਂ ਹੋਣਗੀਆਂ। ਉਹ ਜਿਉਂਦੀਆਂ ਲਾਟਾਂ ਹੋਣਗੀਆਂ, ਬਲਦੀਆਂ ਮਿਸ਼ਾਲਾਂ! ਅਜਿਹੀਆਂ ਔਰਤਾਂ ਨਾਲ ਮੇਰੀ ਕੋਈ ਸਮਾਨਤਾ ਨਹੀਂ। ਕੀ ਇਸੇ ਲਈ ਹੀ ਗਾਰਗੀ ਮੇਰੇ ਪ੍ਰਤੀ ਸੁਰੱਖਿਆ ਜਾਂ ਸਰਪ੍ਰਸਤੀ ਦੀ ਭਾਵਨਾ ਰੱਖਦਾ ਸੀ? ਇਹ ਵਿਚਾਰ ਮੈਨੂੰ ਅਕਸਰ ਆਉਂਦਾ ਰਿਹਾ।

ਕੁੜੀਆਂ ਬਾਰੇ ਗਾਰਗੀ ਦੀਆਂ ਕੁਝ ਵਿਸ਼ੇਸ਼ ਧਾਰਨਾਵਾਂ ਸਨ।

"ਕੁਝ ਕੁੜੀਆਂ ਮਾਂਵਾਂ ਹੁੰਦੀਆਂ ਹਨ, ਉਹ ਆਦਮੀ ਅੰਦਰਲੇ ਬੱਚੇ ਨੂੰ ਜਗਾਉਂਦੀਆਂ ਹਨ। ਉਨ੍ਹਾਂ ਦੀ ਗੋਦ ਵਿਚ ਸਿਰ ਰੱਖ ਕੇ ਬੰਦੇ ਨੂੰ ਸਕੂਨ ਮਿਲਦਾ ਹੈ। ਕੁਝ ਕੁੜੀਆਂ ਨਿਰੀ ਅੱਗ ਹੁੰਦੀਆਂ ਹਨ, ਲਟ-ਲਟ ਬਲਦੀਆਂ। ਜਿਨ੍ਹਾਂ ਉਤੇ ਬੰਦਾ ਮਰ ਮਿਟ ਕੇ ਭਸਮ ਹੋਣ ਲਈ ਤੜਪਦਾ ਹੈ ਤੇ...ਕੁਝ ਡਰੀਆਂ-ਡਰੀਆਂ ਸਹਿਮੀਆਂ ਮਾਸੂਮ ਘੁੱਗੀਆਂ ਜਿਹੀਆਂ, ਜੋ ਮਰਦਾਂ ਵਿਚ ਸੁਰੱਖਿਆ ਦੀ ਭਾਵਨਾ ਉਤੇਜਤ ਕਰਦੀਆਂ ਹਨ। ਤੂੰ ਉਨ੍ਹਾਂ ਵਿਚੋਂ ਏਂ।" ਗਾਰਗੀ ਨੇ ਕਿਹਾ ਸੀ।

"ਤੂੰ ਹੁਣ ਤਕ ਕੀ ਲਿਖਿਆ ਹੈ?"

"ਨਜ਼ਮਾਂ, ਕਹਾਣੀਆਂ।" ਮੈਂ ਗਾਰਗੀ ਨੂੰ ਆਪਣੀਆਂ ਪੋਠੋਹਾਰੀ ਨਜ਼ਮਾਂ ਤੋਂ ਇਲਾਵਾ ਨਵੀਂ ਲਿਖੀ ਕਵਿਤਾ 'ਲੋਹਿਓਂ ਪਾਰਸ' ਵੀ ਸੁਣਾਈ। ਗਾਰਗੀ ਅੱਖਾਂ ਬੰਦ ਕਰ ਕੇ ਬੜੀ ਇਕਾਗਰਤਾ ਨਾਲ ਸੁਣਦਾ ਰਿਹਾ, ਮੰਤਰ-ਮੁਗਧ। ਉਸ ਵਰਗਾ ਰਚਨਾ ਨਾਲ ਇਕ-ਰਸ, ਇਕ-ਸੁਰ ਹੁੰਦਾ ਸਰੋਤਾ ਮੈਂ ਮੁੜ ਕੇ ਕਦੇ ਨਹੀਂ ਡਿੱਠਾ।

ਦੁੰਹੀ ਹੱਥੀਂ ਸੂਰਜ ਦਗਦੇ,
ਲੱਖ ਸੈ ਲਾਟਾਂ ਲੱਗੀਆਂ,
ਸਹਿਸ ਦੀਪ ਗਲ ਜੋਤਾਂ ਲੱਗੀਆਂ,
ਜੋਤ ਜੋਤ ਹੋ ਜੱਗੀਆਂ।

ਨਜ਼ਮ ਦੇ ਇਸ ਦੂਜੇ ਬੰਦ ਨੂੰ ਗਾਰਗੀ ਨੇ ਮੈਨੂੰ ਦੋ-ਤਿੰਨ ਵਾਰ ਦੁਹਰਾਉਣ ਲਈ ਕਿਹਾ ਤੇ ਫਿਰ ਆਪ ਵੀ ਮੁੜ ਦੁਹਰਾਉਂਦੇ ਹੋਏ ਬੋਲਿਆ: "ਇਥੇ 'ਦਗਦੇ' ਸ਼ਬਦ ਨਾਲ ਸਕਤਾ ਜਿਹਾ ਲੱਗਦਾ ਹੈ, ਜੇ ਇਸ ਦੀ ਥਾਂ ਤੇ ਦੁੰਹੀ ਹੱਥੀਂ ਸੂਰਜ 'ਜਗਦੇ' ਹੋ ਜਾਵੇ ਤਾਂ...?" ਗਾਰਗੀ ਨੇ ਇਕ ਵਾਰ ਫੇਰ ਵੀਰ ਜੀ ਦੇ ਅੰਦਾਜ਼ ਵਿਚ ਸੁਝਾਅ ਦੇ ਕੇ ਮੈਨੂੰ ਹੱਕਾ-ਬੱਕਾ ਕਰ ਦਿੱਤਾ ਸੀ।

'ਲੋਹਿਓਂ ਪਾਰਸ' ਮੇਰੇ ਕਾਵਿ ਸੰਗ੍ਰਹਿ ਦੀ ਸ੍ਰੇਸ਼ਠ ਕਵਿਤਾ ਨਹੀਂ, ਫੇਰ ਵੀ ਮੈਂ ਆਪਣੀ ਪੁਸਤਕ ਦਾ ਨਾਂ 'ਲੋਹਿਓਂ ਪਾਰਸ' ਹੀ ਰੱਖਿਆ। ਕਿਉਂ?

ਉਸ ਮੁਲਾਕਾਤ ਦੌਰਾਨ ਗਾਰਗੀ ਨੇ ਮੈਨੂੰ ਆਪਣੀ ਨਵੀਂ ਛਪੀ ਪੁਸਤਕ 'ਰੰਗ ਮੰਚ' ਵੀ ਭੇਟ ਕੀਤੀ। ਮੈਂ ਉਸ ਨੂੰ ਉਸ ਉਪਰ 'ਭੇਟਾ' ਸ਼ਬਦਾਂ ਦੇ ਨਾਲ ਦਸਤਖਤ ਕਰਨ ਲਈ ਗੁਜ਼ਾਰਿਸ਼ ਕੀਤੀ।

"ਇਹ ਤੇਰੇ ਹਿਤ ਵਿਚ ਨਹੀਂ ਹੋਵੇਗਾ।" ਗਾਰਗੀ ਦਾ ਕਹਿਣਾ ਸੀ।

(ਚਲਦਾ)

# ਸਿੱਖ ਇਤਿਹਾਸ ਕੋਈ ਕਲੋਲ ਕਲਪਨਾ ਜਾਂ ਗਲਪ ਰਚਨਾ ਨਹੀਂ

## ਸੰਪਾਦਕ ਦੀ ਡਾਕ

**ਸਤਿਕਾਰਯੋਗ ਸੰਪਾਦਕ ਜੀਓ,**

'ਪੰਜਾਬ ਟਾਈਮਜ਼' ਦੇ 10 ਜਨਵਰੀ ਵਾਲੇ ਅੰਕ 'ਚ ਨਾਮਵਰ ਪੰਜਾਬੀ ਪੱਤਰਕਾਰ/ਲੇਖਕ ਸ. ਗੁਲਜ਼ਾਰ ਸਿੰਘ ਸੰਧੂ ਦੇ ਕਾਲਮ 'ਨਿੱਕ-ਸੁੱਕ' ਵਿਚ 'ਬਲਦੇਵ ਸਿੰਘ, ਕਮਲਾ ਅਕਾਲੀ ਤੇ ਹਮਦਰਦ ਦੀ ਯਾਦ ਵਿਚ' ਲੇਖ ਪੜ੍ਹਿਆ। ਸ. ਬਲਦੇਵ ਸਿੰਘ 'ਤੇ ਕੋਈ ਰਾਏ ਨਹੀਂ ਦੇਵਾਂਗਾ।

ਸ. ਸੰਧੂ ਨੇ ਪੰਜਾਬੀ ਸਾਹਿਤ ਨੂੰ ਮਾਲਾ-ਮਾਲ ਕਰਨ ਵਾਲਿਆਂ ਮਹਾਨ ਸ਼ਖਸੀਅਤਾਂ ਡਾ. ਸਾਧੂ ਸਿੰਘ ਹਮਦਰਦ (ਪਦਮਸ੍ਰੀ) ਅਤੇ ਲਾਲ ਸਿੰਘ ਕਮਲਾ ਅਕਾਲੀ ਦੀ ਪੰਜਾਬੀ ਸਾਹਿਤ ਅਤੇ ਉਚੇਰੀ ਵਿਦਿਆ ਲਈ ਕੀਤੀਆਂ ਸੇਵਾਵਾਂ ਨੂੰ ਬਹੁਤ ਸੁੰਦਰ ਵਾਰਤਕ ਵਿਚ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ। ਡਾ. ਹਮਦਰਦ ਬਾਰੇ ਤਾਂ 'ਹਜ਼ਾਰੋਂ ਸਾਲ ਨਰਗਸ ਅਪਨੀ ਬੇਨੂਰੀ ਪੇ ਰੋਤੀ ਹੈ, ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ (ਸਰ ਮੁਹੰਮਦ ਇਕਬਾਲ)' ਕਹਿਣਾ ਬਣਦਾ ਹੈ। ਉਹ ਵੀਹਵੀਂ ਸਦੀ ਦੇ ਪੰਜਾਬੀ ਅਤੇ ਉਰਦੂ ਭਾਸ਼ਾਵਾਂ ਦੇ ਮਹਾਨ ਪੱਤਰਕਾਰ/ਲੇਖਕ ਹੋਣ ਦੇ ਨਾਲ ਨਾਲ ਬਹੁਪੱਖੀ ਸ਼ਖਸੀਅਤ ਦੇ ਮਾਲਕ ਸਨ। 'ਮੇਰਾ ਵਲੈਤੀ ਸਫਰਨਾਮਾ' ਦੇ ਲੇਖਕ ਸ. ਲਾਲ ਸਿੰਘ ਆਪਣੀ ਰਚਨਾ 'ਕਮਲਾ ਅਕਾਲੀ ਯਾ ਕ੍ਰਿਪਾਨ ਦਾ ਸੱਚਾ ਆਸ਼ਕ' ਤੋਂ ਬਾਅਦ ਇਸ ਕਿਤਾਬ ਦੇ ਸਿਰਲੇਖ ਦੇ ਪਹਿਲੇ ਹਿੱਸੇ (ਕਮਲਾ ਅਕਾਲੀ) ਲਾਲ ਸਿੰਘ ਦੇ ਨਾਂ ਨਾਲ ਪੰਜਾਬੀ ਸਾਹਿਤ ਜਗਤ ਵਿਚ ਮਸ਼ਹੂਰ ਹੋ ਗਏ। ਕਮਲਾ ਅਕਾਲੀ ਦਾ ਇਕ ਲੇਖ (ਢੋਲ ਢਮੱਕਾ) ਮੇਰੇ ਦਸਵੀਂ ਦੇ ਪੰਜਾਬੀ ਵਿਸ਼ੇ ਦੀ ਪੜ੍ਹਾਈ 'ਚ ਸ਼ਾਮਲ ਸੀ।


ਲੇਖ ਦੇ ਸਭ ਤੋਂ ਪਿਛਲੇ ਪੈਰੇ ਵਿਚ ਸ. ਸੰਧੂ ਨੇ ਮੋਤੀ ਰਾਮ ਮਹਿਰੇ ਦੀ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਦੁੱਧ ਪਿਲਾਉਣ ਦੀ ਸੇਵਾ ਵਾਲੀ ਘਟਨਾ ਉਸ ਵੇਲੇ ਦੀ ਲਿਖੀ ਹੈ, ਜਦੋਂ ਉਹ ਗੰਗੂ ਦੇ ਘਰ ਪਨਾਹ ਲੈ ਕੇ ਠਹਿਰੇ ਸਨ। ਦਰਹਕੀਕਤ ਇਸ ਘਟਨਾ ਦਾ ਸਥਾਨ, ਮੇਰੀ ਤੁਛ ਬੁਧੀ ਅਨੁਸਾਰ, 'ਠੰਡਾ ਬੁਰਜ, ਫਤਿਹਗੜ੍ਹ ਸਾਹਿਬ' ਹੈ। ਪਠਾਣ ਭਰਾਵਾਂ- ਨਬੀ ਖਾਂ ਅਤੇ ਗਨੀ ਖਾਂ ਨੂੰ ਲੇਖ ਵਿਚ ਚਮਕੌਰ ਦੀ ਗੜ੍ਹੀ ਵਿਚੋਂ ਦਸਮ ਪਾਤਸ਼ਾਹ ਨੂੰ ਸੁਰੱਖਿਅਤ ਨਿਕਾਲ ਕੇ (ਮਾਛੀਵਾੜੇ ਵਲ ਨੂੰ) ਲਿਜਾਣਾ ਦਰਸਾਇਆ ਗਿਆ ਹੈ। ਭਾਵੇਂ ਕੁਝ ਇਕ ਇਤਿਹਾਸਕਾਰਾਂ ਦੀਆਂ ਲਿਖਤਾਂ ਅਤੇ ਸ. ਸੰਧੂ ਇਸ ਤਰ੍ਹਾਂ ਪਏ ਕਹਿਣ ਪਰ 'ਮਹਾਨ ਕੋਸ਼' ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਤੇ ਪ੍ਰਿੰਸੀਪਲ ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ (ਸਿੱਖ ਇਤਿਹਾਸ, 1469-1765, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ), ਸ੍ਰੀ ਗੁਰ ਪਰਤਾਪ ਸੂਰਜ ਗ੍ਰੰਥ (ਰਾਸ ਰਿਤੂ 6, ਅੰਸੂ 42), ਸ੍ਰੀ ਗੁਰ ਪੰਥ ਪ੍ਰਕਾਸ਼ ਕ੍ਰਿਤ ਭਾਈ ਰਤਨ ਸਿੰਘ ਭੰਗੂ (ਸੰਪਾਦਕ ਡਾ. ਜੀਤ ਸਿੰਘ ਸੀਤਲ), ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ- ਦੋਹਾਂ ਪਠਾਣ ਭਰਾਵਾਂ ਦਾ ਗੁਰੂ ਜੀ ਨਾਲ ਮਿਲਾਪ 'ਮਾਛੀਵਾੜੇ' ਦੇ ਜੰਗਲ 'ਚ ਹੋਇਆ ਮੰਨਦੇ ਹਨ। ਇਤਿਹਾਸ ਗਵਾਹ ਹੈ ਕਿ ਇਸ ਚਮਕੌਰ ਦੀ ਗੜ੍ਹੀ ਵਿਚੋਂ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਵੀ ਬਾਹਰ ਆਉਣ ਵਿਚ ਸਫਲ ਹੋ ਗਏ ਸਨ। ਪਰ ਸ. ਸੰਧੂ ਨੇ ਇਸ ਲੇਖ ਵਿਚ ਇਸ ਘਟਨਾ ਬਾਰੇ ਕੁਝ ਨਹੀਂ ਲਿਖਿਆ। ਸ. ਗੰਡਾ ਸਿੰਘ ਦੇ ਇਕ ਲੇਖ 'ਸ਼ਹੀਦੀ ਸਾਕਾ' ਵਿਚ ਗੁਰੂ ਸਾਹਿਬ ਅਤੇ ਤਿੰਨ ਸਿੰਘਾਂ ਦੇ ਸੁਰੱਖਿਅਤ ਬਾਹਰ ਨਿਕਲਣ ਦਾ ਹਵਾਲਾ ਦਿੰਦਾ ਹਾਂ। ਸ. ਗੰਡਾ ਸਿੰਘ ਲਿਖਦੇ ਹਨ, "...8 ਪੋਹ, ਵੀਰਵਾਰ - ਚਮਕੌਰ ਦਾ ਯੁੱਧ:...ਹੁਣ ਸ਼ਾਮ ਪੈ ਰਹੀ ਸੀ ਤੇ ਪਲੋ-ਪਲੀ ਹਨੇਰਾ ਹੋ ਗਿਆ। ਯੁੱਧ ਬੰਦ ਹੋ ਗਿਆ। ਇਸ ਵੇਲੇ ਕੇਵਲ ਪੰਜ ਸਿੰਘ ਹੀ ਰਹਿ ਗਏ ਸਨ, ਭਾਈ ਦਇਆ ਸਿੰਘ, ਧਰਮ ਸਿੰਘ, ਮਾਨ ਸਿੰਘ, ਸੰਤ ਸਿੰਘ ਤੇ ਸੰਗਤ ਸਿੰਘ ਜੀ। ਆਖ਼ਰ ਵਿਚਾਰ ਹੋਈ ਕਿ ਰਾਤ ਨੂੰ ਚਮਕੌਰ ਦੀ ਹਵੇਲੀ ਖ਼ਾਲੀ ਕਰ ਦਿਤੀ ਜਾਵੇ। ਸੋ ਦੋ ਸਿੰਘਾਂ (ਸੰਤ ਸਿੰਘ ਤੇ ਸੰਗਤ ਸਿੰਘ) ਨੂੰ ਉਥੇ ਹੌਲੀ ਹੌਲੀ ਤੀਰ ਗੋਲੀ ਚਲਾਉਂਦੇ ਰਹਿਣ ਲਈ ਛੱਡ ਕੇ ਗੁਰੂ ਸਾਹਿਬ ਤੇ ਤਿੰਨ ਸਿੰਘ ਅੱਧੀ ਕੁ ਰਾਤ ਨੂੰ ਹਵੇਲੀਓਂ ਬਾਹਰ ਨਿਕਲ ਆਏ। ਗੁਰੂ ਸਾਹਿਬ ਨੇ ਇਕ ਨਾਲ ਦੇ ਪਿੱਪਲ ਹੇਠ ਜਾ ਕੇ ਤਾਲੀ ਬਜਾਈ ਅਤੇ ਕਿਹਾ ਕਿ 'ਗੁਰੂ ਚਲਿਆ ਜੇ'। ਸ਼ਾਹੀ ਫ਼ੌਜ ਘਬਰਾ ਕੇ ਉਠੀ ਤੇ ਆਪੋ ਵਿਚ ਉਨ੍ਹਾਂ ਦੀ ਗੜਬੜ ਪੈ ਗਈ ਅਤੇ ਗੁਰੂ ਸਾਹਿਬ ਇਕ ਪਾਸੇ ਨੂੰ ਨਿਕਲ ਗਏ...।"

ਸਿੱਖ ਇਤਿਹਾਸ ਕੋਈ ਕਲੋਲ ਕਲਪਨਾ ਨਹੀਂ ਅਤੇ ਨਾ ਹੀ ਗਲਪ ਰਚਨਾ ਹੈ। ਇਸ ਗੌਰਵਮਈ ਇਤਿਹਾਸ ਨੂੰ ਸਹੀ ਸਲਾਮਤ, ਸੁਰਖਿਅਤ ਅਤੇ ਸੁਧਤਾ ਨਾਲ ਆਉਣ ਵਾਲੀਆਂ ਪੀੜ੍ਹੀਆਂ ਲਈ ਸੰਭਾਲ ਕੇ ਰੱਖਣਾ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ।

'ਪੰਜਾਬ ਟਾਈਮਜ਼' ਦੇ 16ਵੇਂ ਸਾਲ 'ਚ ਪ੍ਰਵੇਸ਼ ਹੋਣ ਦੇ ਸ਼ੁਭ ਮੌਕੇ 'ਤੇ ਪੁਰਜ਼ੋਰ ਵਧਾਈ ਦਿੰਦਾ ਹਾਂ ਅਤੇ ਪੇਪਰ ਦੀ ਚੜ੍ਹਦੀ ਕਲਾ ਲਈ ਹਾਰਦਿਕ ਕਾਮਨਾ ਵੀ ਕਰਦਾ ਹਾਂ।

*-ਕੁਲਦੀਪ ਸਿੰਘ*
*ਯੂਨੀਅਨ ਸਿਟੀ, ਕੈਲੀਫੋਰਨੀਆ।*

**ਹਮਾਸ ਦਾ ਬੇਟਾ-2**




*ਫਲਸਤੀਨੀਆਂ ਦੀ ਜੁਝਾਰੂ ਜਥੇਬੰਦੀ 'ਹਮਾਸ' ਦੇ ਮੋਢੀ ਲੀਡਰਾਂ ਵਿਚੋਂ ਇਕ, ਸ਼ੇਖ ਹਸਨ ਯੂਸਫ ਦੇ ਪੁੱਤਰ ਮੋਸਾਬ ਹਸਨ ਯੂਸਫ (ਜਨਮ 1978) ਨੇ ਛੋਟੀ ਉਮਰ ਵਿਚ ਹੀ ਆਪਣੀ ਸਵੈ-ਜੀਵਨੀ 'ਸਨ ਆਫ ਹਮਾਸ' ਲਿਖ ਦਿੱਤੀ ਹੈ। ਫਲਸਤੀਨ ਲਈ ਜੂਝ ਰਹੇ ਲੋਕਾਂ ਨੇ ਇਸ ਕਿਤਾਬ ਨੂੰ ਮੁੱਢੋਂ-ਸੁੱਢੋਂ ਰੱਦ ਕੀਤਾ ਹੈ ਪਰ ਪੱਛਮੀ ਜਗਤ ਨੇ ਇਸ ਕਿਤਾਬ ਦਾ ਭਰਵਾਂ ਸਵਾਗਤ ਕੀਤਾ ਹੈ। ਮੋਸਾਬ ਅੱਜ ਕੱਲ੍ਹ ਅਮਰੀਕਾ ਵਿਚ ਰਹਿੰਦਾ ਹੈ ਅਤੇ ਉਸ ਦੇ ਇਜ਼ਰਾਈਲ ਲਈ ਜਾਸੂਸੀ ਕਰਨ ਦੇ ਕਿੱਸੇ ਵੀ ਲਗਾਤਾਰ ਚਰਚਾ ਵਿਚ ਰਹੇ ਹਨ। ਅਜਿਹੇ ਕੀ ਕਾਰਨ ਸਨ ਕਿ ਰੋਹ ਨਾਲ ਭਰਿਆ ਮੋਸਾਬ ਆਖਰਕਾਰ ਇਜ਼ਰਾਈਲ ਦਾ ਏਜੰਟ ਬਣ ਗਿਆ? ਇਸ ਬਾਰੇ ਬਾਤ ਪਾਉਂਦਾ ਇਹ ਲੰਮਾ ਲੇਖ ਉਘੇ ਸਿੱਖ ਚਿੰਤਕ ਪ੍ਰੋ. ਹਰਪਾਲ ਸਿੰਘ ਪੰਨੂ ਨੇ 'ਪੰਜਾਬ ਟਾਈਮਜ਼' ਨੂੰ ਭੇਜਿਆ ਹੈ। ਸਾਲ 2012 ਵਿਚ ਛਪੀ ਇਸ ਕਿਤਾਬ 'ਤੇ ਆਧਾਰਤ ਇਸ ਲੇਖ ਵਿਚ ਉਨ੍ਹਾਂ ਇਸ ਕਿਤਾਬ, ਲੇਖਕ ਮੋਸਾਬ ਹਸਨ ਯੂਸਫ, ਫਲਸਤੀਨ ਅਤੇ ਇਜ਼ਰਾਈਲ ਦੇ ਪਿਛੋਕੜ ਵਿਚ ਪਏ ਅਹਿਮ ਤੱਥ ਉਜਾਗਰ ਕੀਤੇ ਹਨ। ਪਹਿਲੀ ਕਿਸ਼ਤ ਵਿਚ ਸ਼ਾਂਤ ਸੁਭਾਅ ਵਾਲੇ ਸ਼ੇਖ ਹਸਨ ਯੂਸਫ ਬਾਰੇ ਚਰਚਾ ਹੋਈ ਸੀ, ਉਹ ਹੌਲੀ ਹੌਲੀ ਜਹਾਦ ਵੱਲ ਕਿਸ ਤਰ੍ਹਾਂ ਸਰਕ ਰਿਹਾ ਸੀ। ਇਸ ਕਿਸ਼ਤ ਵਿਚ ਸ਼ੇਖ ਹਸਨ ਯੂਸਫ ਦਾ ਪੁੱਤਰ ਅਤੇ ਇਸ ਕਿਤਾਬ ਦਾ ਲੇਖਕ ਮੋਸਾਬ ਹਸਨ ਯੂਸਫ ਜਹਾਦ ਵੱਲ ਤੁਰਦਾ ਲੱਭਦਾ ਹੈ। -ਸੰਪਾਦਕ*

# ਫਲਸਤੀਨੀਆਂ ਦਾ ਰੋਹ ਜਹਾਦ ਵਿਚ ਤਬਦੀਲ

1975 ਵਿਚ ਮੋਸਾਬ ਹਸਨ ਯੂਸਫ ਦਾ ਅੱਬੂ ਸ਼ੇਖ ਹਸਨ ਯੂਸਫ ਜਦੋਂ ਜਾਰਡਨ ਵਿਚ ਪੜ੍ਹਨ ਆਇਆ, ਉਦੋਂ ਉਥੇ ਮੁਸਲਿਮ ਬ੍ਰਦਰਹੁੱਡ ਦਾ ਬੋਲਬਾਲਾ ਸੀ ਤੇ ਮੁਸਲਮਾਨਾਂ ਵਿਚ ਇਨ੍ਹਾਂ ਦੀ ਪੂਰੀ ਇੱਜ਼ਤ ਸੀ। ਸ਼ੇਖ ਹਸਨ ਯੂਸਫ ਦੇਖ ਰਿਹਾ ਸੀ, ਬ੍ਰਦਰਹੁੱਡ ਕਾਫਰਾਂ ਨੂੰ ਮੋਮਿਨ ਕਰ ਰਿਹਾ ਸੀ। ਬ੍ਰਦਰਹੁੱਡ ਦੇ ਨੇਤਾ ਉਹੋ ਕੁਝ ਕਰ ਰਹੇ ਸਨ ਜੋ ਈਸਾਈਆਂ ਵਾਸਤੇ ਮਾਰਟਿਨ ਲੂਥਰ ਨੇ ਕੀਤਾ ਸੀ। ਸ਼ੇਖ ਨੇ ਕਿਹਾ- ਇਹੋ ਮੇਰਾ ਸੁਫਨਾ ਸੀ। ਸ਼ੇਖ ਨੇ ਇਸਲਾਮ ਦਾ ਇਥੇ ਉਹ ਪੱਖ ਦੇਖਿਆ ਜੋ ਦਇਆ, ਪਿਆਰ ਤੇ ਰਹਿਮ ਸਿਖਾਉਂਦਾ ਹੈ। ਇਸ ਕਥਾ ਦੇ ਨਾਇਕ ਮੋਸਾਬ ਨੇ ਲਿਖਿਆ, "ਇਸਲਾਮ ਦਾ ਜੀਵਨ ਪੌੜੀ ਵਾਂਗ ਹੈ। ਪਹਿਲਾ ਡੰਡਾ ਅਰਦਾਸ ਹੈ, ਦੂਜਾ ਅੱਲਾਹ ਦੀ ਸਿਫਤ, ਤੀਜਾ ਲੋੜਵੰਦਾਂ ਲਾਚਾਰਾਂ ਦੀ ਮਦਦ, ਚੌਥਾ ਸਕੂਲ ਹਸਪਤਾਲ ਉਸਾਰਨੇ, ਪੰਜਵਾਂ



**ਹਰਪਾਲ ਸਿੰਘ ਪੰਨੂ**
ਫੋਨ: 91-94642-51454

ਦਾਨ ਤੇ ਸਭ ਤੋਂ ਸਿਖਰਲਾ ਡੰਡਾ ਜਹਾਦ ਹੈ। ਪੌੜੀ ਬੜੀ ਲੰਮੀ ਹੈ, ਸਿਖਰਲੇ ਡੰਡੇ ਉਪਰ ਕੀ ਹੋ ਰਿਹਾ ਹੈ, ਹੇਠਲਿਆਂ ਨੂੰ ਦਿਸਦਾ ਈ ਨਹੀਂ। ਉਪਰ ਜਾਣ ਦੀ ਰਫਤਾਰ ਧੀਮੀ ਹੈ। ਚਿੜੀ ਬਿੱਲੀ ਨੂੰ ਅੱਗੇ-ਪਿਛੇ ਆਉਂਦੀ ਜਾਂਦੀ ਦੇਖ ਰਹੀ ਹੈ ਪਰ ਇਹ ਨਹੀਂ ਸਮਝ ਸਕੀ ਕਿ ਹਰ ਗੇੜੇ ਨਾਲ ਬਿੱਲੀ ਰਤਾ ਕੁ ਹੋਰ ਚਿੜੀ ਵੱਲ ਸਰਕ ਰਹੀ ਹੈ। ਅੱਖ ਦੇ ਪਲਕਾਰ ਵਿਚ ਬਿੱਲੀ ਦੇ ਪੰਜੇ ਚਿੜੀ ਦੇ ਖੂਨ ਨਾਲ ਭਿਜੇ ਦਿਸਦੇ ਹਨ। ਨਰਮਦਲੀਆ ਮੁਸਲਮਾਨ, ਕੱਟੜ ਮੁਸਲਮਾਨ ਨਾਲੋਂ ਵਧੀਕ ਖਤਰਨਾਕ ਹੈ ਕਿਉਂਕਿ ਦੇਖਣ ਨੂੰ ਠੀਕ ਲਗਦਾ ਹੈ ਪਰ ਅਚਾਨਕ ਕਦੋਂ ਉਹ ਸਿਖਰਲਾ ਡੰਡਾ ਛੂਹ ਲਏ, ਪਤਾ ਨਹੀਂ ਲਗਦਾ। ਬਹੁਤੇ ਆਤਮਘਾਤੀ ਬੰਦੇ ਨਰਮਦਲੀਆਂ ਵਿਚੋਂ ਹੁੰਦੇ ਹਨ। ਮੋਸਾਬ ਦਾ ਅੱਬੂ ਪਹਿਲੀ ਪੌੜੀ ਚੜ੍ਹਿਆ ਤੇ ਅਖੀਰ ਤੱਕ ਪੁੱਜ ਗਿਆ। ਉਹ ਅੱਬੂ ਤੋਂ ਪੁੱਛਣਾ ਚਾਹੁੰਦਾ ਸੀ- ਅੱਬੂ! ਹਮਦਰਦ, ਦਿਆਲੂ ਇਨਸਾਨ ਤੋਂ ਤੁਸੀਂ ਮਾਸੂਮਾਂ ਦੇ ਕਤਲਾਂ ਤੱਕ ਕਿਉਂ ਪੁੱਜ ਗਏ? ਪਰ ਇਸਲਾਮੀ ਸਮਾਜ ਵਿਚ ਵੱਡਿਆਂ ਨੂੰ ਇਹੋ ਜਿਹੇ ਸਵਾਲ ਕਰਨ ਦਾ ਰਿਵਾਜ ਨਹੀਂ!

ਜਾਰਡਨ ਦੀ ਪੜ੍ਹਾਈ ਮੁਕਾ ਕੇ ਅੱਬੂ ਵਾਪਸ ਆਇਆ ਤਾਂ ਲੱਗਾ ਕਿ ਇਸਲਾਮ ਵਾਸਤੇ ਕੁਝ ਕਰੇਗਾ। ਇਕ ਉਸੇ ਵਰਗਾ ਬੰਦਾ ਇਬ੍ਰਾਹੀਮ ਅਬੂ ਸਲੇਮ ਸੀ। ਇਨ੍ਹਾਂ ਦੋਹਾਂ ਨੇ ਫਲਸਤੀਨ ਵਿਚ ਬ੍ਰਦਰਹੁੱਡ ਦੀ ਮੋਹੜੀ ਗੱਡੀ। 1977 ਵਿਚ ਉਸ ਦੀ ਜੇਬ ਵਿਚ ਕੇਵਲ 50 ਦਿਨਾਰ ਸਨ ਜਦੋਂ ਸਲੇਮ ਦੀ ਭੈਣ ਸੱਬਾ ਨਾਲ ਨਿਕਾਹ ਹੋਇਆ। ਸਾਲ ਬਾਅਦ ਮੋਸਾਬ ਜੰਮਿਆ। ਪਿਤਾ ਨੂੰ ਇਮਾਮ ਵਜੋਂ ਤਨਖਾਹ ਮਿਲਦੀ ਸੀ। ਫਿਰ ਸਕੂਲ ਵਿਚ ਪੜ੍ਹਾਉਣ ਦੀ ਨੌਕਰੀ ਵੀ ਮਿਲ ਗਈ ਪਰ ਦੋਵੇਂ ਤਨਖਾਹਾਂ ਮਿਲਾ ਕੇ ਵੀ ਪਰਿਵਾਰ ਦਾ ਗੁਜ਼ਾਰਾ ਮੁਸ਼ਕਲ ਨਾਲ ਚਲਦਾ। ਤਿੰਨ ਮੁੰਡੇ ਤੇ ਤਿੰਨ ਕੁੜੀਆਂ ਦਾ ਪਰਿਵਾਰ ਸੀ। ਮਾਂ, ਬੱਚਿਆਂ ਨੂੰ ਨਮਾਜ਼ ਪੜ੍ਹਨੀ ਸਿਖਾਉਂਦੀ; ਰੋਜ਼ੇ ਰੱਖਣੇ ਸਿਖਾਉਂਦੀ। ਜਿਵੇਂ ਅੱਬੂ ਬਾਬੇ ਵਰਗਾ ਬਣਨ ਦਾ ਇੱਛੁਕ ਸੀ, ਮੋਸਾਬ ਆਪਣੇ ਅੱਬੂ ਵਰਗਾ ਬਣਨਾ ਚਾਹੁੰਦਾ।

ਦੁਪਹਿਰ ਦੀ ਅਜ਼ਾਨ ਹੋਈ ਤਾਂ ਮੋਸਾਬ ਵੀ ਬਾਕੀ ਬੱਚਿਆਂ ਨਾਲ ਮਸਜਿਦ ਵੱਲ ਤੁਰ ਪਿਆ। ਸੋਚਿਆ, ਇੰਨੀਆਂ ਕਾਰਾਂ ਕਿਉਂ ਹਨ? ਜਾ ਕੇ ਦੇਖਿਆ, ਲਾਸ਼ ਪਈ ਸੀ। ਦਫਨ ਵਾਸਤੇ ਲਿਜਾ ਰਹੇ ਸਨ। ਪਿਛੇ ਪਿਛੇ ਉਹ ਵੀ ਤੁਰ ਪਿਆ। ਕਬਰਿਸਤਾਨ ਪੁੱਜ ਗਏ। ਇਕ ਬੰਦੇ ਨੇ ਕਿਹਾ- ਬੱਚੇ, ਕਬਰ ਉਪਰ ਪੈਰ ਨਹੀਂ ਰੱਖੀਦਾ। ਕਬਰ ਪਹਿਲੋਂ ਹੀ ਪੁੱਟੀ ਹੋਈ ਸੀ। ਇਮਾਮ ਨੇ ਇਸ਼ਾਰਾ ਕੀਤਾ ਤਾਂ ਕਫਨ ਜ਼ਮੀਨ ਵਿਚ ਉਤਾਰ ਦਿੱਤਾ। ਸਾਰੇ ਜਣੇ ਮਿੱਟੀ ਪਾਉਣ ਲੱਗੇ। ਕਬਰ ਪੁੱਟਣ ਵਾਲੇ ਦਾ ਨਾਮ ਜੁੰਮਾ ਸੀ। ਕਈ ਵਾਰੀ ਤਾਂ ਇਕੋ ਦਿਨ ਤਿੰਨ ਚਾਰ ਲਾਸ਼ਾਂ ਦਫਨ ਵਾਸਤੇ ਆ ਜਾਂਦੀਆਂ ਸਨ। ਬੱਚਿਆਂ ਤੋਂ ਸੁਣਿਆ ਸੀ, ਜੁੰਮਾ ਕਦੇ ਨਮਾਜ਼ ਨਹੀਂ ਪੜ੍ਹਦਾ; ਨਾ ਉਸ ਦਾ ਕੁਰਾਨ ਵਾਲੇ ਰੱਬ ਵਿਚ ਯਕੀਨ ਹੈ। ਕੀ ਉਸ ਨੂੰ ਮੌਤ ਤੋਂ ਡਰ ਨਹੀਂ ਲਗਦਾ? ਮੋਸਾਬ ਸੋਚਦਾ...! ਇਮਾਮ ਨੇ ਮ੍ਰਿਤਕ ਬਾਰੇ ਕਿਹਾ- ਇਹ ਆਦਮੀ ਚਲਾ ਗਿਐ। ਆਪਣਾ ਧਨ, ਜਾਇਦਾਦ, ਧੀਆਂ, ਪੁੱਤ, ਪਤਨੀ; ਸਭ ਨੂੰ ਛੱਡ ਗਿਐ। ਆਪਾਂ ਸਾਰੇ ਇਵੇਂ ਜਾਵਾਂਗੇ। ਥੋੜ੍ਹੀ ਦੇਰ ਬਾਅਦ ਇਸ ਦੀ ਰੂਹ ਇਥੇ ਪਰਤੇਗੀ। ਮੁਨਕਿਰ ਤੇ ਨਕੀਰ ਫਰਿਸ਼ਤੇ ਇਸ ਤੋਂ ਇਸ ਦੀ ਕਰਨੀ ਬਾਰੇ ਸਵਾਲ ਪੁੱਛਣਗੇ...ਪੁੱਛਣਗੇ- ਤੇਰਾ ਰੱਬ ਕਿਹੜੈ? ਜੇ ਉਸ ਤੋਂ ਸਹੀ ਉਤਰ ਨਾ ਦਿਤੇ ਗਏ ਤਾਂ ਉਸ ਦੇ ਸਿਰ ਵਿਚ ਹਥੌੜਾ ਮਾਰਨਗੇ ਤੇ ਮ੍ਰਿਤਕ ਦੀ ਰੂਹ 70 ਸਾਲ ਵਾਸਤੇ ਜ਼ਮੀਨ ਵਿਚ ਧਸ ਜਾਏਗੀ। ਯਾ ਅੱਲਾ! ਸਾਥੋਂ ਠੀਕ ਜਵਾਬ ਦਿਵਾਈਂ।

ਅੱਬੂ ਨੇ ਕਦੀ ਇਹ ਗੱਲਾਂ ਨਹੀਂ ਦੱਸੀਆਂ। ਮੋਸਾਬ ਨੇ ਅੱਬੂ ਨੂੰ ਕਿਹਾ- ਮੈਨੂੰ ਹੁਣੇ ਠੀਕ ਜਵਾਬ ਸਿਖਾ ਦੇ, ਮੈਨੂੰ ਡਰ ਲਗਦੈ। ਅੱਖ ਬਚਾ ਕੇ ਫਿਰ ਕਬਰਿਸਤਾਨ ਵਿਚ ਚਲਾ ਗਿਆ ਤਾਂ ਕਿ ਸਵਾਲ-ਜਵਾਬ ਸੁਣ ਸਕੇ, ਹਥੌੜਾ ਵਜਦਾ ਦੇਖੇ। ਘੰਟੇ ਦਾ ਬੈਠਾ ਬੈਠਾ ਬੋਰ ਹੋ ਗਿਆ। ਆ ਕੇ ਮਾਂ ਨੂੰ ਕਿਹਾ- ਉਥੇ ਤਾਂ ਕੁਝ ਵੀ ਨਹੀਂ ਹੋਇਆ? ਮੈਨੂੰ ਨਾ ਸਵਾਲ ਸੁਣੇ ਨਾ ਜਵਾਬ। ਮਾਂ ਨੇ ਕਿਹਾ- ਬੰਦਿਆਂ ਨੂੰ ਨਹੀਂ ਸੁਣਦੇ ਹੁੰਦੇ, ਜਾਨਵਰ ਸੁਣ ਲੈਂਦੇ ਨੇ। ਅੱਠ ਸਾਲ ਦੇ ਮੋਸਾਬ ਨੂੰ ਹੁਣ ਗੱਲ ਸਮਝ ਵਿਚ ਆਈ। ਕਬਰਿਸਤਾਨ ਉਸ ਦਾ ਖੇਡ ਮੈਦਾਨ ਹੋ ਗਿਆ।

---

1986 ਵਿਚ ਹੇਬਰੋਨ ਵਿਖੇ ਸੱਤ ਬੰਦਿਆਂ ਦੀ ਗੁਪਤ ਮੀਟਿੰਗ ਹੋਈ ਤੇ ਫਲਸਤੀਨ ਦੀ ਆਜ਼ਾਦੀ ਵਾਸਤੇ ਸੰਘਰਸ਼ ਕਰਨ ਦਾ ਫੈਸਲਾ ਹੋਇਆ। ਇਨ੍ਹਾਂ ਵਿਚ ਮੋਸਾਬ ਦਾ ਸ਼ਾਂਤ-ਚਿਤ ਅੱਬੂ ਸ਼ੇਖ ਹਸਨ ਵੀ ਸੀ। ਹਾਲੇ ਹਥਿਆਰਬੰਦ ਯੁੱਧ ਦੇ ਕਾਬਲ ਨਹੀਂ; ਬੱਸਾਂ 'ਤੇ ਪਥਰਾਉ, ਟਾਇਰਾਂ ਨੂੰ ਅੱਗ ਲਾਉਣ ਵਰਗੇ ਕੰਮ ਹੋਣਗੇ। ਇਉਂ ਹਮਾਸ ਦਾ ਜਨਮ ਹੋਇਆ। ਹਮਾਸ ਵਿਚ ਜਾਨ ਪਾਉਣ ਲਈ ਮੌਕਾ ਚਾਹੀਦਾ ਸੀ, ਮਿਲ ਗਿਆ।

ਪਲਾਸਟਿਕ ਵੇਚਣ ਵਾਲੇ ਇਕ ਇਜ਼ਰਾਈਲੀ, ਸ਼ਲੋਮੋ ਦਾ ਗਾਜ਼ਾ ਵਿਚ ਛੁਰੇ ਨਾਲ ਕਤਲ ਹੋ ਗਿਆ। ਥੋੜ੍ਹੇ ਦਿਨਾਂ ਬਾਅਦ ਗਾਜ਼ਾ ਦੇ ਰਫਿਊਜੀ ਕੈਂਪ ਵਿਚਲੇ ਚਾਰ ਬੰਦੇ ਸੜਕ ਦੀ ਟ੍ਰੈਫਿਕ ਦੁਰਘਟਨਾ ਵਿਚ ਮਾਰੇ ਗਏ। ਅਫਵਾਹ ਫੈਲੀ ਕਿ ਸ਼ਲੋਮੋ ਦੇ ਕਤਲ ਦਾ ਬਦਲਾ ਲੈਣ ਲਈ ਯਹੂਦੀਆਂ ਨੇ ਇਹ ਕਾਰਾ ਕੀਤਾ ਹੈ। ਦੰਗੇ ਸ਼ੁਰੂ ਹੋ ਗਏ। 17 ਸਾਲਾ ਮੁੰਡੇ ਨੇ ਇਜ਼ਰਾਈਲੀ ਸਿਪਾਹੀ ਉਤੇ ਪੈਟਰੋਲ ਬੰਬ ਸੁੱਟਿਆ। ਮੁੰਡਾ ਗੋਲੀ ਨਾਲ ਫੁੰਡ ਦਿੱਤਾ ਗਿਆ। ਗਾਜ਼ਾ ਵਿਚ ਥਾਂ ਥਾਂ ਲੋਕ ਗਲੀਆਂ ਵਿਚ ਨਿਕਲ ਤੁਰੇ। ਹਮਾਸ ਨੇ ਦੰਗਿਆਂ ਨੂੰ ਪੂਰੀ ਸ਼ਹਿ ਦਿੱਤੀ। ਬੱਚੇ ਇਜ਼ਰਾਈਲੀ ਟੈਂਕਾਂ ਉਪਰ ਪੱਥਰ ਚਲਾਉਂਦੇ, ਅਜਿਹਾ ਕਰਦਿਆਂ ਦੀਆਂ ਤਸਵੀਰਾਂ ਦੁਨੀਆਂ ਭਰ ਦੇ ਅਖਬਾਰਾਂ ਵਿਚ ਛਪਦੀਆਂ। ਫਲਸਤੀਨ ਦਾ ਜਹਾਦ ਸੰਸਾਰ-ਖਬਰ ਬਣ ਗਿਆ। ਇਜ਼ਰਾਈਲੀਆਂ ਦੀਆਂ ਗੋਲੀਆਂ ਨਾਲ ਮਰੇ ਸ਼ਹੀਦਾਂ ਨੂੰ ਤੁਰਤ ਸਕੇ-ਸਬੰਧੀ ਦਫਨਾ ਦਿੰਦੇ, ਕਿਤੇ ਇਜ਼ਰਾਈਲੀ ਇਨ੍ਹਾਂ ਦੇ ਅੰਦਰਲੇ ਅੰਗ ਕੱਢ ਕੇ ਵਰਤ ਨਾ ਲੈਣ।

ਦਸ ਸਾਲ ਦੇ ਮੋਸਾਬ ਨੇ ਹਮਜੋਲੀਆਂ ਨਾਲ ਰਲ ਕੇ ਇਜ਼ਰਾਈਲੀਆਂ ਦੀ ਬੱਸ ਉਪਰ ਪਥਰਾਉ ਕਰਨ ਦੀ ਸੋਚੀ, ਕਿਉਂਕਿ ਵੱਡੀ ਗੱਡੀ ਹੋਣ ਕਰ ਕੇ ਨਿਸ਼ਾਨਾ ਉਕੇਗਾ ਨਹੀਂ। ਹਰ ਇਕ ਨੇ ਦੋ ਦੋ ਪੱਥਰ ਦੋਵਾਂ ਹੱਥਾਂ ਵਿਚ ਫੜੇ, ਤੇ ਓਟ ਵਿਚ ਸ਼ਹਿ ਲਾ ਕੇ ਬੈਠ ਗਏ। ਬੱਸ ਹਰ ਰੋਜ਼ ਇਕੋ ਟਾਈਮ 'ਤੇ ਆਉਂਦੀ। ਡੀਜ਼ਲ ਇੰਜਣ ਦੀ ਆਵਾਜ਼ ਆਈ, ਚੌਕਸ ਹੋ ਗਏ। ਲੰਘਣ ਲੱਗੀ ਤਾਂ ਪਥਰਾਉ ਕਰ ਦਿੱਤਾ, ਸ਼ੀਸ਼ੇ ਟੁੱਟਣ ਦੀਆਂ ਆਵਾਜ਼ਾਂ ਤੋਂ ਪੱਕਾ ਹੋ ਗਿਆ ਕਿ ਨਿਸ਼ਾਨੇ ਟਿਕਾਣੇ 'ਤੇ ਲੱਗੇ; ਪਰ ਉਹੋ! ਇਹ ਮੁਸਾਫਰਾਂ ਵਾਲੀ ਨਹੀਂ, ਹਥਿਆਰਬੰਦ ਫੌਜੀਆਂ ਦੀ ਬੱਸ ਸੀ। ਗੁਸੈਲੇ ਫੌਜੀਆਂ ਨੇ ਬੱਸ ਰੋਕ ਲਈ ਤਾਂ ਮੁੰਡੇ ਲੁਕਣ ਲਈ ਭੱਜੇ। ਨਾ ਇਨ੍ਹਾਂ ਨੂੰ ਸਿਪਾਹੀ ਦਿਸੇ, ਨਾ ਸਿਪਾਹੀਆਂ ਨੂੰ ਮੁੰਡੇ। ਉਨ੍ਹਾਂ ਹਵਾਈ ਫਾਇਰ ਸ਼ੁਰੂ ਕਰ ਦਿੱਤੇ, ਤੇ ਮੁੰਡੇ ਅੱਖ ਬਚਾ ਕੇ ਮਸੀਤ ਅੰਦਰ ਜਾ ਵੜੇ। ਨਮਾਜ਼ ਪੜ੍ਹੀ ਜਾ ਰਹੀ ਸੀ। ਨਮਾਜ਼ੀਆਂ ਨੂੰ ਕੋਈ ਪਤਾ ਨਹੀਂ, ਫਾਇਰਿੰਗ ਕਿਉਂ ਹੋ ਰਹੀ ਹੈ। ਇਹ ਮੁੰਡੇ ਸਭ ਤੋਂ ਪਿਛਲੀ ਕਤਾਰ ਵਿਚ ਜਾ ਖਲੋਤੇ। ਨਮਾਜ਼ ਖਤਮ ਹੋਈ ਤਾਂ ਇਮਾਮ ਨੇ ਗੁੱਸੇ ਨਾਲ ਇਨ੍ਹਾਂ ਵਲ ਦੇਖਿਆ। ਇੰਨੇ ਨੂੰ ਫੌਜੀ ਮਸੀਤ ਵਿਚ ਆ ਗਏ, ਤੇ ਸਾਰਿਆਂ ਨੂੰ ਮੂਧੇ ਮੂੰਹ ਲੇਟਣ ਲਈ ਕਿਹਾ। ਸ਼ਨਾਖਤ ਹੋਣੀ ਸ਼ੁਰੂ ਹੋ ਗਈ। ਮੁੰਡਿਆਂ ਨੂੰ ਪਸੀਨੇ ਛੁੱਟ ਰਹੇ ਸਨ ਕਿ ਗੋਲੀਆਂ ਮਾਰ ਦੇਣਗੇ; ਪਰ ਕਿਸੇ ਨੂੰ ਕੁਝ ਨਾ ਕਿਹਾ। ਸਿਪਾਹੀਆਂ ਨੇ ਪੱਥਰ ਸੁਟਦੇ ਬੱਚੇ ਦੇਖੇ ਹੀ ਨਹੀਂ ਸਨ, ਤੇ ਉਨ੍ਹਾਂ ਦੇ ਖਿਆਲ ਵਿਚ ਵੀ ਨਹੀਂ ਆਇਆ ਕਿ ਇੰਨੇ ਛੋਟੇ ਮੁੰਡੇ ਇੱਡਾ ਕਾਰਾ ਕਰ ਸਕਦੇ ਹਨ। ਦਬਕੇ-ਦੁਬਕੇ ਮਾਰ ਕੇ ਫੌਜੀ ਚਲੇ ਗਏ। ਮੋਸਾਬ ਅਤੇ ਸਾਥੀ ਹੋਰ ਹੌਸਲੇ ਵਿਚ ਆ ਗਏ ਕਿ ਦੇਖੋ ਕਿੱਡਾ ਵੱਡਾ ਕੰਮ ਕੀਤਾ, ਤੇ ਬਚ ਵੀ ਗਏ।

ਇਕ ਦਿਨ ਫਿਰ ਮੋਸਾਬ ਅਤੇ ਉਸ ਦੇ ਇਕ ਸਾਥੀ ਨੇ ਕਾਰ ਉਤੇ ਘਾਤ ਲਾ ਕੇ ਪੱਥਰ ਸੁੱਟੇ। ਪੱਥਰ ਸ਼ੀਸ਼ੇ 'ਤੇ ਵੱਜਾ, ਤੇ ਬੰਬ ਫਟਣ ਵਰਗੀ ਆਵਾਜ਼ ਆਈ। ਕੁਝ ਦੂਰ ਤੱਕ ਤਾਂ ਕਾਰ ਅੱਗੇ ਵੱਲ ਦੌੜੀ, ਫਿਰ ਬੈਕ-ਗਿਅਰ ਪਾ ਕੇ ਡਰਾਈਵਰ ਵਾਪਸ ਲੈ ਆਇਆ। ਮੋਸਾਬ ਕਬਰਿਸਤਾਨ ਵੱਲ ਭੱਜ ਗਿਆ, ਤੇ ਉਸ ਦਾ ਸਾਥੀ ਉਲਟ ਦਿਸ਼ਾ ਵਿਚ, ਤਾਂ ਕਿ ਇਕ ਤਾਂ ਬਚੇ। ਹੱਥ ਵਿਚ ਗੰਨ ਫੜੀ ਇਜ਼ਰਾਈਲੀ ਕਬਰਿਸਤਾਨ ਵੱਲ ਭੱਜਾ। ਮੋਸਾਬ ਕਬਰ ਦੇ ਪਰਲੇ ਪਾਸੇ ਲੇਟ ਗਿਆ। ਜਾਣਦਾ ਸੀ, ਜਿਉਂ ਸਿਰ ਉਪਰ ਚੁਕਿਆ, ਗੋਲੀ ਪਾਰ ਹੋ ਜਾਵੇਗੀ। ਹਨ੍ਹੇਰਾ ਪੈਣ ਲੱਗਾ, ਇਜ਼ਰਾਈਲੀ ਕਬਰਿਸਤਾਨ ਵਿਚ ਵੜਨੋਂ ਡਰਦਾ ਸੀ। ਮੋਸਾਬ ਭੱਜਿਆ, ਖੋਦੀ ਹੋਈ ਕਬਰ ਵਿਚ ਜਾ ਡਿੱਗਾ। ਇਜ਼ਰਾਈਲੀ ਨੇ ਅੰਨ੍ਹੇਵਾਹ ਫਾਇਰਿੰਗ ਕੀਤੀ, ਤੇ ਚਲਾ ਗਿਆ।

ਅੱਧੇ ਘੰਟੇ ਬਾਅਦ ਮੋਸਾਬ ਕਬਰ ਵਿਚੋਂ ਬਾਹਰ ਨਿਕਲ ਕੇ ਘਰ ਗਿਆ। ਸ਼ੁਕਰ! ਫਿਰ ਬਚ ਗਿਆ। ਕੁੱਝ ਹਫਤਿਆਂ ਬਾਅਦ ਮੋਸਾਬ ਕੋਲੋਂ ਉਹੀ ਕਾਰ ਲੰਘੀ, ਉਹੀ ਡਰਾਈਵਰ। ਉਸ ਨੇ ਕਾਰ ਰੋਕ ਲਈ, ਮੋਸਾਬ ਨੂੰ ਪਛਾਣ ਲਿਆ। ਮੋਸਾਬ ਭੱਜਿਆ, ਪਰ ਐਤਕੀਂ ਦੂਰ ਨਹੀਂ ਜਾ ਸਕਿਆ। ਫੜ ਕੇ ਚਪੇੜ ਜੜੀ, ਤੇ ਧੂਹ ਕੇ ਗੱਡੀ ਵਿਚ ਸੁੱਟ ਲਿਆ; ਛਾਉਣੀ ਵਿਚ ਲੈ ਗਏ। ਉਸ ਨੂੰ ਕਿਹਾ- ਜੁੱਤੇ ਉਤਾਰ ਕੇ ਜ਼ਮੀਨ 'ਤੇ ਬਹਿ ਜਾ। ਬੈਠ ਗਿਆ। ਸੋਚਣ ਲੱਗਾ- ਗੋਲੀ ਮਾਰ ਕੇ ਲਾਸ਼ ਖੇਤਾਂ ਵਿਚ ਸੁੱਟ ਦੇਣਗੇ। ਹਨ੍ਹੇਰਾ ਪੈਣ ਲੱਗਾ ਤਾਂ ਇਕ ਸਿਪਾਹੀ ਨੇੜੇ ਆਇਆ, ਕਿਹਾ- ਜਾਹ ਦਫਾ ਹੋ ਜਾਹ। ਮੋਸਾਬ ਨੇ ਕਿਹਾ- ਪਰ ਮੈਂ ਇੱਕਲਾ ਘਰ ਕਿਵੇਂ ਜਾਵਾਂ? ਨਾਲੇ ਮੇਰੇ ਜੁੱਤੇ ਤਾਂ ਦੇ ਦਿਉ। ਸਿਪਾਹੀਆਂ ਨੇ ਕਿਹਾ- ਸੁਣੀ ਨੀ ਗੱਲ? ਤੁਰ ਜਾਹ, ਅਗਾਂਹ ਤੋਂ ਪੱਥਰ ਮਾਰਿਆ ਨਾ, ਗੋਲੀ ਨਾਲ ਫੁੰਡ ਦਿਆਂਗੇ, ਸਮਝਿਆ?

ਘਰ ਪੁੱਜਾ ਤਾਂ ਮਾਂ ਨੇ ਛਾਤੀ ਨਾਲ ਘੁੱਟ ਲਿਆ ਤੇ ਰੋਣ ਲੱਗੀ। ਲੋਕਾਂ ਨੇ ਦੱਸ ਦਿੱਤਾ ਸੀ ਕਿ ਇਜ਼ਰਾਈਲੀ ਕਾਰ ਵਿਚ ਸੁੱਟ ਕੇ ਲੈ ਗਏ। ਕਦੀ ਪਥਰਾਉ ਹੁੰਦਾ, ਫੌਜੀ ਉਸ ਦੇ ਘਰ ਆ ਵੜਦੇ। ਮੋਸਾਬ ਇਸ ਗੱਲ 'ਤੇ ਹੈਰਾਨ ਹੋਈ ਜਾਂਦਾ, ਕਿ ਕਿਸੇ ਨੇ ਵੀ ਪੱਥਰ ਮਾਰ ਦਿੱਤਾ, ਤਾਂ ਇੰਨਾ ਗੁੱਸਾ ਕਰਨ ਦੀ ਕੀ ਲੋੜ? ਕਿੱਡੇ ਕਿੱਡੇ ਭਾਰੇ ਹਥਿਆਰ ਚੁੱਕੀ ਫਿਰਦੇ ਨੇ।



*ਟਾਇਰਾਂ ਨੂੰ ਅੱਗ ਲਾ ਕੇ ਅਤੇ ਪਥਰਾਓ ਕਰ ਕੇ ਰੋਹ ਜ਼ਾਹਿਰ ਕਰ ਰਿਹਾ ਇਕ ਫਲਸਤੀਨੀ ਨੌਜਵਾਨ।*

ਇਕ ਰਾਤ ਜਦੋਂ ਖਾਣਾ ਖਾਣ ਪਿਛੋਂ ਗੱਲੀਂ ਲੱਗੇ ਹੋਏ ਸਨ, ਬੂਹੇ 'ਤੇ ਦਸਤਕ ਹੋਈ। ਬੂਹਾ ਖੋਲ੍ਹਿਆ, ਇਜ਼ਰਾਈਲੀ ਪੁਲਿਸ ਦੇਖੀ। ਸਿਪਾਹੀ ਨੇ ਪੁਛਿਆ- ਸ਼ੇਖ ਹਸਨ? ਅੱਬੂ ਨੇ ਕਿਹਾ- ਹਾਂ, ਸ਼ੇਖ ਹਸਨ। ਪੰਜ ਮਿੰਟ ਪੁੱਛ-ਗਿਛ ਕਰਨੀ ਹੈ, ਸਾਡੇ ਨਾਲ ਛਾਉਣੀ ਜਾਣਾ ਪਏਗਾ। ਲੈ ਗਏ। ਪਰਿਵਾਰ ਸਾਰੀ ਰਾਤ ਉਡੀਕਦਾ ਰਿਹਾ। ਫਿਰ ਰੈਡ ਕਰਾਸ ਦੇ ਦਫਤਰ ਤੋਂ ਜਾਣਕਾਰੀ ਮੰਗੀ। ਰੈਡ ਕਰਾਸ ਨੇ ਕਿਹਾ- ਯਕੀਨਨ ਇਹ ਗ੍ਰਿਫਤਾਰੀ ਦਾ ਮਾਮਲਾ ਹੈ, ਪਰ ਸਾਨੂੰ ਉਹ ਕੁਝ ਨਹੀਂ ਦੱਸਦੇ। ਬੱਸ ਇੰਨਾ ਪਤਾ ਲੱਗਾ ਕਿ ਹਮਾਸ ਦਾ ਅਹਿਮ ਮੈਂਬਰ ਹੋਣ ਕਾਰਨ ਉਸ 'ਤੇ ਬੁਰੀ ਤਰ੍ਹਾਂ ਤਸ਼ੱਦਦ ਕੀਤਾ ਗਿਆ ਹੈ। ਅਰਬਾਂ ਕੋਲ ਹਥਿਆਰ ਨਹੀਂ ਸਨ, ਇਕ ਬੰਦੇ ਨੇ ਤਿੰਨ ਇਜ਼ਰਾਈਲੀ ਚਾਕੂ ਨਾਲ ਮਾਰ ਦਿੱਤੇ। ਲਗਦਾ ਸੀ ਕਿ ਅੱਬੂ ਦੀ ਗ੍ਰਿਫਤਾਰੀ ਨਾਲ ਗੜਬੜ ਰੁਕ ਜਾਏਗੀ, ਇਹ ਵਧ ਗਈ। ਹਮਾਸ ਇੰਨੀ ਮਜ਼ਬੂਤ ਹੁੰਦੀ ਗਈ ਕਿ ਯਾਸਰ ਅਰਾਫਾਤ ਦੀ ਪੀ.ਐਲ.ਓ. (ਫਲਸਤੀਨ ਲਿਬਰੇਸ਼ਨ ਆਰਗੇਨਾਈਜੇਸ਼ਨ) ਨਾਲ ਮੁਕਾਬਲਾ ਹੋਣ ਲੱਗਾ।

ਪੀ.ਐਲ.ਓ. ਸ਼ੱਰਈ ਮੁਸਲਮਾਨਾਂ ਦੀ ਜਥੇਬੰਦੀ ਨਹੀਂ ਸੀ, ਇਸ ਵਿਚ ਕਮਿਊਨਿਸਟ

*(ਬਾਕੀ ਅਗਲੇ ਸਫੇ 'ਤੇ)*



*ਰਿਹਾਈ ਮੌਕੇ ਹਮਾਸ ਆਗੂ ਸ਼ੇਖ ਹਸਨ ਯੂਸਫ।*

*ਮੋਸਾਬ ਹਸਨ ਯੂਸਫ ਦਾ ਅੱਬੂ ਸ਼ੇਖ ਹਸਨ ਯੂਸਫ ਜਦੋਂ ਜਾਰਡਨ ਵਿਚ ਪੜ੍ਹਨ ਆਇਆ, ਉਦੋਂ ਉਥੇ ਮੁਸਲਿਮ ਬ੍ਰਦਰਹੁੱਡ ਦਾ ਬੋਲਬਾਲਾ ਸੀ ਤੇ ਮੁਸਲਮਾਨਾਂ ਵਿਚ ਇਨ੍ਹਾਂ ਦੀ ਪੂਰੀ ਇੱਜ਼ਤ ਸੀ। ਸ਼ੇਖ ਹਸਨ ਯੂਸਫ ਦੇਖ ਰਿਹਾ ਸੀ, ਬ੍ਰਦਰਹੁੱਡ ਕਾਫਰਾਂ ਨੂੰ ਮੋਮਿਨ ਕਰ ਰਿਹਾ ਸੀ। ਬ੍ਰਦਰਹੁੱਡ ਦੇ ਨੇਤਾ ਉਹੋ ਕੁਝ ਕਰ ਰਹੇ ਸਨ ਜੋ ਈਸਾਈਆਂ ਵਾਸਤੇ ਮਾਰਟਿਨ ਲੂਥਰ ਨੇ ਕੀਤਾ ਸੀ। ਸ਼ੇਖ ਨੇ ਕਿਹਾ- ਇਹੋ ਮੇਰਾ ਸੁਫਨਾ ਸੀ। ਸ਼ੇਖ ਨੇ ਇਸਲਾਮ ਦਾ ਇਥੇ ਉਹ ਪੱਖ ਦੇਖਿਆ ਜੋ ਦਇਆ, ਪਿਆਰ ਤੇ ਰਹਿਮ ਸਿਖਾਉਂਦਾ ਹੈ।*




*ਮੁਸਲਿਮ ਬ੍ਰਦਰਹੁੱਡ (ਜਾਰਡਨ) ਜਥੇਬੰਦੀ ਦਾ ਲੋਗੋ।*

# ਖੋਜਉ ਅਸਮਾਨ



## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਕਹੁ ਕਬੀਰ ਖੋਜਉ ਅਸਮਾਨ॥
ਰਾਮ ਸਮਾਨ ਨ ਦੇਖਉ ਆਨ॥

ਗੁਰੂ ਨਾਨਕ ਦੇਵ ਨੇ ਕੁਝ ਅਜਿਹੇ ਹੀ ਭਾਵ ਵਧੇਰੇ ਕਾਵਿਕ ਅੰਦਾਜ਼ ਵਿਚ ਇਸ ਤਰਾਂ ਪ੍ਰਗਟਾਏ ਹਨ,

ਪੰਖੀ ਹੋਇ ਕੈ ਜੇ ਭਵਾ ਅਸਮਾਨੀ ਜਾਉ॥
ਨਦਰੀ ਕਿਸੈ ਨ ਆਵਊ
ਨਾ ਕੁਛ ਪੀਆ ਖਾਉ॥
ਭੀ ਤੇਰੀ ਕੀਮਤਿ ਨਾ ਪਵੈ
ਹਉ ਕੇਵਡੁ ਆਖਾ ਨਾਉ॥

ਕਬੀਰ ਅਤੇ ਨਾਨਕ ਨੇ ਅਸਮਾਨ ਖੋਜ ਮਾਰਿਆ ਪਰ ਉਨ੍ਹਾਂ ਨੂੰ ਵਿਸ਼ਾਲਤਾ ਦੇ ਨਜ਼ਰੀਏ ਤੋਂ ਪਰਮਾਤਮਾ ਦਾ ਸਾਨੀ ਕੋਈ ਨਾ ਮਿਲਿਆ। ਮਿਲਦਾ ਵੀ ਕਿਵੇਂ, ਧਾਰਮਿਕ ਨਜ਼ਰੀਏ ਤੋਂ ਅਸਮਾਨ ਖੁਦ ਰੱਬ ਨੇ ਸਿਰਜਿਆ ਹੈ। ਗੁਰੂ ਅਰਜਨ ਦੇਵ ਦੇ ਸ਼ਬਦਾਂ ਵਿਚ "ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ॥" ਗੁਰਬਾਣੀ ਵਿਚ ਅਸਮਾਨ ਬਾਰੇ ਕੁਝ ਤੁਕਾਂ ਜਾਣਨ ਪਿਛੋਂ ਆਉ ਅਸਮਾਨ ਦੇ ਸੰਕਲਪ ਤੇ ਇਸ ਦੇ ਸੂਚਕ ਸ਼ਬਦ ਦੀ ਪੈਦਾਇਸ਼ ਬਾਰੇ ਕੁਝ ਹੋਰ ਖੋਜ ਕਰੀਏ। ਪੰਜਾਬੀ ਵਿਚ ਅਕਾਸ਼ ਲਈ ਸਭ ਤੋਂ ਵਧ ਪ੍ਰਚਲਿਤ ਸ਼ਬਦ ਅਸਮਾਨ ਹੈ। ਬਹੁਤ ਸਾਰੇ ਮੁਹਾਵਰੇ, ਅਖਾਣਾਂ, ਉਕਤੀਆਂ, ਵਾਕੰਸ਼ਾਂ ਵਿਚ ਅਸਮਾਨ ਸ਼ਬਦ ਆਉਂਦਾ ਹੈ ਜਿਨ੍ਹਾਂ ਵਿਚ ਉਚਤਾ ਦੇ ਭਾਵ ਹਨ। ਕੁਝ ਇਕ ਗਿਣਾਉਂਦੇ ਹਾਂ- ਅਸਮਾਨ ਨੂੰ ਟਾਕੀਆਂ ਲਾਉਣਾ, ਅਸਮਾਨ ਨਾਲ ਗੱਲਾਂ ਕਰਨਾ, ਜ਼ਮੀਨ-ਅਸਮਾਨ ਇਕ ਕਰਨਾ, ਅਸਮਾਨ ਸਿਰ 'ਤੇ ਚੁੱਕਣਾ, (ਕੀਮਤਾਂ ਆਦਿ ਦਾ) ਅਸਮਾਨੇ ਚੜ੍ਹਨਾ, ਸੱਤਵੇਂ ਅਸਮਾਨ ਵਿਚ ਹੋਣਾ, ਅਸਮਾਨ ਦੇ ਤਾਰੇ, ਜ਼ਮੀਨ ਅਸਮਾਨ ਦਾ ਫਰਕ, ਅਸਮਾਨ ਤੋਂ ਡਿੱਗਾ ਖਜੂਰ 'ਤੇ ਲਟਕਿਆ। ਐਪਰ ਕਬੀਰ ਸਾਹਿਬ ਦੇ ਕਹੇ ਅਨੁਸਾਰ ਆਪਾਂ "ਬਾਤਨ ਹੀ ਅਸਮਾਨ ਗਿਰਾਵਹਿ॥" ਵਾਲੀ ਗੱਲ ਨਹੀਂ ਕਰਨੀ, ਕੁਝ ਠੋਸ ਗੱਲਾਂ ਕਰਨੀਆਂ ਹਨ। ਅਸਮਾਨ ਕਹਿੰਦੇ ਹਨ, ਧਰਤੀ ਦੇ ਉਪਰਲੇ ਗੁੰਬਦਨੁਮਾ ਖੇਤਰ ਨੂੰ ਜਿਥੇ ਬੱਦਲ ਘੁੰਮਦੇ ਰਹਿੰਦੇ ਹਨ ਤੇ ਜਿਸ ਦਾ ਰੰਗ ਨੀਲਾ ਪ੍ਰਤੀਤ ਹੁੰਦਾ ਹੈ। ਇਸ ਲਈ ਸਾਡੇ ਕੋਲ ਅੰਬਰ, ਅਕਾਸ਼ ਜਿਹੇ ਸ਼ਬਦ ਵੀ ਹਨ। ਬੋਲਚਾਲ ਵਿਚ ਇਸ ਨੂੰ ਨੀਲੀ ਛਤਰੀ ਵੀ ਕਿਹਾ ਜਾਂਦਾ ਹੈ। ਇਕ ਲੋਕ ਵਿਸ਼ਵਾਸ ਅਨੁਸਾਰ ਇਹ ਨੀਲੀ ਛਤਰੀ ਰੱਬ ਦੀ ਹੈ, ਸ਼ਾਇਦ ਉਸ ਨੇ ਧਰਤੀ ਤੇ ਇਸ ਉਤੇ ਵਸਦੇ ਜੀਵ-ਜੰਤੂਆਂ ਨੂੰ ਬਚਾਉਣ ਲਈ ਤਾਣੀ ਹੋਈ ਹੈ ਪਰ ਕਿਸ ਤੋਂ ਬਚਾਉਣ ਲਈ? ਮੀਂਹ ਦਾ ਕਹਿਰ ਤਾਂ ਇਸ ਤਣੀ ਹੋਈ ਛਤਰੀ ਦੇ ਬਾਵਜੂਦ ਖੁਲ੍ਹ ਖੇਡਦਾ ਰਹਿੰਦਾ ਹੈ। ਫਿਰ ਪਰਮਾਤਮਾ ਤਾਂ ਇਕ ਸਮਝ ਅਨੁਸਾਰ ਸਰਬਸ਼ਕਤੀਮਾਨ ਹੈ, ਉਸ ਨੇ ਸਾਨੂੰ ਹੋਰ ਕਿਸ ਦੇ ਕਹਿਰ ਤੋਂ ਬਚਾਉਣਾ ਹੈ? ਕੁਝ ਵਿਸ਼ਵਾਸਾਂ ਅਨੁਸਾਰ ਇਹ "ਨੀਲਾ ਨੀਲਾ" ਦਿਸਦਾ ਹੀ ਰੱਬ ਹੈ। ਖੈਰ, ਅਸਮਾਨ ਰੂਪੀ ਛਤਰੀ ਦਾ ਸੰਕਲਪ ਪਰਮਾਤਮਾ ਦੇ ਮਨੁਖ ਲਈ ਰੱਖਿਅਕ ਹੋਣ ਦਾ ਪ੍ਰਤੀਕ ਹੀ ਹੈ।

ਵਿਗਿਆਨ ਅਨੁਸਾਰ ਅਸਮਾਨ ਮਨੁਖ ਦੀ ਨਜ਼ਰ ਦੀ ਸੀਮਾ ਹੈ ਤੇ ਇਸ ਦਾ ਰੰਗ ਨੀਲਾ ਇਸ ਲਈ ਦਿਸਦਾ ਹੈ ਕਿਉਂਕਿ ਰੋਸ਼ਨੀ ਵਿਚਲੇ ਨੀਲੇ ਰੰਗ ਦੀ ਵੇਵਲੈਂਗਥ ਹੋਰ ਛੇ ਰੰਗਾਂ ਨਾਲੋਂ ਸੌਖਿਆਂ ਖਿੰਡਰ ਜਾਂਦੀ ਹੈ। ਬਾਈਬਲ ਅਨੁਸਾਰ ਰੱਬ ਨੇ ਧਰਤੀ ਹੇਠਲੇ ਤੇ ਉਤਲੇ ਪਾਣੀ ਨੂੰ ਵੱਖ ਕਰਨ ਲਈ ਅਸਮਾਨ ਬਣਾਇਆ। ਰੱਬ ਨੇ ਹੇਠਲੇ ਪਾਣੀ 'ਤੇ ਧਰਤੀ ਟਿਕਾ ਦਿੱਤੀ। ਉਤਲਾ ਪਾਣੀ ਇਕ ਭੰਡਾਰੇ ਦੀ ਨਿਆਈ ਹੈ ਜੋ ਮੀਂਹ ਅਤੇ ਬਰਫਬਾਰੀ ਦੇ ਰੂਪ ਵਿਚ ਧਰਤੀ 'ਤੇ ਡਿਗਦਾ ਹੈ। ਨਿਸਚੇ ਹੀ ਰੱਬ ਨੇ ਇਸ ਪਾਣੀ ਨੂੰ ਧਰਤੀ 'ਤੇ ਵਰ੍ਹਾਉਣ ਲਈ ਅਤੇ ਸੂਰਜ, ਚੰਦ ਆਦਿ ਦੀ ਰੋਸ਼ਨੀ ਸਾਡੇ ਤੱਕ ਪਹੁੰਚਾਉਣ ਲਈ ਖਿੜਕੀਆਂ ਰੱਖੀਆਂ ਹੋਈਆਂ ਹਨ। ਇਥੋਂ ਇਹ ਵੀ ਪ੍ਰਤੀਤ ਹੁੰਦਾ ਹੈ ਕਿ ਬਾਈਬਲ ਦੀ ਸਮਝ ਅਨੁਸਾਰ ਅਸਮਾਨ ਇਕ ਠੋਸ ਚੀਜ਼ ਹੈ ਜਦਕਿ ਵਿਗਿਆਨ ਅਨੁਸਾਰ ਇਹ ਸਿਰਫ ਨਜ਼ਰ ਦੀ ਸੀਮਾ ਹੀ ਹੈ, ਜਿਸ ਨੂੰ ਚੀਰਿਆ ਜਾ ਸਕਦਾ ਹੈ, ਜਿਸ ਦੇ ਪਾਰ ਜਾਇਆ ਜਾ ਸਕਦਾ ਹੈ।

ਹਿੰਦ-ਇਰਾਨੀ ਅਤੇ ਆਦਿਮ ਹਿੰਦ-ਇਰਾਨੀ ਯੁੱਗ ਵਿਚ ਅਸਮਾਨ ਨੂੰ ਪੱਥਰ ਦੇ ਬਣੇ ਹੋਣ ਦੇ ਵਿਚਾਰਾਂ ਦੀ ਟੋਹ ਮਿਲਦੀ ਹੈ। ਜ਼ਰਥੁਸਤਾ ਲਿਖਤਾਂ ਅਨੁਸਾਰ ਦੇਵਤਿਆਂ ਨੇ ਸ੍ਰਿਸ਼ਟੀ ਦੀ ਰਚਨਾ ਸੱਤ ਪੜਾਵਾਂ ਵਿਚ ਕੀਤੀ। ਪਹਿਲਾਂ ਉਨ੍ਹਾਂ ਨੇ ਪੱਥਰ ਦਾ ਅਸਮਾਨ ਬਣਾਇਆ ਜੋ ਇਕ ਵੱਡੇ ਸਾਰੇ ਖੱਪੜ ਵਰਗਾ ਠੋਸ ਅਤੇ ਗੋਲ ਸੀ। ਇਸ ਧਰਮ ਵਿਚ ਅਸਮਾਨ ਨਾਂ ਦਾ ਇਕ ਦੇਵਤਾ ਵੀ ਸੀ। ਇਸਲਾਮ ਧਰਮ ਵਿਚ ਵੀ ਅਸਮਾਨ ਦੇ ਠੋਸ ਹੋਣ ਦੇ ਪ੍ਰਮਾਣ ਕੁਰਾਨ ਤੋਂ ਮਿਲ ਜਾਂਦੇ ਹਨ। ਦਅਰਅਸਲ 'ਅਸਮਾਨ' ਸ਼ਬਦ ਹੈ ਹੀ ਫਾਰਸੀ ਅਸਲੇ ਦਾ ਤੇ ਇਸ ਦੀਆਂ ਜੜ੍ਹਾਂ ਪਾਰਸੀ ਧਰਮ ਦੇ ਪਵਿਤਰ ਗ੍ਰੰਥ ਅਵੇਸਤਾ ਵਿਚ ਮਿਲ ਜਾਂਦੀਆਂ ਹਨ। ਫਾਰਸੀ ਦੇ ਪੁਰਾਤਨ ਰੂਪ ਵਿਚ ਵੀ ਇਹ ਸ਼ਬਦ ਅਸਮਾਨ ਜਿਹਾ ਹੀ ਸੀ। ਅਵੇਸਤਾ ਵਿਚ ਦੱਸਿਆ ਗਿਆ ਹੈ ਕਿ ਖਰਲ ਅਸਮਾਨ ਦਾ ਬਣਿਆ ਹੁੰਦਾ ਹੈ। ਇਥੇ ਇਹ ਵੀ ਲਿਖਿਆ ਮਿਲਦਾ ਹੈ ਕਿ "ਪਵਿਤਰਤਮ ਆਤਮਾ ਨੇ ਸਭ ਤੋਂ ਸਖਤ ਪੱਥਰਾਂ ਨੂੰ ਧਾਰਨ ਕੀਤਾ ਹੋਇਆ ਹੈ।" ਟੀਕਕਾਰਾਂ ਅਨੁਸਾਰ ਇਥੇ ਅਸਮਾਨ ਵੱਲ ਸੰਕੇਤ ਹੈ। ਅਵੇਸਤਾ ਵਿਚ ਇਹ ਵੀ ਜ਼ਿਕਰ ਹੈ ਕਿ ਅਕਾਸ਼ ਧਾਤਾਂ ਦਾ ਬਣਿਆ ਹੋਇਆ ਹੈ ਅਤੇ ਇਸ ਨੇ ਸੰਸਾਰ ਨੂੰ ਖੋਲ ਦੀ ਤਰ੍ਹਾਂ ਵਲਿਆ ਹੋਇਅ ਹੈ। ਧਿਆਨਯੋਗ ਹੈ ਕਿ ਪਹਿਲਵੀ ਲਿਖਤਾਂ ਅਨੁਸਾਰ ਪੱਥਰ ਵੀ ਚੱਟਾਨੀ ਰਵਿਆਂ ਦੇ ਬਣੇ ਹੁੰਦੇ ਹਨ ਅਤੇ ਚੱਟਾਨੀ ਰਵਿਆਂ ਨੂੰ ਧਾਤ ਹੀ ਸਮਝਿਆ ਜਾਂਦਾ ਸੀ ਕਿਉਂਕਿ ਉਹ ਧਾਤ ਵਾਂਗ ਚਮਕੀਲੇ ਹੁੰਦੇ ਹਨ। ਗੌਰਤਲਬ ਹੈ ਕਿ ਪਹਿਲਵੀ ਵਿਚ ਅਕਾਸ਼ ਦੀ ਹੀਰੇ ਵਜੋਂ ਵੀ ਪਛਾਣ ਕੀਤੀ ਗਈ ਹੈ। ਮੁੱਕਦੀ ਗੱਲ ਇਹ ਕਿ ਉਸ ਜ਼ਮਾਨੇ ਵਿਚ ਪੱਥਰ ਅਤੇ ਧਾਤ ਵਿਚ ਫਰਕ ਨਹੀਂ ਸੀ ਪਾਇਆ ਜਾਂਦਾ।

ਸ੍ਰੋਤਾਂ ਅਨੁਸਾਰ ਇਸ ਸ਼ਬਦ ਵਿਚ "ਅਸ਼" ਧਾਤੂ ਕੰਮ ਕਰ ਰਿਹਾ ਹੈ ਜਿਸ ਵਿਚ ਪੱਥਰ ਦੇ ਭਾਵ ਹਨ। ਸੋ, ਇਸ ਸ਼ਬਦ ਦੀ ਨਿਰੁਕਤਕ ਵਿਆਖਿਆ ਤੋਂ ਵੀ ਅਸਮਾਨ ਨੂੰ ਪਥਰੀਲੇ ਹੋਣ ਵਜੋਂ ਕਲਪਣ ਦੇ ਪ੍ਰਮਾਣ ਮਿਲਦੇ ਹਨ। ਭਾਸ਼ਾ-ਵਿਗਿਆਨੀਆਂ ਨੇ ਇਸ ਦੀ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਕ ਵਿਚਾਰ ਅਨੁਸਾਰ ਅਸਮਾਨ ਦਾ ਅਰਥ ਹੈ ਗਰਦਸ਼ ਕਰਨ ਵਾਲਾ, ਘੁੰਮਣ ਵਾਲਾ। ਅਜਿਹੇ ਵਿਚਾਰ ਦੀ ਪ੍ਰੋੜਤਾ ਇਸ ਤੱਥ ਤੋਂ ਵੀ ਮਿਲ ਜਾਂਦੀ ਹੈ ਕਿ ਫਾਰਸੀ ਚਰਖ ਦਾ ਇਕ ਅਰਥ ਪਹੀਆ, ਚੱਕਾ ਹੈ ਤੇ ਦੂਜਾ ਅਸਮਾਨ। ਸੋ, ਅਸਮਾਨ ਉਹ ਹੈ ਜੋ ਚੱਕੀ ਦੀ ਤਰ੍ਹਾਂ ਘੁੰਮਦਾ ਹੈ। ਇਸੇ ਤਰ੍ਹਾਂ ਫਾਰਸੀ ਗਰਦੂੰ ਦਾ ਇਕ ਅਰਥ ਚਰਖੀ ਹੈ ਤੇ ਦੂਜਾ ਅਸਮਾਨ। ਪਰੰਤੂ ਅਸਮਾਨ ਸ਼ਬਦ ਦਾ ਅਰਥ ਚੱਕੀ ਜਾਂ ਚੱਕੀ ਦਾ ਪੁੜ ਇਸ ਲਈ ਹੈ ਕਿਉਂਕਿ ਇਹ ਪੱਥਰ ਦਾ ਬਣਿਆ ਹੁੰਦਾ ਹੈ। ਫਾਰਸੀ ਆਸੀਆ ਦਾ ਅਰਥ ਚੱਕੀ ਹੁੰਦਾ ਹੈ ਤੇ ਅਸਿਆਨਾ ਦਾ ਅਰਥ ਸਾਣ।

ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਪ੍ਰਾਚੀਨ ਹਿੰਦ-ਯੂਰਪੀ ਲੋਕ ਅਸਮਾਨ ਨੂੰ ਪੱਥਰ ਦੇ ਗੁੰਬਦ ਵਜੋਂ ਕਲਪਦੇ ਸਨ। ਇਕ ਹੋਰ ਵਿਚਾਰ ਅਨੁਸਾਰ ਅਕਾਸ਼ ਨੂੰ ਦੂਰ ਉਪਰ ਤੱਕ ਉਭਰੇ ਹੋਏ ਪਹਾੜਾਂ ਦੀਆਂ ਚੋਟੀਆ ਦਾ ਵਿਸਤਾਰ ਹੀ ਸਮਝਿਆ ਜਾਂਦਾ ਰਿਹਾ ਹੋਵੇਗਾ ਅਤੇ ਪਹਾੜ ਪੱਥਰਾਂ ਦੇ ਹੀ ਬਣੇ ਹੁੰਦੇ ਹਨ। ਇਕ ਵਿਦਵਾਨ ਅਨੁਸਾਰ ਅਕਾਸ਼ ਅਤੇ ਪੱਥਰ ਦਾ ਸਬੰਧ ਪੱਥਰ ਦੇ ਚਮਕਾਏ ਹੋਏ ਕੁਹਾੜੇ ਤੋਂ ਸਮਝਿਆ ਜਾ ਸਕਦਾ ਹੈ। ਇਕ ਸਮੇਂ ਲੋਕ ਵਿਸ਼ਵਾਸ ਪ੍ਰਚਲਿਤ ਸੀ ਕਿ ਇਹ "ਗਰਜ ਦੇ ਪੱਥਰ" ਅਸਮਾਨ ਤੋਂ ਡਿਗਦੇ ਹਨ। ਸੰਸਕ੍ਰਿਤ ਵਿਚ ਇੰਦਰ ਦੇਵਤੇ ਦਾ ਵਜਰ (ਗਦਾ) ਜਾਂ ਗਰਜ ਦਾ ਪੱਥਰ thunder bolt ਹੈ। ਉਜ਼ਬੇਕਿਸਤਨ ਦੇ ਮਸ਼ਹੂਰ ਇਤਿਹਾਸਕ ਸ਼ਹਿਰ ਸਮਰਕੰਦ ਦਾ ਸ਼ਾਬਦਿਕ ਅਰਥ ਹੈ "ਪੱਥਰ ਦਾ ਕਿਲਾ" ਕਿਉਂਕਿ ਇਹ ਸ਼ਹਿਰ ਪਹਾੜਾਂ ਨਾਲ ਘਿਰਿਆ ਹੋਇਆ ਹੈ। ਸਮਰਕੰਦ ਸ਼ਬਦ ਵਿਚ ਸਮਰ ਅਸਲ ਵਿਚ ਅਸਮਰ ਦਾ ਸੁੰਗੜਿਆ ਰੂਪ ਹੈ ਤੇ ਅੱਗੋਂ ਅਸਮਰ 'ਅਸ' ਧਾਤੂ ਤੋਂ ਬਣਿਆ ਹੈ।

ਹੁਣ ਤੱਕ ਇਹ ਗੱਲ ਸਪਸ਼ਟ ਹੋ ਜਾਣੀ ਚਾਹੀਦੀ ਹੈ ਕਿ ਅਸਮਾਨ ਸ਼ਬਦ ਦੀ ਸੰਸਕ੍ਰਿਤ ਨਾਲ ਸਾਂਝ ਹੈ। ਸੱਚੀ ਗੱਲ ਤਾਂ ਇਹ ਹੈ ਕਿ ਸੰਸਕ੍ਰਿਤ ਵਿਚ ਇਕ ਸ਼ਬਦ ਮਿਲਦਾ ਹੈ 'ਅਸ਼ਮਨ' ਜਿਸ ਦੇ ਲਗਭਗ ਸਾਰੇ ਅਰਥ ਅਸਮਾਨ ਦੇ ਨੇੜੇ-ਤੇੜੇ ਦੇ ਹਨ। ਇਸ ਸ਼ਬਦ ਦੇ ਮੁਖ ਅਰਥ ਹਨ- ਪੱਥਰ, ਚੱਟਾਨ; ਇਕ ਕੀਮਤੀ ਪੱਥਰ; ਪੱਥਰ ਦਾ ਬਣਿਆ ਸੰਦ ਜਿਵੇਂ ਹਥੌੜਾ; ਬਦਲ ਦੀ ਗਰਜ ਜਾਂ ਬਜਰ (ਵਜਰ); ਬੱਦਲ; ਅਕਾਸ਼। ਧਿਆਨਯੋਗ ਹੈ ਕਿ ਪੁਰਾਣੇ ਜ਼ਮਾਨੇ ਵਿਚ, ਖਾਸ ਤੌਰ 'ਤੇ ਪੱਥਰ ਯੁੱਗ ਵਿਚ ਹਥਿਆਰ ਜਾਂ ਸੰਦ ਪੱਥਰ ਦੇ ਹੀ ਬਣਦੇ ਸਨ ਇਸ ਲਈ ਇਸ ਸ਼ਬਦ ਦਾ ਇਕ ਅਰਥ ਪੱਥਰ ਦੇ ਸੰਦ ਵੀ ਹਨ। ਇਸੇ ਨਾਲ ਜੁੜਦਾ ਇਕ ਸ਼ਬਦ ਹੈ 'ਅਸ਼ਨ' ਜਿਸ ਦੇ ਅਰਥ ਹਨ ਪੱਥਰ, ਚੱਟਾਨ; ਢੀਮ, ਗੁਲੇਲਾ; ਅਕਾਸ਼। ਅਸ਼ ਧਾਤੂ ਤੋਂ ਹੀ ਅਸ਼ਮ ਸ਼ਬਦ ਬਣਿਆ ਜਿਸ ਵਿਚ ਵੀ ਪੱਥਰ ਦੇ ਹੀ ਭਾਵ ਹਨ। ਪੰਜਾਬੀ ਵਿਚ ਮੈਨੂੰ ਅਸ਼ ਤੋਂ ਬਣੇ ਇਕੋ ਸ਼ਬਦ ਦੀ ਪਛਾਣ ਹੋਈ ਹੈ ਤੇ ਉਹ ਹੈ ਅਹਿਣ। ਇਹ ਸ਼ਬਦ ਆਮ ਤੌਰ ਤੇ "ਅਹਿਣ ਪੈਣੇ" ਉਕਤੀ ਵਿਚ ਵਰਤਿਆ ਜਾਂਦਾ ਹੈ ਤੇ ਇਸ ਦਾ ਅਰਥ ਹੈ- ਗਲੇ ਜਾਂ ਗੜੇ ਪੈਣੇ। ਇਹ ਸ਼ਬਦ ਬਹੁਤਾ ਲਹਿੰਦੀ ਵਿਚ ਵਰਤਿਆ ਜਾਂਦਾ ਹੈ। ਪਾਕਿਸਤਾਨ ਵਿਚ ਸ਼ੇਖ ਫਰੀਦ ਦੇ 210 ਹੋਰ ਸਲੋਕ ਮਿਲੇ ਹਨ ਜਿਨ੍ਹਾਂ ਦੀ ਪ੍ਰਮਾਣਿਕਤਾ ਸੰਦੇਹਜਨਕ ਹੈ। ਇਕ ਸਲੋਕ ਵਿਚ ਇਹ ਸ਼ਬਦ ਆਇਆ ਹੈ,

ਅਹਿਣ ਪਵੇ ਭਾਵੇ ਮੇਹੁ
ਸਿਰ ਹੀ ਉਪਰ ਝੱਲਣਾ।
ਤਿਕਨ ਕਾਸਾ ਕਾਠ ਦਾ ਵਾਸਾ ਵਿਚ ਵਣਾ।
ਫਰੀਦਾ ਬਾਰੀ ਅੰਦਰ ਜਾਲਣਾ ਦ
ਰਵੇਸਾ ਹਰਣਾ।

ਅਹਿਣ ਸ਼ਬਦ ਦਾ ਮੂਲ ਅਰਥ ਹੋਇਆ- ਪੱਥਰ ਦੀ ਗੋਲੀ, ਬਿੱਜ, ਅਸਮਾਨੀ ਗੋਲਾ। ਇਹ ਸੰਸਕ੍ਰਿਤ ਦੇ ਅਸ਼ਨ ਸ਼ਬਦ ਦਾ ਹੀ ਵਿਉਤਪਤ ਰੂਪ ਹੈ। ਦਿਲਚਸਪ ਗੱਲ ਹੈ ਕਿ ਗੜੇ ਦੇ ਅਰਥਾਂ ਵਾਲੇ ਓਲਾ (ਸੰਸਕ੍ਰਿਤ ਉਪਲ) ਸ਼ਬਦ ਦਾ ਮੂਲ ਅਰਥ ਵੀ ਪੱਥਰ ਹੀ ਹੈ। ਅਸਮਾਨ ਸ਼ਬਦ ਦੇ ਹੋਰ ਹਿੰਦ-ਯੂਰਪੀ ਭਾਸ਼ਾਵਾਂ ਵਿਚ ਸੁਜਾਤੀ ਸ਼ਬਦ ਮਿਲਦੇ ਹਨ। ਇਸ ਦਾ ਭਾਰੋਪੀ ਮੂਲ 'ਐਕ' ਜਿਹਾ ਮਿਥਿਆ ਗਿਆ ਹੈ ਤੇ ਇਸ ਦਾ ਅਰਥ ਹੈ ਤਿੱਖਾ। ਪੁਰਾਤਨ ਗਰੀਕ ਭਾਸ਼ਾ ਵਿਚ ਆਕਮੋਨ ਸ਼ਬਦ ਦਾ ਅਰਥ ਹੈ- ਉਲਕਾ, ਚੱਟਾਨ, ਅਹਿਰਨ। ਲਿਥੂਏਨੀਅਨ, 'ਅਕਮੂਓ', ਰੂਸੀ 'ਕਮਨ', ਸਰਬੋ-ਕ੍ਰੋਸ਼ੀਅਨ 'ਕਮਨ' ਅਤੇ ਅਲਬੇਨੀਅਨ 'ਕਮੇਸੇ' ਦਾ ਅਰਥ ਹੈ ਦਾਤੀ। ਇਨ੍ਹਾਂ ਸ਼ਬਦਾਂ ਦੇ ਅਰਥਾਂ ਵਿਚ ਤਿੱਖੇਪਣ ਦੇ ਭਾਵ ਹਨ। ਅੰਗਰੇਜ਼ੀ ਸ਼ਬਦ acme ਜਿਸ ਦਾ ਅਰਥ ਟੀਸੀ (ਤਿੱਖੇਪਣ ਦਾ ਭਾਵ) ਭਾਵ ਤੋਂ ਵਿਕਸਿਤ ਹੋਇਆ ਹੈ। ਅੰਗਰੇਜ਼ੀ ਸ਼ਬਦ acumen (ਬੁਧੀ ਦੀ ਤੀਖਣਤਾ), acrid (ਕੌੜਾ, ਚਟਪਟਾ, ਤਿੱਖਾ) ਆਦਿ ਵੀ ਸਕੇ ਸੋਹਦਰੇ ਹਨ।

ਐਕ ਧਾਤੂ ਤੋਂ ਇਕ ਹੋਰ ਧਾਤੂ ਬਣਿਆ 'ਐਕਮਨ' ਜਿਸ ਵਿਚ ਤਿੱਖੇਪਣ ਦਾ ਭਾਵ ਵਿਕਸਿਤ ਹੋ ਕੇ ਸੰਦ ਵਜੋਂ ਵਰਤਿਆ ਜਾਂਦਾ ਪੱਥਰ ਤੇ ਫਿਰ ਪੱਥਰ ਹੀ ਹੋ ਗਿਆ। ਅਸੀਂ ਸੰਸਕ੍ਰਿਤ ਵਿਚ ਅਸ਼ਮਨ ਦਾ ਇਕ ਅਰਥ ਹਥੌੜਾ ਦੇਖ ਚੁੱਕੇ ਹਾਂ। ਬਹੁਤ ਸਾਰੇ ਨਿਰੁਕਤਕਾਰਾਂ ਦਾ ਵਿਚਾਰ ਹੈ ਕਿ ਅੰਗਰੇਜ਼ੀ ਹੈਮਰ (hammer = ਹਥੌੜਾ) ਇਸੇ ਤੋਂ ਵਿਕਸਿਤ ਹੋਇਆ ਹੈ। ਬਹੁਤ ਸਾਰੇ ਯੂਰਪੀ ਦੇਸ਼ਾਂ ਵਿਚ ਹੈਮਰ ਸ਼ਬਦ ਦਾ ਇਕ ਹੋਰ ਰੂਪ hamarr ਕਈ ਪਹਾੜੀ ਸ਼ਹਿਰਾਂ ਦੇ ਨਾਮ ਵਿਚ ਆਉਂਦਾ ਹੈ ਜਿਵੇਂ ਨੌਰਵੇ ਦਾ ਸ਼ਹਿਰ Lillehammer. ਕਮਿਉਨਿਸਟਾਂ ਦਾ ਨਿਸ਼ਾਨ ਦਾਤੀ ਹਥੌੜਾ ਮਜ਼ਦੂਰਾਂ ਅਤੇ ਕਿਸਾਨਾਂ ਦੀ ਏਕਤਾ ਦਾ ਪ੍ਰਤੀਕ ਹੈ। ਇਸ ਚਰਚਾ ਵਿਚ ਅਸੀਂ ਦੋਵੇਂ ਮਿਲਾ ਦਿੱਤੇ ਹਨ ਪਰ ਕਮਿਉਨਿਸਟ ਹੁਣ ਅੱਗੇ ਵਾਂਗ ਤਿੱਖੇ ਦਿਖਾਈ ਨਹੀਂ ਦਿੰਦੇ!

# ਫਲਸਤੀਨੀਆਂ ਦਾ ਰੋਹ ਜਹਾਦ ਵਿਚ ਤਬਦੀਲ

*(ਪਿਛਲੇ ਸਫੇ ਦੀ ਬਾਕੀ)*

ਵੀ ਸਨ। ਮੱਸ-ਫੁਟ ਗੱਭਰੂਆਂ ਤੋਂ ਸਾਲ ਵਿਚ ਇਕ ਦੋ ਵਾਰ ਹਿੰਸਕ ਵਾਰਦਾਤ ਕਰਵਾ ਦਿੰਦੇ ਤਾਂ ਕਿ ਫੰਡ ਇਕੱਠਾ ਕਰ ਸਕਣ। ਇਸ ਜਥੇਬੰਦੀ ਦੇ ਲੀਡਰ ਆਪਣੇ ਪ੍ਰਾਈਵੇਟ ਬੈਂਕ ਖਾਤਿਆਂ ਵਿਚ ਦਾਨ ਰਾਸ਼ੀ ਜਮ੍ਹਾਂ ਕਰਵਾਉਂਦੇ ਸਨ, ਤੇ ਕੋਈ ਹਿਸਾਬ ਨਹੀਂ ਸੀ ਮੰਗ ਸਕਦਾ। ਹਮਾਸ ਅਤੇ ਪੀ.ਐਲ.ਓ. ਵਿਚ ਟੱਕਰ ਸ਼ੁਰੂ ਹੋ ਗਈ। ਹਮਾਸ ਦਾ ਲੀਡਰ ਬਿਆਨ ਦਿੰਦਾ- ਫਲਾਣੇ ਦਿਨ ਹੜਤਾਲ ਹੋਵੇਗੀ, ਜਿਸ ਨੇ ਦੁਕਾਨ ਖੋਲ੍ਹੀ, ਫੂਕ ਦਿਆਂਗੇ। ਪੀ.ਐਲ.ਓ. ਵਲੋਂ ਬਿਆਨ ਆਉਂਦਾ- ਇਸ ਦਿਨ ਜਿਸ ਨੇ ਦੁਕਾਨ ਬੰਦ ਕੀਤੀ, ਫੂਕ ਦਿਆਂਗੇ।

ਪਰਿਵਾਰ ਵਿਚ ਇਕੋ ਕਮਾਊ ਮੈਂਬਰ ਸੀ, ਤਨਖਾਹ ਬਿਨਾਂ ਗੁਜ਼ਾਰਾ ਕਿਵੇਂ ਚੱਲੇ? ਮੋਸਾਬ ਦੀ ਮਾਂ ਸਸਤੀ ਤੋਂ ਸਸਤੀ ਸਬਜ਼ੀ ਖਰੀਦਦੀ ਹੋਈ ਦੁਕਾਨਦਾਰ ਨੂੰ ਆਖਦੀ- ਪਸ਼ੂਆਂ ਵਾਸਤੇ ਲਿਜਾਣੀ ਹੈ। ਚਾਚਿਆਂ, ਗਵਾਂਢੀਆਂ ਨੇ ਕੋਈ ਸਹਾਇਤਾ ਨਹੀਂ ਕੀਤੀ, ਕਿਉਂਕਿ ਉਨ੍ਹਾਂ ਦੇ ਖਿਆਲ ਵਿਚ ਇਨ੍ਹਾਂ ਕੋਲ ਕਾਹਦਾ ਘਾਟਾ ਹੈ। ਅੱਬੂ ਦੇ ਇਕ ਦੋਸਤ ਤੋਂ ਮਾਂ ਨੇ ਉਧਾਰ ਪੈਸੇ ਮੰਗੇ, ਦੇਣੇ ਤਾਂ ਕਿੱਥੇ ਸਨ, ਲੋਕਾਂ ਨੂੰ ਦੱਸਣ ਲੱਗਾ- ਸ਼ੇਖ ਹਸਨ ਦੀ ਬੀਵੀ ਪੈਸੇ ਮੰਗਣ ਆਈ ਸੀ, ਉਹ ਖਾਵੰਦ ਦੀ ਗ੍ਰਿਫਤਾਰੀ ਤੋਂ ਫਾਇਦਾ ਉਠਾਉਣਾ ਚਾਹੁੰਦੀ ਹੈ। ਆਖਰ ਮਾਂ ਨੇ ਮੋਸਾਬ ਨੂੰ ਕਿਹਾ- ਸਕੂਲੋਂ ਆ ਕੇ ਅਤੇ ਛੁੱਟੀ ਵਾਲੇ ਦਿਨ ਤੂੰ ਇਥੇ ਨੇੜੇ ਫੈਕਟਰੀ ਦੇ ਦਰਵਾਜੇ 'ਤੇ ਪਕੌੜੇ ਵੇਚ ਆਇਆ ਕਰ। ਮੈਂ ਘਰ ਬਣਾ ਕੇ ਦੇ ਦਿਆ ਕਰਾਂਗੀ। ਪਹਿਲਾਂ ਪਹਿਲਾਂ ਤਾਂ ਮੋਸਾਬ ਨੂੰ ਕੁਝ ਸੰਗ ਲੱਗੀ, ਫਿਰ ਸਭ ਠੀਕ ਹੋ ਗਿਆ। ਇਕ ਦਿਨ ਚਾਚਾ ਇਬਰਾਹੀਮ ਉਧਰੋਂ ਆਪਣੇ ਦੋਸਤਾਂ ਨਾਲ ਲੰਘਿਆ, ਜਦੋਂ ਮੋਸਾਬ ਕਾਰਾਂ 'ਚ ਬੈਠੇ ਲੋਕਾਂ ਨੂੰ ਪਕੌੜੇ ਵੇਚ ਰਿਹਾ ਸੀ। ਚਾਚਾ ਲੋਹਾ ਲਾਖਾ ਹੋ ਗਿਆ, ਕਿਹਾ- ਲਿਆ ਸਾਰੇ ਪਕੌੜੇ ਮੈਨੂੰ ਦੇਹ। ਬਣਦੇ ਪੈਸੇ ਤਾਂ ਦੇ ਦਿੱਤੇ, ਪਰ ਉਸ ਦੀ ਮਾਂ ਨੂੰ ਫਟਕਾਰਾਂ ਪਾਉਣ ਲੱਗਾ ਕਿ ਤੂੰ ਖਾਨਦਾਨ ਦੀ ਇੱਜ਼ਤ ਰੋਲ ਰਹੀ ਐਂ। ਮਾਂ ਦੇਰ ਤੱਕ ਰੋਂਦੀ ਰਹੀ। ਮਦਦ ਕਰਨੀ ਤਾਂ ਦਰਕਿਨਾਰ, ਰੋਟੀ ਖਾਂਦੇ ਬਰਦਾਸ਼ਤ ਨਹੀਂ ਸਨ ਹੋ ਰਹੇ।

ਡੇਢ ਸਾਲ ਬਾਅਦ ਸ਼ੇਖ ਹਸਨ ਦੀ ਰਿਹਾਈ ਹੋਈ। ਅਖਬਾਰਾਂ ਨੇ ਵੱਡੀਆਂ ਸੁਰਖੀਆਂ ਲਾਈਆਂ। ਜਿਵੇਂ ਫਲਸਤੀਨ ਦਾ ਬਾਦਸ਼ਾਹ ਹੋਵੇ, ਵਧਾਈਆਂ ਦਾ ਹੜ੍ਹ ਆ ਗਿਆ। ਲੋਕ, ਮੋਸਾਬ ਅਤੇ ਭੈਣਾਂ ਭਾਈਆਂ ਦਾ ਇਉਂ ਆਦਰ ਕਰਦੇ ਜਿਵੇਂ ਸ਼ਾਹਜ਼ਾਦੇ ਸ਼ਾਹਜ਼ਾਦੀਆਂ ਹੋਣ। ਦੋਵੇਂ ਨੌਕਰੀਆਂ ਬਹਾਲ ਹੋ ਗਈਆਂ। ਘਰ ਵਿਚ ਖੁਸ਼ੀਆਂ ਖੇੜੇ ਪਰਤ ਆਏ।

ਦੋ ਸਾਲ ਬਾਅਦ ਫਿਰ ਪੁਲਿਸ ਆਈ, ਤੇ ਸ਼ੇਖ ਹਸਨ ਨੂੰ ਲੈ ਗਈ। ਛੇ ਮਹੀਨਿਆਂ ਬਾਅਦ ਰਿਹਾ ਹੋ ਗਿਆ। ਗ੍ਰਿਫਤਾਰੀ ਦੌਰਾਨ ਜਿਹੜੇ ਲੋਕ ਪਰੇ ਮੂੰਹ ਕਰ ਕੇ ਲੰਘ ਜਾਂਦੇ, ਉਹੋ ਬਾਅਦ ਵਿਚ ਵਧਾਈਆਂ ਦੇਣ ਆ ਜਾਂਦੇ। ਮੋਸਾਬ ਨੂੰ ਬਾਅਦ ਵਿਚ ਪਤਾ ਲੱਗਾ ਕਿ ਇਜ਼ਰਾਈਲੀਆਂ ਤੋਂ ਡਰਦੇ ਅਜਿਹਾ ਵਰਤਾਰਾ ਕਰਦੇ ਸਨ ਤਾਂ ਕਿ ਸਰਕਾਰ ਅਤਿਵਾਦੀਆਂ ਦੇ ਪਰਿਵਾਰ ਦੀ ਮਦਦ ਕਰਨ ਵਾਲਿਆਂ ਨੂੰ ਨਾ ਕਿਤੇ ਧਰ ਦਬੋਚੇ, ਪਰ ਇਹ ਤਾਂ ਅਤਿਵਾਦੀ ਨਹੀਂ ਸਨ। ਹਮਾਸ ਦੇ ਵਰਕਰਾਂ ਕੋਲ ਹਥਿਆਰ ਹੀ ਨਹੀਂ ਸਨ।

ਅਗਸਤ 1990 ਵਿਚ ਫਿਰ ਤੀਜੀ ਵਾਰ ਸ਼ੇਖ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਹ ਉਦੋਂ ਜੇਲ੍ਹ ਵਿਚ ਬੰਦੀ ਸੀ ਜਦੋਂ ਸੱਦਾਮ ਹੁਸੈਨ ਨੇ ਕੁਵੈਤ 'ਤੇ ਕਬਜ਼ਾ ਕਰ ਲਿਆ। ਸਾਰੇ ਫਲਸਤੀਨੀ ਖੁਸ਼ ਹੋ ਗਏ- ਹੁਣ ਸੱਦਾਮ ਇਜ਼ਰਾਈਲ ਦਾ ਸਿਰ ਭੰਨੇਗਾ, ਸਾਡਾ ਭਰਾ ਹੈ ਨਾ ਆਖਰ। ਫਲਸਤੀਨ ਆਜ਼ਾਦ ਹੋ ਜਾਵੇਗਾ। ਬੱਚੇ ਘਰਾਂ ਦੀਆਂ ਛੱਤਾਂ 'ਤੇ ਚੜ੍ਹ ਕੇ ਸੱਦਾਮ ਦੀਆਂ ਤਲਅਵੀਵ ਸ਼ਹਿਰ ਉਪਰ ਡਿਗਦੀਆਂ ਮਿਜ਼ਾਈਲਾਂ ਦੇਖਣ ਲਈ ਖਲੋਤੇ ਰਹਿੰਦੇ, ਪਰ ਕੋਈ ਮਿਜ਼ਾਈਲ ਨਹੀਂ ਡਿੱਗੀ। ਮੋਸਾਬ ਨੇ ਟੀ.ਵੀ. ਦੇਖਦਿਆਂ ਖਬਰ ਸੁਣੀ ਕਿ ਯੂ.ਐਨ.ਓ. ਨੇ ਸੱਦਾਮ ਨੂੰ ਕੁਵੈਤ ਵਿਚੋਂ ਬਾਹਰ ਖਦੇੜ ਦਿੱਤਾ ਹੈ। ਇਹ ਕੀ ਹੋ ਗਿਆ? ਅੱਬੂ ਅਜੇ ਜੇਲ੍ਹ ਵਿਚ ਹੈ, ਇਰਾਕ ਨੇ ਜੰਗ ਬੰਦ ਕਿਉਂ ਕਰ ਦਿੱਤੀ? ਇਜ਼ਰਾਈਲੀਆਂ ਨੂੰ ਖਦੇੜਨਾ ਤਾਂ ਬਹੁਤ ਜ਼ਰੂਰੀ ਸੀ।

1992 ਵਿਚ ਸ਼ੇਖ ਰਿਹਾ ਹੋਇਆ। ਮੋਸਾਬ ਦੀ ਮਾਂ ਨੇ ਖਾਵੰਦ ਨੂੰ ਕਿਹਾ- ਤੁਹਾਡੀ ਗੈਰ-ਹਾਜ਼ਰੀ ਵਿਚ ਮਾਲਕ ਮਕਾਨ ਬਦਤਮੀਜ਼ ਹੋ ਜਾਂਦੈ। ਮੇਰੇ ਗਹਿਣੇ ਵੇਚ ਕੇ ਗੁਜ਼ਾਰੇ ਜੋਗਾ ਮਕਾਨ ਲੈ ਲਈਏ। ਸ਼ੇਖ ਕਰਜ਼ਾ ਲੈ ਕੇ ਮਕਾਨ ਲੈ ਲੈਂਦਾ ਤਾਂ ਕਿਸ਼ਤਾਂ ਟੁੱਟ ਜਾਂਦੀਆਂ, ਕਿਉਂਕਿ ਕੀ ਪਤਾ, ਫਿਰ ਕਦੋਂ ਗ੍ਰਿਫਤਾਰੀ ਹੋ ਜਾਏ। ਗੁਜ਼ਾਰੇ ਜੋਗਾ ਫਲੈਟ ਲੈ ਲਿਆ। ਮੋਸਾਬ 14 ਸਾਲ ਦਾ ਹੋ ਗਿਆ।

ਨਵੇਂ ਘਰ ਆਇਆਂ ਥੋੜ੍ਹਾ ਸਮਾਂ ਬੀਤਿਆ, ਸ਼ੇਖ ਨੂੰ ਫਿਰ ਗ੍ਰਿਫਤਾਰ ਕਰ ਲਿਆ। ਹਮਾਸ ਹਥਿਆਰਬੰਦ ਹੋਣ ਲੱਗ ਪਈ, ਵਾਰਦਾਤਾਂ ਵਧਣ ਲੱਗੀਆਂ। ਸ਼ੱਕ ਦੇ ਆਧਾਰ 'ਤੇ ਕਿਸੇ ਨੂੰ ਵੀ ਗ੍ਰਿਫਤਾਰ ਕੀਤਾ ਜਾ ਸਕਦਾ ਸੀ, ਸਬੂਤਾਂ ਦੀ ਲੋੜ ਨਹੀਂ ਸੀ। ਫਲਸਤੀਨੀ ਪਥਰਾਉ ਕਰਦੇ, ਇਜ਼ਰਾਈਲੀ ਗੋਲੀਆਂ ਨਾਲ ਉਨ੍ਹਾਂ ਨੂੰ ਭੁੰਨ ਦਿੰਦੇ। ਇਸ ਹਾਲਤ ਵਿਚ ਚੁਫੇਰਿਓਂ ਜਹਾਦ ਦੀਆਂ ਆਵਾਜ਼ਾਂ ਆਉਂਦੀਆਂ। ਹਮਾਸ ਉਤੇ ਕਿਸੇ ਦਾ ਕੰਟਰੋਲ ਨਹੀਂ ਸੀ। ਸਥਾਨਕ ਆਗੂ ਫੈਸਲੇ ਕਰਦੇ, ਹਮਲੇ ਕਰਦੇ।

*(ਚਲਦਾ)*

## ਮਿੰਨੀ ਕਹਾਣੀ

### ਕੁੱਤਾ ਅਤੇ ਮਨੁੱਖ

'ਬਾਈ ਮੇਰੀ ਤਾਂ ਇਉਂ ਸਲਾਹ ਸੀ ਬਈ ਤੁਸੀਂ ਉਪਰਲਾ ਪੋਰਸ਼ਨ ਸੰਭਾਲ ਲਵੋ...ਤੇ ਮੈਂ ਥੱਲੜਾ।'

'ਉਹ ਤਾਂ ਤੇਰੀ ਗੱਲ ਠੀਕ ਏ ਛੋਟਿਆ...ਪਰ ਮੈਂ ਸੋਚਦਾ ਸੀ ਬਈ ਬਾਪੂ ਦਾ ਕੀ ਕੀਤਾ ਜਾਵੇ, ਲੈ ਦੇ ਕੇ ਇਕੋ ਬਾਹਰਲੀ ਬੈਠਕ ਹੀ ਬਚਦੀ ਹੈ...ਉਹਦੇ 'ਚ ਚਾਹੇ ਤਾਂ ਗੈਸਟ ਰੂਮ ਬਣਾ ਲਈਏ ਜਾਂ ਫਿਰ ਬਾਪੂ ਦਾ ਮੰਜਾ ਡਹਿ'ਜੇ।' ਕਹਿੰਦਿਆਂ ਸੁਖਚੈਨ ਸਿੰਘ ਦੇ ਮੱਥੇ 'ਤੇ ਕਈ ਲਕੀਰਾਂ ਉਭਰ ਆਈਆਂ ਤੇ ਦੋਵੇਂ ਭਰਾ ਗਹਿਰੀਆਂ ਸੋਚਾਂ ਦੇ ਕਿਸੇ ਸਮੁੰਦਰ ਵਿਚ ਜਾ ਡੁੱਬੇ।

ਇੰਨੇ ਨੂੰ ਪੌੜੀਆਂ ਥੱਲੇ ਬੰਨ੍ਹਿਆ ਕਾਲਾ ਕੁੱਤਾ ਭੌਂਕ ਪਿਆ ਤੇ ਦੋਵਾਂ ਦੇ ਚਿਹਰੇ 'ਤੇ ਵਾਛਾਂ ਖਿੜ ਗਈਆਂ।

ਬੱਸ ਫਿਰ ਕੀ ਸੀ ਅਗਲੇ ਹੀ ਪਲ ਬਾਪੂ ਦਾ ਮੰਜਾ ਕੁੱਤੇ ਵਾਲੇ ਥਾਂ ਸੀ ਤੇ ਉਮਰ ਭਰ ਸੇਵਾ ਕਰਕੇ ਬੁੱਢਾ ਹੋ ਚੁੱਕਾ ਕੁੱਤਾ...ਘਰ ਤੋਂ ਬਾਹਰ।

-ਪ੍ਰਦੀਪ ਕੌਰ

## ਕਹਾਣੀ

# ਸਤੀਆ ਸੇਈ

***ਉਘੀ ਲੇਖਕਾ ਦਲੀਪ ਕੌਰ ਟਿਵਾਣਾ ਦੀ ਕਹਾਣੀ 'ਸਤੀਆ ਸੇਈ' ਉਡਦੀ ਨਜ਼ਰੇ ਤਾਂ ਇਕਹਿਰੀ ਜਿਹੀ ਪਰਤ ਦੀ ਜਾਪਦੀ ਹੈ ਪਰ ਰਤਾ ਕੁ ਗਹਿਰਾਈ ਵਿਚ ਉਤਰਿਆਂ ਪਤਾ ਲੱਗਦਾ ਹੈ ਕਿ ਕਹਾਣੀ ਦੀਆਂ ਕਿੰਨੀਆਂ ਪਰਤਾਂ ਹੌਲੀ ਹੌਲੀ ਖੁੱਲ੍ਹਣ ਲਗਦੀਆਂ ਹਨ। ਇਕੋ ਸਮੇਂ ਬਹੁਤ ਸਾਰੇ ਮੁੱਦਿਆਂ ਬਾਰੇ ਬੜਾ ਤਿੱਖਾ ਵਿਅੰਗ ਅਤੇ ਚੋਭ ਮਾਰਦੀਆਂ ਟਕੋਰਾਂ ਹਨ। ਕਈ ਦਹਾਕੇ ਪਹਿਲਾਂ ਸਿਰਜੀ ਇਸ ਕਹਾਣੀ ਵਾਲੇ ਹਾਲਾਤ ਅਜੇ ਵੀ ਜਿਉਂ ਦੇ ਤਿਉਂ ਹਨ, ਬਹੁਤ ਕੁਝ ਹੈ ਜਿਹੜਾ ਰੱਤੀ ਭਰ ਵੀ ਬਦਲਿਆ ਨਹੀਂ ਹੈ ਜਿਸ ਨੂੰ ਬਦਲਣ ਲਈ ਦੇਸ਼ ਭਗਤਾਂ ਨੇ ਜਿੰਦੜੀਆਂ ਵਾਰ ਦਿੱਤੀਆਂ ਸਨ। -ਸੰਪਾਦਕ***



**ਦਲੀਪ ਕੌਰ ਟਿਵਾਣਾ**

ਜਦੋਂ ਵੀਰ ਭਗਤ ਸਿੰਘ, ਦੱਤ ਨੂੰ
ਦਿੱਤਾ ਫਾਂਸੀ ਦਾ ਹੁਕਮ ਸੁਣਾ।
ਉਹਦੀ ਹੋਵਣ ਵਾਲੀ ਨਾਰ ਨੂੰ
ਕਿਸੇ ਪਿੰਡ ਵਿਚ ਦੱਸਿਆ ਜਾ...।

ਗੱਡੀ ਵਿਚ ਅੰਨ੍ਹਾ ਮੰਗਤਾ ਗਾ ਰਿਹਾ ਸੀ...ਫਿਰ...ਮੈਂ ਮੰਗਤੇ ਦੇ ਮੂੰਹ ਵੱਲ ਤੱਕਿਆ ਪਰ ਸਟੇਸ਼ਨ ਆ ਜਾਣ ਕਰ ਕੇ ਉਹ ਉਸ ਡੱਬੇ ਵਿਚੋਂ ਉਤਰ ਕੇ ਦੂਜੇ ਵਿਚ ਜਾ ਚੜ੍ਹਿਆ। ਮੈਨੂੰ ਮੁੜ ਮੁੜ ਖਿਆਲ ਆਉਣ ਲੱਗਾ ਕਿ ਜਦੋਂ ਕਿਸੇ ਨੇ ਪਿੰਡ ਵਿਚ ਜਾ ਕੇ ਦੱਸਿਆ ਹੋਣਾ ਏਂ, ਕੀ ਗੁਜ਼ਰੀ ਹੋਊ ਭਗਤ ਸਿੰਘ ਦੀ ਮੰਗੇਤਰ ਦੇ ਦਿਲ 'ਤੇ...? ਮੈਂ ਡੱਬੇ ਦੀ ਬਾਰੀ ਵਿਚੋਂ ਬਾਹਰ ਤੱਕਣ ਲੱਗੀ। ਇਉਂ ਲਗਦਾ ਸੀ ਜਿਵੇਂ ਸਾਹਮਣੇ ਖੇਤ, ਖੇਤਾਂ ਵਿਚ ਉਗੀਆਂ ਫਸਲਾਂ ਤੇ ਦਰਖਤਾਂ ਦੀਆਂ ਕਤਾਰਾਂ ਨੱਠੀਆਂ ਜਾ ਰਹੀਆਂ ਹੋਣ। ਉਨੀ ਹੀ ਤੇਜ਼ੀ ਨਾਲ ਖਿਆਲ ਮੇਰੇ ਦਿਮਾਗ ਵਿਚ ਨੱਠਣ ਲੱਗੇ। ਮੇਰੀ ਕਲਪਨਾ ਦੂਰ ਦਿਸਹੱਦੇ ਤੋਂ ਵੀ ਦੂਰ ਪਿੰਡ ਦੇ ਕਿਸੇ ਕੱਚੇ ਕੋਠੇ ਵਿਚ ਬੈਠੀ ਚਰਖਾ ਕੱਤਦੀ ਸੁਨੱਖੀ ਇਸਤਰੀ ਨੂੰ ਲੱਭਣ ਲੱਗੀ। ਚੁੱਪ ਚਾਪ ਮੈਂ ਉਹਦੇ ਮੂੰਹ ਵੱਲ ਤੱਕਣ ਲੱਗੀ।

"ਕੀ ਆਹਨੀ ਏਂ...?" ਉਹ ਬੋਲੀ।

"ਤੂੰ ਕਿਵੇਂ ਉਮਰ ਗੁਜ਼ਾਰੀ?" ਮੈਂ ਪੁੱਛਿਆ।

"ਮੈਨੂੰ ਉਹਦੀ ਇੱਜ਼ਤ ਦਾ ਪਾਸ ਸੀ। ਲੋਕਾਂ ਕਹਿਣਾ ਸੀ, ਇਹ ਭਗਤ ਸਿੰਘ ਦੀ ਮੰਗੇਤਰ ਏ। ਮੈਂ ਕਿਵੇਂ ਸਾਹਸ ਛੱਡਦੀ? ਮਿਹਨਤ ਮਜ਼ਦੂਰੀ ਕੀਤੀ, ਲੋਕਾਂ ਦੀਆਂ ਕਪਾਹਾਂ ਚੁਗੀਆਂ, ਕੱਤਣਾ ਕੱਤਿਆ, ਪੀਹਣੇ ਪੀਠੇ, ਕੋਠੇ ਲਿੱਪੇ, ਘਾਹ ਖੋਤੇ...ਤੇ ਡੰਗ ਟਪਾਇਆ।"

"ਕਿਉਂ, ਤੇਰੇ ਮਾਪਿਆਂ ਨੂੰ ਤੇਰਾ ਖਿਆਲ ਨਹੀਂ ਸੀ?" ਮੈਂ ਪੁੱਛਿਆ।

"ਕਿਹੜਾ ਸਾਲ ਛੀ ਮਹੀਨੇ ਦੀ ਗੱਲ ਸੀ ਕਿ ਮੈਂ ਉਨ੍ਹਾਂ 'ਤੇ ਬੋਝ ਬਣੀ ਰਹਿੰਦੀ? ਇਹ ਤਾਂ ਉਮਰਾਂ ਦੇ ਮਾਮਲੇ ਸਨ। ਨਾਲੇ ਉਨ੍ਹਾਂ ਉਹਨੂੰ ਹੀ ਕੋਸਣਾ ਸੀ ਜਿਹੜਾ ਆਪਣੇ ਫਰਜ਼ਾਂ ਨੂੰ ਵਿਚੇ ਹੀ ਛੱਡ ਗਿਆ ਸੀ।"

"ਤੂੰ ਸਰਕਾਰ ਕੋਲੋਂ ਮਦਦ ਮੰਗ ਲੈਣੀ ਸੀ।" ਮੈਂ ਉਦਾਸ ਹੋ ਕੇ ਆਖਿਆ।

"ਮੈਂ ਉਹਦੀ ਮੰਗੇਤਰ ਹੋ ਕੇ ਕਿਸੇ ਅੱਗੇ ਹੱਥ ਅੱਡਦੀ, ਇਹ ਮੈਥੋਂ ਹੋ ਨਹੀਂ ਸਕਿਆ।"

ਉਹਦਾ ਸਿਦਕ, ਉਹਦਾ ਸਾਹਸ, ਉਹਦਾ ਸਿਰੜ ਦੇਖ, ਮੇਰਾ ਦਿਲ ਕਰੇ; ਇਸ ਮਹਾਨ ਔਰਤ ਦੇ ਪੈਰ ਛੂਹ ਲਵਾਂ। ਉਮਰਾਂ ਦੇ ਛਿੱਲੜ ਲਾਹ ਉਹ ਭਰ ਜਵਾਨ ਕੁੜੀ ਬਣ, ਮੇਰੀ ਯਾਦ ਵਿਚ ਉਘੜ ਖਲੋਤੀ।

"ਸੁਣਿਆ ਏ ਉਹਦੇ ਪਿੰਡ ਉਹਦੀ ਯਾਦ ਮਨਾ ਰਹੇ ਨੇ। ਤੂੰ ਜਾਏਂਗੀ?" ਮੈਂ ਪੁੱਛਿਆ।

"ਮੈਂ...ਮੈਂ ਉਹਦੇ ਪਿੰਡ ਭਲਾ ਕਿਵੇਂ ਜਾ ਸਕਦੀ ਹਾਂ? ਉਹਨੇ ਵੱਜਦੇ ਵਾਜਿਆਂ ਨਾਲ ਸਿਹਰੇ ਬੰਨ੍ਹ ਕੇ ਮੈਨੂੰ ਲੈਣ ਆਉਣਾ ਸੀ, ਉਹ ਆਇਆ ਨਹੀਂ। ਫਿਰ ਮੈਂ ਕਿਵੇਂ ਜਾ ਸਕਦੀ ਹਾਂ?"

"ਇਹ ਤੇ ਬੜੀ ਪੁਰਾਣੀ ਗੱਲ ਹੋ ਗਈ ਏ।" ਮੈਂ ਆਖਿਆ।

"ਤੈਨੂੰ ਪੁਰਾਣੀ ਲੱਗਦੀ ਹੋਊ। ਮੈਨੂੰ ਤਾਂ ਇਉਂ ਲੱਗਦੀ ਏ, ਜਿਵੇਂ ਹਾਲੇ ਕੱਲ੍ਹ ਦੀ ਗੱਲ ਹੋਵੇ। ਜਦੋਂ ਇਕ ਦਿਨ ਦੀਵੇ ਬਲਦਿਆਂ ਨਾਲ ਉਹ ਸਾਡੇ ਪਿੰਡ ਆਇਆ ਸੀ, ਬਾਹਰ ਖੂਹ 'ਤੇ ਖਲੋ ਇਕ ਨਿਆਣੇ ਹੱਥ ਮੈਨੂੰ ਸੁਨੇਹਾ ਭੇਜ ਦਿੱਤਾ। ਮੈਂ ਝਿਜਕਦੀ ਝਿਜਕਦੀ ਸਭ ਤੋਂ ਚੋਰੀ ਉਥੇ ਆ ਗਈ। ਬੋਲਿਆ- 'ਤੂੰ ਫਿਕਰ ਨਾ ਕਰੀਂ, ਅਜੇ ਮੈਨੂੰ ਜ਼ਰੂਰੀ ਕੰਮ ਨੇ। ਜਦੋਂ ਵਿਆਹ ਕੀਤਾ, ਮੈਂ ਤੇਰੇ ਨਾਲ ਹੀ ਕਰਾਂਗਾ। ਮੈਂ ਛੇਤੀ ਹੀ ਆਵਾਂਗਾ।' ਉਹ ਚਲਿਆ ਗਿਆ ਤੇ ਮੁੜ ਅਜੇ ਤੱਕ ਨਹੀਂ ਆਇਆ...।"

ਉਸ ਵੇਲੇ ਮੈਨੂੰ ਇਕ ਰੂਸੀ ਗੀਤ ਯਾਦ ਆਇਆ- 'ਸਾਡਾ ਘਰ ਸਜਨੀਏ...ਏਡੀ ਦੂਰ ਤਾਂ ਨਹੀਂ ਸੀ ਕਿ ਉਮਰ ਭਰ ਫੇਰਾ ਨਾ ਪਾਇਆ।' ਇਨ੍ਹਾਂ ਲਫਜ਼ਾਂ ਦੀ ਤੜਫ ਉਹਦੇ ਮੂੰਹ ਤੋਂ ਲੱਭਦੀ ਸੀ ਜਿਹੜੀ ਜ਼ਿੰਦਗੀ ਭਰ ਉਹਨੂੰ ਉਡੀਕਦੀ ਰਹੀ ਜਿਸ ਨੇ ਮੁੜ ਕਦੇ ਫੇਰਾ ਨਾ ਪਾਇਆ।

"ਤੂੰ ਇਨ੍ਹਾਂ ਪੀੜਾਂ ਦੀ ਸਾਰ ਕੀ ਜਾਣੇ!" ਉਹ ਅੱਖਾਂ ਭਰ ਕੇ ਬੋਲੀ। ਦੋ ਹੰਝੂ ਵਹਿ ਤੁਰੇ। ਮੈਨੂੰ ਲੱਗਿਆ ਜਿਵੇਂ ਉਹ ਕਹਿ ਰਹੀ ਹੋਵੇ- 'ਇਹ ਕਿਹੀ ਵੇ ਧਰਤ ਕੰਡਿਆਲੀ, ਇਹ ਕਿਹੇ ਵੇ ਜੀਵਨ ਦੇ ਬਰੇਤੇ...ਮੇਰੇ ਸਾਹ ਸੁੱਕਦੇ ਜਾ ਰਹੇ ਨੇ।'

"ਰੱਬ ਤੈਨੂੰ ਲੰਮੀ ਉਮਰ ਬਖਸ਼ੇ।" ਉਹਦੇ ਕੁਮਲਾਏ ਮੂੰਹ ਵੱਲ ਤੱਕ ਕੇ ਮੈਂ ਆਖਿਆ।

ਉਹ ਇਉਂ ਤ੍ਰਭਕੀ ਜਿਵੇਂ ਮੈਂ ਉਹਦੇ ਚਪੇੜ ਕੱਢ ਮਾਰੀ ਹੋਵੇ। ਫਿਰ ਕਰੁਣਾ ਭਰੀ ਆਵਾਜ਼ ਵਿਚ ਕਹਿਣ ਲੱਗੀ, "ਮੇਰੀਏ ਹਮਦਰਦਣੇ, ਲੰਮੀ ਉਮਰ ਲਈ ਮੇਰੀ ਚਾਹ ਨਹੀਂ। ਉਮਰ ਦੇ ਤਾਂ ਇਹ ਦਿਨ ਵੀ ਨਹੀਂ ਮੁੱਕਦੇ ਪਏ।"

ਉਹਦੀ ਉਦਾਸੀ ਮੇਰੇ ਕੋਲੋਂ ਦੇਖੀ ਨਾ ਗਈ। ਗੱਲ ਬਦਲਣ ਲਈ ਮੈਂ ਆਖਿਆ, "ਤੂੰ ਮੇਰੇ ਨਾਲ ਸ਼ਹਿਰ ਚੱਲ। ਮੇਰੀ ਭੈਣ ਦਾ ਵਿਆਹ ਏ, ਦੋ ਚਾਰ ਦਿਨ ਸੁਹਣੇ ਲੰਘ ਜਾਣਗੇ।"



"ਨਹੀਂ ਮੈਂ ਵਿਆਹ ਨਹੀਂ ਜਾ ਸਕਦੀ।" ਉਹ ਬੋਲੀ।

"ਕਿਉਂ...?" ਮੈਂ ਪੁੱਛਿਆ।

"ਖੁਸ਼ੀਆਂ ਦੇ ਮੌਕੇ ਮੇਰੇ ਕੋਲੋਂ ਝੱਲੇ ਨਹੀਂ ਜਾਂਦੇ। ਅਜਿਹੇ ਮੌਕਿਆਂ 'ਤੇ ਮੈਂ ਬੜੀ ਥੱਕ ਜਾਂਦੀ ਹਾਂ। ਮੈਥੋਂ ਆਪਣੇ ਗਮ ਹੁਣ ਘੜੀ ਪਲ ਲਈ ਵੀ ਦੂਰ ਨਹੀਂ ਕੀਤੇ ਜਾਂਦੇ। ਮੈਨੂੰ ਇਨ੍ਹਾਂ ਦੇ ਨਾਲ ਰਹਿਣ ਦੀ ਆਦਤ ਪੈ ਗਈ ਏ। ਇਕ ਗੱਲ ਦੱਸੇਂਗੀ?" ਉਹਨੇ ਆਸ ਨਾਲ ਮੇਰੇ ਵੱਲ ਤੱਕਿਆ।

"ਹਾਂ ਪੁੱਛ।" ਮੈਂ ਆਖਿਆ।

"ਕੀ ਸੱਚੀ ਮੁੱਚੀ ਕੋਈ ਅਗਲਾ ਜਨਮ ਵੀ ਹੁੰਦਾ ਹੈ?"

'ਵਿਚਾਰੀ...!' ਮੇਰੇ ਦਿਲ ਨੇ ਆਖਿਆ।

"ਹਾਂ, ਜ਼ਰੂਰ ਹੁੰਦਾ ਏ।" ਮੈਂ ਕਹਿ ਦਿੱਤਾ। ਇਹ ਸੁਣ ਉਸ ਦੀਆਂ ਅੱਖਾਂ ਵਿਚ ਚਮਕ ਆਈ ਤੇ ਉਹ ਮੁਸਕਰਾ ਪਈ।

"ਕੀ ਅਜੇ ਤੀਕ ਵੀ ਉਹ ਤੈਨੂੰ ਯਾਦ ਏ?" ਮੈਂ ਪੁੱਛਿਆ।

"ਹਾਂ...ਹਰ ਘੜੀ ਹਰ ਪਲ ਉਹ ਮੈਨੂੰ ਯਾਦ ਰਹਿੰਦਾ ਏ। ਕਦੇ ਕਦੇ ਤਾਂ ਬੜਾ ਮਨ ਕਰਦਾ ਏ ਕਿ ਕੋਈ ਆ ਕੇ ਆਖੇ- 'ਨਹੀਂ ਉਹ ਮਰਿਆ ਨਹੀਂ, ਉਹਨੂੰ ਫਾਂਸੀ ਨਹੀਂ ਦਿੱਤੀ ਗਈ, ਉਹ ਜਿਉਂਦਾ ਏ।' ਕਦੀ ਕਦੀ ਸੋਚਦੀ ਹਾਂ, ਜੇ ਕਿਧਰੇ ਉਹ ਸੱਚੀ-ਮੁੱਚੀ ਮੁੜ ਆਵੇ, ਮੈਂ ਉਹਨੂੰ ਆਖਾਂ- 'ਕਹੁ ਵੇ ਇਨ੍ਹਾਂ ਤਕਦੀਰਾਂ ਨੂੰ, ਇਉਂ ਨਾ ਦੂਰ ਖਲੋਣ...ਮੈਂ ਵੀ ਕਿਸੇ ਦੀ ਧੀ ਵੇ, ਮੈਂ ਵੀ ਕਿਸੇ ਦੀ ਭੈਣ'...ਪਰ ਹੁਣ ਇਨ੍ਹਾਂ ਤਕਦੀਰਾਂ ਕੋਲ ਮੇਰੇ ਜੋਗਾ ਹੈ ਈ ਕੀ ਏ।" ਉਹ ਉਦਾਸ ਹੋ ਕੇ ਬੋਲੀ।

"ਹੁਣ ਤਾਂ ਭਗਤ ਸਿੰਘ ਦੇ ਸੁਪਨੇ ਪੂਰੇ ਹੋ ਰਹੇ ਨੇ। ਦੇਖ, ਦੇਸ਼ ਕਿਵੇਂ ਤਰੱਕੀ ਵੱਲ ਜਾ ਰਿਹਾ ਏ। ਤੂੰ ਵੀ ਕੋਈ ਹਿੱਸਾ ਪਾ। ਦੇਖ ਨਵਾਂ ਵਰ੍ਹਾ ਆਇਆ ਏ, ਨਵਾਂ ਕਦਮ ਚੁੱਕ।" ਮੈਂ ਆਖਿਆ।

ਉਹਦਾ ਮੂੰਹ ਹਿੱਸ ਗਿਆ ਤੇ ਉਹ ਚੁੱਪ ਚਾਪ ਮੇਰੇ ਵੱਲ ਤੱਕਣ ਲੱਗੀ, ਜਿਵੇਂ ਕਹਿੰਦੀ ਹੋਵੇ,

ਪਿਛਲਾ ਵਰ੍ਹਾ ਰੋ ਕੇ ਟੁਰ ਚੱਲਿਆ,
ਅਗਲਾ ਵੀ ਖੜ੍ਹਾ ਉਦਾਸ।
ਕਿਹੜੇ ਵੇ ਮੂਨੀ ਸਰਾਪਿਆ,
ਤੂੰ ਮੁੜ ਨਾ ਪੁੱਛੀ ਬਾਤ।

"ਤੂੰ ਕੀ ਸੋਚ ਰਹੀ ਏ?" ਮੈਂ ਪੁੱਛਿਆ। ਉਸ ਨੇ ਹਉਕਾ ਭਰਿਆ, ਜਿਵੇਂ ਕਹਿੰਦੀ ਹੋਵੇ- 'ਰਾਤ ਦੀ ਰਾਣੀ ਮੈਨੂੰ ਪੁੱਛਦੀ, ਕਿਥੇ ਤਾਂ ਗਈਆਂ ਨੀ ਤੇਰੀਆਂ ਨੀਂਦਰਾਂ! ਦਿਹੁੰ ਵੀ ਉਲਾਂਭੇ ਦਿੰਦਾ, ਕਿਥੇ ਤਾਂ ਖੋਈਆਂ ਤੇਰੀਆਂ ਸੂਰਤਾਂ!...ਮੈਂ ਮੁੜ ਮੁੜ ਤੈਥੋਂ ਪੁਛਦੀ, ਕੌਣ ਭਰੂ ਵੇ ਮੇਰੀ ਕਹਾਣੀ ਦਾ ਹੁੰਗਾਰਾ? ਕੌਣ ਬਣੂ ਵੇ ਮੇਰੇ ਦੁੱਖਾਂ ਦਾ ਸੀਰੀ?'

ਮੈਂ ਉਹਦੇ ਮੂੰਹ ਵੱਲ ਤੱਕਿਆ- ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ॥ ਇਸ ਕਥਨ ਅੱਗੇ ਮੈਂ ਸਿਰ ਝੁਕਾ ਦਿੱਤਾ। ਉਹਦੀ ਟੁੱਟੀ ਹੋਈ ਜੁੱਤੀ 'ਤੇ ਮੇਰੀ ਨਜ਼ਰ ਪੈ ਗਈ। ਮੈਂ ਧਿਆਨ ਨਾਲ ਦੇਖਿਆ, ਉਹਦੀ ਕਮੀਜ਼ ਨੂੰ ਵੀ ਟਾਕੀਆਂ ਲੱਗੀਆਂ ਹੋਈਆਂ ਸਨ। ਮੈਨੂੰ ਦੁੱਖ ਲੱਗਾ।

"ਤੂੰ ਉਹਨੂੰ ਵੇਖਿਆ ਸੀ?" ਉਹ ਅਜੇ ਵੀ ਉਹਦੇ ਬਾਰੇ ਹੀ ਸੋਚ ਰਹੀ ਸੀ।

"ਨਹੀਂ।" ਮੈਂ ਆਖਿਆ।

"ਉਹ ਬੜਾ ਸੋਹਣਾ ਸੀ। ਸਾਡੇ ਪਿੰਡ ਦੀਆਂ ਸਾਰੀਆਂ ਕੁੜੀਆਂ ਦੇ ਪਰਾਹੁਣਿਆਂ ਨਾਲੋਂ ਸੋਹਣਾ।"...ਤੇ ਅੱਗਿਉਂ ਉਹਦਾ ਗਲਾ ਭਰ ਆਇਆ ਤੇ ਫਿਰ ਜਿਵੇਂ ਆਪਣੇ ਆਪ ਗੱਲਾਂ ਕਰਨ ਲੱਗੀ,

'ਆਉਂਦੇ ਜਾਂਦੇ ਰਾਹੀਆਂ ਦੇ ਮੈਂ ਮੂੰਹ ਵੱਲ ਤੱਕਦੀ,
ਕੋਈ ਕਦੇ ਵੀ ਤੇਰੀ ਗੱਲ।
ਮੈਂ ਕੰਨਿਆ ਕੁਆਰੀ ਖੜ੍ਹੀ ਉਡੀਕਦੀ ਵੇ,
ਕਦੇ ਤਾਂ ਸੁਨੇਹਾ ਘੱਲ।'

"ਕੀ ਸੋਚ ਰਹੀ ਏਂ ਸੋਹਣੀਏ?" ਮੈਂ ਪੁੱਛਿਆ। ਉਹ ਆਪਣੇ ਹੱਥਾਂ ਦੀਆਂ ਲਕੀਰਾਂ ਵੱਲ ਧਿਆਨ ਨਾਲ ਤੱਕਣ ਲੱਗੀ, ਜਿਵੇਂ ਕਹਿ ਰਹੀ ਹੋਵੇ- 'ਮਾਂ ਆਪਣੀ ਨੂੰ ਮੈਂ ਪੁੱਛਦੀ, ਧੀ ਦੇ ਕਿਹੇ ਲੇਖ ਲਿਖਾਏ।'

ਮੈਂ ਉਹਦੇ ਵੱਲ ਤੱਕਦੀ ਰਹੀ। ਕੋਈ ਲਾਟ ਬਲਦੀ ਸੀ ਉਹਦੀਆਂ ਨਜ਼ਰਾਂ ਵਿਚ। ਕੋਈ ਕਹਿਰ ਸੀ ਉਹਦੀ ਤੱਕਣੀ ਵਿਚ। ਮੈਨੂੰ ਲੱਗਿਆ ਜਿਵੇਂ ਉਹ ਕੋਈ ਨਾਗਣ ਬਣ ਕੇ ਫੁੰਕਾਰ ਰਹੀ ਹੋਵੇ। ਭਗਤ ਸਿੰਘ ਦੇ ਕਾਤਲਾਂ ਨੂੰ ਜਿਵੇਂ ਹੁਣੇ ਡੱਸ ਲੈਣਾ ਲੋਚਦੀ ਹੋਵੇ। ਜਿਵੇਂ ਸਭ ਕੁਝ ਭੰਨ ਤੋੜ, ਮਸਲ ਦੇਣਾ ਚਾਹੁੰਦੀ ਹੋਵੇ। ਫਿਰ ਉਹਨੇ ਪਲਕਾਂ ਝੁਕਾ ਲਈਆਂ ਜਿਵੇਂ ਕਹਿੰਦੀ ਹੋਵੇ- 'ਮੈਂ ਭਲਾ ਕੀ ਕਰ ਸਕਦੀ ਹਾਂ?'

"ਤੂੰ ਨਿਰਾਸ਼ ਨਾ ਹੋ। ਭਗਤ ਸਿੰਘ ਸਿਰਫ ਤੇਰਾ ਹੀ ਨਹੀਂ ਸੀ, ਉਹ ਸਾਡਾ ਸਾਰਿਆਂ ਦਾ ਸੀ। ਉਹਦੀ ਮੌਤ ਦਾ ਦੁੱਖ ਤੈਨੂੰ ਹੀ ਨਹੀਂ, ਸਾਰੇ ਦੇਸ਼ ਨੂੰ ਹੈ। ਅਸੀਂ ਉਹਨੂੰ ਭੁੱਲੇ ਨਹੀਂ, ਸਾਨੂੰ ਤੂੰ ਵੀ ਯਾਦ ਏਂ।"

ਇਹ ਸੁਣ ਕੇ ਉਹਦੀਆਂ ਅੱਖਾਂ ਭਰ ਆਈਆਂ ਤੇ ਹੰਝੂ ਕੇਰ ਉਹ ਮੇਰੀ ਕਲਪਨਾ ਵਿਚੋਂ ਮੁੜ ਚੱਲੀ। ਮੈਨੂੰ ਲੱਗਿਆ- 'ਧਰਤ ਅੰਬਰ ਵੀ ਸੋਚਦੇ, ਕੀ ਦੇਣ ਤਸੱਲੀ।'

ਇੰਨੇ ਨੂੰ ਇਕ ਝੂਟੇ ਨਾਲ ਗੱਡੀ ਸਟੇਸ਼ਨ ਉਤੇ ਆਣ ਖੜ੍ਹੀ ਹੋਈ। ਉਹ ਮੰਗਤਾ ਫਿਰ ਡੱਬੇ ਅੱਗੇ ਵੀ ਗਾਉਂਦਾ ਜਾ ਰਿਹਾ ਸੀ,

ਜਦੋਂ ਵੀਰ ਭਗਤ ਸਿੰਘ, ਦੱਤ ਨੂੰ,
ਦਿੱਤਾ ਫਾਂਸੀ ਦਾ ਹੁਕਮ ਸੁਣਾ।
ਉਹਦੀ ਹੋਵਣ ਵਾਲੀ ਨਾਰ ਨੂੰ,
ਕਿਸੇ ਪਿੰਡ ਵਿਚ ਦੱਸਿਆ ਜਾ।

## ਬਾਗੀ

ਮੈਂ ਬਾਗੀ, ਮੈਂ ਬਾਗੀ, ਮੈਂ ਆਕੀ, ਮੈਂ ਆਕੀ।
ਮੈਂ ਇਕ ਅਮਰ ਸ਼ਕਤੀ, ਮੈਂ ਬਾਕੀ, ਮੈਂ ਬਾਕੀ।

ਮੈਂ ਦੁਨੀਆਂ ਦੀ ਹਰ ਇਕ ਬਗਾਵਤ ਦਾ ਬਾਨੀ,
ਮੈਂ ਹਰਕਤ, ਮੈਂ ਸੱਤਾ, ਮੈਂ ਚੇਤਨ ਜਵਾਨੀ।
ਮੈਂ ਪਾਰੇ ਦਾ ਦਿਲ ਹਾਂ, ਮੈਂ ਛੱਲਾਂ ਦਾ ਹਿਰਦਾ।
ਪਹਾੜਾਂ ਦਾ ਦਿਲ ਮੇਰੇ ਨਾਹਰੇ ਤੋਂ ਘਿਰਦਾ।
ਮੇਰੇ ਸਾਹਮਣੇ ਕੀ ਹੈ ਜ਼ਾਲਮ ਦਾ ਟੋਲਾ।
ਮੈਂ ਪਰਚੰਡ ਅਗਨੀ, ਮੈਂ ਬੇਰੋਕ ਸ਼ੁਹਲਾ।
ਇਹ ਧੁੰਦਲੇ, ਇਹ ਮਿਟਦੇ, ਪੁਰਾਣੇ ਨਜ਼ਾਰੇ।
ਇਹ ਫਿੱਕਾ ਜਿਹਾ ਚੰਨ, ਇਹ ਬੇ-ਚਮਕ ਤਾਰੇ।
ਮੈਂ ਸੂਰਜ ਦਾ ਬਦਲਾਂਗਾ ਹਰ ਪਹਿਲਾ ਕਾਇਦਾ,
ਨਵਾਂ ਦਿਨ, ਨਵੀਂ ਰਾਤ ਹੋਵੇਗੀ ਪੈਦਾ।
ਮੈਂ ਅੰਬਰ ਦਾ ਪੋਲਾ ਜਿਹਾ ਚੀਰ ਸੀਨਾ,
ਤੇ ਦੁਨੀਆਂ ਨੂੰ ਦੱਸਾਂਗਾ ਕੀ ਸ਼ੈ ਹੈ ਜੀਣਾ।
ਮੈਂ ਬਦਲੀ ਦਾ ਅਵਤਾਰ, ਬਦਲੀ ਦਾ ਰਾਗੀ।
ਮੈਂ ਆਕੀ, ਮੈਂ ਆਕੀ, ਮੈਂ ਬਾਗੀ, ਮੈਂ ਬਾਗੀ।

ਮੇਰੀ ਖੇਡ ਨੂੰ ਤੰਗ ਹੈ ਇਹ ਜ਼ਮਾਨਾ।
ਮੇਰੀ ਖੇਡ ਤੋਂ ਦੰਗ ਹੈ ਇਹ ਜ਼ਮਾਨਾ।
ਮੈਂ ਕਰਦਾ ਰਿਹਾ ਹਾਂ, ਇਹੋ ਮੇਰੀ ਆਦਤ।
ਹਯਾਤੀ ਦੇ ਸਭ ਪਹਿਲੂਆਂ ਵਿਚ ਬਗਾਵਤ।
ਤਬਾਹੀ ਦੀ ਬਣ ਕੇ ਤਬਾਹੀ ਮੈਂ ਆਵਾਂ।
ਜੋ ਖਲਕਤ ਮੁਕਾਵੇ, ਮੈਂ ਉਸ ਨੂੰ ਮੁਕਾਵਾਂ।
ਮੈਂ ਨੀਰੋ ਦਾ ਦੁਸ਼ਮਣ, ਮੈਂ ਕਾਰੂੰ ਦਾ ਵੈਰੀ।
ਮੈਂ ਇਨ੍ਹਾਂ ਲਈ ਅਯਦਹਾ, ਨਾਗ ਜ਼ਹਿਰੀ।
ਮੇਰੇ ਡਰ ਤੋਂ ਦੁਨੀਆਂ ਦੇ ਡਰ ਨੱਸਦੇ ਨੇ।
ਮੇਰੀ ਮੁਸਕਰਾਹਟ 'ਚ ਜਗ ਵਸਦੇ ਨੇ।
ਮੇਰੀ ਨਜ਼ਰ ਵੈਰਾਂ ਨੂੰ ਕਾਲੀ ਦਾ ਖੰਡਾ।
ਮੈਂ ਪੁੱਟਦਾ ਹਾਂ ਪਲ ਵਿਚ ਗਰੂਰਾਂ ਦਾ ਝੰਡਾ।
ਬਗਾਵਤ ਦਾ ਜ਼ੱਰਾ ਜਹਾਨਾਂ 'ਤੇ ਭਾਰੂ।
ਮੇਰਾ ਕਤਰਾ ਕਤਰਾ ਤੂਫਾਨਾਂ 'ਤੇ ਭਾਰੂ।
ਮੇਰਾ ਬੋਲ ਸ਼ਾਹਾਂ ਦੇ ਸੀਨੇ 'ਚ ਨੇਜ਼ਾ।
ਮੇਰੀ ਗਰਜ ਤੋਂ ਕੋਟ ਹਨ ਰੇਜ਼ਾ ਰੇਜ਼ਾ।
ਮੈਂ ਕੁਤਬਾਂ ਨੂੰ ਜਾ ਜਾ ਕੇ ਗਰਮਾ ਦਿਆਂਗਾ।
ਮੈਂ ਭੋਂ ਨਾਲ ਅੰਬਰ ਨੂੰ ਟਕਰਾ ਦਿਆਂਗਾ।
ਮੇਰਾ ਹੁਕਮ ਸੁਣ ਕੇ ਮੋਈ ਦੁਨੀਆਂ ਜਾਗੀ।
ਮੈਂ ਆਕੀ, ਮੈਂ ਆਕੀ, ਮੈਂ ਬਾਗੀ, ਮੈਂ ਬਾਗੀ।

ਮੇਰੇ ਜੀ 'ਚ ਜੋ ਕੁਝ ਭੀ ਆਏ ਕਰਾਂਗਾ।
ਮੈਂ ਗਮ ਤੇ ਖੁਸ਼ੀ ਦੇ ਸਮੁੰਦਰ ਤਰਾਂਗਾ।
ਗੁਲਾਮੀ ਦੀ ਹਰ ਤਾਰ, ਹਰ ਸਾਜ਼ ਮੁਰਦਾ।
ਗੁਲਾਮੀ ਦਾ ਹਰ ਤਖਤ, ਹਰ ਤਾਜ ਮੁਰਦਾ।
ਇਹ ਖੁਦਗਰਜ਼ ਮੰਦਰ, ਇਹ ਲੋਭੀ ਦਿਓਤੇ।
ਇਹ ਦੌਲਤ ਦੇ ਪੂਜਕ, ਇਹ ਕਾਰੂੰ ਦੇ ਪੋਤੇ।
ਇਹ ਮੱਥੇ ਦੇ ਵੱਟਾਂ ਦੇ ਮੂਸਲ, ਇਹ ਸਾੜੇ।
ਇਹ ਚੜ੍ਹਦੇ ਹੋਏ ਨੱਕ ਤਿੱਖੇ ਕੁਹਾੜੇ।
ਮਸੰਦਾਂ ਦੀ ਮਜਲਸ ਸ਼ਰਾਰਤ ਦੀ ਮਹਿਫਿਲ।
ਮੈਂ ਇਨ੍ਹਾਂ ਦੀ ਦੁਨੀਆਂ 'ਚ ਪਾਵਾਂਗਾ ਹਲਚਲ।
ਮੈਂ ਇਨ੍ਹਾਂ ਲਈ ਬਣ ਕੇ ਭੂਚਾਲ ਆਵਾਂ।
ਇਹ ਡਿੱਗਣ, ਮੈਂ ਅੰਬਰ ਤੋਂ ਲੱਖ ਬਿਜਲੀ ਪਾਵਾਂ।
ਮੈਂ ਲਾਸਾ, ਮੈਂ ਭਾਬੜ, ਮੈਂ ਅਣਬੁਝ ਜਵਾਲਾ।
ਮੈਂ ਜ਼ਾਲਮ ਲਈ ਮੌਤ ਵਿਚ ਬੁਝਿਆ ਭਾਲਾ।
ਮੈਂ ਉਹ ਬਾਣ ਜੈਦਰਥ ਲਈ ਜੋ ਸੀ ਤਣਿਆਂ।
ਮੈਂ ਉਹ ਤੀਰ ਜੋ ਕ੍ਰਿਸ਼ਨ ਦੀ ਮੌਤ ਬਣਿਆਂ।
ਮੇਰੇ ਸਾਹਮਣੇ ਹੇਚ ਹੈ ਸਭ ਚਲਾਕੀ।
ਮੈਂ ਬਾਗੀ, ਮੈਂ ਬਾਗੀ, ਮੈਂ ਆਕੀ, ਮੈਂ ਆਕੀ।

ਮੈਂ ਇਕ ਇਨਕਲਾਬੀ ਖੁਦਾ ਹਾਂ, ਖੁਦਾ ਹਾਂ।
ਮੈਂ ਹਰ ਗਦਰ ਦੇ ਭੁੜਕਵੇਂ ਦਿਲ ਦਾ ਚਾ ਹਾਂ।
ਮੈਂ ਨੱਚਦਾ ਹਾਂ ਪਰ ਆਪਣੇ ਤਾਲਾਂ 'ਤੇ ਹਰਦਮ।
ਮੈਂ ਨਿਰਭੈ, ਮੈਂ ਬੇ-ਖੌਫ, ਨਿਸਚਿੰਤ, ਬੇ-ਗਮ।
ਮੇਰਾ ਕੰਮ ਹਰ ਦਿਲ ਨੂੰ ਆਜ਼ਾਦ ਕਰਨਾ।
ਤੇ ਹਰ ਆਸ ਦਾ ਬਾਗ ਆਬਾਦ ਕਰਨਾ।
ਮੇਰਾ ਇਕ ਇਸ਼ਾਰਾ ਜ਼ਮੀਨਾਂ ਉਥੱਲੇ।
ਮੇਰੀ ਨਜ਼ਰ ਅੰਬਰ ਦੇ ਵਰਕੇ ਪਥੱਲੇ।
ਮੇਰਾ ਹੁਕਮ ਸੁਣ ਕੇ ਸਮਾਂ ਚੱਲਦਾ ਏ।
ਮੇਰਾ ਰਾਗ ਸਾਰੀ ਫਜ਼ਾ ਮੱਲਦਾ ਏ।
ਸ਼ਤਾਨਾਂ ਲਈ ਕਾਲ ਆਇਆ ਹਾਂ ਬਣ ਕੇ।
ਮਸੂਮਾਂ ਲਈ ਢਾਲ ਆਇਆ ਹਾਂ ਬਣ ਕੇ।
ਮੈਂ ਹਰ ਥਾਂ ਨਵਾਂ ਯੁਗ ਵਰਤਾ ਦਿਆਂਗਾ।
ਮੈਂ ਇੱਟ ਨਾਲ ਇੱਟ 'ਹੁਣ' ਦੀ ਖੜਕਾ ਦਿਆਂਗਾ।
ਮੇਰੇ ਸਾਹਮਣੇ ਕਲਗੀਆਂ, ਕਲਸ ਕੰਬਣ।
ਮੇਰੇ ਸਾਹਮਣੇ ਥੰਮ੍ਹ ਤਾਕਤ ਦੇ ਲਰਜ਼ਨ।
ਮੈਂ ਸੀਨਾ ਹਾਂ ਇਕ ਖੋਜ ਭਰਿਆ ਕਪਲ ਦਾ;
ਮੈਂ ਇਕ ਮਰਦ ਕਾਮਲ ਹਾਂ ਦੁਨੀਆਂ ਦੇ ਵੱਲ ਦਾ।
ਮੈਂ ਗੌਤਮ, ਮੈਂ ਰੂਸੋ, ਮੈਂ ਲੈਨਿਨ ਦੀ ਚਾਹਤ,
ਮੈਂ ਹਾਂ ਮਾਰਕਸ ਦੀ ਖੁਦਾਈ ਦੀ ਦੌਲਤ।
ਮੇਰੇ ਨਾਂ ਤੋਂ ਕੰਬਣ ਪੈਗੰਬਰ, ਤਿਆਗੀ।
ਮੈਂ ਆਕੀ, ਮੈਂ ਆਕੀ, ਮੈਂ ਬਾਗੀ, ਮੈਂ ਬਾਗੀ।

ਮੈਂ ਇਨਸਾਫ ਦਾ ਦੇਵਤਾ ਸਭ ਦਾ ਸਾਂਝਾ।
ਮੈਂ ਅਣਥੱਕ ਪ੍ਰੇਮੀ, ਮੈਂ ਕੁਦਰਤ ਦਾ ਰਾਂਝਾ।
ਮੈਂ ਫੁੱਲਾਂ ਤੇ ਕਲੀਆਂ ਨੂੰ ਦੇਂਦਾ ਹਾਂ ਖੇੜਾ।
ਜ਼ਮਾਨੇ ਦੀ ਰਗ ਰਗ 'ਚ ਹੈ ਮੇਰਾ ਗੇੜਾ।
ਮੈਂ ਮੋਰਾਂ ਦੇ ਸੀਨੇ 'ਚ ਹਾਂ ਨਾਚ ਦਾ ਚਾਅ।
ਮੈਂ ਸ਼ਾਗਿਰਦ ਦੇ ਦਿਲ 'ਚ ਹਾਂ ਜਾਚ ਦਾ ਚਾਅ।
ਮੈਂ ਹਰ ਕਾਢ ਦੇ ਰਾਹ 'ਚ ਰੋਸ਼ਨ ਸਤਾਰਾ।
ਮੇਰੀ ਰੋਸ਼ਨੀ ਦਾ ਦਿਲਾਂ ਵਿਚ ਖਿਲਾਰਾ।
ਮੈਂ ਉਠਦੇ ਅਸਾਰਾਂ 'ਚ ਜਿੰਦ ਪਾਉਣ ਵਾਲਾ।
ਮੈਂ ਬਦਲੀ ਦੇ ਸੋਹਲੇ ਸਦਾ ਗਾਉਣ ਵਾਲਾ।
ਕਦੀ ਭੀ ਕਿਸੇ ਤੋਂ ਨਹੀਂ ਹਾਰਿਆ ਮੈਂ।
"ਕਦੀ ਭੀ ਨਾ ਹਾਰਾਂਗਾ!" ਲਲਕਾਰਿਆ ਮੈਂ।
ਮੈਂ ਇਕ ਅਮਰ ਸ਼ਕਤੀ, ਮੈਂ ਬਾਕੀ, ਮੈਂ ਬਾਕੀ।
ਮੈਂ ਬਾਗੀ, ਮੈਂ ਬਾਗੀ, ਮੈਂ ਆਕੀ, ਮੈਂ ਆਕੀ।

**-ਬਾਵਾ ਬਲਵੰਤ**

# ਅਮਿਤਾਭ ਤੇ ਰੇਖਾ ਦਾ ਸਿਲਸਿਲਾ



ਅਦਾਕਾਰ ਅਮਿਤਾਭ ਬਚਨ ਜਿਸ ਦੀ ਨਵੀਂ ਫਿਲਮ ‘ਸ਼ਮਿਤਾਬ’ 6 ਫਰਵਰੀ ਨੂੰ ਰਿਲੀਜ਼ ਹੋ ਰਹੀ ਹੈ, ਦਾ ਕਹਿਣਾ ਹੈ ਕਿ ਜੇ ਕੋਈ ਚੰਗੀ ਪਟਕਥਾ ਸਾਹਮਣੇ ਆਈ ਤਾਂ ਉਹ ਪੁਰਾਣੇ ਵੇਲਿਆਂ ਦੀ ਆਪਣੀ ਸਹੇਲੀ ਰੇਖਾ ਨਾਲ ਕੰਮ ਕਰਨ ਲਈ ਤਿਆਰ ਹਨ।

ਯਾਦ ਰਹੇ, ਦੋਵਾਂ ਨੇ ਸਿਲਸਲਾ, ਮਿਸਟਰ ਨਟਵਰ ਲਾਲ, ਮੁਕੱਦਰ ਕਾ ਸਿਕੰਦਰ, ਨਮਕ ਹਰਾਮ, ਦੋ ਅਨਜਾਨੇ, ਅਲਾਪ, ਖੂਨ-ਪਸੀਨਾ, ਗੰਗਾ ਕੀ ਸੌਗੰਧ, ਸੁਹਾਗ, ਰਾਮ ਬਲਰਾਮ ਵਰਗੀਆਂ ਫਿਲਮਾਂ ਵਿਚ ਇਕੱਠਿਆਂ ਕੰਮ ਕੀਤਾ ਹੈ।


ਫਿਲਮ ‘ਸਿਲਸਲਾ’ ਉਘੇ ਫਿਲਮਸਾਜ਼ ਯਸ਼ ਚੋਪੜਾ ਨੇ ਅਮਿਤਾਭ ਬੱਚਨ, ਰੇਖਾ ਤੇ ਅਮਿਤਾਭ ਦੀ ਪਤਨੀ ਜਯਾ ਬੱਚਨ ਦੀ ਅਸਲੀ ਕਹਾਣੀ ਨੂੰ ਆਧਾਰ ਬਣਾ ਕੇ ਬਣਾਈ ਸੀ ਅਤੇ ਇਸ ਫਿਲਮ ਵਿਚ ਇਨ੍ਹਾਂ ਤਿੰਨਾਂ ਨੇ ਹੀ ਫਿਲਮ ਵਿਚ ਮੁੱਖ ਕਿਰਦਾਰ ਨਿਭਾਏ ਸਨ। ਯਸ਼ ਚੋਪੜਾ ਨੇ ਇਹ ਫਿਲਮ ਬਣਾ ਕੇ ਬਹੁਤ ਵੱਡਾ ਜੋਖਮ ਉਠਾਇਆ ਸੀ ਪਰ ‘ਸਿਲਸਿਲਾ’ ਦੀ ਪ੍ਰੇਮ ਕਹਾਣੀ ਨੂੰ ਜੋ ਟੱਚ ਯਸ਼ ਚੋਪੜਾ ਨੇ ਦਿੱਤਾ, ਉਸ ਨਾਲ ਇਹ ਫਿਲਮ ਹਿੰਦੀ ਫਿਲਮ ਜਗਤ ਦੀ ਯਾਦਗਾਰੀ ਫਿਲਮ ਹੋ ਨਿਬੜੀ।

ਅਮਿਤਾਭ ਬੱਚਨ ਅਤੇ ਰੇਖਾ ਦਾ ਪਿਆਰ ਉਂਜ ਵੀ ਉਦੋਂ ਫਿਲਮੀ ਦੁਨੀਆਂ ਵਿਚ ਬਹੁਤ ਮਸ਼ਹੂਰ ਹੋਇਆ ਪਿਆ ਸੀ। ਰੇਖਾ ਨਾਲ ਅਮਿਤਾਭ ਦੇ ਸਬੰਧਾਂ ਦਾ ਅਸਰ ਉਸ ਦੇ ਪਰਿਵਾਰ ਉਤੇ ਵੀ ਪਿਆ। ਇਕ ਵਾਰ ਤਾਂ ਗੱਲ ਉਸ ਦੀ ਪਤਨੀ ਜਯਾ ਬੱਚਨ ਨਾਲ ਤੋੜ-ਵਿਛੋੜੇ ਤੱਕ ਵੀ ਪੁੱਜ ਗਈ ਸੀ ਪਰ ‘ਕੂਲੀ’ ਦੀ ਸ਼ੂਟਿੰਗ ਵਿਚ ਸੱਟ ਲੱਗਣ ਤੋਂ ਬਾਅਦ ਕਹਾਣੀ ਪਲਟ ਗਈ। ਰਿਸ਼ਤੇ ਦੀ ਪੂਰੀ ਕਮਾਂਡ ਜੋ ਪਹਿਲਾਂ ਰੇਖਾ ਦੇ ਹੱਥ ਵਿਚ ਸੀ, ਜਯਾ ਬੱਚਨ ਦੇ ਹੱਥ ਆ ਗਈ। ਮਗਰੋਂ ਹਾਲਾਤ ਅਜਿਹੇ ਬਣੇ ਕਿ ਅਮਿਤਾਭ ਨੇ ਰੇਖਾ ਤੋਂ ਕਿਨਾਰਾ ਕਰ ਲਿਆ।

ਹੁਣ ਜਦੋਂ ਅਮਿਤਾਭ ਬਚਨ ਆਪਣੀ ਨਵੀਂ ਫਿਲਮ ‘ਸ਼ਮਿਤਾਬ’ ਦੀ ਮਸ਼ਹੂਰੀ ਲਈ ਥਾਂਓਂ-ਥਾਂਈਂ ਜਾ ਰਹੇ ਹਨ ਤਾਂ ਹਰ ਕੋਈ ਉਸ ਨੂੰ ਰੇਖਾ ਨਾਲ ਫਿਲਮ ਵਿਚ ਕੰਮ ਕਰਨ ਬਾਰੇ ਪੁੱਛਦਾ ਹੈ। ਅਜਿਹੇ ਹੀ ਇਕ ਸਵਾਲ ਦਾ ਉਤਰ ਦਿੰਦਿਆਂ ਉਸ ਨੇ ਕਿਹਾ, “ਮੈਨੂੰ ਫਿਲਮ ‘ਸ਼ਮਿਤਾਬ’ ਦੇ ਡਾਇਰੈਕਟਰ ਆਰ. ਬਾਲਕੀ ਨੇ ਵੀ ਕਈ ਵਾਰ ਰੇਖਾ ਨਾਲ ਫਿਲਮ ਬਣਾਉਣ ਦੀ ਪੇਸ਼ਕਸ਼ ਕੀਤੀ ਹੈ। ਮੈਂ ਬਾਲਕੀ ਦੇ ਕੰਮਕਾਰ ਤੋਂ ਵੀ ਬਹੁਤ ਪ੍ਰਭਾਵਤ ਹਾਂ, ਆਉਣ ਵਾਲੇ ਸਮੇਂ ਵਿਚ ਜੇ ਕੋਈ ਚੰਗੀ ਪਟਕਥਾ ਸਾਹਮਣੇ ਆਈ ਤਾਂ ਮੈਂ ਰੇਖਾ ਨਾਲ ਕੰਮ ਕਰਨ ਲਈ ਤਿਆਰ ਹਾਂ।”

ਯਾਦ ਰਹੇ ਕਿ ਫਿਲਮਸਾਜ਼ ਆਰ. ਬਾਲਕੀ ਆਪਣੀ ਨਵੀਂ ਫਿਲਮ ‘ਸ਼ਮਿਤਾਬ’ ਤੋਂ ਪਹਿਲਾਂ ਅਮਿਤਾਭ ਨਾਲ ‘ਚੀਨੀ ਕਮ’ (2007) ਤੇ ‘ਪਾ’ (2009) ਫਿਲਮਾਂ ਬਣਾ ਚੁੱਕੇ ਹਨ ਅਤੇ ਇਨ੍ਹਾਂ ਦੋਹਾਂ ਹੀ ਫਿਲਮਾਂ ਵਿਚ ਅਮਿਤਾਭ ਦਾ ਮੁੱਖ ਰੋਲ ਸੀ। ਬਾਲਕੀ ਨੇ 2012 ਵਿਚ ਸ੍ਰੀਦੇਵੀ ਨੂੰ ਲੈ ਕੇ ‘ਇੰਗਲਿਸ਼ ਵਿੰਗਲਿਸ਼’ ਫਿਲਮ ਬਣਾਈ ਸੀ। ਇਸ ਫਿਲਮ ਨਾਲ ਸ੍ਰੀਦੇਵੀ ਨੇ ਫਿਲਮੀ ਦੁਨੀਆਂ ਵਿਚ ਦੁਬਾਰਾ ਵਾਪਸੀ ਕੀਤੀ ਸੀ। ਇਨ੍ਹਾਂ ਤਿੰਨਾਂ ਹੀ ਫਿਲਮਾਂ ਕਰ ਕੇ ਬਾਲਕੀ ਫਿਲਮੀ ਦੁਨੀਆਂ ਵਿਚ ਛਾ ਗਿਆ। ਉਸ ਦੀ ਫਿਲਮ ‘ਪਾ’ 16ਵੇਂ ਸਟਾਰ ਸਕਰੀਨ ਐਵਾਰਡ ਵਿਚ 16 ਸ਼੍ਰੇਣੀਆਂ ਲਈ ਨਾਮਜ਼ਦ ਹੋਈ ਸੀ ਅਤੇ ਇਸ ਨੇ 5 ਸ਼੍ਰੇਣੀਆਂ ਵਿਚ ਐਵਾਰਡ ਹਾਸਲ ਕੀਤੇ ਸਨ।

ਫਿਲਮ ‘ਸ਼ਮਿਤਾਬ’ ਦਾ ਨਾਇਕ ਧਨੁਸ਼ ਹੈ ਅਤੇ ਇਸ ਫਿਲਮ ਵਿਚ ਕਲਮ ਹਾਸਨ ਦੀ ਛੋਟੀ ਧੀ ਅਕਸ਼ਰਾ ਹਸਨ ਪਹਿਲੀ ਵਾਰ ਫਿਲਮੀ ਦੁਨੀਆਂ ਵਿਚ ਪ੍ਰਵੇਸ਼ ਕਰ ਰਹੀ ਹੈ। ਅਕਸ਼ਰਾ ਨੇ ਵੀ ਬਾਲਕੀ ਦੇ ਕੰਮਕਾਰ ਦੀਆਂ ਤਾਰੀਫਾਂ ਦੇ ਪੁਲ ਬੰਨ੍ਹੇ ਹਨ ਅਤੇ ਕਿਹਾ ਹੈ ਕਿ ਉਸ ਨੂੰ ਆਪਣੀ ਪਹਿਲੀ ਫਿਲਮ ਆਰ. ਬਾਲਕੀ ਵਰਗੇ ਡਾਇਰੈਕਟਰ ਨਾਲ ਕਰ ਕੇ ਖੁਸ਼ੀ ਹੋ ਰਹੀ ਹੈ।



*ਫਿਲਮ ‘ਸਿਲਸਿਲਾ’ ਦੇ ਦ੍ਰਿਸ਼ ਵਿਚ ਰੇਖਾ, ਅਮਿਤਾਭ ਬੱਚਨ ਤੇ ਜਯਾ ਬੱਚਨ*



*ਸਕਰੀਨ ਐਵਾਰਡ ਮੌਕੇ ਜਨਵਰੀ 2014 ਨੂੰ ਇਕੱਠੀਆਂ ਹੋਈਆਂ ਜਯਾ ਤੇ ਰੇਖਾ*

# ਅਸਿਨ ਦੀਆਂ ਆਸਾਂ ਹੁਣ ‘ਆਲ ਇਜ਼ ਵੈਲ’ ਉਤੇ

ਦੱਖਣੀ ਭਾਰਤ ਦੀ ਅਭਿਨੇਤਰੀ ਅਸਿਨ ਅੱਜ ਕੱਲ੍ਹ ਆਪਣੀ ਨਵੀਂ ਹਿੰਦੀ ਫਿਲਮ ‘ਆਲ ਇਜ਼ ਵੈਲ’ ਦੀ ਸ਼ੂਟਿੰਗ ਵਿਚ ਰੁੱਝੀ ਹੋਈ ਹੈ। ਇਸ ਫਿਲਮ ਵਿਚ ਅਸਿਨ ਤੋਂ ਇਲਾਵਾ ਅਭਿਸ਼ੇਕ ਬੱਚਨ ਅਤੇ ਰਿਸ਼ੀ ਕਪੂਰ ਦੇ ਅਹਿਮ ਕਿਰਦਾਰ ਹਨ। ਇਹ ਫਿਲਮ ਉਘੇ ਫਿਲਮਸਾਜ਼ ਉਮੇਸ਼ ਸ਼ੁਕਲਾ ਵਲੋਂ ਡਾਇਰੈਕਟ ਕੀਤੀ ਜਾ ਰਹੀ ਹੈ। ਉਮੇਸ਼ ਸ਼ੁਕਲਾ ਸੁਨੇਹਾਮੁਖੀ ਫਿਲਮਾਂ ਬਣਾਉਣ ਲਈ ਕਾਫੀ ਮਸ਼ਹੂਰ ਹਨ। ਇਸ ਤੋਂ ਪਹਿਲਾਂ ਉਸ ਨੇ ‘ਓ.ਐਮ.ਜੀ.-ਓ ਮਾਈ ਗੌਡ’ ਫਿਲਮ ਬਣਾਈ ਸੀ। ‘ਓ ਮਾਈ ਗੌਡ’ ਫਿਲਮ ਦਾ ਵਿਸ਼ਾ ਆਮਿਰ ਖਾਨ ਦੀ ਹਿੱਟ ਫਿਲਮ ‘ਪੀ.ਕੇ.’ ਨਾਲ ਕਾਫੀ ਮਿਲਦਾ-ਜੁਲਦਾ ਸੀ। ਇਸ ਫਿਲਮ ਵਿਚ ਵੀ ਧਾਰਮਿਕ ਪਖੰਡਾਂ ਦਾ ਪਰਦਾਫਾਸ਼ ਕੀਤਾ ਗਿਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ‘ਓ ਮਾਈ ਗੌਡ’ ਨੇ ਅੰਧ-ਵਿਸ਼ਵਾਸ ਘਟਾਉਣ ਵਿਚ ਬੜੀ ਮਦਦ ਕੀਤੀ ਸੀ। ਉਮੇਸ਼ ਸ਼ੁਕਲਾ ਦੀ ਨਵੀਂ ਫਿਲਮ ‘ਆਲ ਇਜ਼ ਵੈਲ’ ਦਾ ਵਿਸ਼ਾ ਪਿਉ-ਪੁੱਤਰ ਦੁਆਲੇ ਘੁੰਮਦਾ ਹੈ। ਇਹ ਪਿਉ-ਪੁੱਤਰ ਯਾਤਰਾ ਉਤੇ ਹਨ, ਰਾਹ ਵਿਚ ਇਨ੍ਹਾਂ ਦਾ ਮੇਲ ਇਕ ਕੁੜੀ (ਅਸਿਨ) ਨਾਲ ਹੋ ਜਾਂਦਾ ਹੈ। ਇਸ ਫਿਲਮ ਦੀ ਸ਼ੂਟਿੰਗ ਸ਼ਿਮਲਾ (ਹਿਮਾਚਲ ਪ੍ਰਦੇਸ਼), ਲੰਡਨ, ਦੁਬਈ ਅਤੇ ਸਿੱਕਮ ਵਿਚ ਹੋ ਰਹੀ ਹੈ।

ਅਸਿਨ ਨੇ ਹਿੰਦੀ ਫਿਲਮਾਂ ਦੀ ਸ਼ੁਰੂਆਤ ‘ਗਜਨੀ’ ਤੋਂ 2008 ਵਿਚ ਕੀਤੀ ਸੀ। ਇਸ ਤੋਂ ਬਾਅਦ ਉਸ ਨੇ ‘ਲੰਡਨ ਡਰੀਮਜ਼’, ‘ਰੈਡੀ’, ‘ਹਾਊਸ ਫੁੱਲ-2’ ਅਤੇ ‘ਖਿਲਾੜੀ 786’ ਫਿਲਮਾਂ ਵਿਚ ਕੰਮ ਕੀਤਾ। ਤਾਮਿਲ ਅਤੇ ਤੈਲਗੂ ਫਿਲਮਾਂ ਵਿਚ ਉਸ ਨੇ ਭਾਵੇਂ ਚੋਖੀ ਸਫਲਤਾ ਹਾਸਲ ਕੀਤੀ, ਪਰ ਹਿੰਦੀ ਫਿਲਮਾਂ ਵਿਚ ਉਸ ਦੀ ਗੁੱਡੀ ਉਤਨੀ ਨਹੀਂ ਚੜ੍ਹੀ ਅਤੇ ਹੁਣ ਉਸ ਦੀ ਆਸ ਦੀ ਡੋਰ ‘ਆਲ ਇਜ਼ ਵੈਲ’ ਉਤੇ ਹੈ।



# ਕ੍ਰਿਤੀ ਸੇਨਨ ਦੀ ਕੀਰਤੀ



ਕ੍ਰਿਤੀ ਸੇਨਨ ਲਈ ਕੀਰਤੀ (ਸੋਭਾ) ਮਾਨੋ ਅਸਮਾਨੋਂ ਡਿੱਗੀ ਹੈ। ਪੈਂਦੀ ਸੱਟੇ ਹੀ ਸਫਲਤਾ ਨੇ ਉਸ ਦੇ ਪੈਰ ਆਣ ਚੁੰਮੇ। ਉਸ ਨੇ ਪਿਛਲੇ ਸਾਲ 2014 ਵਿਚ ਹੀ ਤੈਲਗੂ ਫਿਲਮ ‘ਨੇਨੋਕੜੀਨ’ ਨਾਲ ਫਿਲਮੀ ਦੁਨੀਆਂ ਵਿਚ ਪ੍ਰਵੇਸ਼ ਕੀਤਾ ਸੀ ਅਤੇ ਇਸੇ ਹੀ ਸਾਲ ਵਿਚ ਉਸ ਦੀ ਹਿੰਦੀ ਫਿਲਮ ‘ਹੀਰੋਪੰਤੀ’ ਰਿਲੀਜ਼ ਹੋਈ। ਕ੍ਰਿਤੀ ਦਾ ਪਿਛੋਕੜ ਫਿਲਮੀ ਨਹੀਂ ਸੀ, ਉਸ ਦੀ ਮਾਂ ਗੀਤਾ ਸੇਨਨ ਦਿੱਲੀ ਯੂਨੀਵਰਸਿਟੀ ਵਿਚ ਪੜ੍ਹਾਉਂਦੀ ਹੈ ਅਤੇ ਪਿਤਾ ਰਾਹੁਲ ਸੇਨਨ ਚਾਰਟਰਡ ਅਕਾਊਂਟੈਂਟ ਹੈ।

ਕ੍ਰਿਤੀ ਨੇ ਆਪਣਾ ਕਰੀਅਰ ਫਿਲਮਾਂ ਨੂੰ ਚੁਣਿਆ। ‘ਹੀਰੋਪੰਤੀ’ ਕਮਾਈ ਪੱਖੋਂ ਵੀ ਕਾਮਯਾਬ ਰਹੀ ਅਤੇ ਇਸ ਵਿਚ ਕ੍ਰਿਤੀ ਦੇ ਕੰਮ ਦੀ ਵੀ ਖੂਬ ਪ੍ਰਸ਼ੰਸਾ ਹੋਈ। ਇਹ ਫਿਲਮ ਭਾਵੇਂ ਅਦਾਕਾਰ ਜੈਕੀ ਸ਼ਰਾਫ ਦੇ ਪੁੱਤਰ ਟਾਈਗਰ ਸ਼ਰਾਫ ਨੂੰ ਲਾਂਚ ਕਰਨ ਲਈ ਉਚੇਚੇ ਤੌਰ ’ਤੇ ਬਣਾਈ ਗਈ ਸੀ ਪਰ ਇਸ ਫਿਲਮ ਨਾਲ ਕ੍ਰਿਤੀ ਸੇਨਨ ਨੇ ਵੀ ਹਿੰਦੀ ਫਿਲਮ ਜਗਤ ਵਿਚ ਆਪਣਾ ਝੰਡਾ ਗੱਡ ਦਿੱਤਾ। ਉਸ ਦੀ ਅਦਾਕਾਰੀ ਅਤੇ ਅਦਾਵਾਂ ਦਾ ਸੁਮੇਲ ਹੀ ਸਮਝੋ ਕਿ ਉਸ ਨੂੰ ਨਾਲ ਦੀ ਨਾਲ ਅਕਸ਼ੈ ਕੁਮਾਰ ਨਾਲ

‘ਸਿੰਘ ਇਜ਼ ਬਲਿੰਗ’ ਅਤੇ ਸ਼ਾਹਿਦ ਕਪੂਰ ਨਾਲ ‘ਫਰਜ਼ੀ’ ਫਿਲਮਾਂ ਮਿਲ ਗਈਆਂ। ਹੁਣ ਉਸ ਨੂੰ ਸ਼ਾਹਰੁਖ ਖਾਨ ਦੀ ਅਗਲੀ ਫਿਲਮ ‘ਰਈਸ’ ਲਈ ਵੀ ਸਾਈਨ ਕੀਤਾ ਗਿਆ ਹੈ। ਇਸ ਫਿਲਮ ਵਿਚ ਹੋਰਨਾਂ ਤੋਂ ਇਲਾਵਾ ਫਰਹਾਨ ਖਾਨ, ਪਾਕਿਸਤਾਨੀ ਅਦਾਕਾਰਾ ਮਹੀਰਾ ਖਾਨ ਅਤੇ ਨਵਾਜ਼-ਉਦ-ਦੀਨ ਸਦੀਕੀ ਵੀ ਅਹਿਮ ਕਿਰਦਾਰ ਨਿਭਾ ਰਹੇ ਹਨ।

ਅੱਜ ਕੱਲ੍ਹ ਉਹ ਆਪਣੀ ਦੂਜੀ ਤੈਲਗੂ ਫਿਲਮ ‘ਐਨ.ਸੀ.-10’ ਦੀ ਸ਼ੂਟਿੰਗ ਵਿਚ ਰੁਝੀ ਹੋਈ ਹੈ। ਫਿਲਮਾਂ ਵੱਲ ਆਉਣ ਤੋਂ ਪਹਿਲਾਂ ਉਸ ਨੇ ਮਾਡਲਿੰਗ ਦੀ ਦੁਨੀਆਂ ਵਿਚ ਸਫਲਤਾ ਦੇ ਝੰਡੇ ਗੱਡੇ ਸਨ। ਮਨਮੋਹਨੀ ਮਾਡਲਿੰਗ ਕਰ ਕੇ ਹੀ ਉਸ ਨੂੰ ਫਿਲਮੀ ਦੁਨੀਆਂ ਦੇ ਸੱਦੇ ਮਿਲੇ ਸਨ।


MOST CRICKET ANYWHERE
With the Hopper and qualifying American packages starting at $34.99/mo for 12 months.
Live your passion for cricket with Willow HD.
Plus, get the best Punjabi and Hindi entertainment.
YOUR CRICKET DESTINATION WILLOW HD
Punjabi Mega Pack
$24.99 mo
Hindi Elite Pack
$34.99 mo EVERYDAY PRICE
3 MONTHS FREE
APPLIES TO THE 4TH, 5TH AND 6TH MONTHS
Requires 24-month commitment, credit qualification, and subscription to qualifying American programming.
FREE
100+ Bollywood Movies On Demand
Professional Installation in up to 6 rooms
All offers require 24-month commitment and credit qualification. Monthly fees apply based on number of rooms.
LIMITED-TIME OFFER
ORDER NOW!
1-888-816-0166
MUST MENTION OFFER CODE AT TIME OF ORDER
SAVE 3
Cannot be combined with other Offer Codes
dish
International programming requires additional $10/mo International Basic package or any America's Top package.
Important Terms and Conditions: International 4th, 5th, and 6th Months Free: Valid for activation and installation of qualifying DISH service. Requires subscription to a qualifying American or DishLATINO package in addition to a qualifying International package. For the 4th, 5th, and 6th months you will receive a monthly credit equal to the cost of the selected package. You will be responsible for any monthly or upfront costs beyond the value of the credit. Promotional Offers: Must provide Promotional Code at time of order. All prices, fees, charges, packages, programming, features, functionality and offers subject to change without notice. After any applicable promotional period, then-current everyday monthly price applies and is subject to change. ETF: If you cancel service during first 24 months, early termination fee of $20 for each month remaining applies.
Additional Requirements: Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. Offer ends 6/10/15.
© 2015 DISH Network L.L.C. All rights reserved.
0166-0181 Punjabi+Hindi.Jan